ੴ ਸਤਿਗੁਰ ਪ੍ਰਸਾਦਿ॥

# ਅਖੌਤੀ ਦਸਮ ਗ੍ਰੰਥ ਦਾ ਖੁਲ੍ਹਾ ਸੱਚ

ਇੰਦਰਜੀਤ ਸਿੰਘ, ਕਾਨਪੁਰ

ਅਖੌਤੀ ਦਸਮ ਗ੍ਰੰਥ
ਦਾ ਖੁਲ੍ਹਾ ਸੱਚ

**Akhauti Dasam Granth**
**da Khulha Sach**
*by*
**Inderjeet Singh, Kanpur**

© Inderjeet Singh, Kanpur
ਸਭ ਹੱਕ ਲੇਖਕ ਦੇ ਰਾਖਵੇਂ ਹਨ

*Published by* :
Inderjeet Singh
Kanpur
*Tel. :* 09452527879
*E-mail :* indernett@rediffmail.com

*First Edition :* September 2015

# ਸਮਰਪਣ

ਮੇਰੀ ਕਲਮ ਵਿੱਚੋਂ ਨਿਕਲਿਆ ਇੱਕ-ਇੱਕ ਅੱਖਰ ਵੈਸੇ ਤਾਂ ਮੇਰੀ ਕੌਮ ਦੀ ਮਲਕੀਅਤ ਹੈ, ਫਿਰ ਵੀ ਇਹ ਪੁਸਤਕ, ਸਿੱਖ ਪੰਥ ਦੀਆਂ, ਉਨ੍ਹਾਂ ਜਾਗਰੂਕ ਸ਼ਖ਼ਸੀਅਤਾਂ, ਪੰਥ ਦਰਦੀਆਂ ਅਤੇ ਕਿਰਤੀ ਪ੍ਰਚਾਰਕਾਂ ਤੇ ਵਿਦਵਾਨਾਂ ਨੂੰ ਸਮਰਪਿਤ ਹੈ, ਜਿਨ੍ਹਾਂ ਨੇ ਅਖੌਤੀ ਦਸਮ ਗ੍ਰੰਥ ਦੀ ਇਸ ਸਾਜਸ਼ ਨੂੰ, ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੀ ਕਸਵੱਟੀ 'ਤੇ ਪਰਖ ਕੇ ਪਹਿਚਾਨ ਲਿਆ ਅਤੇ ਇਸ ਬਾਰੇ ਕੌਮ ਨੂੰ ਸੁਚੇਤ ਕਰਨ ਵਿੱਚ ਆਪਣਾ ਸਭ ਕੁਝ ਦਾਅ 'ਤੇ ਲਗਾ ਦਿੱਤਾ। ਇਸ ਸਾਜਸ਼ ਨੂੰ ਪਛਾਣ ਕੇ ਉਹ ਇੱਕ ਪਲ ਵੀ ਸੁਖ ਦੀ ਨੀਂਦ ਨਹੀਂ ਸੁੱਤੇ, ਸਗੋਂ ਇਸ ਪੋਥੇ ਨੂੰ ਆਪ ਤਿਆਗਿਆ ਅਤੇ ਦੂਜਿਆਂ ਨੂੰ ਵੀ ਇਸਦਾ ਖੁਲ੍ਹਾ ਸੱਚ ਦੱਸਣ ਲਈ ਆਪਣਾ ਸਾਰਾ ਉਦਮ ਤੇ ਸਮਾਂ ਲਗਾ ਦਿੱਤਾ।

# ਕੀ ਕਿਥੇ


| | |
|---|---|
| ਮੁੱਖਬੰਦ | 5 |
| ਮੁੱਢਲੇ ਸ਼ਬਦ | 7 |
| ਭਾਗ ੧ | 17 |
| ਭਾਗ ੨ | 27 |
| ਭਾਗ ੩ | 35 |
| ਭਾਗ ੪ | 39 |
| ਭਾਗ ੫ | 55 |
| ਭਾਗ ੬ | 63 |
| ਭਾਗ ੭ | 73 |
| ਭਾਗ ੮ | 83 |
| ਭਾਗ ੯ | 91 |
| ਭਾਗ ੧੦ | 105 |
| ਭਾਗ ੧੧ | 113 |
| ਭਾਗ ੧੨ | 121 |
| ਭਾਗ ੧੩ | 131 |
| ਭਾਗ ੧੪ | 141 |
| ਭਾਗ ੧੫ | 149 |
| ਭਾਗ ੧੬ | 157 |
| ਭਾਗ ੧੭ | 167 |
| ਭਾਗ ੧੮ | 175 |
| ਸਿੱਖੀ ਵਿੱਚ ਅਨਮਤੀ ਕਰਮ-ਕਾਂਡਾਂ ਅਤੇ ਕੁਰੀਤੀਆਂ ਦਾ ਜਨਮ-ਦਾਤਾ ਅਖੌਤੀ ਦਸਮ ਗ੍ਰੰਥ | 181 |
| ਭਾਗ ਪਹਿਲਾ | 183 |
| ਭਾਗ ਦੂਜਾ | 189 |
| ਭਾਗ ਤੀਜਾ | 199 |
| ਭਾਗ ਚੌਥਾ | 203 |

# ਮੁੱਖਬੰਦ

ਆਸਾ ਵਿਚਿ ਸੁਤੇ ਕਈ ਲੋਈ॥
ਸੋ ਜਾਗੈ ਜਾਗਾਵੈ ਸੋਈ॥

(ਗੁ.ਗ੍ਰੰ.ਸਾ. 423)

ਹਰ ਦੌਲਤਮੰਦ ਨੂੰ ਪਹਿਰੇਦਾਰੀ ਦੀ ਲੋੜ ਹੈ। ਪਰ ਕਾਸ਼ ! ਹਰ ਦੌਲਤਮੰਦ ਨੂੰ ਪਹਿਰੇਦਾਰ ਦੀ ਕਦਰ ਅਤੇ ਪਛਾਣ ਹੋਵੇ, ਅਤੇ ਦੌਲਤਮੰਦ ਨੂੰ ਪਤਾ ਹੋਵੇ ਕਿ ਪਹਿਰੇਦਾਰੀ ਕੋਈ ਸੌਖਾ ਕੰਮ ਨਹੀਂ, ਬਲਕਿ ਬਹੁਤ ਵੱਡੀ ਇੱਕ ਜ਼ਿੰਮੇਵਾਰੀ ਹੈ।

ਜ਼ਿੰਮੇਵਾਰ ਪਹਿਰੇਦਾਰ ਦੀ ਪਛਾਣ ਕੀ ਹੈ ? - ਉਹ ਆਲਸੀ ਨਾ ਹੋਵੇ, ਰਾਤ ਭਰ ਸਾਵਧਾਨੀ ਨਾਲ ਜਾਗਦੇ ਰਹਿਣ ਦਾ ਸੁਭਾਅ ਰੱਖਦਾ ਹੋਵੇ। ਉਹ ਚੋਰਾਂ ਦੀ ਅਤੇ ਉਨ੍ਹਾਂ ਦੇ ਪੈਰਾਂ ਦੇ ਆਹਟ ਦੀ ਪਛਾਣ ਰੱਖਦਾ ਹੋਵੇ ਅਤੇ ਰਾਤ ਦੇ ਪਸਰੇ ਹੋਏ ਭਿਆਨਕ ਹਨੇਰੇ ਵਿੱਚ ਵੀ ਚਲਦਿਆਂ ਆਪਣੀ ਲਾਠੀ ਅਤੇ ਬੁਲੰਦ ਆਵਾਜ਼ ਨਾਲ ਮਹੱਲੇ ਦੇ ਵਸਨੀਕਾਂ ਨੂੰ ਜਾਗਦੇ ਰਹਿਣ ਲਈ ਚੌਕਸ ਕਰੇ। ਇਥੇ ਹੀ ਬਸ ਨਹੀਂ, ਜੇ ਕਦੇ ਚੋਰ ਜਾਂ ਉਸਦੇ ਸਾਥੀਆਂ ਨਾਲ ਸਾਹਮਣਾ ਹੋ ਜਾਵੇ ਤਾਂ ਆਪਣੇ ਮਾਲਕ ਦਾ ਘਰ ਬਚਾਉਣ ਲਈ ਆਪਣੀ ਜਾਨ ਦੀ ਵੀ ਪਰਵਾਹ ਨਾ ਕਰੇ। ਜਿਸ ਮਾਲਕ ਦੀ ਉਹ ਨੌਕਰੀ ਕਰਦਾ ਹੈ, ਉਸਦੀ ਦੌਲਤ ਨੂੰ ਆਪਣੀ ਸਮਝ ਕੇ ਉਸਦੀ ਰਾਖੀ ਕਰੇ। ਕਈ ਵਾਰ ਅਦਾਲਤਾਂ ਵੀ ਅਸਲੀਅਤ ਜਾਣਨ ਲਈ ਪਹਿਰੇਦਾਰਾਂ ਕੋਲੋਂ ਹੀ ਪੁੱਛਦੀਆਂ ਹਨ ਕਿ ਜਦੋਂ ਇਸ ਘਰ ਨੂੰ ਚੋਰ ਲੱਗੇ ਤਾਂ ਤੂੰ ਕੀ ਦੇਖਿਆ, ਉਨ੍ਹਾਂ ਦੀਆਂ ਸ਼ਕਲਾਂ ਕਿਹੋ ਜਿਹੀਆਂ ਸਨ ਅਤੇ ਉਨ੍ਹਾਂ ਕੋਲ ਕਿਹੜੇ ਹਥਿਆਰ ਸਨ ਆਦਿ। ਉਸ ਵਕਤ ਪਹਿਰੇਦਾਰ ਨੇ ਜੋ ਕੁਝ ਸੱਚ ਵੇਖਿਆ ਹੁੰਦਾ ਹੈ, ਉਸਨੂੰ ਬਿਆਨ ਕਰ ਦਿੰਦਾ ਹੈ, ਜਿਸਦੇ ਅਧਾਰ 'ਤੇ ਚੋਰਾਂ ਦੀ ਸ਼ਨਾਖ਼ਤ ਹੋ ਜਾਂਦੀ ਹੈ। ਇਹ ਕੇਡੀ ਵੱਡੀ ਜ਼ਿੰਮੇਵਾਰੀ ਹੈ ਪਹਿਰੇਦਾਰ ਦੀ !

ਪਰ ਬਦਕਿਸਮਤੀ, ਕਈ ਵਾਰ ਨੀਂਦ ਦੀ ਗ਼ਫ਼ਲਤ ਵਿੱਚ ਮਦਹੋਸ਼ ਸੁੱਤੇ ਹੋਏ ਲੋਕ ਪਹਿਰੇਦਾਰ ਨੂੰ ਵੀ ਕੋਸਦੇ ਹਨ ਕਿ ਇਹ ਪਹਿਰੇਦਾਰ ਗਲੀ-

ਮਹੱਲੇ ਵਿੱਚ ਸਾਰੀ ਰਾਤ 'ਜਾਗਦੇ ਰਹੋ' ਦੀਆਂ ਅਵਾਜ਼ਾਂ ਦੇਈ ਜਾਂਦਾ ਹੈ, ਤੇ ਕਿਸੇ ਨੂੰ ਸੌਣ ਹੀ ਨਹੀਂ ਦਿੰਦਾ। ਬਸ ! ਐਸੇ ਬਦਕਿਸਮਤ ਲੋਕ ਲੁੱਟੇ ਜਾਂਦੇ ਨੇ, ਕੱਖੋਂ ਹੌਲੇ ਹੋ ਜਾਂਦੇ ਨੇ, ਜਿਹੜੇ ਪਹਿਰੇਦਾਰਾਂ ਦੀ ਕਦਰ ਨਹੀਂ ਜਾਣਦੇ।।

ਮੈਂ ਕੀ ਦੇਖ ਰਿਹਾ ਹਾਂ ਕਿ ਅੱਜ ਜਦੋਂ ਚਾਰੇ ਪਾਸਿਓਂ ਜ਼ਾਲਮ ਸੋਚ, ਗੁਰੂ ਨਾਨਕ - ਗੁਰੂ ਗੋਬਿੰਦ ਸਿੰਘ ਪਾਤਸ਼ਾਹ ਜੀ ਦੀ ਸਿੱਖੀ ਦੀ, ਗੁਰੂ ਵੱਲੋਂ ਬਖ਼ਸ਼ੇ ਸਰੂਪ ਅਤੇ ਸਿਧਾਂਤ ਦੀ ਦੌਲਤ ਵੇਖਣਾ ਨਹੀਂ ਚਾਹੁੰਦੇ, ਅਤੇ ਇਸਨੂੰ ਬਰਬਾਦ ਕਰਕੇ ਗੁਰੂ ਪਰਿਵਾਰ ਨੂੰ ਸਿਧਾਂਤ ਦੇ ਖ਼ਜ਼ਾਨੇ ਤੋਂ ਸੱਖਣਾ ਕਰ ਦੇਣਾ ਚਾਹੁੰਦੇ ਹਨ, ਤਾਂ ਐਸੇ ਭਿਆਨਕ ਸਮੇਂ ਸ੍ਰ. ਇੰਦਰਜੀਤ ਸਿੰਘ, ਕਾਨਪੁਰ, ਸਿੱਖ ਕੌਮ ਵਿੱਚ ਬਹੁਤ ਬੇ-ਖ਼ੌਫ਼ੀ ਨਾਲ ਇੱਕ ਜ਼ਿੰਮੇਵਾਰ ਪਹਿਰੇਦਾਰ ਦਾ ਫ਼ਰਜ਼ ਨਿਭਾ ਰਹੇ ਹਨ।

ਸ੍ਰ. ਇੰਦਰਜੀਤ ਸਿੰਘ ਕਾਨਪੁਰ ਨੇ ਬੜੀ ਚੌਕਸੀ ਨਾਲ ਵੱਖ-ਵੱਖ ਭੇਖਾਂ, ਬਾਨਿਆਂ, ਸਿੰਘਾਸਣਾਂ, ਪਦਵੀਆਂ 'ਤੇ ਬੈਠੇ ਸਿੱਖੀ ਦੇ ਵਿਹੜੇ ਵਿੱਚ ਪਹੁੰਚ ਚੁੱਕੇ ਚੋਰਾਂ ਦੀ ਪਛਾਣ ਕੀਤੀ, ਉਨ੍ਹਾਂ ਚੋਰਾਂ ਦੇ ਹੱਥ ਵਿੱਚ ਅਤੇ ਸਿਰ ਚੁੱਕਿਆ ਹੋਇਆ ਬਚਿੱਤਰ ਨਾਟਕ, ਅਖੌਤੀ ਦਸਮ ਗ੍ਰੰਥ ਦੇ ਮਾਰੂ ਹਥਿਆਰ ਨੂੰ ਪਛਾਣਿਆ, ਜਿਸ ਨਾਲ ਉਹ ਸਿੱਖੀ ਦੇ ਘਰ ਨੂੰ ਸੰਨ੍ਹ ਲਾ ਕੇ ਆਚਰਣਹੀਨਤਾ, ਨਸ਼ਿਆਂ ਦੇ ਸੇਵਨ ਜਿਹੇ ਭਿਆਨਕ ਵਾਰ ਕਰਕੇ ਸਿੱਖੀ ਵਿਰਸਾ ਬਰਬਾਦ ਕਰ ਰਹੇ ਸਨ। ਵੀਰ ਇੰਦਰਜੀਤ ਸਿੰਘ ਨੇ ਇਹ ਸਭ ਵੇਖ ਕੇ ਉਸਦੀ ਸੱਚਾਈ ਦੇ ਸਬੂਤਾਂ ਨਾਲ ਇੱਕ ਰਿਪੋਰਟ ਤਿਆਰ ਕੀਤੀ, ਜਿਸਨੂੰ ਵੇਖ ਕੇ ਮੈਂ ਇਨ੍ਹਾਂ ਨੂੰ ਬੇਨਤੀ ਕੀਤੀ ਕਿ ਇਸ ਅਹਿਮ ਰਿਪੋਰਟ ਨੂੰ ਇੱਕ ਪੁਸਤਕ ਦੇ ਰੂਪ ਵਿੱਚ ਪੰਥ ਦੀ ਅਦਾਲਤ ਵਿੱਚ ਪੇਸ਼ ਕਰ ਦੇਵੋ। ਸੋ, ਇਹ ਪੁਸਤਕ ਸਿੱਖ ਵਿਰਸੇ ਦੀ ਰਖਵਾਲੀ ਦੀ ਪ੍ਰਤੀਕ ਹੈ। ਮੈਨੂੰ ਪੂਰਨ ਆਸ ਹੈ ਕਿ ਇਸ ਅਸਲੀ ਅਤੇ ਸੱਚੀ ਰਿਪੋਰਟ ਦੀ ਰੌਸ਼ਨੀ ਵਿੱਚ ਗੁਰੂ ਪੰਥ ਦਾ ਪੰਥਕ ਪਰਿਵਾਰ ਆਪਣੇ ਵਿਹੜੇ ਵਿੱਚੋਂ ਚੋਰਾਂ ਅਤੇ ਹਥਿਆਰਾਂ ਦੀ ਸ਼ਨਾਖ਼ਤ ਕਰਕੇ ਆਪਣਾ ਵਿਰਸਾ ਬਚਾਉਣ ਲਈ ਜਾਗ ਪਵੇਗਾ।

ਦਰਸ਼ਨ ਸਿੰਘ ਖ਼ਾਲਸਾ,
ਸਾਬਕਾ ਜੱਥੇਦਾਰ,
ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ।

# ਮੁੱਢਲੇ ਸ਼ਬਦ

ਇਹ ਇੱਕ ਕਹਾਵਤ ਹੈ ਕਿ ਜਿਸ ਕੌਮ ਨੂੰ ਖ਼ਤਮ ਕਰਨਾ ਹੋਵੇ ਤਾਂ ਉਸਦਾ ਕਤਲੇਆਮ ਕਰਨ ਨਾਲੋਂ ਉਸਦੇ ਇਤਿਹਾਸ ਅਤੇ ਅਧਿਆਤਮਕ ਪੱਖ ਨੂੰ ਵਿਸ਼ੈਲਾ ਅਤੇ ਵਿਕ੍ਰਤ ਕਰ ਦਿਉ। ਉਹ ਕੌਮ ਆਪੇ ਹੀ ਲੁਪਤ ਹੋ ਜਾਵੇਗੀ। ਜਿਹੜੀਆਂ ਕੌਮਾਂ ਆਪਣੇ ਇਤਿਹਾਸਕ ਅਤੇ ਅਧਿਆਤਮਕ ਵਿਰਾਸਤ ਨੂੰ ਸੰਭਾਲ ਨਾ ਸਕੀਆਂ, ਉਹ ਵਕਤ ਦੇ ਸ਼ਕਤੀਸ਼ਾਲੀ ਥਪੇੜਿਆਂ ਦੀ ਮਾਰ ਨੂੰ ਨਾ ਸਹਾਰਦਿਆਂ ਇਸ ਸੰਸਾਰ ਤੋਂ ਕੂਚ ਕਰ ਗਈਆਂ।

ਅੱਜ ਦੇਸ਼ ਅਤੇ ਵਿਦੇਸ਼ਾਂ ਵਿੱਚ ਇਹੋ ਜਿਹੀਆਂ ਅਨੇਕਾਂ ਸੱਭਿਅਤਾਵਾਂ ਲੁਪਤ ਹੋ ਚੁੱਕੀਆਂ ਹਨ ਜੋ ਕਦੇ ਬਹੁਤ ਹੀ ਸ਼ਕਤੀਸ਼ਾਲੀ ਅਤੇ ਤਾਕਤਵਰ ਹੋਇਆ ਕਰਦੀਆਂ ਸਨ। ਅੱਜ ਵੀ ਉਨ੍ਹਾਂ ਸਭਿੱਅਤਾਵਾਂ ਅਤੇ ਕੌਮਾਂ ਦੀਆਂ ਬਣਾਈਆਂ ਉੱਚੀਆਂ-ਉੱਚੀਆਂ ਇਮਾਰਤਾਂ ਤਾਂ ਖੜ੍ਹੀਆਂ ਹਨ ਲੇਕਿਨ ਉਨ੍ਹਾਂ ਨੂੰ ਬਨਾਉਣ ਵਾਲਿਆਂ ਦਾ ਨਾਮੋ ਨਿਸ਼ਾਨ ਇਸ ਸੰਸਾਰ ਤੋਂ ਮੁੱਕ ਚੁੱਕਾ ਹੈ।

ਸਿੱਖੀ ਦੇ ਦੁਸ਼ਮਣਾਂ ਨੇ ਸਾਡੀ ਕੌਮ ਦੇ ਗ਼ੱਦਾਰ ਆਗੂਆਂ ਨਾਲ ਮਿਲ ਕੇ ਇਸ ਸਿਧਾਂਤ 'ਤੇ ਹੀ ਕੰਮ ਕੀਤਾ। ਇਤਿਹਾਸ ਗਵਾਹ ਹੈ ਕਿ ਸਿੱਖ ਕੌਮ 'ਤੇ ਵੀ ਅਨੇਕਾਂ ਹਨੇਰੀਆਂ ਝੂੱਲੀਆਂ। ਘੱਲੂਘਾਰਿਆਂ ਵਿੱਚ ਪੰਜਾਹ-ਪੰਜਾਹ ਹਜ਼ਾਰ ਸਿੱਖ ਸ਼ਹੀਦ ਕਰ ਦਿੱਤੇ ਗਏ, ਲੇਕਿਨ ਸਿੱਖੀ ਪਹਿਲਾਂ ਨਾਲੋਂ ਵੀ ਵੱਧ ਚੜ੍ਹਦੀ ਕਲਾ ਵਿੱਚ ਉਭਰ ਕੇ ਸਾਹਮਣੇ ਆਈ।

ਉਸ ਦਾ ਇੱਕੋ ਇੱਕ ਕਾਰਣ ਸੀ ਕਿ ਗੁਰੂ ਦਾ ਸਿੱਖ ਆਪਣੇ "ਸ਼ਬਦ ਗੁਰੂ" ਨਾਲ ਜੁੜਿਆ ਰਿਹਾ। ਸ਼ਬਦ ਗੁਰੂ, ਗੁਰੂ ਗ੍ਰੰਥ ਸਾਹਿਬ ਜੀ ਦੀ ਸਿੱਖਿਆ ਹੀ ਉਸਨੂੰ ਮੁੜ ਸੁਰਜੀਤ ਕਰਦੀ ਰਹੀ। ਖ਼ਾਲਸਾ ਭਾਵੇਂ ਖ਼ਾਨਾ-ਬਦੋਸ਼ ਹੋ ਕੇ ਜੰਗਲਾਂ ਅਤੇ ਕੰਦਰਾਵਾਂ ਵਿੱਚ ਫਿਰ ਰਿਹਾ ਸੀ, ਲੇਕਿਨ ਆਪਣੇ "ਸ਼ਬਦ ਗੁਰੂ" ਦਾ ਪ੍ਰਕਾਸ਼ ਉਹ ਘੋੜੇ ਦੀਆਂ ਕਾਠੀਆਂ 'ਤੇ ਕਰਦਾ ਰਿਹਾ। ਦੋ ਜੂਨ ਭੁੱਖਾ ਰਹਿ ਕੇ ਵੀ ਉਹ ਆਪਣੇ ਸ਼ਬਦ ਗੁਰੂ ਦੇ ਉਪਦੇਸ਼ਾਂ ਨਾਲ ਹਮੇਸ਼ਾ ਰੱਜਿਆ ਰਿਹਾ। ਇਹੀ ਕਾਰਣ ਸੀ ਕਿ ਅਠ੍ਹਾਰਵੀਂ ਸਦੀ ਵਿੱਚ ਸਿੱਖਾਂ ਦੇ ਸਿਰਾਂ ਦੇ ਮੁੱਲ ਲੱਗ

ਜਾਣ ਤੋਂ ਬਾਦ ਵੀ ਉਹ ਨਾ ਤਾਂ ਮਰਿਆ, ਤੇ ਨਾ ਹੀ ਮੁੱਕਿਆ।

ਇਸ ਗੱਲ ਨੂੰ ਸਿੱਖ ਵਿਰੋਧੀ ਤਬਕਾ ਚੰਗੀ ਤਰ੍ਹਾਂ ਜਾਣ ਚੁੱਕਾ ਸੀ ਕਿ ਜੇ ਗੁਰੂ ਦਾ ਖ਼ਾਲਸਾ, ਗੁਰੂ ਗ੍ਰੰਥ ਸਾਹਿਬ ਨਾਲ ਜੁੜਿਆ ਰਿਹਾ ਤਾਂ ਇਸਨੂੰ ਖ਼ਤਮ ਕਰਨਾ ਮੁਮਕਿਨ ਨਹੀਂ। ਗੁਰੂ ਗ੍ਰੰਥ ਸਾਹਿਬ ਦੀ ਸੰਰਚਨਾ ਅਤੇ ਸਰੂਪ ਵੀ ਗੁਰੂ ਸਾਹਿਬ ਨੇ ਇਸ ਤਰ੍ਹਾਂ ਸਿਰਜਿਆ ਸੀ ਕਿ ਉਸਨੂੰ ਵਿਕ੍ਰਤ ਕਰਨਾ ਜਾਂ ਉਸ ਵਿੱਚ ਮਿਲਾਵਟ ਕਰਨਾ ਐਨਾ ਸੌਖਾ ਨਹੀਂ ਸੀ।

ਦੂਜਾ "ਘਰਿ ਘਰਿ ਅੰਦਰਿ ਧਰਮਸਾਲ" ਮੌਜੂਦ ਹੋਣ ਕਰਕੇ ਇਸ ਵਿੱਚ ਹੇਰਾ-ਫੇਰੀਆਂ ਕਰਨੀਆਂ ਵੀ ਐਨੀਆਂ ਸੌਖੀਆਂ ਨਹੀਂ ਸਨ। ਹਾਂ, ਇਸ ਵਿੱਚ ਮਿਲਾਵਟ ਕਰਨ ਦੀਆਂ ਕੋਸ਼ਿਸ਼ਾਂ ਪੰਥ-ਦੋਖੀਆਂ ਨੇ ਬਹੁਤ ਕੀਤੀਆਂ ਪਰ ਕਾਮਯਾਬ ਨਹੀਂ ਹੋ ਸਕੇ।

ਹੁਣ ਦੂਜਾ ਤਰੀਕਾ ਇਹ ਸੀ ਕਿ ਸਿੱਖਾਂ ਦੇ "ਸ਼ਬਦ ਗੁਰੂ" ਦੇ ਮੁਕਾਬਲੇ ਇੱਕ ਡੰਮੀ ਗੁਰੂ ਬਣਾ ਕੇ ਰੱਖ ਦਿੱਤਾ ਜਾਏ। ਨਾਲ ਹੀ ਇਸ ਦਾ ਪ੍ਰਚਾਰ ਇਸ ਤਰ੍ਹਾਂ ਕੀਤਾ ਜਾਏ ਕਿ ਸਿੱਖ, ਗੁਰੂ ਗ੍ਰੰਥ ਸਾਹਿਬ ਜੀ ਦੇ ਨਾਲ-ਨਾਲ ਇਸਨੂੰ ਵੀ ਗੁਰੂ ਦੀ ਬਾਣੀ ਮੰਨ ਲੈਣ, ਅਤੇ ਇਸ ਦੀਆਂ ਰਚਨਾਵਾਂ ਨੂੰ ਸਿੱਖ ਦੇ ਨਿੱਤ-ਕਰਮ ਵਿੱਚ ਸ਼ਾਮਲ ਕਰ ਦਿੱਤਾ ਜਾਏ, ਤਾਂਕਿ ਸਿੱਖ ਇਸਨੂੰ ਚਾਹ ਕੇ ਵੀ ਅਲਗ ਨਾ ਕਰ ਸਕਣ।

ਅਠ੍ਹਾਰਵੀਂ ਸਦੀ ਦੀ ਸ਼ੁਰੂਆਤ ਵਿੱਚ ਹੀ ਸਿੱਖਾਂ ਦੇ ਸਿਰਾਂ ਦੇ ਮੁੱਲ ਲੱਗ ਚੁੱਕੇ ਸਨ। ਸਿੱਖ ਦਾ ਕਤਲ ਕਰਕੇ, ਇੱਕ ਸਿੱਖ ਦਾ ਸਿਰ ਪੇਸ਼ ਕਰਨ 'ਤੇ ਸੋਨੇ ਦੀਆਂ ਮੁਹਰਾਂ ਇਨਾਮ ਵਜੋਂ ਦਿੱਤੀਆਂ ਜਾਂਦੀਆਂ ਸਨ। ਸਿੱਖੀ ਦੇ ਦੁਸ਼ਮਣ, ਜਰਾਇਮ ਪੇਸ਼ਾ ਅਨਸਰਾਂ ਨਾਲ ਮਿਲ ਕੇ ਇਸ ਕੰਮ ਨੂੰ ਅੰਜ਼ਾਮ ਦੇ ਰਹੇ ਸਨ। ਜਦੋਂ ਹਕੂਮਤ ਅਤੇ ਜਰਾਇਮ ਪੇਸ਼ਾ ਅਨਸਰ ਰੱਲ ਜਾਣ ਤਾਂ ਕਤਲੋਗ਼ਾਰਦ ਨੂੰ ਕੌਣ ਰੋਕ ਸਕਦਾ ਹੈ ? ਇਸਦਾ ਤਜ਼ਰਬਾ ਅਸੀਂ ਆਪਣੇ ਜੀਵਨ ਵਿੱਚ 1984 'ਚ ਹੰਢਾ ਚੁੱਕੇ ਹਾਂ।

ਖ਼ਾਲਸਾ ਆਪਣੀ ਹੋਂਦ ਬਚਾਉਣ ਲਈ ਜੰਗਲਾਂ, ਗੁਫ਼ਾਵਾਂ ਅਤੇ ਪਹਾੜੀ ਇਲਾਕਿਆਂ ਵਿੱਚ ਭੇਖ ਬਦਲ ਕੇ ਵਿਚਰ ਰਿਹਾ ਸੀ। ਸਾਡਾ ਇਤਿਹਾਸ, ਹਸਤ ਲਿਖਤ ਸਾਹਿਤ ਅਤੇ ਧਾਰਮਿਕ ਅਦਾਰੇ - ਸਭ ਕੁਝ ਸਿੱਖਾਂ ਤੋਂ ਸੱਖਣੇ ਪਏ ਹੋਏ ਸਨ। ਜੇ ਕੋਈ ਬੰਦਾ ਆਪਣੇ ਘਰ ਨੂੰ ਦੋ-ਚਾਰ ਵਰ੍ਹਿਆਂ

ਲਈ ਛੱਡ ਕੇ ਉਸਦੀ ਸਾਰ ਨਾ ਲਵੇ ਤਾਂ ਲੋਕੀ ਉਸਦੇ ਘਰ ਉੱਤੇ ਕਬਜ਼ਾ ਕਰ ਲੈਂਦੇ ਹਨ। ਜੇ ਕੁਝ ਹੋਰ ਵਰ੍ਹੇ ਉਸ ਘਰ ਦੀ ਸਾਰ ਨਾ ਲਈ ਜਾਵੇ, ਜਾਂ ਘਰ ਦਾ ਮਾਲਿਕ ਮੁੜ ਵਾਪਸ ਨਾ ਆਵੇ ਤਾਂ ਉਸ ਘਰ ਨੂੰ ਕਬਜ਼ੇਦਾਰ ਆਪਣੇ ਨਾਮ ਹੀ ਕਰਾ ਲੈਂਦੇ ਹਨ।

ਖ਼ਾਲਸੇ ਦਾ ਘਰ, ਉਸਦੇ ਅਧਿਆਤਮਕ ਅਸਥਾਨ ਅਤੇ ਸਾਹਿਤ ਤਾਂ ਪੂਰੇ ਸੌ ਵਰ੍ਹੇ ਸਿੱਖਾਂ ਤੋਂ ਸੱਖਣੇ ਪਏ ਰਹੇ। ਬ੍ਰਾਹਮਣਵਾਦੀ ਪੁਜਾਰੀ ਲਾਣੇ ਨੇ ਵਕਤ ਦੀ ਹਕੂਮਤ ਨਾਲ ਮਿਲ ਕੇ ਉਨ੍ਹਾਂ ਨੂੰ ਆਪਣੇ ਕਬਜ਼ੇ ਵਿੱਚ ਲੈ ਲਿਆ ਸੀ। ਸਿੱਖਾਂ ਦੀ ਸਾਰੀ ਵਿਰਾਸਤ, ਬ੍ਰਾਹਮਮਣਵਾਦੀ ਮਹੰਤਾਂ ਅਤੇ ਮਸੰਦਾਂ ਦੇ ਕਬਜ਼ੇ ਵਿੱਚ ਸੀ। ਇਹ ਪੁਜਾਰੀ ਲਾਣਾ, ਜਿਸ ਤਰ੍ਹਾਂ ਚਾਹੁੰਦਾ ਸੀ, ਇਨ੍ਹਾਂ ਧਾਰਮਿਕ ਅਦਾਰਿਆਂ ਦੀ ਵਰਤੋਂ ਕਰ ਰਿਹਾ ਸੀ। ਉਹ ਸਿੱਖ ਸਾਹਿਤ ਨੂੰ ਰੱਜ ਕੇ ਬਰਬਾਦ ਕਰ ਰਿਹਾ ਸੀ। ਜਿਸ ਸਾਹਿਤ ਨੂੰ ਉਹ ਨਸ਼ਟ ਨਹੀਂ ਸੀ ਕਰ ਸਕਦਾ, ਉਸਨੂੰ ਉਹ ਵਿਕ੍ਰਤ ਕਰ ਰਿਹਾ ਸੀ। ਸਿੱਖਾਂ ਦੇ ਧਾਰਮਿਕ ਅਦਾਰਿਆਂ ਵਿੱਚ ਮੂਰਤੀਆਂ, ਬਿਪਰ ਸਾਹਿਤ, ਘੰਟੀਆਂ, ਘੜਿਆਲ ਤੇ ਟੱਲ ਪ੍ਰਵੇਸ਼ ਕਰ ਚੁੱਕੇ ਸਨ। ਸਿੱਖਾਂ ਦੇ ਧਾਰਮਿਕ ਅਦਾਰੇ ਗੁਰੂ ਦਾ ਘਰ ਘੱਟ, ਅਤੇ ਮੰਦਰ ਜ਼ਿਆਦਾ ਲੱਗਦੇ ਸਨ। ਦਰਵਾਜ਼ੇ, ਡਾਟਾਂ ਅਤੇ ਆਲੇ, ਜੋਤਾਂ ਦੇ ਤੇਲ ਨਾਲ ਕਾਲੇ ਹੋ ਚੁੱਕੇ ਸਨ। ਇਹ ਅਖੌਤੀ ਦਸਮ ਗ੍ਰੰਥ ਵੀ ਇਸੇ ਸਦੀ ਦੀ ਪੈਦਾਇਸ਼ ਹੈ।

ਅਖੌਤੀ ਦਸਮ ਗ੍ਰੰਥ ਨਾਂ ਦੀ ਕਿਤਾਬ ਦਾ ਸਫ਼ਰ ਤੀਹ-ਪੈਂਤੀਹ ਪੰਨਿਆਂ ਦੇ ਇੱਕ ਕਿਤਾਬਚੇ 'ਬਚਿੱਤਰ ਨਾਟਕ' ਤੋਂ ਆਰੰਭ ਹੋਇਆ। ਫਿਰ ਇਹ ਐਨੀ ਤੇਜ਼ੀ ਨਾਲ ਮੋਟਾ ਹੁੰਦਾ ਗਿਆ ਕਿ ਸਿੱਖ ਨੂੰ ਇਸਦਾ ਪਤਾ ਤਾਂ ਚਲਿਆ ਜਦੋਂ ਇਹ 'ਸ਼੍ਰੀ ਦਸਮ ਗੁਰੂ ਗ੍ਰੰਥ ਸਾਹਿਬ ਜੀ' ਦੇ ਸਿਰਲੇਖ ਹੇਠ 1428 ਪੰਨਿਆਂ ਵਾਲਾ ਪੋਥਾ ਬਣ ਕੇ ਬਾਜ਼ਾਰ ਵਿੱਚ ਵਿੱਕਣ ਲੱਗ ਪਿਆ।

ਇਸ ਦੀਆਂ ਕਈ ਰਚਨਾਵਾਂ ਸਾਡੇ ਨਿਤਨੇਮ ਵਿੱਚ ਵਾੜ੍ਹ ਦਿੱਤੀਆਂ ਗਈਆਂ। ਉਨ੍ਹਾਂ ਨੂੰ 'ਦਸਮ ਦੀ ਬਾਣੀ' ਕਹਿ ਕੇ ਨਵੀਂ-ਨਵੀਂ ਚੇਤਨਾ ਨੂੰ ਇਹ ਭਰੋਸਾ ਦਿਵਾ ਦਿੱਤਾ ਗਿਆ ਕਿ ਇਹ ਗੁਰੂ ਦੀ ਬਾਣੀ ਹੈ। ਹੌਲੀ-ਹੌਲੀ ਮਨ ਮੁਤਾਬਕ ਆਪ-ਹੁਦਰੀਆਂ ਤਬਦੀਲੀਆਂ ਕੀਤੀਆਂ ਜਾਣ ਲੱਗੀਆਂ। ਹੁਣ ਤਕ ਇੱਕ ਸਿੱਖ ਦੀ ਆਸਥਾ ਮੁਤਾਬਕ ਇਹ 'ਦਸਮ ਬਾਣੀ' ਬਣ ਚੁੱਕੀ ਸੀ ਅਤੇ ਅੰਮ੍ਰਿਤ ਸੰਚਾਰ ਵਿੱਚ ਵੀ ਇਹ ਸ਼ਾਮਲ ਹੋ ਚੁੱਕੀਆਂ ਸਨ। ਸਿੱਖ ਨੂੰ

ਆਪਣੇ ਸ਼ਬਦ ਗੁਰੂ ਦਾ ਇਹ ਫ਼ੁਰਮਾਨ ਵੀ ਹੁਣ ਭੁੱਲ ਚੁੱਕਾ ਸੀ, ਜਿਸ ਵਿੱਚ ਉਸਨੇ ਆਪਣੇ ਸਿੱਖ ਨੂੰ ਇਹ ਆਦੇਸ਼ ਕੀਤਾ ਸੀ ਕਿ :

ਪਹਿਲਾ ਵਸਤੁ ਸਿਞਾਣਿ ਕੈ
ਤਾਂ ਕੀਚੈ ਵਾਪਾਰੁ।।

(ਗੁ.ਗ੍ਰੰ.ਸਾ. 1410)

ਸ਼ਬਦ ਗੁਰੂ ਦਾ ਸਿੱਖ ਆਪਣੇ ਗੁਰੂ ਦਾ ਇਹ ਸੁਨੇਹਾ ਵੀ ਭੁੱਲ ਗਿਆ ਸੀ ਕਿ :

ਅਕਲੀ ਸਾਹਿਬੁ ਸੇਵੀਐ
ਅਕਲੀ ਪਾਈਐ ਮਾਨੁ।।
ਅਕਲੀ ਪੜ੍ਹਿ ਕੈ ਬੁਝੀਐ
ਅਕਲੀ ਕੀਚੈ ਦਾਨੁ।।

(ਗੁ.ਗ੍ਰੰ.ਸਾ. 1245)

ਗੁਰੂ ਪ੍ਰਤੀ ਅਪਾਰ ਆਸਥਾ ਅਤੇ ਸ਼ਰਧਾ ਦੇ ਹੜ੍ਹ ਨੇ ਸਭ ਕੁਝ ਰੋੜ੍ਹ ਕੇ ਰੱਖ ਦਿੱਤਾ ਸੀ। ਖ਼ਾਲਸਾ ਰਾਜ ਦੀ ਸਥਾਪਨਾ ਤੋਂ ਬਾਦ ਬਚੇ-ਖੁਚੇ ਪੁਰਾਤਨ ਸਿੰਘ ਅਲੋਪ ਹੋ ਚੁੱਕੇ ਸਨ ਅਤੇ ਇਨ੍ਹਾਂ ਸੌ ਸਾਲਾਂ ਵਿੱਚ ਇੱਕ ਨਵੀਂ ਪਨੀਰੀ ਜਨਮ ਲੈ ਚੁੱਕੀ ਸੀ। ਇਹ ਨਵੀਂ ਪੀੜ੍ਹੀ ਗੁਰੂ ਗ੍ਰੰਥ ਸਾਹਿਬ ਨਾਲ ਤਾਂ ਜੁੜੀ ਹੋਈ ਸੀ ਲੇਕਿਨ ਉਹ 'ਅਖੌਤੀ ਦਸਮ ਗ੍ਰੰਥ' ਵਾਲੀ ਇਸ ਸਾਜਸ਼ ਭਰੇ ਭੇਦ ਨੂੰ ਨਾ ਸਮਝ ਸਕੀ।

ਭਲਾ ਹੋਵੇ ਭਾਈ ਕਾਨ੍ਹ ਸਿੰਘ ਨਾਭਾ, ਗਿਆਨੀ ਦਿੱਤ ਸਿੰਘ ਜੀ ਅਤੇ ਗਿਆਨੀ ਗੁਰਮੁਖ ਸਿੰਘ ਜੀ ਵਰਗੇ ਪੰਥ ਦਰਦੀ ਵਿਦਵਾਨਾਂ ਦਾ ਜਿਨ੍ਹਾਂ ਨੇ ਵੀਹਵੀਂ ਸਦੀ ਦੀ ਸ਼ੁਰੂਆਤ ਵਿੱਚ ਹੀ ਖ਼ਾਲਸੇ ਦੀ ਨਵੀਂ ਪਨੀਰੀ ਨੂੰ ਸੁਚੇਤ ਅਤੇ ਇਕਜੁੱਟ ਕਰਨਾ ਆਰੰਭ ਕਰ ਦਿੱਤਾ। ਨਾਲ ਹੀ ਇਨ੍ਹਾਂ ਮਹੰਤਾਂ ਅਤੇ ਪੁਜਾਰੀਆਂ ਕੋਲੋਂ ਧਾਰਮਿਕ ਅਦਾਰਿਆਂ ਨੂੰ ਆਜ਼ਾਦ ਕਰਵਾਉਣ ਦੀ ਸ਼ੁਰੂਆਤ ਕੀਤੀ।

ਕੌਮ ਦੇ ਇਨ੍ਹਾਂ ਪਰਵਾਨਿਆਂ ਅਤੇ ਬਚੇ-ਖੁਚੇ ਪੁਰਾਤਨ ਸਿੱਖਾਂ ਦੇ ਅਥੱਕ ਉਪਰਾਲਿਆਂ ਨਾਲ ਸਿੱਖੀ ਮੁੜ ਸੁਰਜੀਤ ਤਾਂ ਹੋ ਗਈ ਲੇਕਿਨ ਅਖੌਤੀ ਦਸਮ ਗ੍ਰੰਥ ਦੀ ਸਾਜਿਸ਼ ਨੂੰ ਇਹ ਨਵੀਂ ਪੀੜ੍ਹੀ ਉੱਕਾ ਹੀ ਸਮਝ ਨਾ ਸਕੀ।

ਹੌਲੀ-ਹੌਲੀ ਇਸ ਕਿਤਾਬ ਦੀਆਂ ਰਚਨਾਵਾਂ 'ਪੁਰਾਤਨ ਮਰਯਾਦਾ' ਦੇ ਨਾਂ 'ਤੇ ਸਿੱਖੀ ਦੇ ਮੱਥੇ 'ਤੇ ਹਮੇਸ਼ਾ ਲਈ ਮੜ੍ਹ ਦਿੱਤੀਆਂ ਗਈਆਂ।

ਗਿਆਨ ਵਿਹੂਣੀ ਸ਼ਰਧਾ ਅਤੇ ਗੁਰੂ ਪ੍ਰਤੀ ਸਤਿਕਾਰ ਨੇ ਸਿੱਖਾਂ ਨੂੰ ਐਨੀ ਵੀ ਪੜਚੋਲ ਨਹੀਂ ਕਰਨ ਦਿੱਤੀ ਕਿ ਇਸ ਗ੍ਰੰਥ ਦੀ ਕੋਈ ਰਚਨਾ "ਨਾਨਕ" ਸ਼ਬਦ ਦੀ ਮੁਹਰ ਨਾਲ ਨਾ ਤੇ ਸਮਾਪਤ ਹੁੰਦੀ ਹੈ ਅਤੇ ਨਾ ਹੀ "ਮਹਲਾ" ਸ਼ਬਦ ਨਾਲ ਸ਼ੁਰੂ ਹੀ ਹੁੰਦੀ ਹੈ। 'ਸ੍ਯਾਮ ਕਵੀ' ਅਤੇ 'ਰਾਮ ਕਵੀ' ਦਾ ਨਾਂ ਸੈਂਕੜੇ ਵਾਰ ਇਸ ਵਿੱਚ ਲਿਖਿਆ ਮਿਲਦਾ ਹੈ। ਇਸ ਕੂੜ ਗ੍ਰੰਥ ਦੀ ਸ਼ੈਲੀ, ਲਿਖਤ ਅਤੇ ਬਣਤਰ ਵੀ ਸ਼ਬਦ ਗੁਰੂ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਕਸਵੱਟੀ 'ਤੇ ਖਰੀ ਨਹੀਂ ਉਤਰਦੀ, ਉਸ ਵਿੱਚ ਲਿਖੀਆਂ ਰਚਨਾਵਾਂ ਦੀ ਪੜਚੋਲ ਕਰਨਾ ਤਾਂ ਬਹੁਤ ਦੂਰ ਦੀ ਗੱਲ ਹੈ।

ਅਖੌਤੀ ਦਸਮ ਗ੍ਰੰਥ ਵਿੱਚ ਅਨਮਤ ਦੇ ਕਈ ਦੇਵੀ-ਦੇਵਤਿਆਂ ਅਤੇ ਮਿਥਿਹਾਸ ਦੇ ਪਾਤਰਾਂ ਦਾ ਜ਼ਿਕਰ ਆਇਆ ਹੈ। ਜੇ ਇਹ ਕਿਹਾ ਜਾਏ ਕਿ ਦਸਮ ਗ੍ਰੰਥ ਨਾਮ ਦੀ ਸਾਰੀ ਕਿਤਾਬ ਹੀ ਹਿੰਦੂ ਦੇਵੀ-ਦੇਵਤਿਆਂ ਦੀ ਉਸਤਤ ਅਤੇ ਮਿਥਿਹਾਸ ਨਾਲ ਭਰੀ ਪਈ ਹੈ, ਤਾਂ ਵੀ ਕੁਝ ਗ਼ਲਤ ਨਹੀਂ ਹੋਵੇਗਾ। ਇਸ ਲਈ ਮੇਰੀ ਇਸ ਪੁਸਤਕ, ਜੋ ਉਸ ਕਿਤਾਬ ਦਾ ਵਿਸ਼ਲੇਸ਼ਣ ਹੈ, ਵਿੱਚ ਵੀ ਵਾਰ-ਵਾਰ ਉਨ੍ਹਾਂ ਦੇਵੀ-ਦੇਵਤਿਆਂ ਦਾ ਜ਼ਿਕਰ ਆਉਣਾ ਲਾਜ਼ਮੀ ਹੈ। ਮੇਰੀ ਇਸ ਪੁਸਤਕ ਦਾ ਮਕਸਦ ਕਿਸੇ ਵੀ ਜਾਤਿ-ਵਿਸ਼ੇਸ਼ ਦੇ ਧਰਮ ਅਤੇ ਪੂਜਾ-ਪਧੱਤੀ ਦਾ ਅਪਮਾਨ ਜਾਂ ਅਲੋਚਨਾ ਕਰਨਾ ਬਿਲਕੁਲ ਹੀ ਨਹੀਂ ਹੈ। ਕਈ ਥਾਵਾਂ 'ਤੇ ਬ੍ਰਾਹਮਣਵਾਦ ਅਤੇ ਬ੍ਰਾਹਮਣ ਸ਼ਰਦ ਦਾ ਵੀ ਜ਼ਿਕਰ ਆਉਂਦਾ ਹੈ।

ਇਹ ਸ਼ਬਦ ਇੱਕ 'ਸੋਚ ਅਤੇ ਜੀਵਨ-ਸ਼ੈਲੀ' ਨਾਲ ਸਬੰਧਿਤ ਹਨ, ਨਾ ਕਿ ਕਿਸੇ ਜਾਤ ਜਾਂ ਵਰਗ-ਵਿਸ਼ੇਸ਼ ਨਾਲ। ਇਹ ਬ੍ਰਾਹਮਣਵਾਦ ਜਾਂ ਬ੍ਰਾਹਮਣ ਉਹੀ ਸ਼ਬਦ ਹਨ ਜਿਨ੍ਹਾਂ ਦਾ ਗੁਰੂ ਗ੍ਰੰਥ ਸਾਹਿਬ ਵਿੱਚ ਥਾਂ-ਥਾਂ 'ਤੇ ਜ਼ਿਕਰ ਆਇਆ ਹੈ। ਖ਼ਾਸ ਕਰਕੇ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ 'ਆਸਾ ਕੀ ਵਾਰ' ਦੀ ਪਵਿੱਤਰ ਬਾਣੀ ਵਿੱਚ, ਗੁਰੂ ਨਾਨਕ ਸਾਹਿਬ ਨੇ ਇਸ ਜੀਵਨ-ਸ਼ੈਲੀ ਦਾ ਪੁਰਜੋਰ ਖੰਡਨ ਕੀਤਾ ਹੈ। ਇਹ ਬ੍ਰਾਹਮਣ ਜਾਂ ਬ੍ਰਾਹਮਣਵਾਦ ਕੋਈ ਜਾਤ ਜਾਂ ਵਰਗ ਵਿਸ਼ੇਸ਼ ਨਹੀਂ ਬਲਕਿ ਇੱਕ ਸੋਚ ਹੈ ਜੋ ਮੇਰੇ ਤੇ ਤੁਹਾਡੇ ਵਿੱਚ ਵੀ ਮੌਜੂਦ ਹੈ। ਹਾਂ, ਕਿਸੇ ਵਿੱਚ ਇਹ ਘੱਟ ਹੈ, ਤੇ ਕਿਸੇ ਵਿੱਚ ਜ਼ਿਆਦਾ। ਇਹ ਉਹ ਹੀ

ਸੋਚ ਹੈ ਜਿਸ ਅਨੁਸਾਰ ਇੱਕ ਮਨੁੱਖ ਸੂਰਜ ਨੂੰ ਪਾਣੀ ਦਿੰਦਾ ਹੈ ਤਾਂ ਗੁਰੂ ਨਾਨਕ ਸਾਹਿਬ ਉਸਦਾ ਖੰਡਨ ਕਰਦੇ ਹਨ। ਇਹ ਉਹੀ ਸੋਚ ਹੈ ਜਿਸ ਵਿੱਚ ਕੋਈ ਮਨੁੱਖ ਪੱਥਰ ਦੀ ਮੂਰਤੀ ਦੀ ਪੂਜਾ ਕਰਦਾ ਹੈ, ਤਾਂ ਭਗਤ ਕਬੀਰ ਸਾਹਿਬ ਉਸਦੀ ਨਿਖੇਧੀ ਕਰਦੇ ਹਨ। ਇਹ ਉਹੀ ਸੋਚ ਹੈ ਜਿਸ ਅਨੁਸਾਰ ਕੋਈ ਮਨੁੱਖ ਆਪਣੇ ਪਿੱਤਰਾਂ ਦਾ ਸਰਾਧ ਕਰਦਾ ਹੈ ਤਾਂ ਗੁਰਬਾਣੀ ਉਸਨੂੰ ਨਕਾਰਦੀ ਹੈ। ਮੇਰੀ ਇਸ ਪੁਸਤਕ ਵਿੱਚ ਵੀ ਕਿਸੇ ਜਾਤ ਜਾਂ ਵਰਗ-ਵਿਸ਼ੇਸ਼ ਦਾ ਨਹੀਂ, ਬਲਕਿ ਉਸੇ ਬ੍ਰਾਹਮਣ ਅਤੇ ਬ੍ਰਾਹਮਣਵਾਦ ਦਾ ਜ਼ਿਕਰ ਹੈ, ਜਿਸਦਾ ਖੰਡਨ ਗੁਰੂ ਨਾਨਕ ਸਾਹਿਬ, ਭਗਤ ਕਬੀਰ ਅਤੇ ਨਾਮਦੇਵ ਜੀ ਨੇ ਆਪਣੀ ਬਾਣੀ ਵਿੱਚ ਕੀਤਾ ਹੈ।

ਇੱਕ ਸਿੱਖ ਹੋਣ ਦੇ ਨਾਤੇ ਅਸੀਂ ਕਿਸੇ ਵੀ ਧਰਮ ਦੀ ਪੂਜਾ-ਪੱਧਤੀ ਜਾਂ ਆਸਥਾ ਦੀ ਕਿਧਰੇ ਵੀ ਨਿਖੇਧੀ ਨਹੀਂ ਕਰਦੇ ਬਲਕਿ ਇਹ ਪੁਸਤਕ ਕੇਵਲ ਅਤੇ ਕੇਵਲ ਸਿੱਖਾਂ ਲਈ ਹੀ ਲਿਖੀ ਗਈ ਹੈ, ਜੋ ਸਿਰਫ਼ ਤੇ ਸਿਰਫ਼ ਗੁਰੂ ਗ੍ਰੰਥ ਸਾਹਿਬ ਜੀ ਨੂੰ ਹੀ ਆਪਣਾ ਗੁਰੂ ਮੰਨਦੇ ਹਨ, ਅਤੇ ਇੱਕ ਨਿਰੰਕਾਰ ਕਰਤਾਰ ਨੂੰ ਹੀ ਇਸ ਬ੍ਰਹਮੰਡ ਦਾ ਇਕੋ-ਇੱਕ ਰਚਨਾਕਾਰ ਅਤੇ ਮਾਲਕ ਮੰਨਦੇ ਹਨ। ਗੁਰੂ ਗ੍ਰੰਥ ਸਾਹਿਬ ਜੀ ਦੀਆਂ ਸਿੱਖਿਆਵਾਂ ਮੂਰਤੀ-ਪੂਜਾ ਅਤੇ ਇਨ੍ਹਾਂ ਦੇਵੀ-ਦੇਵਤਿਆਂ ਨੂੰ ਨਾ ਮੰਨਣ ਦਾ ਥਾਂ-ਥਾਂ ’ਤੇ ਉਪਦੇਸ਼ ਕਰਦੀਆਂ ਹਨ, ਇਸ ਲਈ ਸਿੱਖਾਂ ਨੂੰ ਐਸੀਆਂ ਗੱਲਾਂ ਤੋਂ ਜ਼ਰੂਰ ਸੁਚੇਤ ਕੀਤਾ ਗਿਆ ਹੋ ਸਕਦਾ ਹੈ।

ਨਾਲ ਹੀ ਇਹ ਸਿੱਖਾਂ ਦੇ ਸ਼ਬਦ ਗੁਰੂ ਦਾ ਹੁਕਮ ਹੈ। ਐਸਾ ਕਰਨਾ ਨਾ ਤਾਂ ਕਿਸੇ ਦੂਜੇ ਧਰਮ ਦੀ ਅਲੋਚਨਾ ਹੈ ਅਤੇ ਨਾ ਹੀ ਦੂਜੇ ਧਰਮ ਦੀ ਪੂਜਾ-ਪੱਧਤੀ ਵਿੱਚ ਕਿਸੇ ਕਿਸਮ ਦੀ ਕੋਈ ਦਖ਼ਲ ਹੀ ਹੈ। ਐਸੀਆਂ ਗੱਲਾਂ ਕੇਵਲ ਸਿੱਖਾਂ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੀ ਦੱਸੀ ਹੋਈ ਜੀਵਨ-ਜਾਚ ਨੂੰ ਦੁਹਰਾਨਾ ਅਤੇ ਇੱਕ ਸਿੱਖ ਨੂੰ ਚੇਤੇ ਕਰਵਾਉਣਾ ਮਾਤਰ ਹੈ। ਅਖੌਤੀ ਦਸਮ ਗ੍ਰੰਥ ਨਾਮ ਦੀ ਕਿਤਾਬ ਵਿੱਚ ਲਿਖੀਆਂ ਰਚਨਾਵਾਂ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੀ ਕਸਵੱਟੀ ’ਤੇ ਪ੍ਰਮਾਣਾਂ ਸਹਿਤ ਪਰਖ ਕੇ ਇਸਦੀ ਵਿਆਖਿਆ ਕੀਤੀ ਗਈ ਹੈ।

ਦਾਸ ਨੇ ਆਪਣੀ ਹਥਲੀ ਪੁਸਤਕ ‘ਅਖੌਤੀ ਦਸਮ ਗ੍ਰੰਥ ਦਾ ਖੁਲ੍ਹਾ ਸੱਚ’ ਵਿੱਚ ਉਹ ਹੀ ਦੱਸਣ ਦੀ ਕੋਸ਼ਿਸ਼ ਕੀਤੀ ਹੈ ਜੋ ਦਾਸ ਨੇ ਆਪ ਆਪਣੀ ਅੱਖੀਂ ਪੜ੍ਹਿਆ ਅਤੇ ਵਾਚਿਆ ਹੈ। ਮੇਰੀ ਇਸ ਲਿਖਤ ਦਾ ਇੱਕ ਮਾਤਰ ਸ੍ਰੋਤ

ਭਾਈ ਚਤਰ ਸਿੰਘ ਜੀਵਨ ਸਿੰਘ ਅੰਮ੍ਰਿਤਸਰ ਵੱਲੋਂ ਛਾਪੀਆਂ ਗਈਆਂ ਦੋ ਭਾਗਾਂ ਵਾਲੀ 'ਸ਼੍ਰੀ ਦਸਮ ਗ੍ਰੰਥ ਸਾਹਿਬ ਜੀ' ਦੀਆਂ ਪੋਥੀਆਂ ਹਨ।

ਆਪਣੀ ਪੁਸਤਕ ਵਿੱਚ ਦਾਸ ਨੇ ਅਨੁਵਾਦ ਕਰਨ ਵੇਲੇ ਕਈ ਥਾਵਾਂ 'ਤੇ ਭਾਈ ਕਾਨ੍ਹ ਸਿੰਘ ਨਾਭਾ ਦੇ 'ਮਹਾਨ ਕੋਸ਼' ਦਾ ਸਹਾਰਾ ਲਿਆ ਹੈ। ਅਨੁਵਾਦ ਕਰਦਿਆਂ ਇਸ ਗੱਲ ਦਾ ਖ਼ਾਸ ਧਿਆਨ ਰਖਿਆ ਗਿਆ ਹੈ ਕਿ ਮੂਲ ਸ੍ਰੋਤ ਵਿੱਚ ਲਿਖੇ ਅਰਥ ਅਤੇ ਭਾਵ ਬਿਲਕੁਲ ਵੀ ਨਾ ਬਦਲਣ। 'ਰਾਮਕਲੀ ਪਾਤਿਸ਼ਾਹੀ 10' ਵਿੱਚ ਕੁਝ ਪੰਕਤੀਆਂ ਡਾ. ਗੁਰਮੁਖ ਸਿੰਘ ਜੀ (ਦਿੱਲੀ) ਦੀ ਪੁਸਤਕ 'ਦਸਮ ਗ੍ਰੰਥ ਦੀ ਵਿਚਾਰ' ਵਿੱਚੋਂ ਲਈਆਂ ਹਨ।

ਇਸ ਤੋਂ ਇਲਾਵਾ ਦਾਸ ਨੇ ਕਿਸੇ ਵੀ ਹੋਰ ਵਿਦਵਾਨ ਦੀ ਲਿਖੀ ਪੁਸਤਕ ਨੂੰ ਸ੍ਰੋਤ ਨਹੀਂ ਬਣਾਇਆ ਹੈ। ਦਾਸ ਨੇ ਇਸ ਪੁਸਤਕ ਵਿੱਚ ਕਈ ਥਾਵਾਂ 'ਤੇ ਇਸਨੂੰ 'ਕੂੜ ਕਿਤਾਬ' ਦੀ ਸੰਗਿਆ ਦਿੱਤੀ ਹੈ। ਇਸ 'ਕੂੜ ਕਿਤਾਬ' ਤੋਂ ਭਾਵ ਹੈ 'ਝੂਠੀ ਕਿਤਾਬ', ਅਰਥਾਤ ਜਿਸ ਕਿਤਾਬ ਦੀ ਕੋਈ ਪ੍ਰਮਾਣਿਕਤਾ ਨਹੀਂ ਹੈ। ਕਿਸੇ-ਕਿਸੇ ਥਾਂ 'ਤੇ ਇਸ ਕਿਤਾਬ ਨੂੰ 'ਕਾਲੀ ਕਿਤਾਬ' ਕਹਿ ਕੇ ਵੀ ਸੰਬੋਧਿਤ ਕੀਤਾ ਗਿਆ ਹੈ। ਇਸ ਦਾ ਕਾਰਣ ਹੈ ਕਿ ਇਸ ਕਿਤਾਬ ਦੀਆਂ ਬਹੁਤੀਆਂ ਰਚਨਾਵਾਂ ਕਾਲੀ (ਦੁਰਗਾ) ਦੀ ਉਸਤਤਿ ਨਾਲ ਭਰੀਆਂ ਪਈਆਂ ਹਨ। ਇਸੇ ਲਈ ਇਸ ਕਿਤਾਬ ਨੂੰ 'ਕਾਲੀ ਕਿਤਾਬ' ਕਿਹਾ ਗਿਆ ਹੈ।

ਇਸ ਪੁਸਤਕ ਰਾਹੀਂ ਆਪ ਜੀ ਤਕ ਉਹੀ ਪਹੁੰਚਾਉਣ ਦੀ ਕੋਸ਼ਿਸ਼ ਕੀਤੀ ਹੈ ਜੋ ਇਸ ਗ੍ਰੰਥ ਵਿੱਚ ਲਿਖਿਆ ਹੋਇਆ ਹੈ ਅਤੇ ਕੰਧ 'ਤੇ ਲਿਖਿਆ ਸੱਚ ਹੈ। ਫਿਰ ਵੀ ਦਾਸ ਦੀ ਗੁਰਮੁਖੀ ਲਿਪੀ ਵਿੱਚ ਬਹੁਤ ਚੰਗੀ ਪਕੜ ਨਾ ਹੋਣ ਕਰਕੇ ਅਤੇ ਦਾਸ ਦੀ ਪਹਿਲੀ ਪੁਸਤਕ ਹੋਣ ਕਰਕੇ ਅਨੇਕਾਂ ਗ਼ਲਤੀਆਂ ਰਹਿ ਗਈਆਂ ਹੋਣਗੀਆਂ, ਇਸ ਲਈ ਦਾਸ ਪਾਠਕਾਂ ਅਤੇ ਪੂਰੇ ਪੰਥ ਪਾਸੋਂ ਖਿਮਾ ਦਾ ਜਾਚਕ ਹੈ।

ਦਾਸ ਖ਼ਾਸ ਕਰਕੇ ਪੰਥ ਦੇ ਮਹਾਨ ਪ੍ਰਚਾਰਕ ਪ੍ਰੋਫ਼ੈਸਰ ਦਰਸ਼ਨ ਸਿੰਘ ਜੀ ਖ਼ਾਲਸਾ ਅਤੇ ਉਨ੍ਹਾਂ ਸਾਰੇ ਵੀਰਾਂ ਤੇ ਪੰਥ-ਦਰਦੀਆਂ ਦਾ ਅਤਿ ਧੰਨਵਾਦੀ ਹੈ ਜਿਨ੍ਹਾਂ ਦੀ ਪ੍ਰੇਰਣਾ ਸਦਕਾ ਵੈਬ-ਸਾਈਟਾਂ 'ਤੇ ਛਪੇ ਦਾਸ ਦੇ ਲੇਖਾਂ ਦੀ ਲੜੀ ਨੇ ਇੱਕ ਪੁਸਤਕ ਦਾ ਰੂਪ ਲਿਆ ਹੈ।

ਦਾਸ ਉਨ੍ਹਾਂ ਵੈਬ-ਸਾਈਟਾਂ ਦਾ ਵੀ ਬਹੁਤ ਆਭਾਰੀ ਹੈ ਜਿਨ੍ਹਾਂ ਨੇ

ਦਾਸ ਦੇ ਦਸਮ ਗ੍ਰੰਥ ਬਾਰੇ ਲਿਖੇ ਲੇਖਾਂ ਨੂੰ ਲੜੀਵਾਰ ਛਾਪ ਕੇ ਕੌਮ ਤਕ ਪਹੁੰਚਾਣ ਦਾ ਉਪਰਾਲਾ ਕੀਤਾ, ਖ਼ਾਸ ਕਰਕੇ

www.khalsanews.org,
www.singhsabhausa.com,
www.thegurugranth.com,
www.gurupanth.com ਆਦਿ।

ਇੱਕ ਵਾਰ ਫਿਰ ਪਾਠਕਾਂ ਪਾਸੋਂ ਪਹਿਲੀ ਪੁਸਤਕ ਹੋਣ ਕਾਰਣ ਹੋਈਆਂ ਗ਼ਲਤੀਆਂ ਲਈ ਖਿਮਾ ਮੰਗਦਾ ਹਾਂ। ਪਾਠਕਾਂ ਦੇ ਕੀਮਤੀ ਸੁਝਾਵਾਂ ਅਤੇ ਸਲਾਹਵਾਂ ਦਾ ਦਾਸ ਹਮੇਸ਼ਾ ਸੁਆਗਤ ਕਰੇਗਾ, ਤਾਂਕਿ ਅਗਲੀ ਪੁਸਤਕ ਵਿੱਚ ਉਨ੍ਹਾਂ ਗ਼ਲਤੀਆਂ ਨੂੰ ਸੁਧਾਰਿਆ ਜਾ ਸਕੇ।

ਇੰਦਰਜੀਤ ਸਿੰਘ, ਕਾਨਪੁਰ

# ਭਾਗ ੧

ਇਹ "ਪ੍ਰਿਥਮ ਭਗੌਤੀ" ਤਾਂ ਬਾਬਾ ਨਾਮਦੇਵ ਜੀ ਵਾਲੀ "ਆਦਿ ਭਵਾਨੀ" ਹੈ, ਫਿਰ ਇਹ ਸਾਡਾ "ਅਕਾਲ ਪੁਰਖ" ਜਾਂ "ਕਿਰਪਾਨ" ਕਿਵੇਂ ਬਣ ਗਈ ?

ਮੈਂ ਤਾਂ ਕਦੇ-ਕਦੇ ਇਹ ਸੋਚਦਾ ਹਾਂ ਕਿ ਜੇ ਕਿਸੇ ਬੰਦੇ ਦੀ ਸ਼ਕਲ ਦੇ ਅੱਗੇ ਸ਼ੀਸ਼ਾ (ਆਇਨਾ) ਰੱਖ ਕੇ ਉਸਨੂੰ ਇਹ ਪੁੱਛਿਆ ਜਾਵੇ ਕਿ, ਦੱਸ ਇਹ ਕੌਣ ਹੈ ? ਤੇ ਉਹ ਸ਼ੀਸ਼ਾ ਵੇਖ ਕੇ ਵੀ ਇਹ ਕਹੀ ਜਾਵੇ ਕਿ, 'ਇਹ ਮੈਂ ਨਹੀਂ।' ਫਿਰ ਅਸੀਂ ਇਹੀ ਕਹਾਂਗੇ ਕਿ, ਇਹ ਬੰਦਾ ਜਾਣ-ਬੁੱਝ ਕੇ ਬਹਾਨੇ ਕਰ ਰਿਹਾ ਹੈ। ਜਦੋਂ ਉਹ ਹੀ ਬੰਦਾ ਕਿਸੇ ਹੋਰ ਦਾ ਨਾਮ ਲੈ ਕੇ ਇਹ ਕਹਿਣ ਲੱਗ ਪਵੇ ਕਿ, 'ਇਹ ਮੈਂ ਨਹੀਂ, ਇਹ ਤਾਂ ਫਲਾਣਾ ਹੈ।' ਤਾਂ ਇਹੀ ਸੋਚਿਆ ਜਾ ਸਕਦਾ ਹੈ ਕਿ ਇਸਦੀ ਦਿਮਾਗੀ ਹਾਲਤ ਠੀਕ ਨਹੀਂ, ਜਾਂ ਇਹ ਕੋਈ ਨੀਮ ਪਾਗਲ ਹੈ।

ਅੱਜ ਸਾਡੇ ਵਿੱਚ ਬਹੁਤਿਆਂ ਦਾ ਹਾਲ ਵੀ ਇਹ ਹੀ ਹੈ। ਬਹੁਤ ਸਾਰੇ ਵਿਦਵਾਨਾਂ ਨੇ, ਇਸ 'ਦਸਮ ਗ੍ਰੰਥ' ਨਾਮ ਦੀ ਕਿਤਾਬ ਬਾਰੇ ਬਹੁਤ ਕੁਝ ਲਿਖਿਆ ਹੈ, ਲੇਕਿਨ ਇਸਨੂੰ ਫਿਰ ਵੀ ਅਸੀਂ "ਦਸਮ ਬਾਣੀ" ਕਹੀ ਜਾ ਰਹੇ ਹਾਂ। ਐਸਾ ਬੇ-ਵਜਿਹ ਹੀ ਨਹੀਂ ਹੋ ਰਿਹਾ ਹੈ।

ਇਹ ਪੰਥ-ਵਿਰੋਧੀਆਂ ਦੀ ਇੱਕ ਬਹੁਤ ਵੱਡੀ ਸਾਜਸ਼ ਹੈ। ਸਿੱਖਾਂ ਨੂੰ ਬਿਪਰਵਾਦੀ ਮਿਥਿਹਾਸ ਰਾਹੀਂ ਅਨਮਤ ਵਿੱਚ ਰਲਗੱਡ ਕਰਨ ਲਈ ਅਤੇ ਉਨ੍ਹਾਂ ਨੂੰ 'ਦੇਵੀ ਪੂਜਕ' ਬਨਾਉਣ ਲਈ ਇਹ ਕਿਤਾਬ ਹੀ ਉਨ੍ਹਾਂ ਕੋਲ ਸਭ ਤੋਂ ਵੱਡਾ ਹਥਿਆਰ ਹੈ। ਇਸ ਕਿਤਾਬ ਨੂੰ ਉਹ ਕਿਸੇ ਵੀ ਹੀਲੇ ਸਿੱਖਾਂ ਦਾ "ਦੂਜਾ ਗੁਰੂ" ਬਣਾਈ ਰੱਖਣਾ ਚਾਹੁੰਦੇ ਹਨ।

ਗੁਰੂ ਗ੍ਰੰਥ ਸਾਹਿਬ ਜੀ ਸਾਡੇ ਇਕੋ ਇੱਕ "ਗੁਰੂ" ਹਨ। ਕੇਵਲ ਤੇ ਕੇਵਲ ਸ਼ਬਦ ਗੁਰੂ ਵਿੱਚ ਦਰਜ ਬਾਣੀ ਨੂੰ ਹੀ "ਗੁਰਬਾਣੀ" ਦਾ ਦਰਜਾ ਪ੍ਰਾਪਤ ਹੈ। ਬਾਕੀ ਹਰ ਬਾਣੀ "ਕੱਚੀ" ਹੈ। ਫਿਰ ਇਹ "ਦੇਵੀ ਪੂਜਾ" ਵਾਲੀ ਕਿਤਾਬ

"ਦਸਮ ਬਾਣੀ'' ਕਿਵੇਂ ਬਣ ਗਈ ?

ਇਸ ਲੇਖ ਲੜੀ ਦੇ ਪਹਿਲੇ ਭਾਗ ਵਿੱਚ ਅਸੀਂ ਇਹ ਚਰਚਾ ਕਰਾਂਗੇ ਕਿ "ਪ੍ਰਿਥਮ ਭਗੌਤੀ'' ਕੌਣ ਹੈ ? ਜਿਸਨੂੰ ਅਸੀਂ ਰੋਜ਼ ਆਪਣੀ ਪੰਥਕ ਅਰਦਾਸ ਵਿੱਚ ਤਿੰਨ ਵਾਰ ਸਿਮਰਦੇ ਹਾਂ। ਫਿਰ ਇਸ ਤੋਂ ਬਾਅਦ "ਗੁਰੂ ਨਾਨਕ'' ਨੂੰ ਧਿਆਉਂਦੇ ਹਾਂ (ਗੁਰੂ ਨਾਨਕ ਲਈ ਧਿਆਏ)।

ਪ੍ਰਿਥਮ ਭਗੌਤੀ ਨੂੰ ਸਿਮਰੇ ਬਗ਼ੈਰ ਤਾਂ ਅਸੀਂ ਆਪਣੇ ਗੁਰੂਆਂ ਦਾ ਨਾਮ ਵੀ ਨਹੀਂ ਲੈ ਸਕਦੇ। ਅਸੀਂ ਇਸਨੂੰ 'ਜੀ' ਕਹਿ ਕੇ ਸਤਿਕਾਰਦੇ ਹਾਂ (ਵਾਰ ਸ੍ਰੀ ਭਗੌਤੀ ਜੀ ਕੀ)। ਲੇਕਿਨ ਆਪਣੇ ਪਰਉਪਕਾਰੀ ਗੁਰੂ, ਗੁਰੂ ਰਾਮ ਦਾਸ ਜੀ ਨੂੰ "ਰਾਮਦਾਸੈ (ਹੋਈ ਸਹਾਏ)'' ਕਹਿ ਕੇ ਬੁਲਾਉਂਦੇ ਹਾਂ। ਬਾਕੀ ਗੁਰੂ ਸਾਹਿਬਾਨ ਦਾ ਨਾਂ ਵੀ ਕੋਈ ਸਤਿਕਾਰ ਨਾਲ ਨਹੀਂ ਲਿਆ ਜਾਂਦਾ।

ਇਸ ਵਿੱਚ ਕਸੂਰ ਕਿਸੇ ਦਾ ਨਹੀਂ। ਸਾਰਾ ਕਸੂਰ ਇਸ "ਬਚਿੱਤਰ ਪੋਥੇ'' ਦਾ ਹੈ, ਜੋ ਕਿ ਇੱਕ ਦੇਵੀ ਪੂਜਕ ਦੀ ਲਿਖੀ ਹੋਈ ਹੈ। ਅਤੇ ਉਸ ਨੂੰ ਪੜ੍ਹ-ਪੜ੍ਹ ਕੇ ਅਸੀਂ "ੴ ਸਤਿਗੁਰ ਪ੍ਰਸਾਦਿ'' ਨੂੰ ਭੁੱਲ ਕੇ 'ਕਿਰਪਾ ਕਰੀ ਹਮ ਪਰ ਜਗ ਮਾਤਾ' ਵਰਗੀ ਦੇਵੀ ਉਸਤਤ ਵਿੱਚ ਡੁੱਬਦੇ ਜਾ ਰਹੇ ਹਾਂ। ਸਿੱਖਾਂ ਦਾ ਇਥੇ ਉਹੀ ਹਾਲ ਹੈ, ਜਿਸਦਾ ਜ਼ਿਕਰ ਅਸੀਂ ਉਪਰ ਕਰ ਆਏ ਹਾਂ ਕਿ ਸ਼ੀਸ਼ੇ ਵਿੱਚ ਵੇਖ ਕੇ ਵੀ ਅਸਲੀਅਤ ਨੂੰ, ਸੱਚ ਨੂੰ, ਪਛਾਣਨਾ ਹੀ ਨਹੀਂ ਚਾਹੁੰਦੇ। ਅੱਜ ਸਾਡੀ ਹਾਲਤ ਵੀ ਉਸ ਨੀਮ ਪਾਗਲ ਵਾਂਗ ਹੋ ਚੁੱਕੀ ਹੈ ਜੋ "ਹਮ ਅਵਗੁਣਿ ਭਰੇ ਏਕੁ ਗੁਣੁ ਨਾਹੀ ਅੰਮ੍ਰਿਤੁ ਛਾਡਿ ਬਿਖੈ ਬਿਖੁ ਖਾਹੀ'' ਦੇ ਮਹਾਂਵਾਕ ਅਨੁਸਾਰ ਆਪਣਾ ਜੀਵਨ ਜੀ ਰਹੇ ਹਾਂ। ਗੁਰੂ ਗ੍ਰੰਥ ਸਾਹਿਬ ਵਿੱਚ ਦਰਜ "ਅੰਮ੍ਰਿਤ'' ਨੂੰ ਤਿਆਗ ਕੇ ਇਸ ਕਿਤਾਬ ਅੰਦਰਲੀ 'ਬਿਖਿਆ' ਨੂੰ ਹੀ "ਅੰਮ੍ਰਿਤ'' ਸਮਝ ਕੇ ਪੜ੍ਹੀ ਜਾ ਰਹੇ ਹਾਂ।

ਇਸ 'ਪ੍ਰਿਥਮ ਭਗੌਤੀ' ਬਾਰੇ ਗੱਲ ਕਰਨ ਤੋਂ ਪਹਿਲਾਂ ਅਸੀਂ ਉਨ੍ਹਾਂ ਦਸਮ ਗ੍ਰੰਥੀਆਂ ਦੀ ਗੱਲ ਵੀ ਕਰ ਲਈਏ ਜੋ 'ਪ੍ਰਿਥਮ ਭਗੌਤੀ' ਨੂੰ "ਅਕਾਲ ਪੁਰਖ'' ਲਈ ਵਰਤਿਆ ਸ਼ਬਦ ਕਹਿੰਦੇ ਹਨ ਤੇ ਪਾਸਾ ਵੱਟ ਲੈਂਦੇ ਹਨ। ਕਦੀ ਇਹ ਕਿਰਪਾਨ ਨੂੰ ਭਗਉਤੀ ਕਹਿਣ ਲੱਗ ਪੈਂਦੇ ਹਨ ? ਇਨ੍ਹਾਂ ਕੋਲੋਂ ਪੁੱਛੋ ਕਿ ਭਲਿਓ ! ਇੱਕ ਕਿਰਪਾਨ ਨੂੰ ਤੁਸੀਂ ਗੁਰੂ ਨਾਨਕ ਸਾਹਿਬ ਨਾਲੋਂ ਉੱਚਾ ਦਰਜਾ ਕਿਵੇਂ ਦੇ ਸਕਦੇ ਹੋ ? ਤੇ ਉਨ੍ਹਾਂ ਕੋਲ ਇਸ ਗੱਲ ਦਾ ਕੋਈ ਜਵਾਬ ਨਹੀਂ ਹੁੰਦਾ।

ਫਿਰ ਉਸ ਕਿਰਪਾਨ ਦੀ ਕਿਹੜੀ ਤੇ ਕਦੋਂ ਇਹ 'ਵਾਰ' ਬਣਾਈ ਗਈ ? - ਵਾਰ ਸ੍ਰੀ ਭਗੌਤੀ ਜੀ ਕੀ। ਉਹ ਇਹ ਵੀ ਨਹੀਂ ਦੱਸ ਪਾਂਦੇ। ਲੇਕਿਨ ਉਸ ਸ਼ੀਸ਼ੇ ਵਿੱਚ ਤਾਂ ਸਾਫ਼-ਸਾਫ਼ ਦਿਖਾਈ ਦੇ ਰਿਹਾ ਹੈ ਕਿ ਇਹ 'ਦੁਰਗਾ ਕੀ ਵਾਰ' ਹੈ। ਤੇ ਇਸਦੀ ਪਹਿਲੀ ਪਉੜੀ ਹੈ 'ਪ੍ਰਿਥਮ ਭਗੌਤੀ ਸਿਮਰ ਕੈ......'। ਇਥੇ ਇਸਦਾ ਅਰਥ 'ਦੁਰਗਾ ਦੇਵੀ' ਹੀ ਹੈ ਨਾ ਕਿ "ਅਕਾਲ ਪੁਰਖ" ਜਾਂ "ਕਿਰਪਾਨ"।

ਸ਼ਬਦ ਗੁਰੂ ਦੇ ਸਿੱਖਾਂ ਕੋਲ ਆਪਣੇ ਸਮਰੱਥ ਗੁਰੂ, ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਬਾਣੀ ਹੀ, ਕਿਸੇ ਵੀ ਗੱਲ ਦਾ ਨਿਰਣਾ ਕਰਨ ਲਈ ਇੱਕ ਕਸਵੱਟੀ ਜਾਂ ਬੈਂਚਮਾਰਕ ਹੁੰਦਾ ਹੈ। ਇਸ ਕਸਵੱਟੀ 'ਤੇ ਖਰੀ ਉਤਰਣ ਵਾਲੀ ਗੱਲ ਨੂੰ ਅਸੀਂ ਅਪਣਾ ਲੈਂਦੇ ਹਾਂ, ਤੇ ਇਸ ਨਾਲ ਮੇਲ ਨਾ ਖਾਂਦੀ ਗੱਲ ਨੂੰ ਅਸੀਂ ਨਕਾਰ ਦਿੰਦੇ ਹਾਂ। ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਬਾਣੀ ਦੀ ਕਸਵੱਟੀ 'ਤੇ ਇਸ 'ਪ੍ਰਿਥਮ ਭਗੌਤੀ' ਨੂੰ ਪਰਖਣ ਦੀ ਕੋਈ ਜ਼ਰੂਰਤ ਹੀ ਨਹੀਂ ਪੈਂਦੀ, ਕਿਉਂਕਿ ਇਨ੍ਹਾਂ ਦੀ ਕਿਤਾਬ ਤਾਂ ਆਪ ਕੂਕ-ਕੂਕ ਕੇ ਇਹ ਕਹਿ ਰਹੀ ਹੈ ਕਿ ਇਹ 'ਪ੍ਰਿਥਮ ਭਗੌਤੀ' ਹੀ ਦੁਰਗਾ, ਭਵਾਨੀ, ਭਗੌਤੀ, ਕਾਲੀ, ਕਾਲਕਾ ਅਤੇ ਸ਼ਿਵਾ ਹਨ, ਭਾਵ ਇਹ ਸਭ ਇਕੋ ਹੀ ਦੇਵੀ ਦੇ ਨਾਂ ਹਨ।

ਅਕਸਰ ਜਦੋਂ ਕੋਈ ਚੋਰ ਫੜਿਆ ਜਾਂਦਾ ਹੈ ਤਾਂ ਉਹ ਇਹੋ ਕਹੀ ਜਾਂਦਾ ਹੈ ਕਿ "ਮੈਂ ਚੋਰ ਨਹੀਂ, ਮੈਂ ਚੋਰੀ ਨਹੀਂ ਕੀਤੀ"। ਲੇਕਿਨ ਜਦੋਂ ਉਸਨੂੰ ਕੁੱਟ ਪੈਣ ਲੱਗਦੀ ਹੈ ਤਾਂ ਉਹ ਆਪਣਾ ਗ਼ੁਨਾਹ ਕਬੂਲ ਕਰ ਲੈਂਦਾ ਹੈ। ਇਹ 'ਕਿਤਾਬ' ਤਾਂ ਬਿਨਾ ਕਿਸੇ ਪੜਚੋਲ (ਕੁੱਟ) ਦੇ ਹੀ, ਆਪ ਹੀ ਇਹ ਕਬੂਲ ਕਰ ਰਹੀ ਹੈ ਕਿ ਮੈਂ ਹੁਣ ਦੇਵੀ ਜੀ ਦੀ ਉਸਤਤ ਕਰਨ ਜਾ ਰਹੀ ਹਾਂ। ਫਿਰ ਵੀ ਅਸੀਂ ਇਸ ਨੂੰ ਅਕਾਲ ਪੁਰਖ ਦੀ ਉਸਤਤ ਕਹੀ ਜਾਈਏ ਤਾਂ ਕੋਈ ਕੀ ਕਰ ਸਕਦਾ ਹੈ ?

ਅਥ ਦੇਵੀ ਜੂ ਕੀ ਉਸਤਤ ਕਥਨੰ।।

ਤੁਹੀ ਅਸਤ੍ਰਣੀ ਆਪ 'ਰੂਪਾ'।।
ਤੁਹੀ 'ਅੰਬਕਾ' ਜੰਭ ਹੰਤੀ ਅਨੂਪਾ।।
ਤੁਹੀ ਅੰਬਕਾ, ਸੀਤਲਾ, ਤੈਤਲਾ ਹੈ।।
ਪ੍ਰਿਥਵੀ ਭੂਮ ਆਕਾਸ਼ ਤੈ ਹੀ ਕੀਆ ਹੈ।। ੪੨੧।।

ਤੁਹੀ ਮੁੰਡ ਮਰਦੀ ਕਪਰਦੀ ਭਾਵਨੀ॥
ਤੁਹੀ ਕਾਲਕਾ ਲਪਾਜਾ ਰਾਜਧਾਨੀ॥
ਮਹਾ ਜੋਗ ਮਾਇਆ ਤੁਹੀ ਈਸ੍ਵਰੀ ਹੈ॥
ਤੁਹੀ ਤੇਂ ਆਕਾਸ਼ ਥੰਭੋ ਮਹੀ ਹੈ॥ ੪੨੨॥
ਤੁਹੀ ਰਿਸ਼ਟਣੀ ਪੁਸ਼ਟਣੀ ਜੋਗ ਮਾਇਆ॥
ਤੁਹੀ ਮੋਹ ਸੁ ਚਉਦਹੂੰ ਲੋਕ ਛਾਇਆ॥
ਤੁਹੀ ਸੁੰਭ ਲੈਸੁੰਭ ਹੰਤੀ ਭਾਵਨੀ॥
ਤੁਹੀ ਚਉਦਹੂੰ ਲੋਗ ਕੀ ਜੋਤਿ ਜਾਨੀ॥ ੪੨੩॥
ਤੁਹੀ ਰਿਸ਼ਟਣੀ ਪੁਸ਼ਟਣੀ ਸ਼ਸਤ੍ਰਣੀ ਹੈ॥
ਤੁਹੀ ਕਸ਼ਟਣੀ ਹਰਤਣੀ ਅਸਤ੍ਰਣੀ ਹੈ॥
ਤੁਹੀ ਜੋਗ ਮਾਇਆ ਤੁਹੀ ਬਾਕ ਬਾਨੀ॥
ਤੁਹੀ ਜੰਭਰਾ ਅੰਬਕਾ ਰਾਜਧਾਨੀ॥ ੪੨੪॥...
ਮਹਾ ਭੈਰਵੀ ਭੂਤਨੇਸੁਰੀ ਭਵਾਨੀ॥
ਭਵੀ ਭਾਵਨੀ ਭਬਯੰ ਕਾਲੀ ਕ੍ਰਿਪਾਣੀ॥
ਜਯਾ ਆਜਯਾ ਹਿੰਗੁਲਾ ਪਿੰਗੁਲਾ ਹੈ॥
ਸ਼ਿਵਾ ਸੀਤਲਾ ਮੰਗਲਾ ਤੋਤਲਾ ਹੈ॥ ੪੨੬॥
ਤੁਹੀ ਅੱਛਰਾ ਪੱਛਰਾ ਬੁੱਧ ਬ੍ਰਿੱਧਿਆ॥
ਤੁਹੀ ਤੀਰ ਤਰਵਾਰ ਕਾਤੀ ਕਟਾਰੀ॥ ੪੨੭॥

(ਅਖੌਤੀ ਦਸਮ ਗ੍ਰੰਥ, ਪੰਨਾ 309)

## ਮੋਹਣੀ ਛੰਦ॥

ਜੈ ਦੇਵੀ ਭੇਵੀ ਭਾਵਾਣੀ॥
ਭਉ ਖੰਡੀ ਦੁਰਗਾ ਸਰਬਾਣੀ॥
ਕੇਸਰੀ ਆਬਾਹੀ ਕਊ ਮਾਰੀ॥
ਭੈਖੰਡੀ ਭੈਰਵਿ ਉੱਧਾਰੀ॥ ੪੫॥
ਅਕਲੰਕਾ ਅੱਤ੍ਰੀ ਛਤ੍ਰਾਣੀ॥
ਮੋਹਣੀਅੰ ਸਰਬੰ ਲੋਕਾਣੀ॥
ਰਕਤਾਗੀ ਸਾਗੀ ਸਾਵਿਤ੍ਰੀ॥

ਪਰਮੇਸ੍ਰੀ ਪਰਮਾ ਪਾਵਿਤ੍ਰੀ।। ੪੬।।

(ਅਖੌਤੀ ਦਸਮ ਗ੍ਰੰਥ, ਪੰਨਾ 310)

ਸਭ ਤੋਂ ਪਹਿਲਾਂ ਇਸ 'ਬਚਿੱਤਰ ਕਿਤਾਬ' ਦਾ ਇਹ ਬਿਆਨ ਦਰਜ ਕੀਤਾ ਜਾਵੇ, ਜਿਸ ਵਿੱਚ ਉਹ ਸਾਫ਼-ਸਾਫ਼ ਇਕਬਾਲ ਕਰਦੀ ਹੈ ਕਿ 'ਅਥ ਦੇਵੀ ਜੀ ਕੀ ਉਸਤਤ ਕਥਨੰ' ਭਾਵ ਮੈਂ ਹੁਣ ਦੇਵੀ ਜੀ ਦੀ ਉਸਤਤ ਕਰਨ ਜਾ ਰਿਹਾ ਹਾਂ। ਉਹ ਦੁਰਗਾ ਦਾ ਨਾਂ ਵੀ ਸਾਫ਼-ਸਾਫ਼ ਲਿਖ ਰਿਹਾ ਹੈ। ਕਵੀ ਅੰਤ ਵਿੱਚ ਫਿਰ ਇਹ ਦੋਹਰਾਉਂਦਾ ਹੈ - 'ਇਤਿ ਸ਼੍ਰੀ ਦੇਵੀ ਉਸਤਤਿ ਸਮਾਪਤਮ'। (ਵੇਖੋ ਪੰਨਾ 310)

ਅਜੇ ਵੀ ਅਸੀਂ ਕਹੀ ਜਾਈਏ ਕਿ ਇਹ "ਅਕਾਲ ਪੁਰਖ" ਦੀ ਉਸਤਤਿ ਹੈ ਤਾਂ ਫਿਰ ਸਾਨੂੰ ਕੋਈ ਨੀਮ ਪਾਗਲ ਹੀ ਤਾਂ ਕਹੇਗਾ। ਇਸ ਸਲੋਕ ਵਿੱਚ ਦੇਵੀ ਦੇ ਕਿੰਨੇ ਨਾਮ ਹਨ, ਉਨ੍ਹਾਂ ਨੂੰ ਹੀ ਇਕੱਠਾ ਕਰ ਲਈਏ। ਇਸ 1428 ਪੰਨਿਆਂ ਵਾਲੀ ਕਿਤਾਬ ਵਿੱਚ 'ਦੇਵੀ ਦੁਰਗਾ' ਦੇ ਸਾਰੇ ਨਾਮ ਇਕੱਠੇ ਕਰਕੇ ਲਿਖੀਏ ਤਾਂ ਸੈਂਕੜੇ ਹੀ ਨਾਂ ਹੋ ਜਾਣਗੇ। ਇਸ ਕਿਤਾਬ ਦੇ ਸਿਰਫ਼ 2 ਪੰਨਿਆਂ ਵਿੱਚ ਹੀ ਸਾਨੂੰ ਦੇਵੀ ਦੇ ਹੇਠ ਲਿਖੇ ਐਨੇ ਨਾਂ ਮਿਲ ਗਏ ਹਨ। ਪੂਰੀ ਦੇਵੀ ਉਸਤਤਿ ਨਾਲ ਭਰੀ ਕਿਤਾਬ ਵਿੱਚ ਪਤਾ ਨਹੀਂ ਕਿੰਨੇ ਨਾਂ ਹੋਣਗੇ ? ਇਸਦਾ ਅੰਦਾਜ਼ਾ ਤੁਸੀਂ ਆਪ ਹੀ ਲਾ ਸਕਦੇ ਹੋ। ਖ਼ੈਰ, ਇਸ ਗੱਲ ਨੂੰ ਅੱਗੇ ਵਧਾਉਣ ਲਈ ਫ਼ਿਲਹਾਲ ਸਾਨੂੰ ਐਨੇ ਕੁ ਨਾਂ ਹੀ ਕਾਫ਼ੀ ਹਨ - ਰੂਪਾ, ਅੰਬਕਾ, ਸੀਤਲਾ, ਤੋਤਲਾ, ਭਵਾਨੀ, ਕਾਲਕਾ, ਮਾਇਆ, ਜੋਗ ਮਾਇਆ, ਜੰਭਰਾ, ਭੈਰਵੀ, ਸ਼ਿਵਾ, ਕਾਲੀ, ਹਿੰਗੁਲਾ, ਪਿੰਗੁਲਾ, ਦੁਰਗਾ, ਭੈਰਵੀ, ਸਾਵਿਤ੍ਰੀ, ਪਰਮੇਸ੍ਰੀ, ਪਾਵਿਤ੍ਰੀ, ਪੰਛਰਾ, ਮਹਾ ਬਾਹਣੀ, ਅਸਤ੍ਰਣੀ।

ਅਰਦਾਸ ਵਿੱਚ ਸ਼ਾਮਲ 'ਪ੍ਰਿਥਮ ਭਗੌਤੀ ਜੀ' ਨੂੰ ਸਮਝਣ ਲਈ ਸਾਨੂੰ ਇਸ ਦੀਆਂ ਅਗਲੀਆਂ ਪੰਕਤੀਆਂ ਅਤੇ ਪਉੜੀਆਂ ਦੇ ਵੀ ਅਰਥ ਸਮਝਣੇ ਪੈਣਗੇ। 'ਪ੍ਰਿਥਮ ਭਗੌਤੀ ਸਿਮਰ ਕੇ.....' - ਇਹ 'ਚੰਡੀ ਕੀ ਵਾਰ' ਦੀ ਪਹਿਲੀ ਪਉੜੀ ਹੈ। ਇਸ 'ਚੰਡੀ ਕੀ ਵਾਰ' ਦੀਆਂ ਕੁਲ 55 ਪਉੜੀਆਂ ਹਨ, ਜੋ ਦੁਰਗਾ ਦੇ ਦਾਨਵਾਂ ਨਾਲ ਹੋਏ ਯੁੱਧ ਦਾ ਵਰਣਨ ਹੈ। ਇਸ ਵਾਰ ਵਿੱਚ ਆਈ 'ਭਗੌਤੀ' ਨੂੰ ਅਸੀਂ "ਅਕਾਲ ਪੁਰਖ" ਜਾਂ "ਕਿਰਪਾਨ" ਸਮਝ ਕੇ ਆਪਣੇ ਮਨ ਨੂੰ ਤਸੱਲੀ ਦੇ ਲੈਂਦੇ ਹਾਂ। ਲੇਕਿਨ ਕੌੜਾ ਸੱਚ ਤਾਂ ਇਹ ਹੈ ਕਿ ਇਹ ਅਕਾਲ

ਪੁਰਖ ਨਹੀਂ, ਇਹ 'ਚੰਡੀ' 'ਦੁਰਗਾ' ਦੇਵੀ ਦੀ ਉਸਤਤਿ ਹੈ। ਪੂਰੀ 'ਚੰਡੀ ਕੀ ਵਾਰ' ਦੇ ਅਰਥ ਕਰਨ ਨਾਲ ਇਸ 'ਪ੍ਰਿਥਮ ਭਗੌਤੀ ਜੀ' ਦਾ ਸਾਰਾ ਭੇਦ ਖੁਲ੍ਹ ਜਾਂਦਾ ਹੈ। ਇਥੇ ਪੂਰੀ ਵਾਰ ਲਿਖ ਕੇ ਉਸਦੇ ਅਰਥ ਕਰਨ ਨਾਲ ਇਹ ਲੇਖ ਬਹੁਤ ਲੰਮਾ ਹੋ ਜਾਵੇਗਾ। ਇਸ ਲਈ ਉਸ ਵਿੱਚੋਂ ਕੁਝ ਪ੍ਰਮੁਖ ਬੰਦਾਂ ਦਾ ਜ਼ਿਕਰ ਅਸੀਂ ਇਥੇ ਕਰਾਂਗੇ।

ੴ ਵਾਹਿਗੁਰੂ ਜੀ ਕੀ ਫਤਹਿ।।

ਸ੍ਰੀ ਭਗੌਤੀ ਜੀ ਸਹਾਇ।।

ਵਾਰ ਸ੍ਰੀ ਭਗੌਤੀ ਜੀ ਕੀ ਪਾਤਸ਼ਾਹੀ ੧੦।।

ਪ੍ਰਿਥਮ ਭਗੌਤੀ ਸਿਮਰ ਕੇ......

(ਅਖੌਤੀ ਦਸਮ ਗ੍ਰੰਥ, ਪੰਨਾ 119)

ਇਥੇ ਇਹ ਸਭ ਕੁਝ ਵੇਖ ਕੇ ਸੁਖਾਵਾਂ ਲਗਦਾ ਹੈ ਅਤੇ ਦਸਮ ਗ੍ਰੰਥੀਆਂ ਨੂੰ ਇਹ ਕਹਿਣ ਦਾ ਮੌਕਾ ਮਿਲ ਜਾਂਦਾ ਹੈ ਕਿ 'ਪ੍ਰਿਥਮ ਭਗੌਤੀ' "ਅਕਾਲ ਪੁਰਖ" ਜਾਂ "ਕਿਰਪਾਨ" ਲਈ ਵਰਤਿਆ ਗਿਆ ਸ਼ਬਦ ਹੈ। ਦੂਜੀ ਪਉੜੀ - 'ਖੰਡਾ ਪ੍ਰਿਥਮੇ ..... ਕਿਨੀ ਤੇਰਾ ਅੰਤ ਨ ਪਾਇਆ' ਤਕ ਵੀ ਇਹ ਭੁਲੇਖਾ ਪਾਉਂਦੀ ਹੈ ਕਿ ਇਹ ਅਕਾਲ ਪੁਰਖ ਦੀ ਉਸਤਤਿ ਹੈ। ਲੇਕਿਨ ਜਿਵੇਂ ਹੀ ਅਸੀਂ ਤੀਜੀ ਪਉੜੀ 'ਤੇ ਪਹੁੰਚਦੇ ਹਾਂ ਅਤੇ ਅੱਗੇ ਤੁਰਦੇ ਹਾਂ ਤਾਂ ਇਸ 'ਪ੍ਰਿਥਮ ਭਗੌਤੀ' ਦੇ ਸਾਰੇ ਭੇਦ ਇੱਕ-ਇੱਕ ਕਰਕੇ ਖੁਲ੍ਹਦੇ ਚਲੇ ਜਾਂਦੇ ਹਨ ਕਿ ਇਹ ਅਕਾਲ ਪੁਰਖ ਜਾਂ ਕਿਰਪਾਨ ਨਹੀਂ ਬਲਕਿ ਇਹ ਤਾਂ ਪੱਕੀ 'ਦੁਰਗਾ' ਦੇਵੀ ਹੈ, ਜਿਸ ਅੱਗੇ ਅਸੀਂ ਰੋਜ਼ਾਨਾ ਅਰਦਾਸ ਕਰੀ ਜਾ ਰਹੇ ਹਾਂ।

ਇਥੇ ਇੱਕ ਗੱਲ ਬਹੁਤ ਧਿਆਨ ਦੇਣ ਯੋਗ ਹੈ ਕਿ 'ਵਾਰ ਦੁਰਗਾ ਜੀ' ਕੀ ਦੀ ਪਹਿਲੀ ਪਉੜੀ ਵਿੱਚ 'ਭਗੌਤੀ' ਸ਼ਬਦ ਨੂੰ ਬਹੁਤ ਹੀ ਚਾਲਾਕੀ ਨਾਲ ਬਦਲ ਦਿੱਤਾ ਗਿਆ ਹੈ। ਇਸ ਪਿੱਛੇ ਉਨ੍ਹਾਂ ਲੋਕਾਂ ਦੀ ਚਾਲਾਕ ਸੋਚ ਕੰਮ ਕਰ ਰਹੀ ਹੈ ਜਿਨ੍ਹਾਂ ਨੇ 'ਵਾਰ ਦੁਰਗਾ ਜੀ ਕੀ' ਦਾ ਨਾਂ ਬਦਲ ਕੇ ਉਸਨੂੰ 'ਚੰਡੀ ਕੀ ਵਾਰ' ਬਣਾ ਦਿੱਤਾ। ਇਸੇ ਤਰ੍ਹਾਂ ਇਸ ਕੂੜ ਗ੍ਰੰਥ ਵਿੱਚ 'ਸ੍ਰੀ ਕਾਲ ਜੀ ਕੀ ਉਸਤੱਤ' ਦਾ ਨਾਂ ਬਦਲ ਕੇ "ਅਕਾਲ ਉਸਤੱਤ" ਰੱਖ ਦਿੱਤਾ ਗਿਆ। ਇਹ ਤਬਦੀਲੀਆਂ ਸਮੇਂ-ਸਮੇਂ 'ਤੇ ਇਸ ਕਿਤਾਬ ਵਿੱਚ ਕੀਤੀਆਂ ਜਾਂਦੀਆਂ ਰਹੀਆਂ ਹਨ ਤਾਂ ਕਿ ਇਹ ਭੁਲੇਖਾ ਪਾਇਆ ਜਾ ਸਕੇ ਕਿ ਇਹ ਸਭ ਕੁਝ ਉਸ ਅਕਾਲ

ਪੁਰਖ ਲਈ ਹੀ ਵਰਤਿਆ ਜਾ ਰਿਹਾ ਹੈ। ਇਹ ਤਬਦੀਲੀਆਂ ਕਿਸ ਨੇ ਅਤੇ ਕਿਉਂ ਕੀਤੀਆਂ - ਇਹ ਇੱਕ ਖੋਜ ਦਾ ਵਿਸ਼ਾ ਹੈ। ਪਰ ਇਨ੍ਹਾਂ ਤਬਦੀਲੀਆਂ ਨੂੰ ਕਰਨ ਵਾਲੇ ਦੀ ਨੀਯਤ ਅਤੇ ਮੰਸ਼ਾ ਬਿਲਕੁਲ ਸਾਫ਼ ਨਜ਼ਰ ਆਉਂਦੀ ਹੈ।

ਇੱਕ ਤੇ ਕਰੇਲਾ ਉਪਰੋਂ ਨਿੰਮ ਚੜ੍ਹਿਆ। ਇਹ ਕਿਤਾਬ ਪਹਿਲਾਂ ਹੀ ਸਿੱਖੀ ਵਿੱਚ ਬਹੁਤ ਸਾਰੇ ਪੁਆੜੇ ਪਾ ਚੁੱਕੀ ਸੀ। ਇਨ੍ਹਾਂ ਪੁਆੜਿਆਂ 'ਤੇ ਪਰਦਾ ਪਾਉਣ ਲਈ ਇਸ ਵਿੱਚ ਕਈ ਹੋਰ ਹੇਰਾ-ਫ਼ੇਰੀਆਂ ਸਿੱਖਾਂ ਨੇ ਆਪ ਹੀ ਕੀਤੀਆਂ। ਭਾਵੇਂ ਇਹ ਸਿਰਫ਼ ਪਰਦਾ ਪਾਉਣ ਲਈ ਹੀ ਕੀਤੀਆਂ ਗਈਆਂ ਪਰ ਇੱਕ ਝੂਠ ਨੂੰ ਸਹੀ ਸਾਬਤ ਕਰਨ ਲਈ ਕਈ ਹੋਰ ਝੂਠ ਖੜ੍ਹੇ ਕਰ ਦਿੱਤੇ ਗਏ।

ਇਸ ਕਿਤਾਬ ਦਾ ਨਾਂ ਬਦਲ ਕੇ 'ਸ੍ਰੀ ਦਸਮ ਗ੍ਰੰਥ ਸਾਹਿਬ ਜੀ' ਕਰ ਦਿੱਤਾ ਗਿਆ ਅਤੇ ਇਸ ਨੂੰ ਛਾਪਿਆ ਅੰਮ੍ਰਿਤਸਰ ਦੇ ਇੱਕ ਮਸ਼ਹੂਰ ਪਬਲਿਸ਼ਰ ਨੇ। ਇਸਦੇ ਪਹਿਲੇ ਪੰਨੇ ਉੱਤੇ ਹੀ ਇਹ ਮਜਮੂਨ ਲਿਖਿਆ ਮਿਲਦਾ ਹੈ :

"ਸ੍ਰੀ ਦਸਮ ਗ੍ਰੰਥ ਸਾਹਿਬ ਜੀ, ਇਨ੍ਹਾਂ ਦੀ ਸੁਧਾਈ ਪੁਰਾਤਨ ਲਿਖਤੀ ਛਾਪੇ ਦੇ ਸਰੂਪਾਂ ਤਥਾ 1952 ਬਿਕ੍ਰਮੀ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਸ੍ਰੀ ਅੰਮ੍ਰਿਤਸਰ ਜੀ ਵਿਖੇ 'ਸੋਧਕ ਕਮੇਟੀ' ਦੀ ਸੋਧੀ ਹੋਈ ਅਨੁਪਮ ਬੀੜ ਨਾਲ ਪਾਠਾਂਤ੍ਰ ਨਿਰਣਯ ਕਰਕੇ ਕੀਤੀ ਗਈ ਹੈ।"

ਇਸ ਟਿੱਪਣੀ ਤੋਂ ਇਹ ਸਾਫ਼ ਜ਼ਾਹਰ ਹੁੰਦਾ ਹੈ ਕਿ ਇਸ 'ਕਿਤਾਬ' ਦੀ ਕੋਈ ਪ੍ਰਮਾਣਿਕਤਾ ਨਹੀਂ ਹੈ। ਜਦੋਂ ਜਿਸ ਦਾ ਜੀਅ ਚਾਹਿਆ, ਇਸ ਵਿੱਚ ਸੋਧਾਂ ਕਰ ਦਿੱਤੀਆਂ ਗਈਆਂ। ਕਿਸੇ ਨੇ ਇਸ ਵਿੱਚੋਂ ਕੁਝ ਕੱਢ ਦਿੱਤਾ ਤੇ ਕਿਸੇ ਨੇ ਕੁਝ ਵਾਧੂ ਪਾ ਦਿੱਤਾ। ਇਸ ਕਿਤਾਬ ਦੇ ਪੰਨੇ ਵੀ ਇੱਕ ਦੂਜੀ (ਬੀੜ) ਨਾਲ ਮੇਲ ਨਹੀਂ ਖਾਂਦੇ।

ਉਨ੍ਹਾਂ ਲੋਕਾਂ ਨੂੰ ਕੀ ਕਹੀਏ ਜੋ ਇਸਨੂੰ 'ਦਸਮ ਦੀ ਬਾਣੀ' ਕਹਿੰਦੇ ਨਹੀਂ ਥੱਕਦੇ। ਕੋਈ ਉਨ੍ਹਾਂ ਕੋਲੋਂ ਇਹ ਪੁੱਛਣ ਵਾਲਾ ਨਹੀਂ ਹੈ ਕਿ ਜੇ ਇਹ ਤੁਹਾਡੇ ਗੁਰੂ ਦੀ ਬਾਣੀ ਹੈ ਤਾਂ ਕੀ ਗੁਰੂ ਦੀ ਬਾਣੀ ਨੂੰ ਸੋਧਿਆ ਵੀ ਜਾ ਸਕਦਾ ਹੈ ? ਇਹੋ ਜਿਹੀਆਂ 'ਸੋਧਕ ਕਮੇਟੀਆਂ' ਦੀਆਂ ਹੀ ਕਾਰਸਤਾਨੀਆਂ ਹਨ ਕਿ ਇਸ ਕਿਤਾਬ ਨੂੰ 'ਪ੍ਰਮਾਣਿਕ' ਬਣਾਉਣ ਦੀਆਂ ਅਸਫ਼ਲ ਕੋਸ਼ਿਸ਼ਾਂ ਵਾਰ-ਵਾਰ

ਕੀਤੀਆਂ ਗਈਆਂ।

ਕਿਸੇ ਨੇ ਚੌਪਈ ਦੀਆਂ ਪਉੜੀਆਂ ਦੇ ਅੰਕ (ਨੰਬਰ) ਬਦਲ ਦਿੱਤੇ ਅਤੇ ਕਿਸੇ ਨੇ ਉਸ ਦੇ ਉਪਰ ਮੂਲ ਸ੍ਰੋਤ ਤੋਂ ਉਲਟ "ਪਾਤਸ਼ਾਹੀ ੧੦" ਲਿਖ ਦਿੱਤਾ। ਕਿਸੇ ਨੇ 'ਵਾਰ ਦੁਰਗਾ ਕੀ' ਦਾ ਨਾਂ ਬਦਲ ਕੇ 'ਵਾਰ ਭਗਉਤੀ ਜੀ ਕੀ' ਅਤੇ 'ਕਾਲ ਜੀ ਕੀ ਉਸਤੱਤ' ਦਾ ਨਾਂ ਬਦਲ ਕੇ "ਅਕਾਲ ਉਸਤੱਤ" ਰੱਖ ਦਿੱਤਾ। ਲੇਕਿਨ ਇਨ੍ਹਾਂ ਚਾਲਾਂ ਵਿੱਚ ਉਹ ਫਿਰ ਵੀ ਕਾਮਯਾਬ ਨਹੀਂ ਹੋ ਸਕੇ। ਜ਼ਹਿਰ ਨੂੰ ਮਿੱਠਾ ਤਾਂ ਕੀਤਾ ਜਾ ਸਕਦਾ ਹੈ ਪਰ ਉਸਦੇ ਜਾਨ-ਲੇਵਾ ਅਉਗੁਣਾਂ ਨੂੰ, ਜੀਵਨ ਦੇਣ ਵਾਲੇ "ਅੰਮ੍ਰਿਤ" ਵਿੱਚ ਤਬਦੀਲ ਨਹੀਂ ਕੀਤਾ ਜਾ ਸਕਦਾ। ਜ਼ਹਿਰ ਤਾਂ ਹਮੇਸ਼ਾ ਹੀ ਮਾਰੂ ਰਹਿੰਦਾ ਹੈ।

ਅੱਗੇ ਇਸ 'ਦੁਰਗਾ ਕੀ ਵਾਰ' ਦੀ ਚੌਥੀ, ਪੰਜਵੀ ਤੋਂ ਲੈ ਕੇ ਅਖ਼ਰੀਲੀ 55ਵੀਂ ਪਉੜੀ ਤਕ ਇਸ 'ਪ੍ਰਿਥਮ ਭਗੌਤੀ' ਦੇ ਰੂਪ-ਰੰਗ ਅਤੇ ਸਾਰੇ ਨਾਵਾਂ ਦੇ ਪਾਜ ਖੋਲ੍ਹਦੀਆਂ ਹਨ, ਅਤੇ ਪਹਿਲੀ ਤੇ ਦੂਜੀ ਪਉੜੀ ਦੀ ਸਾਜਸ਼ ਨੂੰ ਵੀ ਸਾਬਤ ਕਰਦੀਆਂ ਹਨ ਕਿ ਇਹ 'ਦੁਰਗਾ ਦੇਵੀ' ਦੀ ਹੀ ਉਸਤਤਿ ਹੈ, ਨਾ ਕਿ ਕਿਸੇ "ਕਿਰਪਾਨ" ਜਾਂ "ਅਕਾਲ ਪੁਰਖ" ਦੀ। ਇਸ 'ਦੁਰਗਾ ਕੀ ਵਾਰ' ਦੀਆਂ ਕੁਝ ਪੰਕਤੀਆਂ 'ਤੇ ਨਜ਼ਰ ਮਾਰ ਕੇ ਇਹ ਗੱਲ ਸਪਸ਼ਟ ਹੋ ਜਾਂਦੀ ਹੈ।

ਪਉੜੀ॥

ਇਕ ਦਿਹਾੜੇ ਨਾਵਣ ਆਈ ਦੁਰਗਾਸਹ॥
ਇੰਦ੍ਰ ਬਿਰਥਾ ਸੁਣਾਈ ਅਪਣੇ ਹਾਲ ਦੀ॥
ਛੀਨ ਲਈ ਠਕੁਰਾਈ ਸਾਤੇ ਦਾਨਵੀ॥
ਲੋਕੀ ਤਿਹੀ ਫਿਰਾਈ ਦੋਹੀ ਆਪਣੀ॥....
ਦੁਰਗਾ ਬੈਣ ਸੁਣੰਦੀ ਹੱਸੀ ਹੜਹੜਾਇ॥
ਓਹੀ ਸੀਹੁ ਮੰਗਾਇਆ ਰਾਕਸ ਭੱਖਣਾ॥
ਚਿੰਤਾ ਕਰਹੁ ਨ ਕਾਈ ਦੇਵਾ ਨੂੰ ਆਖਿਆ॥
ਰੋਹ ਹੋਈ ਮਹਾ ਮਾਈ ਰਾਕਸਿ ਮਾਰਣੇ॥ ੫॥....
ਦੁਰਗਾ ਦਾਨੇ ਡਹੇ ਰਣ ਨਾਦ ਵੱਜਨ ਖੇਤੁ ਭੀਹਾਵਲੇ॥
ਗਦਾ ਤ੍ਰਿਸੂਲਾਂ ਬਰਛੀਆਂ ਤੀਰ ਵੱਗਨ ਖਰੇ ਉਤਾਵਲੇ॥

ਲਈ ਭਗਉਤੀ ਦੁਰਗਾਸਹਿ ਵਰਜਾਗਣਿ ਭਾਰੀ।।

(ਅਖੌਤੀ ਦਸਮ ਗ੍ਰੰਥ, ਪੰਨਾ 119)

ਇਥੇ ਤਾਂ ਸਪਸ਼ਟ ਸ਼ਬਦਾਂ ਵਿੱਚ ਦੁਰਗਾ ਨੂੰ 'ਭਗਉਤੀ' ਕਿਹਾ ਗਿਆ ਹੈ। ਦੋ ਬੰਦਾਂ ਵਿੱਚ ਉਹ ਦੋ ਵਾਰ 'ਦੁਰਗਾ' ਅਤੇ ਇਕ ਵਾਰ ਉਸੇ ਦੇਵੀ ਨੂੰ 'ਭਗਉਤੀ' ਕਹਿ ਰਿਹਾ ਹੈ। ਇਸ 'ਭਗਉਤੀ ਦੀ ਵਾਰ' ਦੀ ਅੰਤਲੀ 55ਵੀਂ ਪਉੜੀ ਵਿੱਚ ਤਾਂ ਇਸਨੂੰ ਲਿਖਣ ਵਾਲਾ ਸਾਫ਼-ਸਾਫ਼ ਇਸ ਗੱਲ ਦੀ ਪ੍ਰੌੜ੍ਹਤਾ ਕਰ ਰਿਹਾ ਹੈ ਕਿ ਪਹਿਲੀ ਪਉੜੀ (ਪ੍ਰਿਥਮ ਭਗਉਤੀ ਸਿਮਰ ਕੇ...) ਤੋਂ ਲੈ ਕੇ ਅਖ਼ੀਰਲੀ 55ਵੀਂ ਪਉੜੀ ਤਕ, ਮਂ ਸਾਰੀਆਂ 55 ਪਉੜੀਆਂ ਦੁਰਗਾ ਪਾਠ ਹੀ ਲਿਖਿਆ ਹੈ।

ਦੁਰਗਾ ਪਾਠ ਬਣਾਇਆ ਸਭੈ ਪਉੜੀਆਂ।।
ਫੇਰ ਨ ਜੂਨੀ ਆਇਆ ਜਿਨ ਇਹ ਗਾਇਆ।।

(ਅਖੌਤੀ ਦਸਮ ਗ੍ਰੰਥ, ਪੰਨਾ 127)

ਫਿਰ ਵੀ ਅਸੀਂ ਕਹੀ ਜਾਈਏ ਕਿ ਇਹ ਤਾਂ "ਅਕਾਲ ਪੁਰਖ" ਜਾਂ "ਕਿਰਪਾਨ" ਹੈ, ਫਿਰ ਤਾਂ ਸਾਡਾ ਹਾਲ ਵੀ ਉਸ ਨੀਮ ਪਾਗਲ ਵਾਲਾ ਹੋ ਚੁੱਕਾ ਹੈ ਜੋ ਸ਼ੀਸ਼ਾ ਵੇਖ ਕੇ ਵੀ ਕਹੀ ਜਾ ਰਿਹਾ ਹੈ ਕਿ 'ਇਹ ਮੈਂ ਨਹੀਂ'।

ਇਥੇ ਇੱਕ ਹੋਰ ਬਹੁਤ ਅਹਿਮ ਗੱਲ ਸਪਸ਼ਟ ਕਰਨ ਵਾਲੀ ਹੈ ਕਿ ਬਹੁਤ ਸਾਰੇ ਲੋਕ 'ਪ੍ਰਿਥਮ ਭਗੌਤੀ' ਵਿੱਚ 'ਪ੍ਰਿਥਮ' ਸ਼ਬਦ ਦਾ ਅਰਥ 'ਪਹਿਲਾ' ਕਰਦੇ ਹਨ। ਆਮ ਸ਼ਬਦਾਂ ਵਿੱਚ ਅਰਥ ਕਰਦਿਆਂ ਉਹ 'ਪ੍ਰਿਥਮ ਭਗੌਤੀ ਸਿਮਰ ਕੇ' ਦਾ ਅਰਥ ਇਹ ਲਾਉਂਦੇ ਹਨ ਕਿ 'ਪਹਿਲੇ ਭਗਉਤੀ ਨੂੰ ਸਿਮਰ ਕੇ'। ਇਹ ਬਿਲਕੁਲ ਗਲਤ ਹੈ। ਇਥੇ 'ਪ੍ਰਿਥਮ ਭਗਉਤੀ' ਦਾ ਅਰਥ ਹੈ 'ਆਦਿ ਭਵਾਨੀ'। 'ਪ੍ਰਿਥਮ' ਤੋਂ ਇਥੇ ਭਾਵ ਹੈ 'ਆਦਿ'। ਇਥੇ ਇਸਦੇ ਅਰਥ ਇਹ ਬਣਦੇ ਹਨ - ਸਭ ਤੋਂ ਪਹਿਲਾਂ ਇਸ ਕਾਇਨਾਤ ਵਿੱਚ ਪ੍ਰਗਟ ਹੋਣ ਵਾਲੀ, ਤੇ ਇਹ ਭਵਾਨੀ ਜਾਂ ਭਗਉਤੀ ਹੀ ਹੈ। ਇਹ ਆਦਿ (ਸ਼ੁਰੂ) ਤੋਂ ਹੈ।

ਵੀਰੋ ਜਾਗੋ ! ਅਸੀਂ ਹੁਣ ਬਹੁਤ ਦੇਰ ਤਕ ਸੌਂ ਲਿਆ ਹੈ। 'ਬਿਖਿਆ' ਨੂੰ "ਅੰਮ੍ਰਿਤ" ਸਮਝ-ਸਮਝ ਕੇ ਅਸੀਂ ਬਹੁਤ ਪੀ ਲਿਆ ਹੈ। 'ਪ੍ਰਿਥਮ ਭਗੌਤੀ' ਦੀ ਉਸਤਤਿ ਵਾਲੀ ਇਸ ਕਿਤਾਬ ਨੂੰ ਅਸੀਂ ਬਹੁਤ ਮੱਥੇ ਟੇਕ ਲਏ ਹਨ। ਜਦਕਿ ਸਾਡੇ ਸ਼ਬਦ ਗੁਰੂ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ "ਆਦਿ" ਸ਼ਬਦ ਬਾਰੇ ਇਹ ਸਪਸ਼ਟ ਆਦੇਸ਼ ਹੈ ਕਿ :

ਸਰਬ ਘਟਾ ਕਰਤ ਪ੍ਰਤਿਪਾਲ॥
**ਆਦਿ** ਪੁਰਖ ਕਾਰਣ ਕਰਤਾਰ॥

(ਗੁਰੂ ਗ੍ਰੰਥ ਸਾਹਿਬ, ਅੰਕ 290)

**ਆਦਿ** ਜੁਗਾਦਿ ਹੁਣਿ ਹੋਵਤ
ਨਾਨਕ ਏਕੈ ਸੋਇ॥

(ਗੁਰੂ ਗ੍ਰੰਥ ਸਾਹਿਬ, ਅੰਕ 254)

ਓਅੰਕਾਰ **ਆਦਿ** ਮੈ ਜਾਨਾ॥
ਲਿਖਿ ਅਰੁ ਮੇਟੈ ਤਾਹਿ ਨ ਮਾਨਾ॥

(ਗੁਰੂ ਗ੍ਰੰਥ ਸਾਹਿਬ, ਅੰਕ 340)

ਤੂੰ **ਆਦਿ** ਪੁਰਖੁ ਅਪਰੰਪਰੁ ਕਰਤਾ ਜੀ
ਤੁਧੁ ਜੇਵਡੁ ਅਵਰੁ ਨ ਕੋਈ॥

(ਗੁਰੂ ਗ੍ਰੰਥ ਸਾਹਿਬ, ਅੰਕ 348)

ਓਹੁ **ਆਦਿ** ਜੁਗਾਦੀ ਜੁਗਹ ਜੁਗੁ ਪੂਰਾ ਪਰਮੇਸਰੁ॥

(ਗੁਰੂ ਗ੍ਰੰਥ ਸਾਹਿਬ, ਅੰਕ 397)

**ਆਦਿ** ਜੁਗਾਦੀ ਹੈ ਭੀ ਹੋਸੀ ਅਵਰੁ ਝੂਠਾ ਸਭੁ ਮਾਨੋ॥

(ਗੁਰੂ ਗ੍ਰੰਥ ਸਾਹਿਬ, ਅੰਕ 437)

ਤੂੰ **ਆਦਿ** ਪੁਰਖੁ ਅਪਰੰਪਰੁ ਕਰਤਾ
ਤੇਰਾ ਪਾਰੁ ਨ ਪਾਇਆ ਜਾਇ ਜੀਉ॥

(ਗੁਰੂ ਗ੍ਰੰਥ ਸਾਹਿਬ, ਅੰਕ 448)

**ਆਦਿ** ਅੰਤੇ ਮਧਿ ਪੂਰਨ ਸਰਬਤ੍ਰ ਘਟਿ ਘਟਿ ਆਹੀ॥

(ਗੁਰੂ ਗ੍ਰੰਥ ਸਾਹਿਬ, ਅੰਕ 548)

**ਆਦਿ** ਅੰਤਿ ਦਇਆਲ ਪੂਰਨ ਤਿਸੁ ਬਿਨਾ ਨਹੀ ਕੋਇ॥

(ਗੁਰੂ ਗ੍ਰੰਥ ਸਾਹਿਬ, ਅੰਕ 675)

ਗੁਰਬਾਣੀ ਦੇ ਇਨ੍ਹਾਂ ਪ੍ਰਮਾਣਾਂ ਵਿੱਚ "ਪ੍ਰਿਥਮ" ਦਾ ਭਾਵ "ਆਦਿ" ਨਾਲ ਹੈ, 'ਪਹਿਲੇ' ਨਾਲ ਨਹੀਂ ਹੈ। "ਆਦਿ" ਉਹ ਹੈ ਜੋ ਇਸ ਬ੍ਰਹਮੰਡ ਵਿੱਚ ਸਭ ਤੋਂ ਪਹਿਲਾਂ ਪ੍ਰਗਟ ਹੋਇਆ। ਉਸ "ਆਦਿ" ਦਾ ਕੋਈ ਆਕਾਰ ਨਹੀਂ, ਉਸ "ਆਦਿ" ਦਾ ਕੋਈ ਅੰਤ ਨਹੀਂ ਅਤੇ ਉਸੇ ਨੇ ਹੀ ਸਾਰੀ ਸ੍ਰਿਸ਼ਟੀ ਦੀ ਰਚਨਾ

ਕੀਤੀ ਹੈ। ਉਹ "ਆਦਿ" ਨਿਰੰਕਾਰ ਪਰਮੇਸ਼ਵਰ ਹੈ।

ਖ਼ਾਲਸਾ ਜੀ ! ਇਹੋ ਜਿਹੇ ਗੁਣਾਂ ਵਾਲੀ ਉਹ ਭਗਉਤੀ (ਭਵਾਨੀ) ਕਿਸ ਤਰ੍ਹਾਂ ਪ੍ਰਿਥਮ (ਆਦਿ) ਹੋ ਸਕਦੀ ਹੈ ? ਇਹ ਤਾਂ ਹੱਸਦੀ ਹੈ, ਯੁੱਧ ਕਰਦੀ ਹੈ, ਇੰਦਰ ਦੇਵਤੇ ਲਈ ਨਿਸੁੰਭ ਅਤੇ ਸੁੰਭ ਰਾਖਸ਼ਾਂ ਨੂੰ ਮਾਰਦੀ ਹੈ, ਸ਼ੇਰ ਦੀ ਸਵਾਰੀ ਕਰਦੀ ਹੈ। ਲੇਕਿਨ ਇਹ 'ਕਿਤਾਬ' ਤਾਂ ਇਸ ਦੁਰਗਾ ਨੂੰ, ਇਸ ਭਗਉਤੀ ਨੂੰ, ਇਸ ਭਵਾਨੀ ਨੂੰ ਹੀ ਆਦਿ (ਪ੍ਰਿਥਮ) ਦੱਸਦੀ ਹੈ ਅਤੇ ਸਾਡੇ ਕੋਲੋਂ ਉਸ ਦੀ ਨਿੱਤ ਉਸਤਤਿ ਕਰਾ ਰਹੀ ਹੈ। ਅਸੀਂ ਭੋਲੇ-ਭਾਇ ਉਸ ਦੀ ਉਸਤਤਿ ਕਰ ਰਹੇ ਹਾਂ ਜੋ ਕਿ 'ਆਦਿ' ਜਾਂ 'ਪ੍ਰਿਥਮ' ਹੈ ਹੀ ਨਹੀਂ।

ਭਗਤ ਨਾਮਦੇਵ ਜੀ ਇਸ 'ਪ੍ਰਿਥਮ ਭਗੌਤੀ' (ਆਦਿ ਭਵਾਨੀ) ਨੂੰ ਹੀ ਹਲੂਣਾ ਦੇ ਕੇ ਪੁੱਛ ਰਹੇ ਹਨ :

ਤੂ ਕਹੀਅਤ ਹੀ ਆਦਿ ਭਵਾਨੀ॥
ਮੁਕਤਿ ਕੀ ਬਰੀਆ ਕਹਾ ਛਪਾਨੀ॥

(ਗੁਰੂ ਗ੍ਰੰਥ ਸਾਹਿਬ, ਅੰਕ 874)

ਅਸੀਂ ਇਸ ਭਗਉਤੀ ਨੂੰ ਪ੍ਰਿਥਮ (ਆਦਿ) ਮੰਨਦੇ ਹੀ ਨਹੀਂ ਤਾਂ ਫਿਰ ਅਸੀਂ ਇਸਨੂੰ ਕਿਉਂ ਸਿਮਰੀਏ ? ਇਹ ਤਾਂ ਸ਼ਬਦ ਗੁਰੂ ਦੇ ਅੰਕ 874 'ਤੇ ਭਗਤ ਨਾਮਦੇਵ ਦੇ ਕਹੇ ਅਨੁਸਾਰ 'ਆਦਿ ਭਵਾਨੀ' ਹੈ ਜੋ ਆਪਣੇ ਸਿੱਖਾਂ ਦੀ ਭਲਾਈ ਵੇਲੇ ਕਿਤੇ ਛਿਪ ਜਾਂਦੀ ਹੈ। ਸਾਡੇ ਸ਼ਬਦ ਗੁਰੂ ਨੇ ਤਾਂ ਸਾਨੂੰ

ਆਦਿ ਜੁਗਾਦੀ ਹੈ ਭੀ ਹੋਸੀ
ਅਵਰੁ ਝੂਠਾ ਸਭੁ ਮਾਣੋ॥

(ਗੁਰੂ ਗ੍ਰੰਥ ਸਾਹਿਬ, ਅੰਕ 437)

ਦਾ ਸਬਕ ਸਿਖਾਇਆ ਹੈ। ਫਿਰ ਅਸੀਂ ਇਸ 'ਵਾਰ ਦੁਰਗਾ ਕੀ' ਦੀ ਦੁਰਗਾ ਨੂੰ 'ਪ੍ਰਿਥਮ ਭਗੌਤੀ' ਕਿਵੇਂ ਮੰਨ ਲਈਏ ?

# ਭਾਗ ੨

ਦਸਮ ਗ੍ਰੰਥੀਆਂ ਦਾ ਗੁਰੂ ਆਪ ਹੀ ਕਹਿ ਰਿਹਾ ਹੈ ਕਿ ਮੈਂ ਬਹੁਤ ਤਪੱਸਿਆ ਕਰਕੇ 'ਮਹਾਕਾਲ' ਅਤੇ 'ਕਾਲਕਾ' ਦੇਵੀ ਦੀ ਅਰਾਧਨਾ ਕੀਤੀ ਹੈ। ਫਿਰ ਇਨ੍ਹਾਂ ਦਸਮ ਗ੍ਰੰਥੀਆਂ ਨੂੰ 'ਕਾਲਕਾ' ਅਤੇ 'ਮਹਾਕਾਲ' ਦਾ ਪੁਜਾਰੀ ਬਣਨ ਤੋਂ ਕੌਣ ਬਚਾ ਸਕੇਗਾ ?

ਤਹ ਹਮ ਅਧਿਕ ਤਪਸਿਆ ਸਾਧੀ।।
ਮਹਾਕਾਲ ਕਾਲਕਾ ਅਰਾਧੀ।।

(ਅਖੌਤੀ ਦਸਮ ਗ੍ਰੰਥ, ਪੰਨਾ 54)

ਪਹਿਲੇ ਭਾਗ ਵਿੱਚ ਅਸੀਂ ਉਸ ਕਾਲਕਾ (ਦੁਰਗਾ ਦੇਵੀ) ਦਾ ਜ਼ਿਕਰ ਕਰ ਆਏ ਹਾਂ ਜਿਸਨੂੰ ਭਗਉਤੀ, ਭਵਾਨੀ, ਕਾਲਕਾ ਅਤੇ ਸ਼ਿਵਾ ਆਦਿਕ ਅਨੇਕਾਂ ਨਾਵਾਂ ਨਾਲ ਇਸ ਕਿਤਾਬ ਵਿੱਚ ਸੰਬੋਧਿਤ ਕੀਤਾ ਗਿਆ ਹੈ ਅਤੇ ਉਸ ਦੀ ਉਸਤਤਿ ਕੀਤੀ ਗਈ ਹੈ।

'ਸ਼ਿਵਾ' ਦਾ ਅਰਥ ਵੀ ਇਸ ਕਿਤਾਬ ਦੇ ਪੰਨਾ ਨੰਬਰ 81 ਉੱਤੇ 'ਦੁਰਗਾ' ਲਿਖਿਆ ਹੋਇਆ ਹੈ। ਪਰ ਅਫ਼ਸੋਸ ਤਾਂ ਇਹ ਹੈ ਕਿ ਅਸੀਂ ਆਪ ਇਹ ਵੇਖਣ ਦੀ ਕੋਸ਼ਿਸ਼ ਹੀ ਨਹੀਂ ਕਰਦੇ। ਕੋਈ ਵੀ ਇਸ ਗੱਲ ਦੀ ਆਪ ਪੁਸ਼ਟੀ ਕਰ ਸਕਦਾ ਹੈ।

ਇਸਦੇ ਨਾਵਾਂ ਦੇ ਮੁਤਾਬਕ ਇਸਦੇ ਕਈ ਰੂਪ ਵੀ ਹਨ। ਇਸ ਕਿਤਾਬ ਦਾ ਲਿਖਾਰੀ ਸ਼ਿਵ ਦਾ ਪੁਜਾਰੀ ਹੈ ਅਤੇ ਉਹ ਇਸ ਦੇ ਕਈ ਅਵਤਾਰਾਂ - ਭੈਰਉ, ਕਾਲ, ਮਹਾਕਾਲ ਆਦਿਕ ਨਾਵਾਂ ਨਾਲ ਆਪਣੇ ਇਸ਼ਟ ਦੀ ਅਰਾਧਨਾ ਕਰਦਾ ਹੈ। ਇਹ ਸ਼ਿਵ ਦੇ ਪੁਜਾਰੀ 'ਅਘੋਰੀ' ਜਾਂ 'ਤਾਂਤ੍ਰਿਕ' ਵਿੱਦਿਆ ਨੂੰ ਮੰਨਦੇ ਹਨ। ਕਾਲਕਾ ਦਾ ਅਰਧ ਨਾਰੀਸ਼ਵਰ (ਅੱਧੀ ਇਸਤਰੀ ਤੇ ਅੱਧਾ ਪੁਰਸ਼ ਦਾ ਸਰੀਰ) ਰੂਪ 'ਮਹਾਕਾਲ' ਅਖਵਾਉਂਦਾ ਹੈ। ਉਹ ਇਸ ਕਿਤਾਬ ਦੇ ਲਿਖਾਰੀ ਦਾ ਅਰਾਧ ਦੇਵਤਾ ਹੈ।

ਇਹ ਵੇਖ ਕੇ ਐਨੀ ਹੈਰਾਨਗੀ ਹੁੰਦੀ ਹੈ ਕਿ ਇਹ ਕਿਤਾਬ ਉਹ ਕੁਝ ਬਿਆਨ ਕਰਦੀ ਹੈ ਜੋ ਕਦੇ ਸੋਚਿਆ ਜਾਂ ਮੰਨਿਆ ਹੀ ਨਹੀਂ ਜਾ ਸਕਦਾ। ਭਲਾ

ਸਿੱਖਾਂ ਨੂੰ 'ਮਹਾਕਾਲ' ਅਤੇ 'ਕਾਲਕਾ' ਜਿਹੇ ਦੇਵਤਿਆਂ ਨੂੰ ਪੂਜਣ ਦੀ ਇਜਾਜ਼ਤ ਕੀ ਸਿੱਖ ਸਿਧਾਂਤ ਦਿੰਦਾ ਹੈ ? ਅਸੀਂ ਇਥੇ ਇਸ 'ਮਹਾਕਾਲ' ਨਾਂ ਦੇ ਦੇਵਤੇ ਦਾ ਜ਼ਿਕਰ ਕਰਾਂਗੇ ਜੋ ਲਗਭਗ ਇਸ ਸਾਰੀ ਕਿਤਾਬ ਦਾ 'ਇਸ਼ਟ' ਬਣਿਆ ਹੋਇਆ ਹੈ ਅਤੇ ਸਿੱਖਾਂ ਦਾ ਰਖਵਾਲਾ (ਮਹਾਕਾਲ ਰਖਵਾਰ ਹਮਾਰੋ) ਬਣ ਚੁੱਕਾ ਹੈ।

ਇਸ ਕਿਤਾਬ ਵਿੱਚ 'ਅਕਾਲ ਉਸਤਤਿ' ਨਾਂ ਦੀ ਭੁਲੇਖਾ ਪਾਉਣ ਵਾਲੀ ਇੱਕ ਰਚਨਾ ਵੀ ਦਰਜ ਹੈ। ਇਹ ਰਚਨਾ ਇਸ ਗੱਲ ਦਾ ਭੁਲੇਖਾ ਪਾਉਂਦੀ ਹੈ ਕਿ ਇਹ ਅਕਾਲ ਪੁਰਖ ਦੀ ਉਸਤਤਿ ਹੈ। ਪਰ ਇਸ ਰਚਨਾ ਵਿਚਲੀ ਪੰਗਤੀਆਂ ਉੱਤੇ ਨਜ਼ਰ ਮਾਰਦਿਆਂ ਇਸ ਗੱਲ 'ਤੇ ਗ਼ੌਰ ਕਰੀਏ ਕਿ ਅਕਾਲ ਪੁਰਖ ਨੂੰ ਸੰਬੋਧਿਤ ਕਰਨ ਲਈ ਕੀ ਇਹ ਅੱਖਰ ਸਿਧਾਂਤਕ ਹਨ ਅਤੇ ਕੀ ਇਹ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਅਕਾਲ ਪੁਰਖ ਦੀ 'ਉਸਤਤਿ ਸ਼ੈਲੀ' ਨਾਲ ਮੇਲ ਖਾਂਦੇ ਹਨ ?

ਅਕਾਲ ਉਸਤਤ
ੴ ਸਤਿਗੁਰ ਪ੍ਰਸਾਦਿ।।
ਉਤਾਰ ਖ਼ਾਸੇ ਦਸਖ਼ਤ ਕਾ।।
ਪਾਤਿਸ਼ਾਹੀ ੧੦।।
ਅਕਾਲ ਪੁਰਖ ਕੀ ਰਛਾ ਹਮਨੈ।।
ਸਰਬ ਲੋਹ ਕੀ ਰਛਿਆ ਹਮਨੈ।।
ਆਗੈ ਲਿਖਾਰੀ ਕੇ ਦਸਤਖ਼ਤ।।

(ਅਖੌਤੀ ਦਸਮ ਗ੍ਰੰਥ, ਪੰਨਾ 11)

ਸ਼ਬਦ ਗੁਰੂ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਕਿਧਰੇ ਵੀ ਅਕਾਲ ਪੁਰਖ ਨੂੰ 'ਸਰਬਲੋਹ', 'ਸਰਬਕਾਲ', 'ਮਹਾਕਾਲ', 'ਮਹਾਲੋਹ', 'ਅਸਿ ਧੁਜ' ਅਤੇ 'ਖੜਗ ਕੇਤ' ਕਹਿ ਕੇ ਸੰਬੋਧਨ ਨਹੀਂ ਕੀਤਾ ਗਿਆ।

ਬਹੁਤ ਖ਼ੁਸ਼ੀ ਤੇ ਚਾਅ ਨਾਲ ਦਸਮ ਗ੍ਰੰਥੀਏ ਇਹ ਗੱਲ ਕਰਦੇ ਹਨ ਕਿ 'ਅਕਾਲ ਉਸਤਤ' ਤਾਂ "ਅਕਾਲ ਪੁਰਖ" ਦੀ ਹੀ ਉਸਤਤਿ ਹੈ। ਸਰਬਕਾਲ, ਸਰਬਲੋਹ ਅਤੇ ਮਹਾਕਾਲ ਦੀ ਇਸ ਉਸਤਤਿ ਨੂੰ ਅਕਾਲ ਪੁਰਖ ਦੀ ਉਸਤਤਿ ਸਾਬਤ ਕਰਨ ਲਈ, ਕਿਸੇ ਨੇ ਬਹੁਤ ਹੀ ਚਾਲਾਕੀ ਨਾਲ ਇਸ ਵਿੱਚ '**ਅਕਾਲ**

**ਪੁਰਖ ਕੀ ਰਛਾ ਹਮਨੈ**' ਪੰਗਤੀ ਜੋੜ ਦਿੱਤੀ ਹੈ। ਪਰ ਇਸ ਵਿੱਚ ਤਬਦੀਲੀ ਕਰਨ ਵਾਲਾ ਇੱਕ ਵਾਰ ਫਿਰ ਟਪਲਾ ਖਾ ਗਿਆ ਹੈ ਅਤੇ ਉਹ 'ਕਾਲ ਦੀ ਉਸਤਤਿ' ਨੂੰ 'ਅਕਾਲ ਪੁਰਖ ਦੀ ਉਸਤਤਿ' ਸਾਬਤ ਕਰਨ ਵਿੱਚ ਬੁਰੀ ਤਰ੍ਹਾਂ ਅਸਫ਼ਲ ਹੋਇਆ ਹੈ।

ਇੱਕ ਕਹਾਵਤ ਹੈ ਕਿ ਕਾਤਿਲ ਭਾਵੇਂ ਕਿੰਨ੍ਹਾ ਵੀ ਸਿਆਣਾ ਹੋਵੇ, ਉਹ ਇੱਕ ਨਾ ਇੱਕ ਸਬੂਤ ਜਾਂ ਸੁਰਾਗ ਅਜਿਹਾ ਛੱਡ ਹੀ ਦਿੰਦਾ ਹੈ ਜਿਸ ਕਰਕੇ ਉਹ ਫੜ੍ਹਿਆ ਜਾਂਦਾ ਹੈ। ਇਸ ਪੰਗਤੀ ਨੂੰ ਜੋੜਨ ਵਾਲਾ ਵਿਅਕਤੀ, ਆਪਣੀ ਭਾਸ਼ਾ-ਸ਼ੈਲੀ ਨੂੰ ਇਸ ਰਚਨਾ ਦੀ ਭਾਸ਼ਾ-ਸ਼ੈਲੀ ਨਾਲ ਮਿਲਾ ਨਹੀਂ ਸਕਿਆ। ਹੇਠਲੀਆਂ ਪੰਗਤੀਆਂ ਨੂੰ ਧਿਆਨ ਨਾਲ ਵੇਖੋ :

ਅਕਾਲ ਪੁਰਖ **ਕੀ ਰਛਾ** ਹਮਨੈ।।

ਸਰਬ ਲੋਹ **ਦੀ ਰਛਿਆ** ਹਮਨੈ।।

ਸਰਬ ਕਾਲ ਜੀ **ਦੀ ਰਛਿਆ** ਹਮਨੈ।।

ਇਹ ਤਾਂ ਇਸ ਰਚਨਾ ਦੀ ਮੂਲ-ਸਕ੍ਰਿਪਟ ਹੈ ਲੇਕਿਨ 'ਅਕਾਲ ਪੁਰਖ ਕੀ ਰਛਾ ਹਮਨੈ' ਵਿੱਚ ਉਹ 'ਰਛਿਆ' ਸ਼ਬਦ ਦੀ ਥਾਂ 'ਤੇ 'ਰਛਾ' ਹੀ ਲਿਖ ਗਿਆ ਹੈ। ਅਤੇ 'ਦੀ' ਦੀ ਥਾਵੇਂ 'ਕੀ' ਲਿਖ ਗਿਆ ਹੈ। ਬਾਕੀ ਹੋਰ ਥਾਵਾਂ 'ਤੇ 'ਰਛਿਆ' ਸ਼ਬਦ ਹੀ ਆਉਂਦਾ ਹੈ। ਸਿਰਫ਼ ਹੇਰਾ-ਫੇਰੀ ਵਾਲੀ ਪੰਗਤੀ ਵਿਚ ਹੀ 'ਰਛਾ' ਸ਼ਬਦ ਹੈ, ਜੋ ਹੇਰਾ-ਫੇਰੀ ਕਰਨ ਵਾਲੇ ਦੀ ਆਪਣੀ ਭਾਸ਼ਾ ਹੈ। ਇਸ ਤੋਂ ਇਹ ਸ਼ੱਕ ਪੁਖ਼ਤਾ ਹੋ ਜਾਂਦਾ ਹੈ ਕਿ 'ਮਹਾਕਾਲ' ਦੀ ਉਸਤਤ ਨੂੰ 'ਅਕਾਲ ਪੁਰਖ' ਦੀ ਉਸਤਤ ਸਾਬਤ ਕਰਨ ਲਈ ਇਹ ਉਕਤ ਪੰਗਤੀ ਬਾਅਦ ਵਿੱਚ ਜੋੜੀ ਗਈ ਹੈ। ਅਸਲ ਵਿੱਚ ਤਾਂ ਇਹ 'ਕਾਲ' ਦੀ ਹੀ ਉਸਤਤ ਹੈ, ਨਾ ਕਿ 'ਅਕਾਲ' ਦੀ। ਇਸ ਗ੍ਰੰਥ ਦੇ ਝੂਠ ਉੱਤੇ ਪਰਦਾ ਪਾਉਣ ਲਈ ਕਈ ਹੋਰ ਹੇਰਾ-ਫ਼ੇਰੀਆਂ ਅਤੇ ਸੋਧਾਂ ਸਮੇਂ-ਸਮੇਂ 'ਤੇ ਕੀਤੀਆਂ ਗਈਆਂ, ਜਿਸਦਾ ਜ਼ਿਕਰ ਅਸੀਂ ਪਹਿਲਾਂ ਕਰ ਆਏ ਹਾਂ।

ਚਲੋ, ਜੇ ਦਸਮ ਗ੍ਰੰਥੀਆਂ ਦੀ ਇਸ ਦਲੀਲ ਨੂੰ ਥੋੜ੍ਹੀ ਦੇਰ ਲਈ ਮੰਨ ਵੀ ਲਿਆ ਜਾਏ ਕਿ 'ਅਕਾਲ ਉਸਤਤ' ਅਕਾਲ ਪੁਰਖ ਦੀ ਹੀ ਉਸਤਤਿ ਹੈ, ਤਾਂ ਫਿਰ ਉਹ ਉਸ ਰਚਨਾ ਬਾਰੇ ਕੀ ਕਹਿਣਗੇ ਜੋ 'ਅਕਾਲ ਉਸਤਤ' ਤੋਂ ਅੱਗੇ ਇਸ ਕਿਤਾਬ ਵਿੱਚ ਦਰਜ ਹੈ ਜਿਸਦਾ ਨਾਂ ਹੈ 'ਬਚਿਤ੍ਰ ਨਾਟਕ'। ਇਸ ਰਚਨਾ

ਵਿੱਚ ਤਾਂ ਦਸਮ ਗ੍ਰੰਥੀਆਂ ਦਾ ਇਹ 'ਮਹਾਕਾਲ' ਦਾ ਪੁਜਾਰੀ ਗੁਰੂ, ਸ਼ੁਰੂਆਤ ਹੀ ਇਨ੍ਹਾਂ ਸ਼ਬਦਾਂ ਤੋਂ ਕਰਦਾ ਹੈ :

ਤ੍ਰਿਭੰਗੀ ਛੰਦ॥
ਸ੍ਰੀ ਕਾਲ ਜੀ ਕੀ ਉਸਤਤਿ॥

(ਅਖੌਤੀ ਦਸਮ ਗ੍ਰੰਥ, ਪੰਨਾ 39)

ਚਲੋ ਉਹ ਤਾਂ 'ਅਕਾਲ ਉਸਤਤ' ਸੀ। ਹੁਣ ਕਹਿ ਦੇਵੋ ਕਿ ਇਹ 'ਕਾਲ' ਵੀ 'ਅਕਾਲ ਪੁਰਖ' ਹੀ ਹੈ। ਇਸ ਤੋਂ ਇਲਾਵਾ 'ਬਚਿਤ੍ਰ ਨਾਟਕ' ਦਾ ਹਰ ਅਧਿਆਇ ਪੂਰਾ ਕਰਨ ਤੋਂ ਬਾਅਦ ਇਹ ਕਹਿੰਦਾ ਹੈ ਕਿ ਇਹ 'ਕਾਲ ਜੀ ਕੀ ਹੀ ਉਸਤਤਿ' ਹੈ।

ਇਤਿ ਸ੍ਰੀ ਬਚਿਤ੍ਰ ਨਾਟਕ ਗ੍ਰੰਥੇ ਸ੍ਰੀ ਕਾਲ ਜੀ ਕੀ ਉਸਤਤਿ
ਪ੍ਰਿਥਮ ਧਿਆਏ ਸੰਪੂਰਨ ਸੁਭ ਮਸਤੁ॥ ਅਫ਼ਜੂ

(ਅਖੌਤੀ ਦਸਮ ਗ੍ਰੰਥ, ਪੰਨਾ 46)

ਇਸੇ ਤਰ੍ਹਾਂ ਉਹ ਇਸ ਰਚਨਾ ਦੇ ਅੰਤ ਵਿੱਚ ਵੀ ਲਿਖ ਰਿਹਾ ਹੈ, ਅਤੇ ਇਸ ਗੱਲ ਦੀ ਪ੍ਰੌੜ੍ਹਤਾ ਕਰ ਰਿਹਾ ਹੈ ਕਿ ਇਹ ਬਚਿਤ੍ਰ ਨਾਟਕ 'ਕਾਲ ਜੀ ਕੀ ਉਸਤਤਿ' ਹੈ, ਨਾ ਕਿ 'ਅਕਾਲ ਪੁਰਖ' ਦੀ ਉਸਤਤਿ ਹੈ।

ਹੁਣ ਇਹ ਵੇਖਣ ਦੀ ਕੋਸ਼ਿਸ਼ ਕਰੀਏ ਕਿ ਜੇ ਇਹ 'ਮਹਾਕਾਲ' 'ਅਕਾਲ ਪੁਰਖ' ਹੈ ਤਾਂ ਫਿਰ ਇਹ ਨਿਰੰਕਾਰ ਹੈ ਜਾਂ ਕੋਈ ਹੋਰ ਦੇਹ-ਧਾਰੀ ਹੈ।

**ਸਵੈਯਾ॥**

ਮੂੰਡ ਕੀ ਮਾਲ ਦਿਸਾਨ ਕੇ ਅੰਬਰ ਬਾਮ ਕਰਯੋ ਗਲ ਮੈ ਅਸਿ ਭਾਰੋ॥
ਲੋਚਨ ਲਾਲ ਕਰਾਲ ਦਿਪੈ ਦੋਊ ਭਾਲ ਬਿਰਾਜਤ ਹੈ ਅਨਿਯਾਰੋ॥
ਛੁਟੈ ਹੈ ਬਾਲ ਮਹਾ ਬਿਕਰਾਲ ਬਿਸਾਲ ਲਸੈ ਰਦ ਪੰਤਿ ਜਯਾਰੋ॥
ਛਾਡਤ ਜਵਾਲ ਲਏ ਕਰ ਬਿਯਾਲ ਸੁ ਕਾਲ ਸਦਾ ਪਤ੍ਰਿਪਾਲ ਤਿਹਾਰੋ॥

(ਅਖੌਤੀ ਦਸਮ ਗ੍ਰੰਥ, ਪੰਨਾ 810)

ਲਓ ਜੀ ! ਦਸਮ ਗ੍ਰੰਥੀਆਂ ਦਾ ਇਹ 'ਅਕਾਲ ਪੁਰਖ' ਤਾਂ ਦੇਹਧਾਰੀ ਨਿਕਲਿਆ ਅਤੇ ਉਹ ਵੀ ਬਹੁਤ ਭਿਆਨਕ ਰੂਪ ਵਾਲਾ।

ਦਸਮ ਗ੍ਰੰਥੀਓ ! ਤੁਹਾਡਾ ਇਹ ਗੁਰੂ ਤਾਂ ਤੁਹਾਡੇ 'ਅਕਾਲ ਪੁਰਖ' ਦਾ ਪੂਰਾ ਰੂਪ ਵੀ ਬਿਆਨ ਕਰ ਰਿਹਾ ਹੈ। ਉਸ ਦੇ ਕਹੇ ਅਨੁਸਾਰ, ਇਸ ਦੇ ਗਲੇ

ਵਿੱਚ ਮਰੇ ਹੋਏ ਮਨੁੰਖਾਂ ਦੀਆਂ ਖੋਪੜੀਆਂ ਦੀ ਮਾਲਾ ਹੈ। ਉਹ ਨੰਗਾ ਹੈ। ਉਸ ਦੇ ਖੱਬੇ ਹੱਥ ਵਿੱਚ ਇੱਕ ਭਾਰੀ ਤਲਵਾਰ ਹੈ (ਲਗਦਾ ਹੈ ਕਿ ਉਹ 'ਲੈਫ਼ਟ-ਹੈਂਡਰ' ਹੈ)। ਉਸ ਦੀਆਂ ਅੱਖਾਂ ਲਾਲ ਅੰਗਾਰਿਆਂ ਵਾਂਗ ਭੱਖ ਰਹੀਆਂ ਹਨ (ਇਹ ਭੰਗ , ਅਫ਼ੀਮ ਤੇ ਸ਼ਰਾਬ ਦੇ ਨਸ਼ਿਆਂ ਦੇ ਆਦੀ ਹੋਣ ਦੀ ਨਿਸ਼ਾਨੀ ਹੈ)। ਉਸਦੇ ਵਾਲ ਖਿਲਰੇ ਹੋਏ ਹਨ ਤੇ ਉਸ ਦੇ ਦੰਦ ਖ਼ੂਨ ਨਾਲ ਲਿਬੜੇ ਹੋਏ ਹਨ। ਅਤੇ ਉਸਦੇ ਮੂੰਹ ਵਿੱਚੋਂ ਅੱਗ ਨਿਕਲ ਰਹੀ ਹੈ। (ਇਹ ਦਸਮ ਗ੍ਰੰਥੀਆਂ ਦਾ ਰੱਬ ਨਾ ਹੋਇਆ, ਕੋਈ ਡਰੈਗਨ ਹੋ ਗਿਆ)।

ਇਹ ਸਭ ਵੇਖ ਕੇ ਬਹੁਤ ਹੀ ਅਫ਼ਸੋਸ ਹੁੰਦਾ ਹੈ। ਇਹ ਤਾਂ ਮੰਨਿਆ ਜਾ ਸਕਦਾ ਹੈ ਕਿ ਜੋ ਪੜ੍ਹੇ ਲਿਖੇ ਨਹੀਂ ਹਨ, ਉਹ ਤਾਂ ਭੇਡ-ਚਾਲ ਚਲਣ, ਪਰ ਸਾਡੇ ਕੁਝ ਵਿਦਵਾਨ ਵੀ ਇਹੋ ਜਿਹੇ ਹਨ ਜੋ ਮਹਾਕਾਲ ਨੂੰ ਸਿੱਖਾਂ ਦਾ ਰੱਬ ਬਨਾਉਣ ਲਈ ਤਰਲੋ-ਮੱਛੀ ਹੋ ਰਹੇ ਹਨ। ਇੱਕ ਵਾਰ ਮੈਂ ਕਿਸੇ ਲੇਖ ਵਿੱਚ ਇਸ 'ਬਚਿੱਤਰ ਕਿਤਾਬ' ਦੇ ਇਸੇ ਇਸ਼ਟ ਬਾਰੇ ਲਿਖਿਆ ਤਾਂ ਇੱਕ ਵਿਦਵਾਨ ਮਿੱਤਰ ਦਾ ਫ਼ੋਨ ਆ ਗਿਆ ਤੇ ਉਹ ਕਹਿਣ ਲੱਗੇ ਕਿ ਤੁਹਾਡਾ ਲੇਖ ਹੀ ਗਲਤ ਹੈ। ਉਨ੍ਹਾਂ ਮੈਨੂੰ ਕਿਹਾ ਕਿ ਗੁਰੂ ਗ੍ਰੰਥ ਸਾਹਿਬ ਵਿੱਚ ਤਾਂ ਮਹਾ ਕਾਲ ਵੱਖ-ਵੱਖ ਲਿਖਿਆ ਹੋਇਆ ਹੈ, ਤੁਸੀਂ ਉਸ ਨੂੰ ਜੋੜ ਕੇ ਮਹਾਕਾਲ ਕਿਉਂ ਲਿਖ ਦਿੱਤਾ ਹੈ। ਮੈਂ ਉਸ ਵੇਲੇ ਤਾਂ ਨਿਮਾਣਾ ਬਣ ਕੇ ਆਪਣੇ ਉਸ ਲੇਖ ਵਿੱਚ ਉਸ ਨੂੰ ਸੋਧ ਕੇ 'ਮਹਾ ਕਾਲ' ਕਰ ਦਿੱਤਾ। ਪਰ ਨਾਲ ਹੀ ਮੈਂ ਇਹ ਸੋਚਣ ਲਈ ਵੀ ਮਜਬੂਰ ਹੋ ਗਿਆ ਕਿ ਮੇਰੇ ਇਹ ਵਿਦਵਾਨ ਵੀਰ ਸ਼ਾਇਦ ਇਹ ਭੁੱਲ ਗਏ ਹਨ ਕਿ ਲੜੀਵਾਰ ਲਿਖਾਈ ਵਾਲੀਆਂ ਬੀੜਾਂ ਵਿੱਚ ਇਹ 'ਮਹਾਕਾਲ' ਨੂੰ ਸ਼ਬਦ ਵਿਛੇਦ ਕਰਕੇ 'ਮਹਾ ਕਾਲ' ਕਿਵੇਂ ਕਰਨਗੇ ?

ਹੁਣ ਇਹ ਵੀ ਦੇਖੀਏ ਕਿ ਦਸਮ ਗ੍ਰੰਥੀਆਂ ਦਾ ਇਹ ਦੇਹਧਾਰੀ 'ਅਕਾਲ ਪੁਰਖ' ਖਾਂਦਾ ਕੀ ਹੈ ?

ਇਹ ਛਲ ਸੋ ਸਿਮਰਹ ਛਲਾ ਪਾਹਨ ਦਏ ਬਹਾਇ।।
ਮਹਾਕਾਲ ਕੇ ਸਿਖ੍ਯ ਕਰ ਮਦਿਰਾ ਭਾਗ ਪਿਵਾਇ।।

(ਅਖੌਤੀ ਦਸਮ ਗ੍ਰੰਥ, ਪੰਨਾ 1210)

ਲਓ ਜੀ ! ਇਨ੍ਹਾਂ ਦਸਮ ਗ੍ਰੰਥੀਆਂ ਦਾ ਰੱਬ ਤਾਂ 'ਡਰੱਗ-ਏਡਿਕਟ' ਹੈ। ਇਹ ਤਾਂ ਸ਼ਰਾਬ ਅਤੇ ਭੰਗ ਦੇ ਪ੍ਰਸਾਦ ਨੂੰ ਭੋਗ ਲਾਉਂਦਾ ਹੈ।

ਮੇਰੇ ਪਿਆਰੇ ਵੀਰੋ ! ਤੁਸੀਂ ਸਿੱਖ ਹੋ ਅਤੇ ਸਿੱਖ ਹੀ ਬਣਨ ਦੀ ਕੋਸ਼ਿਸ਼ ਕਰੋ। ਇਸ ਮੌਤ ਦੇ ਦੇਵਤੇ ਨੂੰ ਪੂਜ-ਪੂਜ ਕੇ ਆਪਣੀ ਅਧਿਆਤਮਕ ਮੌਤ ਦਾ ਕਾਰਣ ਨਾ ਬਣੋ। ਇਹੋ ਜਿਹੇ ਮਹਾਕਾਲ ਦੇ 'ਭਰਮ ਅਤੇ ਡਰ' ਵਿੱਚ ਫਸੇ ਸਿੱਖਾਂ ਨੂੰ ਸ਼ਬਦ ਗੁਰੂ, ਗੁਰੂ ਗ੍ਰੰਥ ਸਾਹਿਬ ਤਾਂ ਕਹਿ ਰਹੇ ਹਨ ਕਿ ਤੁਸੀਂ ਸਿਰਫ਼ ਇੱਕ ਕਰਤਾਰ ਦਾ ਨਾਮ ਜਪੋ। ਉਸ ਕਰਤਾਰ ਦਾ ਨਾਮ ਲੈਣ ਕਰਕੇ ਹੀ ਤੁਹਾਡਾ ਅਧਿਆਤਮਕ ਜੀਵਨ ਚਲਦਾ ਰਹੇਗਾ ਤੇ ਉਸਨੂੰ ਕਿਸੇ ਪ੍ਰਕਾਰ ਦਾ 'ਮਹਾਕਾਲ' ਖ਼ਤਮ ਨਹੀਂ ਕਰ ਸਕੇਗਾ।

ਜਪਿ ਗੋਬਿੰਦੁ ਗੋਪਾਲ ਲਾਲ।।
ਰਾਮ ਨਾਮੁ ਸਿਮਰਿ ਤੂ ਜੀਵਹਿ, ਫਿਰ ਨ ਖਾਈ ਮਹਾ ਕਾਲ।।

(ਗੁਰੂ ਗ੍ਰੰਥ ਸਾਹਿਬ, ਅੰਕ 885)

ਦਸਮ ਗ੍ਰੰਥੀਆਂ ਦਾ ਰੱਬ ਸ਼ਰਾਬੀ ਹੈ, ਭੰਗ ਤੇ ਅਫ਼ੀਮ ਦਾ ਨਸ਼ੇਬਾਜ਼ ਹੈ। ਉਹ ਮਨੁੱਖਾਂ ਦਾ ਮਾਸ ਖਾਂਦਾ ਹੈ, ਉਨ੍ਹਾਂ ਦਾ ਖ਼ੂਨ ਪੀਂਦਾ ਹੈ ਅਤੇ ਨੰਗਾ ਰਹਿੰਦਾ ਹੈ। ਧਿਆਨ ਨਾਲ ਵੇਖਣ 'ਤੇ ਪਤਾ ਚਲਦਾ ਹੈ ਕਿ ਇਸ ਤਰ੍ਹਾਂ ਦੇ 'ਮਹਾਕਾਲ' ਨੂੰ ਮੰਨਣ ਵਾਲੇ ਉਸ ਦੇ ਚੇਲੇ ਅਘੋਰੀ ਅਤੇ ਤਾਂਤ੍ਰਿਕ ਵੀ ਭੰਗ ਤੇ ਸ਼ਰਾਬ ਦੇ ਆਦੀ ਹੁੰਦੇ ਹਨ। ਉਹ ਵੀ ਮਨੁੱਖਾਂ ਦਾ ਮਾਸ ਖਾਂਦੇ ਹਨ ਅਤੇ ਨੰਗੇ ਹੀ ਰਹਿੰਦੇ ਹਨ।

ਮੇਰੇ ਗੁਰੂ ਸਵਾਰੇ ਵੀਰੋ ! ਹੁਣ ਇਹ ਫ਼ੈਸਲਾ ਤੁਸੀਂ ਆਪ ਹੀ ਕਰ ਲਓ ਕਿ ਤੁਸੀਂ ਉਹ ਅਘੋਰੀ ਜਾਂ ਤਾਂਤ੍ਰਿਕ ਹੋ ਕਿ ਆਪਣੇ ਸ਼ਬਦ ਗੁਰੂ ਦੀਆਂ ਸਿੱਖਿਆਵਾਂ 'ਤੇ ਤੁਰਨ ਵਾਲੇ ਉਸ ਦੇ ਸੱਚੇ ਸਿੱਖ ਹੋ ?

ਵੀਰੋ ! ਇਹ ਕੰਮ ਉਨ੍ਹਾਂ 'ਅਘੋਰੀਆਂ' ਤੇ 'ਤਾਂਤ੍ਰਿਕਾਂ' ਲਈ ਛੱਡ ਦਿਉ ਜਿਨ੍ਹਾਂ ਦਾ ਰੱਬ 'ਮਹਾਕਾਲ' ਹੈ। ਸਾਡਾ ਮਾਲਕ ਤਾਂ ਐਸਾ ਨਹੀਂ ਹੈ। ਸਾਡੇ ਗੁਰੂ ਨੇ ਤਾਂ ਸਾਡੇ ਮਾਲਕ ਬਾਰੇ ਇਹ ਦੱਸਿਆ ਹੈ :

ਹਮਰਾ ਠਾਕੁਰੁ ਸਭ ਤੇ ਊਚਾ ਰੈਣਿ ਦਿਨਸੁ ਤਿਸੁ ਗਾਵਉ ਰੇ।।
ਖਿਨ ਮਹਿ ਥਾਪਿ ਉਥਾਪਨਹਾਰਾ
ਤਿਸ ਤੇ ਤੁਝਹਿ ਡਰਾਵਉ ਰੇ।। ੧।। ਰਹਾਉ।।
ਜਬ ਦੇਖਉ ਪ੍ਰਭੁ ਅਪੁਨਾ ਸੁਆਮੀ
ਤਉ ਅਵਰਹਿ ਚੀਤਿ ਨ ਪਾਵਉ ਰੇ।।

ਨਾਨਕੁ ਦਾਸੁ ਪ੍ਰਭਿ ਆਪਿ ਪਹਿਰਾਇਆ
ਭ੍ਰਮੁ ਭਉ ਮੇਟਿ ਲਿਖਾਵਉ ਰੇ।।

(ਗੁਰੂ ਗ੍ਰੰਥ ਸਾਹਿਬ, ਅੰਕ 404)

ਗੁਰੂ ਦੇ ਪਿਆਰੇ ਸਿੱਖੋ ! ਇੱਕ ਸਿੱਖ ਹੋ ਕੇ ਦੇਵੀ 'ਚੰਡੀ, ਦੁਰਗਾ' ਅਤੇ 'ਮਹਾਕਾਲ' ਦੇ ਪੁਜਾਰੀ ਨਾ ਬਣੋ। ਐਸੇ ਠਾਕੁਰ ਦੇ ਲੜ੍ਹ ਲੱਗੋ ਜੋ ਸਭ ਤੋਂ ਉੱਚਾ ਹੈ। ਦਿਨ-ਰਾਤ ਉਸਦੀ ਯਾਦ ਵਿੱਚ, ਉਸਦੇ ਬਣਾਏ ਹੋਏ ਨਿਯਮਾਂ ਵਿੱਚ ਚਲੋ। ਉਹ ਇੱਕ ਪਲ ਵਿੱਚ ਹਰ ਤਰ੍ਹਾਂ ਵਰਤ ਸਕਦਾ ਹੈ। ਇਹੋ ਜਿਹੇ ਭਿਆਨਕ ਰੂਪ ਵਾਲੇ, ਮੌਤ ਦੇ ਕਾਲਪਨਿਕ ਦੇਵਤੇ ਕੋਲੋਂ ਤੁਹਾਨੂੰ ਡਰਣ ਦੀ ਕੋਈ ਜ਼ਰੂਰਤ ਨਹੀਂ ਹੈ। ਜਦੋਂ ਤੁਸੀਂ ਉਸ "ਇੱਕ" ਦੇ ਲੜ ਲੱਗ ਜਾਓਗੇ ਤਾਂ ਉਹ ਹਰ ਵੇਲੇ ਤੁਹਾਡੇ ਅੰਗ-ਸੰਗ ਸਹਾਈ ਹੋਵੇਗਾ। ਫਿਰ ਤੁਹਾਨੂੰ ਹੋਰ ਕਿਸੇ ਦੀ ਸ਼ਰਨ ਵਿੱਚ ਨਹੀਂ ਜਾਣਾ ਪਵੇਗਾ। ਇਹੋ ਜਿਹੇ 'ਮਹਾਕਾਲ' ਅਤੇ 'ਮੌਤ ਦੇ ਦੇਵਤਿਆਂ' ਦਾ ਭਰਮ-ਭਉ ਤਾਂ ਸਾਡੇ ਸੱਚੇ ਗੁਰੂ ਨੇ ਆਪ ਹੀ ਮਿਟਾ ਦਿੱਤਾ ਹੈ। ਸੋ ਹੁਣ ਉਸ ੧ਓ ਦੇ ਲੜ ਲੱਗ ਕੇ ਆਪਣਾ ਜੀਵਨ ਉੱਚਾ ਕਰਨ ਦੀ ਲੋੜ ਹੈ।

# ਭਾਗ ੩

ਮਾਤਾ ਗੁਜਰੀ ਅਤੇ ਬੀਬੀ ਭਾਨੀ ਵਰਗੀਆਂ ਮਾਵਾਂ ਦੀ ਗੋਦ ਵਿੱਚ ਪਲੀ-ਪਲਰੀ 'ਸਿੱਖੀ' ਅਤੇ ਉਸ ਦੀਆਂ ਮਾਵਾਂ-ਭੈਣਾਂ ਨੂੰ ਅਤਿ ਨੀਵੇਂ ਦਰਜੇ ਦਾ ਵਿਖਾਉਣ ਵਾਲੀ ਇਸ 'ਕੂੜ ਕਿਤਾਬ' ਨੂੰ ਪੰਥ ਕਿਵੇਂ ਬਰਦਾਸ਼ਤ ਕਰ ਰਿਹਾ ਹੈ ?

ਉਸ ਵੇਲੇ ਮੈਨੂੰ ਬਹੁਤ ਹੈਰਾਨੀ ਹੁੰਦੀ ਹੈ ਜਦੋਂ ਮੈਂ ਇਹ ਸੋਚਦਾ ਹਾਂ ਕਿ ਇੱਕ ਪਾਸੇ ਤਾਂ ਇਸ ਕਿਤਾਬ ਦਾ 'ਇਸ਼ਟ' ਹੀ ਇੱਕ ਇਸਤਰੀ (ਦੁਰਗਾ) ਹੈ ਅਤੇ ਦੂਜੇ ਪਾਸੇ ਇਹ ਕਿਤਾਬ ਹੀ ਇੱਕ ਇਸਤਰੀ ਨੂੰ ਸਮਾਜ ਦਾ ਸਭ ਤੋਂ ਨੀਵਾਂ ਪ੍ਰਾਣੀ ਐਲਾਨ ਰਹੀ ਹੈ। ਜਿਸ ਮਾਂ-ਭੈਣ ਤੇ ਬੱਚੀ ਨੂੰ ਗੁਰੂ ਗੋਬਿੰਦ ਸਿੰਘ ਜੀ ਵਰਗਾ ਪਿਤਾ "ਕੌਰ' ਦੀ ਪਦਵੀ ਦੇ ਕੇ ਨਿਵਾਜ ਰਿਹਾ ਹੈ, ਉਹ ਆਪਣੀ ਉਸ ਬੱਚੀ ਨੂੰ ਇਹ ਕਹਿ ਕੇ ਕਿਵੇਂ ਬੇਇੱਜ਼ਤ ਕਰ ਸਕਦਾ ਹੈ ਕਿ ਇਨ੍ਹਾਂ ਇਸਤਰੀਆਂ ਨੂੰ ਬਣਾ ਕੇ ਇਨ੍ਹਾਂ ਨੂੰ ਬਣਾਉਣ ਵਾਲਾ 'ਕਰਤਾਰ' ਵੀ ਪਛਤਾ ਰਿਹਾ ਹੈ।

ਚੰਚਲਾਨ ਕੇ ਚਰਿਤ ਅਪਾਰਾ।।
ਚਕ੍ਰਿਤ ਰਹਾ ਕਰਿ ਕਰਿ ਕਰਤਾਰਾ।। ੮।।

(ਅਖੌਤੀ ਦਸਮ ਗ੍ਰੰਥ, ਪੰਨਾ 1351)

ਇਨ ਇਸਤ੍ਰਿਨ ਕੇ ਚਰਿਤ ਅਪਾਰਾ।।
ਸਜਿ ਪਛੁਤਾਨਯੋ ਇਨ ਕਰਤਾਰਾ।। ੨੫।।
ਤ੍ਰਿਯਾ ਚਰਿਤ੍ਰ ਕਿਨਹੂੰ ਨਹਿ ਜਾਨਾ।।
ਬਿਧਨਾ ਸਿਰਜਿ ਬਹੁਰਿ ਪਛੁਤਾਨਾ।।

(ਅਖੌਤੀ ਦਸਮ ਗ੍ਰੰਥ, ਪੰਨਾ 1278)

ਕਸੂਰ ਤਾਂ ਉਨ੍ਹਾਂ ਅਨਮਤੀਆਂ ਦਾ ਹੈ, ਜਿਨ੍ਹਾਂ ਨੇ ਆਪਣੀ ਦੇਵੀ 'ਕਾਲੀ' ਦੀ ਉਸਤਤਿ ਵਾਲੀ ਇਹ 'ਕਾਲੀ ਕਿਤਾਬ' ਲਿਖ ਕੇ ਸਿੱਖਾਂ ਦੇ ਮੱਥੇ 'ਤੇ ਮੜ੍ਹ ਦਿੱਤੀ ਹੈ। ਕਸੂਰ ਉਨ੍ਹਾਂ ਦੀ ਮਾਨਸਿਕਤਾ ਦਾ ਹੈ ਜੋ ਇਸਤਰੀ ਨੂੰ ਅੱਗ

'ਤੇ ਬਿਠਾ ਕੇ ਉਸ ਦੀ 'ਅਗਨੀ ਪਰੀਖਿਆ' ਲੈਂਦੇ ਰਹੇ ਹਨ, ਉਸ ਨੂੰ ਮਰਦ ਦੀ ਚਿਤਾ ਨਾਲ 'ਸਤੀ' ਕਰਕੇ ਸਾੜ੍ਹਦੇ ਰਹੇ ਹਨ, ਪਤੀ ਦੇ ਅਕਾਲ ਚਲਾਣਾ ਕਰਨ ਤੋਂ ਬਾਅਦ ਉਸ ਦਾ ਸਿਰ ਮੁੰਨ ਕੇ ਉਸਨੂੰ 'ਵਿਧਵਾ' ਦੀ ਸਾਦੀ ਪੋਸ਼ਾਕ ਪੁਆ ਕੇ ਘਰ ਦੀ ਚਾਰ-ਦੀਵਾਰੀ ਵਿੱਚ ਡੱਕਦੇ ਰਹੇ ਹਨ। ਉਸ ਇਸਤਰੀ ਨੂੰ ਉਹ ਖਜੁਰਾਹੋ ਤੇ ਕੋਣਾਰਕ ਦੇ ਮੰਦਿਰਾਂ ਵਿੱਚ ਦੇਵ-ਦਾਸੀਆਂ ਬਣਾ ਕੇ ਵਰਤਦੇ ਰਹੇ ਹਨ। ਇਨ੍ਹਾਂ ਮੰਦਿਰਾਂ ਵਿੱਚ ਉਨ੍ਹਾਂ ਦੀਆਂ ਨੰਗੀਆਂ ਮੂਰਤੀਆਂ ਲਾ ਕੇ, ਉਨ੍ਹਾਂ ਨੂੰ 'ਕਾਮ ਖੇਡ' ਦਾ ਇੱਕ ਸਾਧਨ ਬਣਾਉਂਦੇ ਰਹੇ ਹਨ। ਇੱਕ ਇਸਤਰੀ ਨੂੰ ਜੂਏ ਵਿੱਚ ਹਾਰਦੇ ਰਹੇ ਹਨ ਅਤੇ ਉਸ ਨੂੰ ਖਿਡੌਣਾ ਬਣਾ ਕੇ ਪੰਜ-ਪੰਜ ਬੰਦਿਆਂ ਨਾਲ ਵਿਆਹੁੰਦੇ ਰਹੇ ਹਨ। ਨਾਲ ਹੀ ਉਹ ਉਸ ਇਸਤਰੀ ਬਾਰੇ ਆਪਣੇ ਧਾਰਮਿਕ ਗ੍ਰੰਥਾਂ ਵਿੱਚ ਇਹੋ ਜਿਹੇ ਸਲੋਕ ਲਿਖਦੇ ਰਹੇ ਹਨ :

ਢੋਲ, ਗਵਾਰ, ਸ਼ੂਦਰ, ਪਸ਼ੂ ਔਰ ਨਾਰੀ।
ਯਿਹ ਸਭ ਤਾੜਨ ਕੇ ਅਧਿਕਾਰੀ।

ਕੀ ਸਮਾਜ ਵਿੱਚ ਇਸਤਰੀ ਦਾ ਇਹ ਹੀ ਸਥਾਨ ਹੈ ? ਇਸੇ ਲਈ ਤਾਂ ਗੁਰੂ ਨਾਨਕ ਸਾਹਿਬ ਉਸਨੂੰ ਮੰਦਾ ਕਹਿਣ 'ਤੇ ਫ਼ੁਰਮਾਉਂਦੇ ਹਨ :

ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ।।
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ।।
ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ।।
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ।।
ਭੰਡਹੁ ਹੀ ਭੰਡੁ ਊਪਜੈ ਭੰਡੈ ਬਾਝੁ ਨ ਕੋਇ।।
ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ।।

(ਗੁਰੂ ਗ੍ਰੰਥ ਸਾਹਿਬ, ਅੰਕ 473)

ਪਰ ਇਹ ਇਸ ਤੋਂ ਉਲਟ ਕਰ ਰਹੇ ਹਨ। ਇਨ੍ਹਾਂ ਦੇ ਲਿਖੇ ਇਸ 'ਬਚਿੱਤਰ ਨਾਟਕ' ਤੋਂ ਹੋਰ ਉਮੀਦ ਵੀ ਕੀ ਕੀਤੀ ਜਾ ਸਕਦੀ ਹੈ। ਐਨਾ ਹੀ ਨਹੀਂ, ਇੱਕ ਦੁਰਗਾ ਦੇਵੀ (ਇਸਤਰੀ) ਦਾ ਉਪਾਸ਼ਕ, ਇੱਕ ਇਸਤਰੀ ਬਾਰੇ ਕੀ ਕਹਿ ਰਿਹਾ ਹੈ, ਇੱਕ ਨਜ਼ਰ ਇਸ ਵੱਲ ਵੀ ਮਾਰ ਲੈਣੀ ਚਾਹੀਦੀ ਹੈ।

ਸਿਵ ਘਰਿ ਤਜਿ ਕਾਨਨਹਿ ਸਿਧਾਯੋ।।
ਤਊ ਤਰੁਨਿ ਕੋ ਅੰਤੁ ਨ ਪਾਯੋ।। ੧੬।।

ਭਲੀ ਕਹੀ ਤੁਹਿ ਤਾਹਿ ਬਖਾਨੀ॥
ਤ੍ਰਿਯ ਚਰਿਤ੍ਰ ਗਤਿ ਕਿਨੂੰ ਨ ਜਾਨੀ॥
ਤਿਹ ਕੋ ਭਵਨ ਸੁਤਾ ਕੇ ਰਾਖਾ॥
ਭੇਦ ਨ ਮੂਲ ਨ੍ਰਿਪਤਿ ਤਨ ਭਾਖਾ॥ ੨੩॥
ਤ੍ਰਿਯ ਕੇ ਚਰਿਤ੍ਰ ਨ ਬਿਧਨਾ ਜਾਨੈ॥
ਮਹਾ ਰੁਦ੍ਰ ਭੀ ਕਛੁ ਨ ਪਛਾਨੈ॥
ਇਨ ਕੀ ਬਾਤ ਏਕ ਹੀ ਪਾਈ॥
ਜਿਨ ਇਸਤ੍ਰੀ ਜਗਦੀਸ ਬਨਾਈ॥ ੧੧॥

(ਅਖੌਤੀ ਦਸਮ ਗ੍ਰੰਥ, ਪੰਨਾ 1296)

ਇਹ ਚਰਿਤ੍ਰ ਤਿਹ ਚੰਚਲਾ ਪਿਯਹਿ ਦਯੋ ਪਹੁਚਾਇ॥
ਭੇਦ ਅਭੇਦ ਤ੍ਰਿਯਾਨ ਕੇ ਸਕਿਯੋ ਨ ਕੋਈ ਪਾਇ॥ ੧੫॥
ਤਰੁਨਨਿ ਕਰ ਹਿਯਰੋ ਨਹਿ ਦੀਜੈ॥
ਤਿਨ ਕੇ ਚੋਰਿ ਸਦਾ ਚਿਤ ਲੀਜੈ॥
ਅਤਭੁਤ ਚਰਿਤ੍ਰ ਤ੍ਰਿਯਾਨ ਕੇ ਸਕਤ ਨ ਕੋਊ ਚੀਨ॥ ੩੧॥

(ਅਖੌਤੀ ਦਸਮ ਗ੍ਰੰਥ, ਪੰਨਾ 1027)

ਇੰਦ੍ਰ ਬਿਸਨ ਬ੍ਰਹਮਾ ਸਿਵ ਹੋਈ॥
ਤ੍ਰਿਯ ਚਰਿਤ੍ਰ ਤੇ ਬਚਤ ਨ ਕੋਈ॥ ੧੧॥
ਚੰਚਲਾਨ ਕੇ ਚਰਿਤ੍ਰ ਕੋ ਸਕਤ ਨ ਕੋਊ ਪਾਇ॥
ਚੰਦ੍ਰ ਸੂਰ ਸੁਰ ਅਸੁਰ ਸਭ ਬ੍ਰਹਮ ਬਿਸਨ ਸੁਰ ਰਾਇ॥ ੪੯॥

(ਅਖੌਤੀ ਦਸਮ ਗ੍ਰੰਥ, ਪੰਨਾ 848)

ਇਹ ਸਾਰੀ ਕਿਤਾਬ ਹੀ ਇਸਤਰੀ ਬਾਰੇ ਇਹੋ ਜਿਹੇ ਵਿਚਾਰ ਰੱਖਦੀ ਹੈ। ਇਥੇ ਹੀ ਬਸ ਨਹੀਂ, ਇਹ 'ਪੁਰਸ਼ ਪ੍ਰਧਾਨ' ਸਮਾਜ ਨੂੰ ਇਹ ਹਿਦਾਇਤ ਵੀ ਦੇ ਰਹੀ ਹੈ ਕਿ ਇਨ੍ਹਾਂ ਇਸਤਰੀਆਂ 'ਤੇ ਕਦੇ ਵੀ ਵਿਸ਼ਵਾਸ ਨਾ ਕਰਨਾ ਅਤੇ ਇਨ੍ਹਾਂ ਦੇ ਚਰਿਤ੍ਰ ਤੋਂ ਹਮੇਸ਼ਾ ਡਰ ਕੇ ਰਹਿਣਾ।

ਤ੍ਰਿਯ ਕੇ ਕਛੁ ਬਿਸ੍ਵਾਸ ਨ ਕਰਿਯੈ॥
ਤ੍ਰਿਯ ਚਰਿਤ੍ਰ ਤੇ ਜਿਯ ਅਤਿ ਡਰਿਯੈ॥ ੨੦॥

(ਅਖੌਤੀ ਦਸਮ ਗ੍ਰੰਥ, ਪੰਨਾ 1170)

ਇੱਕ ਪਾਸੇ ਅਸੀਂ ਇਸਤਰੀ ਨੂੰ ਸਮਾਜ ਅਤੇ ਧਰਮ ਵਿੱਚ ਪੁਰਸ਼ ਦੇ

ਬਰਾਬਰ ਦਾ ਦਰਜਾ ਦੇ ਰਹੇ ਹਾਂ, ਪਰ ਦੂਜੇ ਪਾਸੇ ਇਹ 'ਕਿਤਾਬ' ਇਸਤਰੀ ਨੂੰ ਨੀਵੇਂ ਤੋਂ ਨੀਵਾਂ ਦਰਜਾ ਦੇ ਰਹੀ ਹੈ ਜੋ ਕਿ ਬਰਦਾਸ਼ਤ ਤੋਂ ਬਾਹਰ ਹੈ।

ਅਜੇ ਤਾਂ ਅਸੀਂ ਇਸ 'ਕਿਤਾਬ' ਦੇ 'ਅਥ ਚਰਿਤ੍ਰ ਪਾਖਿਆਨ' ਨਾਂ ਦੇ ਗੰਦ ਅਤੇ ਨੰਗੇਜ਼ ਦਾ ਜ਼ਿਕਰ ਹੀ ਨਹੀਂ ਕੀਤਾ ਜਿਸ ਨਾਲ ਇਸਦੇ 579 ਪੰਨੇ ਭਰੇ ਹੋਏ ਹਨ। ਇਸ 'ਮਿਥਿਹਾਸਕ ਪੋਥੀ' ਨੂੰ ਇੱਕ ਗ੍ਰੰਥ ਦਾ ਰੂਪ ਦੇ ਕੇ, ਇਹ ਦਸਮ ਗ੍ਰੰਥੀ ਇਸ 'ਕਾਮ ਕਵਿਤਾ' ਨੂੰ 'ਗੁਰੂ ਕ੍ਰਿਤ' ਕਹਿੰਦੇ ਹਨ। ਐਸਾ ਕਰਕੇ ਉਹ ਸਰਬੰਸ ਦਾਨੀ ਗੁਰੂ ਗੋਬਿੰਦ ਸਿੰਘ ਸਾਹਿਬ ਨੂੰ ਬਦਨਾਮ ਕਰ ਰਹੇ ਹਨ।

ਇਸ 'ਕਾਮ ਕਵਿਤਾ' ਦੇ 404 ਤ੍ਰਿਯਾ ਚਰਿਤ੍ਰਾਂ ਵਿੱਚ, ਇੱਕ ਔਰਤ ਨੂੰ ਕਿਸੇ ਕੋਠੇ ਦੀ ਵੇਸ਼ਵਾ ਦੇ ਰੂਪ ਵਿੱਚ ਪੇਸ਼ ਕੀਤਾ ਗਿਆ ਹੈ ਅਤੇ ਇਸ ਅਤਿ-ਫੂਹੜ ਤੇ ਅਸ਼ਲੀਲ ਰਚਨਾ ਉਪਰ ਵੀ ਪੰਥ ਦੋਖੀਆਂ ਨੇ "**ਪਾਤਸ਼ਾਹੀ ੧੦**" ਦਾ ਠੱਪਾ ਲਾ ਦਿੱਤਾ ਹੈ, ਇਹ ਸਾਬਤ ਕਰਨ ਲਈ ਕਿ ਸਿੱਖਾਂ ਦਾ ਸਰਬੰਸ-ਦਾਨੀ ਗੁਰੂ ਇਹੋ ਜਿਹੀ ਕਵਿਤਾ ਵੀ ਲਿਖ ਗਿਆ ਹੈ। ਇਸ ਬਾਰੇ ਇਸ ਪੁਸਤਕ ਦੇ ਅਗਲੇ ਭਾਗਾਂ ਵਿੱਚ ਚਰਚਾ ਕਰਾਂਗੇ।

ਮੈਂ ਆਪਣੀਆਂ ਮਾਵਾਂ, ਭੈਣਾਂ ਤੇ ਧੀਆਂ ਨੂੰ ਇਸ 'ਕਿਤਾਬ' ਦਾ ਪੁਰਜ਼ੋਰ ਵਿਰੋਧ ਕਰਨ ਦੀ ਅਪੀਲ ਕਰਦਾ ਹਾਂ। ਅਤੇ ਇਹ ਬੇਨਤੀ ਕਰਦਾ ਹਾਂ ਕਿ ਇੱਕ 'ਔਰਤ' ਦਾ ਦਰਜਾ ਸਿੱਖੀ ਵਿੱਚ ਬਹੁਤ ਹੀ ਉੱਚਾ ਮੰਨਿਆ ਗਿਆ ਹੈ। ਗੁਰੂ ਸਾਹਿਬ ਨੇ ਤਾਂ ਉਸਨੂੰ "ਕੌਰ" (ਰਾਜ ਕੁਮਾਰੀ) ਦਾ ਦਰਜਾ ਦੇ ਕੇ ਨਿਵਾਜਿਆ ਹੈ। ਇਸ ਪੋਥੇ ਅੱਗੇ ਮੱਥਾ ਟੇਕ ਕੇ ਉਸ ਗੁਰੂ ਦਾ ਅਪਮਾਨ ਨਾ ਕਰੋ। ਜੇ ਮੇਰੀਆਂ ਧੀਆਂ-ਭੈਣਾਂ ਨੇ ਵਕਤ ਰਹਿੰਦਿਆਂ ਇਸ 'ਕਿਤਾਬ' ਦਾ ਵਿਰੋਧ ਨਾ ਕੀਤਾ, ਤਾਂ ਉਹ ਦਿਨ ਦੂਰ ਨਹੀਂ ਜਦੋਂ ਅਨਮਤ ਦੇ ਧਰਮਾਂ ਵਾਂਗ ਸਿੱਖੀ ਵਿੱਚ ਵੀ ਇਸਤਰੀ ਨੂੰ 'ਪੈਰਾਂ ਦੀ ਜੁੱਤੀ' ਹੀ ਸਮਝਿਆ ਜਾਣ ਲੱਗੇਗਾ।

# ਭਾਗ 4

ਦਸਮ ਗ੍ਰੰਥੀਆਂ ਦੇ ਗੁਰੂ ਦੀ ਬਹੁਤੀ ਬਾਣੀ ਦਾ ਲਿਖਣ ਵਾਲਾ 'ਕਵੀ ਸਯਾਮ' ਹੈ, ਗੁਰੂ ਗੋਬਿੰਦ ਸਿੰਘ ਜੀ ਨਹੀਂ। ਇਸ 'ਪੋਥੀ' ਦੀ 'ਸਯਾਮ ਬਾਣੀ' ਦਸਮ ਗ੍ਰੰਥੀਆਂ ਨੂੰ ਇਹ ਸਾਬਤ ਕਰਨ ਲਈ ਖੁਲ੍ਹਾ ਸੱਦਾ ਦੇ ਰਹੀ ਹੈ।

ਅਖੌਤੀ ਦਸਮ ਗ੍ਰੰਥ ਵਿੱਚ ਲਿਖੀਆਂ ਰਚਨਾਵਾਂ ਨੂੰ 'ਗੁਰੂ-ਕ੍ਰਿਤ' ਕਹਿਣ ਵਾਲੇ ਦਾ ਹਾਲ 'ਨੀਮ ਪਾਗਲ' ਵਰਗਾ ਹੀ ਹੈ ਜੋ ਆਇਨਾ ਵੇਖ ਕੇ ਵੀ ਇਹੀ ਕਹੀ ਜਾ ਰਿਹਾ ਹੈ ਕਿ ਇਹ ਮੈਂ ਨਹੀਂ, ਇਹ ਤਾਂ ਕੋਈ ਹੋਰ ਹੈ। ਜੇ ਇਨ੍ਹਾਂ ਰਚਨਾਵਾਂ ਨੂੰ ਲਿਖਣ ਵਾਲਾ ਆਪਣੀ ਹਰ ਰਚਨਾ ਦੇ ਹੇਠਾਂ ਆਪਣਾ ਨਾਂ ਲਿਖ ਰਿਹਾ ਹੈ ਕਿ ਇਹ ਰਚਨਾ ਮੈਂ ਲਿਖੀ ਹੈ, ਤਾਂ ਵੀ ਇਹ ਦਸਮ ਗ੍ਰੰਥੀ ਇਸਨੂੰ 'ਦਸਮ ਬਾਣੀ' ਆਖੀ ਜਾ ਰਹੇ ਹਨ।

ਆਓ ! ਉਸ ਵੇਚਾਰੇ 'ਸਯਾਮ ਕਵੀ' ਦੀ ਬਦਕਿਸਮਤੀ ਵੇਖੀਏ ਜੋ ਸੰਗ ਪਾੜ-ਪਾੜ ਕੇ ਕਹੀ ਜਾ ਰਿਹਾ ਹੈ ਕਿ ਇਹ ਕਵਿਤਾ ਮੈਂ ਲਿਖ ਰਿਹਾ ਹਾਂ। ਲੇਕਿਨ ਇਹ ਦਸਮ ਗ੍ਰੰਥੀ ਉਸ ਗ਼ਰੀਬ ਦੀ ਗੱਲ ਮੰਨਣ ਨੂੰ ਤਿਆਰ ਹੀ ਨਹੀਂ ਹਨ।

ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਕੀ ਇਹ ਦਸਮ ਗ੍ਰੰਥੀਏ 'ਕਵੀ ਸਯਾਮ' ਨੂੰ ਹੀ ਗੁਰੂ ਗੋਬਿੰਦ ਸਿੰਘ ਜੀ ਸਮਝਦੇ ਹਨ ਜਾਂ ਇਹ ਸ਼ਬਦ 'ਕਵੀ ਸਯਾਮ' ਪੜ੍ਹਣ ਵੇਲੇ ਇਨ੍ਹਾਂ ਦੀਆਂ ਅੱਖਾਂ ਵਿੱਚ ਮੋਤੀਆ-ਬਿੰਦ ਦੀ ਬਿਮਾਰੀ ਹੋ ਜਾਂਦੀ ਹੈ, ਕਿ ਇਨ੍ਹਾਂ ਨੂੰ 'ਕਬਿ ਸਯਾਮ' ਲਿਖਿਆ ਨਜ਼ਰ ਨਹੀਂ ਆਉਂਦਾ। ਇਸ ਪੋਥੇ ਵਿੱਚ ਇਹ ਸਾਫ਼-ਸਾਫ਼ ਪਤਾ ਲੱਗ ਰਿਹਾ ਹੈ ਕਿ ਕਿਹੜੀ-ਕਿਹੜੀ ਰਚਨਾ ਦਾ ਲੇਖਕ 'ਕਵੀ ਸਯਾਮ' ਹੈ।

ਇਥੇ ਪਹਿਲਾਂ ਇਸ ਕਿਤਾਬ ਵਿੱਚ ਦਰਜ 'ਚੌਬੀਸ ਅਵਤਾਰ' ਵੱਲ ਨਜ਼ਰ ਮਾਰਦੇ ਹਾਂ ਜੋ ਸਯਾਮ ਕਵੀ ਦੀ ਲਿਖੀ ਹੋਈ ਹੈ

ਚੌਪਈ।।

ਅਬ ਚਉਬੀਸ ਉਚਰੋ ਅਵਤਾਰਾ।।
ਜਿਹ ਬਿਧ ਤਿਨ ਕਾ ਲਖਾ ਅਖਾਰਾ।।
ਸੁਨੀਅਹੁ ਸੰਤ ਸਭੈ ਚਿਤ ਲਾਈ।।
'ਬਰਨਤ ਸਯਾਮ' ਜਥਾ ਮਤ ਭਾਈ।। ੧।।

(ਅਖੌਤੀ ਦਸਮ ਗ੍ਰੰਥ, ਪੰਨਾ 155)

ਹੁਣ ਇਸਨੂੰ 'ਦਸਮ ਬਾਣੀ' ਕਹਿਣ ਵਾਲਿਆਂ ਕੋਲੋਂ ਜ਼ਰਾ ਪੁੱਛੋ ਕਿ ਕੀ ਇਤਿਹਾਸ ਵਿੱਚ ਕੋਈ ਇਹੋ ਜਿਹਾ ਪ੍ਰਮਾਣ ਵੀ ਮਿਲਦਾ ਹੈ ਜਿਸ ਵਿੱਚ ਇਹ ਲਿਖਿਆ ਹੋਵੇ ਕਿ ਗੁਰੂ ਗੋਬਿੰਦ ਸਿੰਘ ਜੀ ਦਾ ਨਾਂ 'ਸਯਾਮ' ਸੀ। ਜੇ ਨਹੀਂ, ਤਾ ਇਸ ਗੱਲ ਦੀ ਪ੍ਰੌੜ੍ਹਤਾ ਹੋ ਜਾਂਦੀ ਹੈ ਕਿ ਇਹ ਰਚਨਾ ਕਿਸੇ ਸਯਾਮ ਨਾਂ ਦੇ ਕਵੀ ਦੀ ਲਿਖੀ ਹੋਈ ਹੈ ਅਤੇ ਇਹ ਗੁਰੂ-ਕ੍ਰਿਤ ਨਹੀਂ। ਇਸ ਸਬੰਧ ਵਿੱਚ ਹੋਰ ਵੀ ਕਈ ਪ੍ਰਮਾਣ ਹਨ ਜੋ ਕਿ ਇਸ ਕਿਤਾਬ ਵਿੱਚ ਬਹੁਤ ਵੱਡੀ ਗਿਣਤੀ ਵਿੱਚ ਮੌਜੂਦ ਹਨ।

ਸ੍ਰੀ ਭਗਉਤੀ ਜੀ ਸਹਾਇ।। ਤੋਟਕ ਛੰਦ।।

ਮਿਲਿ ਦੇਵ ਅਦੇਵਨ ਸਿੰਧੁ ਮਥਿਯੋ।।
'ਕਬਿ ਸਯਾਮ' ਕਵਿਤਨ ਮਧਿ ਕਥਿਯੋ।।
ਤਬ ਰਤਨ ਚਤੁਰਦਾਸ ਯੋ ਨਿਕਸੇ।।
ਅਸਿਤਾ ਨਿਸਿ ਮੋ ਸਸਿ ਸੇ ਬਿਗਸੇ।।

(ਅਖੌਤੀ ਦਸਮ ਗ੍ਰੰਥ, ਪੰਨਾ 160)

ਅਰਥ : ਦੇਵਤਿਆਂ ਅਤੇ ਦਾਨਵਾਂ ਨੇ ਮਿਲ ਕੇ ਸਮੁੰਦਰ ਨੂੰ ਰਿੜਕਿਆ। 'ਕਬਿ ਸਯਾਮ' ਇਸ ਕਵਿਤਾ ਵਿੱਚ ਇਹ ਦੱਸ ਰਿਹਾ ਹੈ। ਇਸ ਮੰਥਨ 'ਤੇ ਇਸ ਵਿੱਚੋਂ ਚੌਦਹ ਰਤਨ ਪ੍ਰਾਪਤ ਹੋਏ (ਉਹ ਇਸ ਤਰ੍ਹਾਂ ਚਮਕ ਰਹੇ ਸਨ ਕਿ) ਜਿਵੇਂ ਅੰਧੇਰੀ ਰਾਤ ਵਿੱਚ ਪੂਰਾ ਚੰਦ੍ਰਮਾ ਚਮਕਦਾ ਹੈ।

ਸਭ ਨਾਮ ਜਥਾ ਮਤਿ 'ਸਯਾਮ' ਧਰੋ।।
ਘਟ ਜਾਨ ਕਵੀ ਜਿਨਿ ਨਿੰਦ ਕਰੋ।। ੮।।

(ਅਖੌਤੀ ਦਸਮ ਗ੍ਰੰਥ, ਪੰਨਾ 161)

'ਕਵੀ ਸਯਾਮ' ਨੇ ਆਪਣੀ ਮਤ ਅਨੁਸਾਰ ਇਹ ਸਾਰੇ ਨਾਂ ਲਏ ਹਨ।

ਜੇ ਕੁਝ ਨਾਂ ਘੱਟ ਰਹਿ ਗਏ ਹੋਣ ਤਾਂ 'ਸਯਾਮ ਕਵੀ' ਨੂੰ ਮਾਫ਼ ਕਰ ਦੇਣਾ।

ਧੁ ਕੀਟਭ ਕੇ ਬਧ ਨਮਿਤ ਜਾ ਦਿਨ ਜਗਤ ਮੁਰਾਰਿ।।
ਸੁ 'ਕਬਿ ਸਯਾਮ' ਤਾ ਕੋ ਕਹੈ ਚੌਦਸਵੇਂ ਅਵਤਾਰ।। ੪।।

(ਅਖੌਤੀ ਦਸਮ ਗ੍ਰੰਥ, ਪੰਨਾ 182)

ਅਰਥ : ਜਿਸ ਦਿਨ ਵਿਸ਼ਨੂੰ ਨੇ ਇਹ ਧਿਆ ਕਰ ਲਿਆ ਕਿ ਮਧੂ ਅਤੇ ਕੈਟਭ ਦਾ ਵੱਧ ਕਰ ਦੇਵੇਗਾ, ਉਸ ਦਿਨ ਤੋਂ ਹੀ 'ਸਯਾਮ ਕਵੀ' ਕਹਿੰਦਾ ਹੈ ਕਿ ਵਿਸ਼ਨੂੰ ਚੌਦ੍ਹਵਾਂ ਅਵਤਾਰ ਮੰਨ ਲਿਆ ਗਿਆ।

ਸੁ 'ਕਬਿ ਸਯਾਮ' ਇਹ ਬਿਧਿ ਕਹਿਯੋ
ਰਘੁਬਰ ਜੁੱਧ ਪ੍ਰਸੰਗ।। ੩੨੩।।

(ਅਖੌਤੀ ਦਸਮ ਗ੍ਰੰਥ, ਪੰਨਾ 213)

'ਕਬਿ ਸਯਾਮ' ਇਸ ਤਰ੍ਹਾਂ ਇਸ ਅਧਿਆਇ ਵਿੱਚ ਰਘੁਬਰ (ਰਾਮ ਚੰਦਰ) ਦੇ ਯੁੱਧ ਦਾ ਵਰਣਨ ਕਰ ਰਿਹਾ ਹੈ।

ਅਉਰ ਹਵਾਇ ਚਲੀ ਨਭਕੌ
ਉਪਮਾ ਤਿਹਕੀ 'ਕਬਿ ਸਯਾਮ' ਸੁਨਾਏ।।
ਦੇਖਹਿ ਕਉਤਕ ਦੇਵ ਸਭੈ
ਤਿਹ ਤੇ ਮਨੈ ਕਾਗਦ ਕੋਟ ਪਠਾਏ।। ੩੩।।

(ਅਖੌਤੀ ਦਸਮ ਗ੍ਰੰਥ, ਪੰਨਾ 257)

ਅਰਥ : ਅਕਾਸ਼ ਵੱਲ ਇਹੋ ਜਿਹੀ ਹਵਾ ਚਲੀ ਜਿਸ ਦਾ ਵਰਣਨ 'ਕਬਿ ਸਯਾਮ' ਕਰ ਰਿਹਾ ਹੈ। ਇਹ ਕੌਤਕ ਵੇਖ ਕੇ ਇੰਝ ਲੱਗਦਾ ਸੀ ਕਿ ਦੇਵਤੇ ਨਹੀਂ, ਕਰੋੜਾਂ ਕਾਗਜ਼ ਦੇ ਟੁਕੜੇ ਉੱਡ ਰਹੇ ਹੋਣ।

ਮੇਰੇ ਪਿਆਰੇ ਵੀਰੋ ! ਇਨ੍ਹਾਂ ਬੇ-ਫ਼ਜ਼ੂਲ ਦੀਆਂ ਚੌਬੀਸ ਅਵਤਾਰਾਂ ਦੀਆਂ ਕਹਾਣੀਆਂ ਲਿਖਣ ਲਈ ਮੇਰੇ ਸਤਿਗੁਰੂ ਕੋਲ ਨਾ ਤਾਂ ਐਨੀ ਵੇਲ੍ਹ ਸੀ, ਅਤੇ ਨਾ ਹੀ ਕੋਈ ਲੋੜ ਸੀ। ਇਨ੍ਹਾਂ ਚੌਬੀਸ ਅਵਤਾਰਾਂ ਦੀ ਮਹਿਮਾ ਸੁਣਨ ਅਤੇ ਸਮਝਣ ਦੀ ਇੱਕ ਸਿੱਖ ਨੂੰ ਕੀ ਲੋੜ ਪੈ ਗਈ ਹੈ ? ਇਹ 'ਕਬਿ ਸਯਾਮ' ਦੀ ਲਿਖੀ ਹੋਈ ਕਵਿਤਾ, ਇੱਕ ਗੁਰਸਿੱਖ ਨੂੰ ਕੀ ਸਿੱਖਿਆ ਦੇ ਰਹੀ ਹੈ ? ਇਨ੍ਹਾਂ ਅਵਤਾਰਾਂ ਦੀ ਮਹਿਮਾ ਨਾਲ ਇਸ ਕਿਤਾਬ ਦੇ 554 ਪੰਨੇ ਭਰੇ ਹੋਏ ਹਨ।

ਨਾਲ ਹੀ ਕਵੀ ਸਯਾਮ ਵੇਚਾਰਾ ਵਾਰ-ਵਾਰ ਕਹਿ ਰਿਹਾ ਹੈ ਕਿ ਇਹ ਸਭ ਮੈਂ ਕਹਿ ਰਿਹਾ ਹਾਂ। ਲੇਕਿਨ ਦਸਮ ਗ੍ਰੰਥੀਆਂ ਦਾ ਬੇੜਾ ਤਰ ਜਾਵੇ ! ਉਹ

ਕਹੀ ਜਾ ਰਹੇ ਹਨ ਕਿ ਇਹ ਗੁਰੂ ਰਚਿਤ ਗ੍ਰੰਥ ਹੈ। ਇਹ ਫ਼ੈਸਲਾ ਆਪ ਨੇ ਕਰਨਾ ਹੈ। ਅਸੀਂ ਤਾਂ ਬਸ ਸ਼ੀਸ਼ਾ ਹੀ ਵਿਖਾਉਣਾ ਹੈ।

ਆਓ ! ਅੱਗੇ ਹੋਰ ਵੇਖੀਏ। ਸਯਾਮ ਕਵੀ ਕਹਿੰਦਾ-ਕਹਿੰਦਾ ਥੱਕ ਜਾਵੇਗਾ, ਅਸੀਂ ਲਿਖਦੇ-ਲਿਖਦੇ ਥੱਕ ਜਾਵਾਂਗੇ, ਤੇ ਤੁਸੀਂ ਪੜ੍ਹਦੇ-ਪੜ੍ਹਦੇ ਥੱਕ ਜਾਵੋਗੇ ਕਿ ਇਹ ਸਾਰੀਆਂ ਸਯਾਮ ਕਵੀ ਦੀਆਂ ਰਚਨਾਵਾਂ ਹਨ। ਲੇਕਿਨ ਇਹ ਦਸਮ ਗ੍ਰੰਥੀਏ ਇਹ ਕਹਿੰਦੇ ਹੀ ਰਹਿਣਗੇ ਕਿ ਇਹ 'ਦਸਮ ਦੀ ਬਾਣੀ' ਹੈ। ਇਥੇ ਨਾ ਤਾਂ ਇਸ ਰਚਨਾ ਦੇ ਅਰਥ ਕਰਨ ਦਾ ਸਮਾਂ ਹੈ ਅਤੇ ਨਾ ਹੀ ਕੋਈ ਲੋੜ ਹੈ। ਇਥੇ ਸਿਰਫ਼ ਉਹੀ ਪੰਨਾ ਨੰਬਰ ਦੇ ਕੇ ਹੀ ਪ੍ਰਮਾਣ ਦੇ ਕੇ ਅੱਗੇ ਚਲਾਂਗੇ ਜਿਥੇ ਸਯਾਮ ਕਵੀ ਵਾਰ-ਵਾਰ ਆਪਣਾ ਨਾਂ ਲਿਖ ਕੇ ਸਾਬਤ ਕਰ ਰਿਹਾ ਹੈ ਕਿ ਇਹ ਰਚਨਾ ਉਸ ਵੱਲੋਂ ਲਿਖੀ ਹੋਈ ਹੈ।

ਤਾ ਛਬਿ ਕੀ ਉਪਮਾ ਅਤਿ ਹੀ
'ਕਬਿ ਸਯਾਮ' ਕਹੀ ਮੁਖ ਤੇ ਫੁਨਿ ਐਸੇ॥
ਭੂਮਿ ਦੁਖੀ ਮਨ ਮੈ ਅਤਿ ਹੀ
ਜਨੁ ਪਾਲਤ ਹੈ ਰਿਪ ਦ੍ਵੈ ਤਨ ਜੈਸੇ॥ ੧੦੩॥

(ਅਖੌਤੀ ਦਸਮ ਗ੍ਰੰਥ, ਪੰਨਾ 265)

ਫਿਰ ਬੈਠ ਬਰੇਤਨ ਮੱਧਿ ਮਨੇ ਹਰਿ ਸੋ ਵਹ ਤਾਲ ਬਜਾਵਤ ਹੈ॥
'ਕਬਿ ਸਯਾਮ' ਕਹੈ ਤਿਨ ਕੀ ਉਪਮਾ ਗੀਤ ਭਲੇ ਮੁਖ ਗਾਵਤ ਹੈ॥

(ਅਖੌਤੀ ਦਸਮ ਗ੍ਰੰਥ, ਪੰਨਾ 267)

'ਕਬਿ ਸਯਾਮ' ਲਖੀ ਤਿਨਕੀ ਉਪਮਾ ਮਨੇ ਮੱਧਿ ਅਨੰਤ ਅਪਾਰਨ ਸੌਂ॥
ਬਲ ਜਾਤ ਸਭੈ ਮੁਨ ਦੇਖਨ ਕੋ ਕਰਿ ਕੈ ਬਹੁ ਜੋਗ ਹਜਾਰਨ ਸੌਂ॥

(ਅਖੌਤੀ ਦਸਮ ਗ੍ਰੰਥ, ਪੰਨਾ 267)

ਬਾਕੀ ਬਚਯੋ ਅਪਨੇ ਕਰਿ ਲੈਕਰ ਬਾਨਰ ਕੇ ਮੁਖ ਭੀਤਰਿ ਪਾਵੈ॥
'ਕਬਿ ਸਯਾਮ' ਤਿਹ ਕੀ ਉਪਮਾ ਇਹ ਕੈ ਬਿਪ ਗੋਪਨ ਕਾਨ੍ਹ ਖਿਝਾਵੈ॥

(ਅਖੌਤੀ ਦਸਮ ਗ੍ਰੰਥ, ਪੰਨਾ 268)

'ਸਯਾਮ ਕਹੀ' ਉਪਮਾ ਤਿਹ ਕੀ ਅਪਨੇ ਮਨ ਮੈ ਫੁਨਿ ਜੋ ਪਹਿਚਾਨੀ॥
ਰੰਗਨ ਕੇ ਪਟ ਲੈ ਤਨ ਪੈ ਜੁ ਮਨੇ ਇਹ ਕੀ ਹੁਇਬੋ ਪਟਰਾਨੀ॥

(ਅਖੌਤੀ ਦਸਮ ਗ੍ਰੰਥ, ਪੰਨਾ 277)

ਕਹੈ 'ਕਬਿ ਸਯਾਮ' ਤਿਨ ਕਾਮ ਕਰਯੋ ਦੁਖੁ ਕਰਿ ਤਾਕੋ

ਫੁਨ ਫੈਲ ਰਹਯੋ ਦਸੋ ਦਿਨ ਨਾਵਰਾ।।
ਦਿਸਟਿ ਬਚਾਇ ਸਾਥ ਦਾਤਨ ਚਬਾਇ
ਸੌਂ ਤੋ ਗਯੋ ਹੈ ਪਚਾਇ ਜੈਸੇ ਖੇਲੇ ਸਾਂਗ ਬਾਵਰਾ।। ੨੨੪।।

(ਅਖੌਤੀ ਦਸਮ ਗ੍ਰੰਥ, ਪੰਨਾ 280)

ਜੈਤਸਿਰੀ ਅਰੁ ਮਾਲਸਿਰੀ ਅਉ ਪਰਜ ਸੁ ਰਾਗ ਸਿਰੀ ਠਟ ਪਾਵੈ।।
'ਸਯਾਮ ਕਹੈ' ਹਰਿ ਜੀ ਰਿਝਾ ਕੈ ਮੁਰਲੀ ਸੰਗ ਕੋਟਕ ਰਾਗ ਬਜਾਵੈ।।

(ਅਖੌਤੀ ਦਸਮ ਗ੍ਰੰਥ, ਪੰਨਾ 282)

'ਸਯਾਮ ਕਿਧੋ' ਉਪਮਾ ਤਿਹ ਕੀ ਮਨ ਮੱਧਿ ਬਿਚਾਰੁ ਕਬਿੱਤੁ ਸੁ ਜੋਰੈ।।
ਮੈਨ ਉਠਯੋ ਜਗਿ ਕੈ ਤਿਨ ਕੈ ਤਨ ਲੇਤ ਹੈ ਪੇਚ ਮਨੇ ਅਹੈ ਤੋਰੋ।।

(ਅਖੌਤੀ ਦਸਮ ਗ੍ਰੰਥ, ਪੰਨਾ 283)

ਕੈ ਕਿ ਪੜੀ ਸਿਤ ਬਾਨ ਹੁ ਤੇ ਕਿ ਕਿਧੋ ਚਤੁਰਾਨਨ ਆਪ ਬਨਾਈ।।
'ਸਯਾਮ ਕਹੈ' ਉਪਮਾ ਤਿਹ ਕੀ ਇਹ ਤੇ ਹਰਿ ਉਠਨ ਸਾਥ ਲਗਾਈ।।

(ਅਖੌਤੀ ਦਸਮ ਗ੍ਰੰਥ, ਪੰਨਾ 283)

ਸੁਤ ਨੰਦ ਬਜਾਵਤ ਹੈ ਮੁਰਲੀ ਉਪਮਾ ਤਿਹ ਕੀ 'ਕਬਿ ਸਯਾਮ' ਗਨੇ।।
ਤਿਹ ਕੀ ਧੁਨਿ ਕੋ ਸੁਨਿ ਮੋਹਿ ਰਹੇ ਮੁਨ ਰੀਝਤ ਹੈ ਸੁ ਜਨੇਰੁ ਕਨੇ।।

(ਅਖੌਤੀ ਦਸਮ ਗ੍ਰੰਥ, ਪੰਨਾ 283)

'ਸਯਾਮ ਕਹੈ' ਤਿਨ ਕੇ ਮੁਖ ਕੇ
ਪਿਖਿ ਜੋਤਿ ਕਲਾ ਸਸਿ ਕੀ ਫੁਨਿ ਹਾਰੀ।।
ਨ੍ਹਾਵਤ ਹੈ ਜਮੁਨਾ ਜਲ ਮੈ ਜਨੁ ਫੂਲ ਰਹੀ ਗ੍ਰਿਹ ਮੈ ਫੁਲਵਾਰੀ।।

(ਅਖੌਤੀ ਦਸਮ ਗ੍ਰੰਥ, ਪੰਨਾ 284)

ਮੁਖਿ ਤੇ ਉਚਰੈ ਇਹ ਭਾਂਤਿ ਸਭੈ ਇਤਨੇ ਸੁਖ ਨਾ ਹਰਿ ਧਉਲਨ ਕੇ।।
'ਕਬਿ ਸਯਾਮ' ਬਿਰਾਜਤ ਹੈ ਅਤਿ ਹੀ
ਕਿ ਬਨਯੋ ਸਰ ਸੁੰਦਰ ਕਉਲਨ ਕੇ।। ੨੪੨।।

(ਅਖੌਤੀ ਦਸਮ ਗ੍ਰੰਥ, ਪੰਨਾ 284)

ਰਸ ਹੀ ਕੀ ਬਾਤੈ ਰਸ ਗੀਤ ਹੀ ਕੇ ਪ੍ਰੇਮ ਹੂੰ ਮੈ
ਕਹੈ 'ਕਬਿ ਸਯਾਮ' ਸਾਥ ਕਾਨ੍ਹ ਜੂ ਕੇ ਖਰੀਆ।।
ਮਦਨ ਕੇ ਹਾਰਨ ਬਨਾਇਬੋ ਕੇ ਕਾਜ ਮਾਨੋ ਹਿਤ ਕੈ
ਪਰੇਵਤ ਹੈ ਮੋੜਨ ਕੀ ਲਗੀਆ।। ੨੭੦।।

(ਅਖੌਤੀ ਦਸਮ ਗ੍ਰੰਥ, ਪੰਨਾ 288)

ਕਾਨ੍ਹ ਲਗਯੋ ਕਹਨੇ ਤਿਨ ਸੋ ਹਸਿ ਕੈ 'ਕਬਿ ਸਯਾਮ' ਸਹਾਇਕ ਧੈਨਨ॥
ਮੋਹਿ ਲਯੋ ਸਭ ਹੀ ਮਨੁ ਮੋਰੋ ਸੁ ਭਉਹ ਨਚਾਇ ਤੁਮੈ ਸੰਗ ਸੈਨਨ॥
(ਅਖੌਤੀ ਦਸਮ ਗ੍ਰੰਥ, ਪੰਨਾ 288)

ਦੈਤਨ ਕੀ ਮਿਤ੍ਰ ਸਾਧ ਸੇਵਕ ਕੀ
ਬਰਤਾ ਤੂੰ ਕਹੈ 'ਕਬਿ ਸਯਾਮ' ਆਦਿ ਅੰਤ ਹੂੰ ਕੀ ਕਰਤਾ॥
ਦੀਜੈ ਬਰਦਾਨ ਮੋਹਿ ਕਰਤ ਬਿਨੰਤੀ ਤੋਹਿ
ਕਾਨ੍ਹ ਕਰ ਦੀਜੈ ਦੋਖ ਦਾਰਦ ਕੀ ਹਰਤਾ॥
(ਅਖੌਤੀ ਦਸਮ ਗ੍ਰੰਥ, ਪੰਨਾ 290)

'ਸਯਾਮ ਭਏ' ਭਗਵਾਨ ਇਨੈ ਬਸ ਦੈਤਨ ਕੇ ਜਿਹ ਤੇ ਦਲ ਹਾਰੇ॥
ਖੇਲ ਦਿਖਾਵਤ ਹੈ ਜਗ ਕੇ ਦਿਨ ਥੋਰਨ ਮੈ ਅਬ ਕੰਸ ਪਛਾਰੇ॥ ੨੯੪॥
(ਅਖੌਤੀ ਦਸਮ ਗ੍ਰੰਥ, ਪੰਨਾ 291)

ਪ੍ਰਾਤ ਭਯੋ ਚੁਹਲਾਤ ਚਿਰੀ ਜਲਜਾਤ ਖਿਰੇ ਬਨ ਗਾਇ ਛਿਰਾਨੀ॥
ਗੋਪ ਜਗੇ ਪਤਿ ਗੋਪ ਜਗਯੋ 'ਕਬਿ ਸਯਾਮ' ਜਗੀ ਅਰੁ ਗੋਪਨ ਰਾਨੀ॥
(ਅਖੌਤੀ ਦਸਮ ਗ੍ਰੰਥ, ਪੰਨਾ 291)

ਧਾਇ ਸਭੈ ਹਰਿ ਕੇ ਮਿਲਬੇ ਕਹੁ ਬਿਪੱਨ ਕੀ ਪਤਨੀ ਬਡਭਾਗਨ॥
ਚੰਦ੍ਰਮੁਖੀ ਮ੍ਰਿਗਸੇ ਦ੍ਰਿਗਨੀ 'ਕਬਿ ਸਯਾਮ' ਚਲੀ ਹਰਿ ਕੇ ਪਗ ਲਾਗਨ॥
(ਅਖੌਤੀ ਦਸਮ ਗ੍ਰੰਥ, ਪੰਨਾ 294)

'ਸਯਾਮ ਕਹੈ' ਤਿਨ ਕੌ ਬਿਰਹਾਗਨਿ ਯੌ ਭਰਕੀ ਜਿਮੁ ਤੇਲ ਸੋ ਧੂਈ॥
ਜਿਉ ਟੁਕਰਾ ਪਿਖ ਚੁੰਮਕ ਡੋਲਤ ਬੀਚ ਮਨੋ ਜਲ ਲੋਹ ਕੀ ਸੂਈ॥
(ਅਖੌਤੀ ਦਸਮ ਗ੍ਰੰਥ, ਪੰਨਾ 294)

ਫੁਨ ਖੀਰ ਦਹੀ ਅਰੁ ਦੁਧ ਕੇ ਸਾਥ ਬਰੇ ਬਹੁ ਅਉਰ ਨ ਜਾਤ ਗਨੇ॥
ਇਹ ਖਾਇ ਚਲਯੋ ਭਗਵਾਨ ਗ੍ਰਿਹੰ 'ਕਹੁ ਸਯਾਮ ਕਬੀਸੁਰ' ਭਾਵ ਭਨੇ॥
(ਅਖੌਤੀ ਦਸਮ ਗ੍ਰੰਥ, ਪੰਨਾ 296)

ਪਾਥਰ ਪੈ ਜਲ ਪੈ ਨਗ ਪੈ ਤਰ ਪੈ ਧਰ ਪੈ ਅਰ ਅਉਰ ਨਰੀ ਹੈ॥
ਦੇਵਨ ਪੈ ਅਰੁ ਦੈਤਨ ਪੈ 'ਕਬਿ ਸਯਾਮ' ਕਹੈ ਅਉ ਮੁਰਾਰ ਹਰੀ ਹੈ॥
ਕਉਤਕ ਏਕ ਬਿਚਾਰ ਜਦੁਪੱਤਿ ਸੂਰਤ ਏਕ ਧਰੀ ਗਿਰਬਾ ਕੀ॥
ਸ੍ਰਿੰਗ ਬਨਾਇ ਧਰੀ ਨਗ ਕੈ
'ਕਬਿ ਸਯਾਮ' ਕਹੈ ਜਹ ਗਮਯ ਨ ਕਾ ਕੀ॥

ਨ ਚਲੀ ਤਿਨ ਕੀ ਕਿਛੁ ਗੋਪਨ ਪੈ
'ਕਬਿ ਸਯਾਮ' ਕਹੈ ਗਜ ਜਾਹਿ ਰਥਾ॥
ਮੁਖਿ ਨਯਾਇ ਖਿਸਾਇ ਚਲਯੋ ਗ੍ਰਿਹ ਪੈ
ਇਹ ਬੀਚ ਚਲੀ ਜਗ ਕੇ ਸੁ ਕਥਾ॥ ੩੬੮॥

(ਅਖੌਤੀ ਦਸਮ ਗ੍ਰੰਥ, ਪੰਨਾ 301)

ਅਤ ਤਾ ਛਬਿ ਕੇ ਜਸ ਉਚ ਮਹਾ
'ਕਬਿ ਸਯਾਮ' ਕਿਧੋ ਇਹ ਭਾਤ ਭਣੇ॥
ਜਿਮੁ ਬੀਰ ਬਡੋ ਕਰ ਸਿੱਪਰ ਲੈ ਕਛੁ ਕੈ ਨ ਗਨੈ ਪੁਨਿ ਤੀਰ ਘਣੇ॥

(ਅਖੌਤੀ ਦਸਮ ਗ੍ਰੰਥ, ਪੰਨਾ 303)

ਸਭ ਲੋਗ ਕਹੈ ਫੁਨ ਥਾਪਤ ਯਾ 'ਕਬਿ ਸਯਾਮ' ਕਹੈ ਭਗਵਾਨ ਬਡੈ॥
ਤਿਹ ਮੋ ਛਲਹੀ ਛਿਨ ਮੈ ਇਹ ਤੇ ਜਿਨ ਕੇ ਮਨ ਮੈ ਜਰਰਾ ਕੁ ਜਡੈ॥

(ਅਖੌਤੀ ਦਸਮ ਗ੍ਰੰਥ, ਪੰਨਾ 303)

ਫੁਨ ਤਾ ਛਬਿ ਕੀ ਅਤਿ ਹੀ
ਉਪਮਾ 'ਕਬਿ ਸਯਾਮ' ਕਿਧੋ ਇਹ ਭਾਂਤ ਭਨੀ॥
ਪਛੁਤਾਇ ਗਯੋ ਪਤ ਲੋਕਨ ਕੋ ਜਿਮ ਲੂਟ ਲਏ ਅਹਿ ਸੀਸ ਮਨੀ॥

(ਅਖੌਤੀ ਦਸਮ ਗ੍ਰੰਥ, ਪੰਨਾ 304)

ਭਿਲਰਾ ਡਰ ਨੈਨ ਕੇ ਸੈਨਨ ਕੋ ਸਭ ਗੋਪਨ ਕੋ ਮਨ ਚੋਰ ਲੀਯਾ॥
'ਕਬਿ ਸਯਾਮ' ਕਹੈ ਭਗਵਾਨ ਕਿਧੋ ਰਸ ਕਾਰਨ ਕੋ ਠਗ ਬੇਸ ਕੀਯਾ॥

(ਅਖੌਤੀ ਦਸਮ ਗ੍ਰੰਥ, ਪੰਨਾ 311)

ਉਇ ਭਲਾ ਹੋ ਜਾਵੇ ਤੁਹਾਡਾ ਦਸਮ ਗ੍ਰੰਥੀਓ ! ਜਿੰਨੀ ਵਾਰ ਇਹ 'ਕਬਿ ਸਯਾਮ' ਦਾ ਨਾਮ ਇਸ 'ਕਾਲੀ ਕਿਤਾਬ' ਨੂੰ ਪੜ੍ਹਣ ਵਾਲੇ ਲੈਂਦੇ ਹਨ, ਐਨੀ ਵਾਰ ਜੇ ਕੋਈ 'ਕਰਤਾਰ' ਦਾ ਨਾਮ ਲੈ ਲਵੇ ਤਾਂ ਉਹ ਤਰ ਜਾਵੇ। ਇਨ੍ਹਾਂ ਬੰਦ ਅੱਖਾਂ ਵਾਲੇ ਦਸਮ ਗ੍ਰੰਥੀਆਂ ਨੂੰ ਐਨੀ ਵਾਰ ਲਿਖਿਆ ਸਯਾਮ ਕਵੀ ਦਾ ਨਾਂ ਨਜ਼ਰ ਕਿਉਂ ਨਹੀਂ ਆਉਂਦਾ ?

ਹਾਲੇ ਇਸ ਕੂੜ ਕਿਤਾਬ ਦੇ ਸਿਰਫ਼ 300 ਪੰਨਿਆਂ ਨੂੰ ਹੀ ਅਸੀਂ ਵੇਖਿਆ ਹੈ। 'ਕਬਿ ਸਯਾਮ' ਦਾ ਨਾਂ ਲਿਖਦੇ-ਲਿਖਦੇ ਮੇਰੀ ਧੌਣ ਅਕੜ ਗਈ ਹੈ। ਲੇਕਿਨ ਫਿਰ ਵੀ ਮੈਂ ਆਪਣੇ ਵੀਰਾਂ ਨੂੰ ਇਹ ਦੱਸ ਕੇ ਰਹਾਂਗਾ ਕਿ ਇਸ ਕਿਤਾਬ ਦਾ ਇੱਕ ਬਹੁਤ ਵੱਡਾ ਹਿੱਸਾ 'ਸਯਾਮ ਕਵੀ' ਦਾ ਲਿਖਿਆ ਹੋਇਆ

ਹੈ। ਜਦੋਂ ਤਕ ਮੈਂ ਥੱਕ ਨਹੀਂ ਜਾਂਦਾ ਤਾਂ ਤਕ ਇਸ ਲੇਖ ਵਿੱਚ 'ਸਯਾਮ ਕਵੀ' ਦੇ ਨਾਮ ਦੇ ਪ੍ਰਮਾਣ ਦਿੰਦਾ ਜਾਵਾਂਗਾ। ਮੈਂ ਨਹੀਂ, ਬਲਕਿ ਸਯਾਮ ਕਵੀ ਹੀ ਇਸ ਗੱਲ ਦੀ ਪ੍ਰੌੜ੍ਹਤਾ ਕਰੇਗਾ ਕਿ, ਇਹ ਕਵਿਤਾ ਉਸੇ (ਸਯਾਮ ਕਵੀ) ਦੀ ਲਿਖੀ ਹੋਈ ਹੈ। ਕਵੀ ਸਯਾਮ ਨੇ ਬੜੀ ਮਿਹਨਤ ਨਾਲ ਇਹ ਕਵਿਤਾ ਆਪਣੇ ਲਈ ਲਿਖੀ ਸੀ। ਪਰ ਸਾਡੇ ਧਰਮ 'ਤੇ ਕਾਬਜ਼ ਮੀਣਿਆਂ, ਮਸੰਦਾਂ ਅਤੇ ਮਹੰਤਾਂ ਨੇ ਇਸ ਨੂੰ ਚੁਰਾ ਕੇ ਸਾਡੇ ਮੱਥੇ 'ਤੇ ਮੜ੍ਹ ਦਿੱਤਾ।

ਹਰਿ ਕੋ ਪੁਨ ਸੁੱਧ ਸੁ ਆਨਨ ਪੇਖਿ ਕਿਧੌ ਤਿਨ ਕੀ ਠਗ ਡੀਠ ਲਗੀ।।
ਭਗਵਾਨ ਪ੍ਰਸੰਨ ਭਯੋ ਪਿਖ ਕੈ 'ਕਬਿ ਸਯਾਮ' ਮਨੋ ਮ੍ਰਿਗ ਦੇਖ ਮ੍ਰਿਗੀ।।

(ਅਖੌਤੀ ਦਸਮ ਗ੍ਰੰਥ, ਪੰਨਾ 311)

ਕਾਨ੍ਹ ਕੋ ਰੂਪ ਨਿਹਾਰ ਸਭੈ ਗੁਪੀਆ 'ਕਬਿ ਸਯਾਮ' ਭਈ ਇਕ ਰੰਙੋ
ਹੋਇ ਗਈ ਤਨ ਮੈ ਸਭ ਹੀ ਇਕ ਰੰਗ ਮਨੋ ਸਭ ਛੋਡ ਕੈ ਸੰਙਾ।।

(ਅਖੌਤੀ ਦਸਮ ਗ੍ਰੰਥ, ਪੰਨਾ 312)

ਠਗਨੀਸੂਰ ਹ੍ਵੈ 'ਕਬਿ ਸਯਾਮ' ਕਹੈ ਇਨ ਅੰਤਰ ਕੀ ਸਭ ਮੱਤ ਲੁਟੀ।।
ਮ੍ਰਿਗਨੀ ਸਮ ਹ੍ਵੈ ਚਲਤਯੋ ਇਨ ਕੇ ਮਗ ਲਾਜ ਕੀ ਬੇਲ ਤਰਾਕ ਟੁਟੀ।।

(ਅਖੌਤੀ ਦਸਮ ਗ੍ਰੰਥ, ਪੰਨਾ 313)

ਆਜ ਭਯੋ ਝੜ ਹੈ ਜਮਨਾ ਤਟ ਖੇਲਨ ਕੀ ਅਬ ਘਾਤ ਬਣੀ।।
ਤਜ ਕੈ ਡਰੁ ਖੇਲ ਕਰੈ ਹਮ ਸੋ
'ਕਬਿ ਸਯਾਮ' ਕਹਯੋ ਹਸਿ ਕਾਨ੍ਹ ਅਣੀ।।

(ਅਖੌਤੀ ਦਸਮ ਗ੍ਰੰਥ, ਪੰਨਾ 313)

ਹਸਿ ਕੈ ਸੁ ਕਹੀ ਬਤੀਆ ਤਿਨ ਸਲੂ
'ਕਬਿ ਸਯਾਮ' ਕਹੈ ਹਰਿ ਜੋ ਰਸ ਰਾਤੋ।।
ਨੈਨ ਮ੍ਰਿਗੀਪਤਿ ਸੇ ਹਿਤ ਕੇ
ਇਮ ਚਾਲ ਚਲੈ ਜਿਮ ਗਈਯਰ ਮਾਤੋ।।

(ਅਖੌਤੀ ਦਸਮ ਗ੍ਰੰਥ, ਪੰਨਾ 313)

ਸੋ ਤਿਹ ਕੀ ਤਿਹੁ ਲੋਗਨ ਮੱਧ ਕਹੈ 'ਕਬਿ ਸਯਾਮ' ਚਲੈ ਜੈਸੇ ਗਾਥਾ।।
ਸੋ ਬ੍ਰਿਜ ਭੂਮ ਬਿਖੈ ਰਸ ਕੇ ਹਿਤ ਖੇਲਤ ਹੈ ਫੁਨ ਗੋਪਨ ਸਾਥਾ।।

(ਅਖੌਤੀ ਦਸਮ ਗ੍ਰੰਥ, ਪੰਨਾ 313)

ਜਿਹ ਕੀ ਜਗ ਬੀਚ ਪ੍ਰਸਿੱਧ ਕਲਾ

'ਕਬਿ ਸਯਾਮ' ਕਹੈ ਕਛੁ ਨਾਹਿ ਛਪੀ॥
ਤਿਹ ਸੰਗ ਕਰੈ ਰਸ ਕੀ ਚਰਚਾ
ਜਿਨਹੂ ਤਿਰੀਯਾ ਫੁਨ ਚੰਡ ਜਪੀ॥

(ਅਖੌਤੀ ਦਸਮ ਗ੍ਰੰਥ, ਪੰਨਾ 314)

ਹਰਿ ਜੀ ਕਰਿ ਖੇਲ ਕਿਧੌ ਇਨਸੋ ਜਨੁ ਕਾਮ ਜਰੀ ਇਹ ਕੀ ਨ ਜਰੀ॥
'ਕਬਿ ਸਯਾਮ' ਕਹੈ ਪਿਖਵੋ ਤੁਮ ਕੌਤਕ ਕਾਨ ਹਰਯੋ ਕਿ ਹਰੀ ਸੁ ਹਰੀ॥

(ਅਖੌਤੀ ਦਸਮ ਗ੍ਰੰਥ, ਪੰਨਾ 315)

ਸਾਮੁਹਿ ਧਾਇ ਚਲੀ ਹਰਿ ਕੇ ਉਪਮਾ ਤਿਹਕੀ 'ਕਬਿ ਸਯਾਮ' ਕਹੀ ਹੈ॥
ਮਾਨਹੁ ਪੇਖ ਸਮਸਨ ਕੇ ਮੁਖ ਧਾਹਿ ਚਲੀ ਮਿਲਿ ਜੂਥ ਅਹੀ ਹੈ॥

(ਅਖੌਤੀ ਦਸਮ ਗ੍ਰੰਥ, ਪੰਨਾ 315)

ਗੋਪਿਨ ਕੀ ਜਬ ਯੌ ਗਤ ਭੀ ਤਬ ਤਾ ਛਬਿਕੋ 'ਕਬਿ ਸਯਾਮ' ਕਹੱਯਾ॥
ਜਿਉ ਸੰਗ ਮੀਨਨ ਕੇ ਲਰ ਕੈ ਤਿਨ ਤਯਾਗ ਸਭੋ ਮਨ ਬਾਰਧ ਰੱਯਾ॥

(ਅਖੌਤੀ ਦਸਮ ਗ੍ਰੰਥ, ਪੰਨਾ 316)

ਚੰਪਕ ਮਉਲਸਿਰੀ ਬਟ ਤਾਲ ਲਵੰਗ ਲਤਾ ਕਚਨਾਰ ਸੁਹਾਈ॥
ਬਾਰ ਝਰੈ ਝਰਨਾ ਗਿਰ ਤੇ 'ਕਬਿ ਸਯਾਮ ਕਹੈ' ਅਤਿ ਹੀ ਸੁਖਦਾਈ॥

(ਅਖੌਤੀ ਦਸਮ ਗ੍ਰੰਥ, ਪੰਨਾ 316)

ਜਾਹਿ ਭਭੀਛਨ ਲੰਕ ਦਈ ਅਰੁ ਦੈਤਨ ਕੇ ਕੁਪਿ ਕੈ ਗਨ ਮਾਰੇ॥
ਪੈ ਤਿਨਹੂ 'ਕਬਿ ਸਯਾਮ ਕਹੈ' ਸਭ ਸਾਧਨ ਰਾਖ ਅਸਾਧ ਸੰਘਾਰੇ॥

(ਅਖੌਤੀ ਦਸਮ ਗ੍ਰੰਥ, ਪੰਨਾ 317)

ਕਾਨ੍ਹ ਚਰਿਤ੍ਰ ਸਭੈ ਕਰਕੇ ਗ੍ਵਾਰਨ ਫੇਰ ਲਗੀ ਗੁਨ ਗਾਵਨ॥
ਤਾਲ ਬਜਾਇ ਬਜਾ ਮੁਰਲੀ 'ਕਬਿ ਸਯਾਮ ਕਹੈ' ਅਤਿਹੀ ਕਰਿ ਭਾਵਨ॥

(ਅਖੌਤੀ ਦਸਮ ਗ੍ਰੰਥ, ਪੰਨਾ 318)

ਕੈ ਕਹੂੰ ਤੰਤ੍ਰ ਕੇ ਸਾਧ ਕਿਧੋ 'ਕਬਿ ਸਯਾਮ ਕਹੈ' ਅਤਿਹੀ ਕਰਿ ਘਾਧੋ॥
ਚੋਰ ਲਯੋ ਮਨੁ ਗ੍ਵਾਰਨ ਕੋ ਛਿਨ ਭੀਤਰ ਦੀਨ ਦਯਾਨਿਧਿ ਮਾਧੋ॥

(ਅਖੌਤੀ ਦਸਮ ਗ੍ਰੰਥ, ਪੰਨਾ 319)

ਗੋਪਿਨ ਸਾਥ ਕ੍ਰਿਪਾ ਕਰਿ ਕੈ 'ਕਬਿ ਸਯਾਮ' ਕਹਯੋ ਮੁਸਲੀਧਰ ਭੱਈਯੈ॥
ਜਾ ਸੰਗ ਹੇਤ ਮਹਾ ਕਰੀਯੈ ਬਿਨ ਦਾਮਨ ਤਾਹੀ ਕੇ ਹਾਥ ਬਿਕੱਈਯੈ॥

(ਅਖੌਤੀ ਦਸਮ ਗ੍ਰੰਥ, ਪੰਨਾ 321)

ਗਾਵਤ ਏਕ ਬਜਾਵਤ ਤਾਲ ਸਭੈ ਬ੍ਰਿਜ ਨਾਰ ਮਹਾ ਹਿਤ ਸੌ॥

ਭਗਵਾਨ ਕੋ ਮਾਨ ਕਹਯੋ ਤਬ ਹੀ
'ਕਬਿ ਸਯਾਮ ਕਹੈ' ਲਤਿ ਹੀ ਚਿਤ ਸੌ।।
(ਅਖੌਤੀ ਦਸਮ ਗ੍ਰੰਥ, ਪੰਨਾ 321)

ਜੋ ਰਿਪ ਪੈ ਮਗ ਜਾਤ ਚਲਯੋ ਸੁਨ ਕੈ ਉਪਮਾ ਚਲਿ ਦੇਖਤ ਉਹੂ।।
ਅਵ੍ਰ ਕੀ ਬਾਤ ਕਹਾ 'ਕਹੀਯੋ ਕਬਿ ਸਯਾਮ' ਸੁਰਾਦਿਕ ਰੀਝਤ ਸੋਊ।।
(ਅਖੌਤੀ ਦਸਮ ਗ੍ਰੰਥ, ਪੰਨਾ 321)

ਚਾਂਦਨੀ ਸੁੰਦਰ ਰਾਤ ਬਿਖੈ 'ਕਬਿ ਸਯਾਮ' ਕਹੈ ਸੁ ਬਿਖੈ ਰੁਤ ਸਾਵਨ।।
ਗ੍ਵਾਰਨੀਯਾ ਤਜਿ ਕੇ ਪੁਰ ਕੋ ਮਿਲਿ ਖੇਲਿ ਕਰੈ ਰਸ ਨੀਕਨਿ ਠਾਵਨ।।
(ਅਖੌਤੀ ਦਸਮ ਗ੍ਰੰਥ, ਪੰਨਾ 321)

ਦਰ ਠਵ੍ਰ ਬਿਖੈ 'ਕਬਿ ਸਯਾਮ ਕਹੈ' ਮਿਲਿ ਗ੍ਵਾਰਨ ਖੇਲ ਕਰਯੋ ਹੈ।।
ਮਾਨਹੁ ਆਪਹੁ ਹੀ ਤੇ ਬ੍ਰਹਮਾ ਸੁਰ ਮੰਡਲ ਸੁੱਧਿ ਬਨਾਇ ਧਰਯੋ ਹੈ।।
(ਅਖੌਤੀ ਦਸਮ ਗ੍ਰੰਥ, ਪੰਨਾ 321)

ਇਤ ਤੇ ਨੰਦਲਾਲ ਸਖਾ ਲੀਏ ਸੰਗ ਉਤੈ ਫੁਨ ਗ੍ਵਾਰਨ ਜੂਥ ਸਬੈ।।
ਬਹਸਾ ਬਹਸੀ ਤਹ ਹੋਨ ਲਗੀ ਰਸ ਬਾਤਨ ਸੋ 'ਕਬਿ ਸਯਾਮ' ਤਬੈ।।
(ਅਖੌਤੀ ਦਸਮ ਗ੍ਰੰਥ, ਪੰਨਾ 322)

ਰਸ ਕੀ ਚਰਚਾ ਤਿਨ ਸੋ ਪਗਵਾਨ ਕਰੀ ਹਿਤ ਸੋਲ ਕਛੂ ਕਮ ਕੈ।।
ਇਹ ਭਾਂਤਿ ਕਹਯੋ 'ਕਬਿ ਸਯਾਮ ਕਹੈ'
ਤੁਮਰੇ ਮਹਿ ਖੇਲ ਬਨਿਉ ਹਮ ਕੈ।।
(ਅਖੌਤੀ ਦਸਮ ਗ੍ਰੰਥ, ਪੰਨਾ 322)

ਖੇਲਤ ਗ੍ਵਾਰਨ ਮਧ ਸੋਊ 'ਕਬਿ ਸਯਾਮ' ਕੇ ਹੈ ਹਰਿ ਜੂ ਛਬਿ ਵਾਰੋ।।
ਖੇਲਤ ਹੈ ਸੋਊ ਮੈਨ ਭਰੀ ਇਨਹੂੰ ਪਰ ਮਾਨਹੁ ਚੇਟਕ ਡਾਰੋ।।
(ਅਖੌਤੀ ਦਸਮ ਗ੍ਰੰਥ, ਪੰਨਾ 323)

'ਕਬਿ ਸਯਾਮ', 'ਕਬਿ ਸਯਾਮ' ਲਿਖ-ਲਿਖ ਕੇ, ਪੜ੍ਹ-ਪੜ੍ਹ ਕੇ ਅੰਖਾਂ ਤੇ ਦਿਮਾਗ ਥੱਕ ਚੁਕਾ ਹੈ। ਪਰ ਬਹੁਤ ਹੈਰਾਨੀ ਦੀ ਗੱਲ ਹੈ ਕਿ ਇਨ੍ਹਾਂ ਦਸਮ ਗ੍ਰੰਥੀਆਂ ਨੂੰ 'ਸਯਾਮ ਕਵੀ' ਦਾ ਨਾਮ ਇੱਕ ਵਾਰ ਵੀ ਨਜ਼ਰ ਨਹੀਂ ਆਉਂਦਾ ? ਕਿਸੇ-ਕਿਸੇ ਥਾਂ 'ਤੇ ਤਾਂ ਇਸ ਕਵੀ ਦਾ ਨਾਂ ਇੱਕ ਪੰਨੇ ਉੱਤੇ 5-6 ਵਾਰ ਆਉਂਦਾ ਹੈ (ਵੇਖੋ ਪੰਨਾ 321)। ਪਰ ਫਿਰ ਵੀ ਇਸਨੂੰ 'ਦਸਮ ਬਾਣੀ' ਕਹਿਣ ਵਾਲਿਆਂ ਨੂੰ ਸ਼ਰਮ ਨਹੀਂ ਆਉਂਦੀ। ਤੁਸੀਂ ਪੂਰਾ ਗ੍ਰੰਥ ਆਪ ਪੜ੍ਹ ਕੇ ਵੇਖ

ਸਕਦੇ ਹੋ। ਇਥੇ ਸਿਰਫ਼ ਟੂਕ ਮਾਤਰ ਇੱਕ-ਇੱਕ ਪੰਗਤੀ ਦਾ ਹਵਾਲਾ ਦਿੱਤਾ ਜਾ ਰਿਹਾ ਹੈ ਜਿਸ ਵਿੱਚ 'ਸਯਾਮ ਕਵੀ' ਦਾ ਨਾਮ ਆਇਆ ਹੈ।

ਰਸ ਕਾਰਨ ਕੋ ਭਗਵਾਨ ਤਹਾ 'ਕਬਿ ਸਯਾਮ' ਕਹੈ ਰਸ ਖੇਲ ਕਰਯੋ॥
ਮਨ ਯੌ ਉਪਜੀ ਉਪਮਾ ਹਰਿ ਜੂ ਇਨ ਪੈ ਜਨ ਚੇਟਕ ਮੰਤ੍ਰ ਡਰਾਯੋ॥

(ਅਖੌਤੀ ਦਸਮ ਗ੍ਰੰਥ, ਪੰਨਾ 323)

ਸੰਗ ਗ੍ਵਾਰਨ ਕਾਨ੍ਹ ਕਹੀ ਹਸਿ ਕੈ 'ਕਬਿ ਸਯਾਮ ਕਹੈ' ਅਧ ਰਾਤ ਸਮੈ॥
ਹਮਹੂੰ ਤੁਮਹੂੰ ਤਜਿ ਕੈ ਸਭ ਖੇਲ ਸਭੈ ਮਿਲ ਕੈ ਹਮ ਧਾਮ ਰਮੈ॥

(ਅਖੌਤੀ ਦਸਮ ਗ੍ਰੰਥ, ਪੰਨਾ 323)

ਰਾਸ ਕਥਾ 'ਕਬਿ ਸਯਾਮ ਕਹੈ' ਸੁਨ ਕੈ ਬ੍ਰਿਖ ਭਾਨ ਸੁਤਾ ਸੋਊ ਧਾਈ॥
ਜਾ ਮੁਖ ਸੁੱਧ ਨਿਸਾਪਤਿ ਸੋ ਜਿਹ ਕੇ ਤਨ ਕੰਚਨ ਸੀ ਛਬਿ ਛਾਈ॥

(ਅਖੌਤੀ ਦਸਮ ਗ੍ਰੰਥ, ਪੰਨਾ 323)

ਮੋਤਿਨ ਹਾਰ ਗਰੇ ਡਾਰ ਰੁਚ ਸੋ ਸੁਧਾਰ ਕਾਨ੍ਹ ਜੂ ਪੈ ਓਲੀ
'ਕਬਿ ਸਯਾਮ' ਰਸ ਕੇ ਲਈ॥
ਸੇ ਤੈ ਸਾਜ ਸਾਜ ਚਲੀ ਸਾਵਰੇ ਕੀ ਪ੍ਰੀਤ ਕਾਜ
ਚਾਂਦਨੀ ਮੈ ਰਾਧਾ ਮਾਨੋ ਚਾਂਦਨੀ ਸੀ ਹ੍ਵੈ ਗਈ॥ ੫੩੮॥

(ਅਖੌਤੀ ਦਸਮ ਗ੍ਰੰਥ, ਪੰਨਾ 324)

ਹਰਿ ਕੇ ਪਗ ਭੇਟਨ ਕਾਜ ਚਲੀ 'ਕਬਿ ਸਯਾਮ ਕਹੈ' ਸੰਗ ਰਾਧੇ ਅਲੀ॥
ਜਨੁ ਜੋਤ ਤਰੀਯਨ ਗ੍ਵਾਰਨ ਤੇ ਇਹ ਚੰਦ ਕੀ ਚਾਂਦਨੀ ਬਾਲ ਭਲੀ॥

(ਅਖੌਤੀ ਦਸਮ ਗ੍ਰੰਥ, ਪੰਨਾ 324)

ਰਾਸ ਮੈ ਖੇਲਨ ਕਾਜ ਚਲੀ ਸਜਿ ਸਾਜ ਸਭੈ 'ਕਬਿ ਸਯਾਮ' ਨਟੀ ਹੈ॥
ਸੁੰਦਰ ਗ੍ਵਾਰਨ ਕੈ ਘਨ ਮੈ ਮਨੋ ਰਾਧਕਾ ਚੰਦ੍ਰਕਲਾ ਪ੍ਰਗਟੀ ਹੈ॥

(ਅਖੌਤੀ ਦਸਮ ਗ੍ਰੰਥ, ਪੰਨਾ 324)

ਕਾਨ੍ਹ ਕੇ ਪੂਜਨ ਪਾਇ ਚਲੀ ਬ੍ਰਿਖਭਾਨ ਸੁਤਾ ਸਭ ਸਾਜ ਸਜੈ॥
ਜਿਹ ਕੋ ਪਿਖ ਕੈ ਮਨ ਮੋਹਿ ਰਹੈ 'ਕਬਿ ਸਯਾਮ ਕਹੈ' ਦੁਤਿ ਸੀਸ ਰਜੈ॥

(ਅਖੌਤੀ ਦਸਮ ਗ੍ਰੰਥ, ਪੰਨਾ 324)

ਹਸਿ ਬਾਤ ਕਹੀ ਸੰਗ ਗੋਪਿਨ ਕੇ 'ਕਬਿ ਸਯਾਮ ਕਹੈ' ਬ੍ਰਿਖਭਾਨ ਜਈ॥
ਮਨੋ ਆਪ ਹੀ ਤੇ ਬ੍ਰਹਮਾ ਸੁ ਰਚੀ ਰੁਚ ਸੋ ਇਹ ਰੂਪ ਅਨੂਪ ਮਈ॥

(ਅਖੌਤੀ ਦਸਮ ਗ੍ਰੰਥ, ਪੰਨਾ 325)

ਤਾਕੀ ਪ੍ਰਭਾ 'ਕਬਿ ਸਯਾਮ ਕਹੈ' ਉਪਜੀ ਹੈ ਜੋਊ ਅਪਨੇ ਮਨੂਆ ਸੋ।।
ਗ੍ਵਾਰਨ ਜੋਤ ਤਰੱਈਯਨ ਕੀ ਛਪਰੀ ਦੁਤ ਰਾਧਿਕਾ ਚੰਦ੍ਰਕਲਾ ਸੋ।।

(ਅਖੌਤੀ ਦਸਮ ਗ੍ਰੰਥ, ਪੰਨਾ 325)

ਰਾਸਹਿ ਕੀ ਰਚਨਾ ਭਗਵਾਨ 'ਕਹੈ ਕਬਿ ਸਯਾਮ' ਬਚਿਤ੍ਰ ਕਰੀ ਹੈ।।
ਰਾਜਤ ਹੈਂ ਤਰਏ ਜਮੁਨਾ ਅਤਿ ਹੀ ਤਹ ਚਾਂਦਨੀ ਚੰਦ ਕਰੀ ਹੈ।।

(ਅਖੌਤੀ ਦਸਮ ਗ੍ਰੰਥ, ਪੰਨਾ 326)

ਭੂਖਨ ਅੰਗ ਸਭੈ ਸਜਿ ਸੁੰਦਰ ਆਂਖਨ ਭੀਤਰ ਕਾਜਰ ਦੀਨੋ।।
ਤਾਹੀ ਸੁ ਤੇ 'ਕਬਿ ਸਯਾਮ ਕਹੈ' ਭਗਵਾਨ ਕੋ ਚਿੱਤ ਚੁਰਾਇ ਕੈ ਲੀਨੋ।।

(ਅਖੌਤੀ ਦਸਮ ਗ੍ਰੰਥ, ਪੰਨਾ 326)

ਚੰਦ ਕੀ ਚਾਂਦਨੀ ਮੈ 'ਕਬਿ ਸਯਾਮ' ਜਬੈ ਹਰਿ ਖੇਲਨਿ ਰਾਸ ਲਗਯੋ ਹੈ।।
ਰਾਧੇ ਕੋ ਆਨਨ ਸੁੰਦਰ ਪੇਖਿ ਕੈ ਚਾਂਦ ਸੋ ਤਾਹੀ ਕੇ ਬੀਚ ਪਗਯੋ ਹੈ।।

(ਅਖੌਤੀ ਦਸਮ ਗ੍ਰੰਥ, ਪੰਨਾ 326)

ਹੁਣ ਬਹੁਤ ਹੋ ਗਿਆ ਵੀਰੋ। ਅਜੇ ਸਿਰਫ਼ 326 ਪੰਨੇ 'ਤੇ ਹੀ ਪਹੁੰਚੇ ਹਾਂ। ਅੱਕ ਕੇ, ਥੱਕ ਕੇ ਇਸ ਕਿਤਾਬ ਦੇ 75 ਕੁ ਪੰਨੇ ਥੁੱਲ ਕੇ ਅੱਗੇ ਚਲਦੇ ਹਾਂ। ਅੱਗੇ ਫਿਰ ਆ ਜਾਂਦਾ ਹੈ 'ਕਬਿ ਸਯਾਮ'।

ਤਾ ਛਬਿ ਕੀ ਉਪਮਾ 'ਕਬਿ ਸਯਾਮ' ਕਹੈ ਮਨ ਮੈ ਸੁ ਬਿਚਾਰ ਉਚਾਰੇ।।
ਮਾਨਹੁ ਇੰਦ੍ਰ ਕੇ ਆਗਮ ਤੇ ਡਰ ਭੂ ਧਰ ਕੈ ਧਰ ਪੰਖ ਪਧਾਰੇ।।

(ਅਖੌਤੀ ਦਸਮ ਗ੍ਰੰਥ, ਪੰਨਾ 403)

ਯੌ ਸੁਨਕੈ ਤਿਨਕੇ ਮੁਖ ਤੇ ਗਜਿ ਸਿੰਘ ਬਲੀ ਅਤ ਕੋਪ ਭਰਯੋ।।
'ਕਬਿ ਸਯਾਮ' ਨਿਹਾਰ ਕੈ ਰਾਮ ਕੀ ਉਰ ਧਵਾਇ
ਤਹਾਂ ਰਥ ਜਇ ਪਰਯੋ।।

(ਅਖੌਤੀ ਦਸਮ ਗ੍ਰੰਥ, ਪੰਨਾ 403)

ਜਾਹੁ ਕਹਾਂ ਬਲਭਦ੍ਰ ਅਬੈ 'ਕਬਿ ਸਯਾਮ' ਕਹੈ ਇਹ ਭਾਂਤ ਉਚਾਰਯੋ।।
ਸੋ ਬਰ ਕੈ ਕਰ ਕੋ ਤਨ ਕੋ ਜਦੁਬੀਰ ਕੇ ਭ੍ਰਾਤ ਕੇ ਊਪਰਿ ਡਾਰਯੋ।।

(ਅਖੌਤੀ ਦਸਮ ਗ੍ਰੰਥ, ਪੰਨਾ 405)

'ਕਬਿ ਸਯਾਮ' ਦੀਆਂ ਰਚਨਾਵਾਂ ਤਾਂ ਖ਼ਤਮ ਹੋਣ ਦਾ ਨਾਂ ਹੀ ਨਹੀਂ ਲੈ ਰਹੀਆਂ। ਕਰੀਬ 100 ਕੁ ਪੰਨੇ ਹੋਰ ਅੱਗੇ ਵੱਧਦੇ ਹਾਂ ਪਰ ਇਥੇ ਫਿਰ ਆ ਜਾਂਦਾ ਹੈ 'ਕਬਿ ਸਯਾਮ'।

ਫਿਰ ਅਉਰ ਹਨੇ ਬਲਵੰਡ ਘਨੇ 'ਕਬਿ ਸਯਾਮ ਕਹੈ' ਚਿਤ ਮੈ ਚਰਿ ਕੈ॥
ਫਿਰ ਆਇ ਭਿਰਯੋ ਰੁਕਮੀ ਸੰਗ ਯੌ
ਤੁਹਿ ਮਾਰਤ ਹਉ ਮੁਖ ਤੇ ਕਹਿ ਕੈ॥

(ਅਖੌਤੀ ਦਸਮ ਗ੍ਰੰਥ, ਪੰਨਾ 529)

ਧਾਵਤ ਭਯੋ ਰੁਕਮੀ ਪੈ ਹਲੀ 'ਕਬਿ ਸਯਾਮ ਕਹੈ' ਚਿਤ ਰੋਸ ਬਢੈ ਕੈ॥
ਰੋਮ ਖਰੇ ਕਰਿ ਕੈ ਅਪਨੇ ਪੁਨ ਅਉਰ ਪ੍ਰਚੰਡ ਗਦਾ ਕਰਿ ਲੈ ਕੈ॥

(ਅਖੌਤੀ ਦਸਮ ਗ੍ਰੰਥ, ਪੰਨਾ 529)

ਤਉ ਹੀ ਸੰਭਾਰ ਗਦਾ ਅਪਨੀ ਅਰੁ ਚਿੱਤ ਬਿਖੈ ਅਤਿ ਰੋਸ ਬਢਾਯੋ॥
'ਸਯਾਮ ਭਨੈ' ਤਿਹ ਬੀਰ ਤਬੈ ਸੁ ਗਦਾ ਕੋ ਗਦਾ ਸੰਗਿ ਘਾਇ ਬਚਾਯੋ॥

(ਅਖ੍ਤੀ ਦਸਮ ਗ੍ਰੰਥ, ਪੰਨਾ 529)

'ਸਯਾਮ ਭਨੈ' ਅਰਿ ਕੋ ਜਬ ਹੀ
ਇਹ ਆਵਤ ਘਾਇ ਕੋ ਬੀਚ ਨਿਵਾਰਯੋ॥
ਤਉ ਬਲਭਦ੍ਰ ਮਹਾਂ ਰਿਸ ਠਾਨ ਸੁ ਅਉਰ ਗਦਾ ਹੂ ਕੋ ਘਾਉ ਪ੍ਰਹਾਰਯੋ॥

(ਅਖੌਤੀ ਦਸਮ ਗ੍ਰੰਥ, ਪੰਨਾ 530)

ਇਹ ਤਾਂ ਹਦ ਹੀ ਹੋ ਗਈ, 'ਸਯਾਮ ਕਵੀ' ਦੀਆਂ ਰਚਨਾਵਾਂ ਤਾਂ ਖ਼ਤਮ ਹੋਣ ਦਾ ਨਾਂ ਹੀ ਨਹੀਂ ਲੈ ਰਹੀਆਂ।

ਜਾ ਭਟ ਆਹਵ ਮੈ 'ਕਬਿ ਸਯਾਮ ਕਹੈ' ਭਗਵਾਨ ਸੋ ਜੁੱਧੁ ਮਚਾਯੋ॥
ਤਾ ਹੀ ਕੌਂ ਏਕ ਹੀ ਬਾਨ ਸੋ ਸਯਾਮ ਧਰਾ ਪਰਕੈ ਬਿਨ ਪ੍ਰਾਨ ਗਿਰਾਯੋ॥

(ਅਖੌਤੀ ਦਸਮ ਗ੍ਰੰਥ, ਪੰਨਾ 534)

ਜੋ ਧਨੁ ਬਾਨ ਸੰਭਾਰ ਬਲੀ ਕੋਊ ਅਉ ਇਹਕੇ ਰਿਸ ਊਪਰ ਆਯੋ॥
ਸੋ 'ਕਬਿ ਸਯਾਮ' ਭਨੇ ਅਪਨੈ ਗ੍ਰਹਿਕਉ ਫਿਰ ਜੀਵਤ ਜਾਨ ਨ ਪਾਯੋ॥

(ਅਖੌਤੀ ਦਸਮ ਗ੍ਰੰਥ, ਪੰਨਾ 534)

ਅਉਰ ਹਨੇ ਬਲਵੰਡ ਘਨੇ 'ਕਬਿ ਸਯਾਮ ਭਨੈ' ਠਤਿ ਪਉਰਖ ਕੈ ਕੈ॥
ਛੋਰਿ ਦਯੋ ਤਿਹ ਭੂਪਤ ਕਉ ਰਨ ਮੈ ਤਿਹ ਕੀ ਸੁ ਭੁਜਾ ਫੁਨ ਦ੍ਵੈ ਕੈ॥

(ਅਖੌਤੀ ਦਸਮ ਗ੍ਰੰਥ, ਪੰਨਾ 535)

ਸ੍ਰੀ ਬ੍ਰਿਜਨਾਇਕ ਪੈ ਤਬ ਹੀ 'ਕਬਿ ਸਯਾਮ ਕਹੈ' ਚਲਿ ਦੇਵਕੀ ਆਈ॥
ਚਉਦਹ ਲੋਕਨ ਕੇ ਕਰਤਾ ਤੁਮ ਸਤਿ ਇਹੈ ਮਨ ਮੈ ਠਹਰਾਈ॥

(ਅਖੌਤੀ ਦਸਮ ਗ੍ਰੰਥ, ਪੰਨਾ 536)

ਮੇਰੇ ਸੁਹਿਰਦ ਵੀਰੋ ! ਇਸ ਪੂਰੇ ਗ੍ਰੰਥ ਦਾ ਇੱਕ ਬਹੁਤ ਵੱਡਾ ਹਿੱਸਾ ਇਸ 'ਸਯਾਮ ਕਵੀ' ਦਾ ਹੀ ਲਿਖਿਆ ਹੋਇਆ ਹੈ। ਇਸ ਪੂਰੀ ਕਿਤਾਬ ਵਿੱਚ ਇਹ ਕਵੀ ਆਪਣੀਆਂ ਕਵਿਤਾਵਾਂ ਵਿੱਚ ਥਾਂ-ਥਾਂ 'ਤੇ ਆਪਣਾ ਨਾਂ ਲਿਖ ਰਿਹਾ ਹੈ। ਕਵੀ ਸਯਾਮ ਨੇ ਚੌਬੀਸ ਅਵਤਾਰ ਨਾਮ ਦੀ 554 ਪੰਨਿਆਂ ਵਾਲੀ ਇਸ ਰਚਨਾ ਵਿੱਚ ਲਗਭਗ 380 ਤੋਂ ਵੱਧ ਵਾਰ 'ਕਬਿ ਸਯਾਮ' ਸ਼ਬਦ ਦੀ ਵਰਤੋਂ ਕੀਤੀ ਹੈ - ਕਦੇ 'ਕਬਿ ਸਯਾਮ ਕਹੈ', 'ਕਬਿ ਸਯਾਮ ਭਨੈ' ਆਦਿਕ ਲਿਖ ਕੇ। ਉਸ ਨੇ ਇਸ ਗੱਲ ਦੀ ਪ੍ਰੌੜ੍ਹਤਾ ਕੀਤੀ ਹੈ ਕਿ ਇਹ ਸਾਰੀਆਂ ਰਚਨਾਵਾਂ ਉਸੇ ਦੀਆਂ ਲਿਖੀਆਂ ਹੋਈਆਂ ਹਨ।

ਇਸ ਭਾਗ ਵਿੱਚ ਇਸ ਕਿਤਾਬ ਵਿੱਚੋਂ ਬਹੁਤ ਸਾਰੇ ਪ੍ਰਮਾਣ ਦੇਣ ਦੇ ਕੁਝ ਕਾਰਣ ਹਨ। ਮੁੱਖ ਕਾਰਣ ਇਹ ਹੈ ਕਿ ਪਾਠਕਾਂ ਨੂੰ ਇਹ ਅਹਿਸਾਸ ਹੋ ਜਾਏ ਕਿ ਇਹ ਰਚਨਾਵਾਂ ਕੂਕ-ਕੂਕ ਕੇ ਕਹਿ ਰਹੀਆਂ ਹਨ ਕਿ ਇਸ ਦਾ ਲਿਖਾਰੀ 'ਸਯਾਮ ਕਵੀ' ਹੈ। ਇਸ ਕਿਤਾਬ ਨੂੰ ਜੋ ਲੋਕ ਗੁਰੂ-ਕ੍ਰਿਤ ਕਹਿੰਦੇ ਹਨ, ਜਾਂ ਤੇ ਉਨ੍ਹਾਂ ਨੇ ਇਹ ਕਿਤਾਬ ਪੜ੍ਹੀ ਹੀ ਨਹੀਂ, ਜਾਂ ਉਹ ਕਿਸੇ ਸਾਜਜ਼ ਦੇ ਤਹਿਤ ਇਸ 'ਕੂੜ ਕਿਤਾਬ' ਨੂੰ ਗੁਰੂ ਗੋਬਿੰਦ ਸਿੰਘ ਸਾਹਿਬ ਨਾਲ ਜੋੜ ਕੇ ਉਸ ਮਹਾਨ ਗੁਰੂ ਨੂੰ, ਦੇਵੀ ਪੂਜਕ ਅਤੇ ਅਵਤਾਰਵਾਦ ਦਾ ਹਮਾਇਤੀ ਸਾਬਤ ਕਰਨਾ ਚਾਹੁੰਦੇ ਹਨ। ਉਹ ਸਿੱਖੀ ਨੂੰ ਅਵਤਾਰਵਾਦ ਨਾਲ ਜੋੜ ਕੇ ਅਨਮਤ ਵਿੱਚ ਜਜ਼ਬ ਕਰ ਲੈਣਾ ਚਾਹੁੰਦੇ ਹਨ। ਗੁਰੂ ਗ੍ਰੰਥ ਸਾਹਿਬ ਦੇ ਸਿੱਖਾਂ ਨੂੰ ਉਹ ਕਾਮ ਪ੍ਰੇਰਕ, ਨਸ਼ੇ ਪ੍ਰੇਰਕ ਅਤੇ ਵਿਭਚਾਰ ਦੀ ਦਲਦਲ ਵਿੱਚ ਡੋਬ ਦੇਣਾ ਚਾਹੁੰਦੇ ਹਨ।

ਅੱਜ ਸ੍ਰੀ ਅਕਾਲ ਤਖ਼ਤ ਦਾ ਹੈਡ-ਗ੍ਰੰਥੀ ਵੀ ਇਸ ਕਿਤਾਬ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ ਕਹਿ ਰਿਹਾ ਹੈ। ਉਸ ਨੂੰ ਇੱਕ ਸਿੱਧਾ ਸਵਾਲ ਹੈ ਕਿ ਜਿਸ 'ਕਵੀ ਸਯਾਮ' ਦਾ ਨਾਂ ਇਸ ਕਿਤਾਬ ਵਿੱਚ ਮੇਰੇ ਵਰਗੇ ਇਆਣੇ ਬੰਦੇ ਨੂੰ 380 ਵਾਰ ਦਿੱਸ ਰਿਹਾ ਹੈ, ਕੀ ਕੌਮ ਦੇ ਵੱਡੇ-ਵੱਡੇ ਫ਼ੈਸਲੇ ਕਰਨ ਵਾਲੇ ਅਤੇ ਗਿਆਨੀ ਅਖਵਾਉਣ ਵਾਲੇ ਆਗੂਆਂ ਨੂੰ ਉਸ 'ਕਵੀ ਸਯਾਮ' ਦਾ ਨਾਂ ਇਸ ਵਿੱਚ ਇੱਕ ਵਾਰ ਵੀ ਨਹੀਂ ਦਿੱਸਿਆ ? ਨਾਲ ਹੀ ਉਨ੍ਹਾਂ ਦਸਮ ਗ੍ਰੰਥੀਆਂ ਨੂੰ, ਜੋ ਕਿ ਇਸ 'ਕਿਤਾਬ' ਦੇ ਬਹੁਤ ਵੱਡੇ ਉਪਾਸ਼ਕ ਹਨ, ਇਸ 'ਸਯਾਮ ਕਵੀ' ਦਾ ਨਾਂ ਕਿਉਂ ਨਜ਼ਰ ਨਹੀਂ ਆ ਰਿਹਾ ? ਕੀ ਇਨ੍ਹਾਂ ਸਾਰਿਆਂ ਕੋਲ ਇਸ ਬਾਰੇ ਕੋਈ

ਜਵਾਬ ਨਹੀਂ ਹੈ ? ਲੇਕਿਨ ਇਹ ਕੋਈ ਜਵਾਬ ਦੇਣ ਦੀ ਬਜਾਏ ਇਸ 'ਸਯਾਮ ਬਾਣੀ' ਨੂੰ 'ਦਸਮ ਬਾਣੀ' ਕਹਿ ਕੇ ਕੌਮ ਨੂੰ ਮੂਰਖ ਬਣਾਈ ਜਾ ਰਹੇ ਹਨ। ਕੌਮ ਦੇ ਇਨ੍ਹਾਂ ਅਖੌਤੀ ਆਗੂਆਂ ਕੋਲੋਂ ਅਸੀਂ ਜਵਾਬ ਮੰਗਦੇ ਹਾਂ ਕਿ ਇਸ ਕਿਤਾਬ ਨੂੰ ਗੁਰੂ-ਕ੍ਰਿਤ ਕਹਿਣ ਤੋਂ ਪਹਿਲਾਂ, ਇਨ੍ਹਾਂ ਸਾਰੀਆਂ ਗੱਲਾਂ ਦਾ ਜਵਾਬ ਦੇਣ।

* ਕੀ ਇਹ ਰਚਨਾਵਾਂ 'ਸਯਾਮ ਕਵੀ' ਦੀਆਂ ਨਹੀਂ ਹਨ, ਜਿਨ੍ਹਾਂ ਵਿੱਚ ਉਸ ਦਾ ਨਾਂ ਆ ਰਿਹਾ ਹੈ ?
* ਜੇ ਇਹ ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ ਹਨ ਤਾਂ ਫਿਰ ਇਤਿਹਾਸ ਦੇ ਕਿਸ ਸਫ਼ੇ 'ਤੇ ਦਸਮ ਪਿਤਾ ਦਾ ਨਾਂ 'ਕਬਿ ਸਯਾਮ' ਕਰਕੇ ਆਉਂਦਾ ਹੈ ?
* 'ਸਯਾਮ ਕਵੀ' ਦੀਆਂ ਇਨ੍ਹਾਂ ਰਚਨਾਵਾਂ 'ਤੇ 'ਪਾਤਸ਼ਾਹੀ ੧੦' ਦਾ ਠੱਪਾ ਕਿਸ ਨੇ ਲਾਇਆ ਹੈ, ਜਦਕਿ ਇਹ ਰਚਨਾਵਾਂ 'ਸਯਾਮ ਕਵੀ' ਦੀਆਂ ਲਿਖੀਆਂ ਹੋਈਆਂ ਹਨ ?

ਜੇ ਇਨ੍ਹਾਂ ਸਵਾਲਾਂ ਦਾ ਕੋਈ ਜਵਾਬ ਨਹੀਂ ਹੈ ਤਾਂ ਫਿਰ ਰੱਬ ਦੇ ਵਾਸਤੇ ਇਨ੍ਹਾਂ 'ਕੂੜ ਰਚਨਾਵਾਂ' ਨੂੰ 'ਦਸਮ ਬਾਣੀ' ਕਹਿਣ ਤੋਂ ਬਾਜ ਆਓ, ਤੇ ਉਸ ਮਹਾਨ ਸਰਬੰਸ-ਦਾਨੀ ਗੁਰੂ ਦੇ ਨਾਂ ਨੂੰ ਖੋਰਾ ਨਾ ਲਾਓ।

# ਭਾਗ ੫

ਅਥ ਬਚਿੱਤ੍ਰ ਨਾਟਕ ਗ੍ਰੰਥ ਲਿਖਯਤੇ।।

ਤ੍ਵਪ੍ਰਸਾਦਿ।। ਸ੍ਰੀ ਮੁਖਵਾਕ ਪਾਤਿਸ਼ਾਹੀ ੧੦।।
ਤ੍ਰਿਭੰਗੀ ਛੰਦ।।
ਸ੍ਰੀ ਕਾਲ ਜੀ ਕੀ ਉਸਤਤਿ।।
ਤਹ ਹਮ ਅਧਿਕ ਤਪੱਸਿਆ ਸਾਧੀ।।
ਮਹਾਕਾਲ ਕਾਲਿਕਾ ਅਰਾਧੀ।। ੨।।

(ਅਖੌਤੀ ਦਸਮ ਗ੍ਰੰਥ, ਪੰਨਾ 39)

'ਬਚਿੱਤ੍ਰ' ਦਾ ਮਤਲਬ ਹੈ 'ਅਜੀਬੋ ਗਰੀਬ'। 'ਨਾਟਕ' ਦਾ ਅਰਥ ਹੈ 'ਸਵਾਂਗ', ਜਾਂ ਕਿਸੇ ਘਟਨਾ ਦੀ ਨਕਲ ਉਤਾਰਨਾ। 'ਬਚਿਤ੍ਰ ਨਾਟਕ' ਤੋਂ ਭਾਵ ਹੋਇਆ ਇੱਕ ਅਜੀਬੋ ਗਰੀਬ ਸਵਾਂਗ। 'ਅਜੀਬੋ ਗਰੀਬ' ਮਾਨੇ ਜੋ ਸਾਡੇ ਵਾਸਤਵਿਕ ਜੀਵਨ ਵਿੱਚ ਵੇਖਣ ਨੂੰ ਨਹੀਂ ਮਿਲਦਾ ਅਤੇ ਨਾ ਹੀ ਘਟਿਤ ਹੁੰਦਾ ਹੈ। ਜੋ ਗੱਲ ਵਾਸਤਵਿਕ ਜੀਵਨ ਵਿੱਚ ਵੇਖਣ ਨੂੰ ਨਹੀਂ ਮਿਲਦੀ, ਜਾਂ ਤੇ ਉਹ 'ਕਾਲਪਨਿਕ' ਹੁੰਦੀ ਹੈ ਜਾਂ 'ਮਿੱਥ' ਅਖਵਾਉਂਦੀ ਹੈ।

ਇਹ ਅਖੌਤੀ ਦਸਮ ਗ੍ਰੰਥ ਨਾਂ ਦੀ ਕਿਤਾਬ ਇਹੋ ਜਿਹੇ 'ਅਜੀਬੋ ਗਰੀਬ ਸਵਾਂਗਾਂ' ਨਾਲ ਭਰੀ ਪਈ ਹੈ। ਪਹਿਲਾਂ ਇਸ ਕਿਤਾਬ ਦਾ ਨਾਂ ਇਸੇ ਰਚਨਾ 'ਤੇ ਹੀ ਅਧਾਰਿਤ ਸੀ ਅਤੇ ਇਸ ਕਿਤਾਬ ਨੂੰ 'ਬਚਿਤ੍ਰ ਨਾਟਕ' ਹੀ ਕਿਹਾ ਜਾਂਦਾ ਸੀ। ਇਹ ਵੀ ਕਹਿ ਸਕਦੇ ਹਾਂ ਕਿ ਪਹਿਲਾਂ ਇਹ 'ਕਾਲ ਦੇਵਤੇ ਦੀ ਉਸਤਤਿ ਵਾਲੀ ਕਿਤਾਬ' ਐਨੀ ਹੀ, ਕੁਲ 34 ਪੰਨਿਆਂ ਦੀ ਸੀ। ਪਰ ਬਾਅਦ ਵਿੱਖ ਇਹ 'ਦਸਮ ਗ੍ਰੰਥ', ਫਿਰ 'ਸ੍ਰੀ ਦਸਮ ਗ੍ਰੰਥ ਸਾਹਿਬ ਜੀ', ਅਤੇ ਉਸ ਤੋਂ ਬਾਅਦ ਹੁਣ 'ਸ੍ਰੀ ਗੁਰੂ ਦਸਮ ਗ੍ਰੰਥ ਸਾਹਿਬ ਜੀ' ਬਣ ਗਈ ਹੈ।

ਇਸ ਕਿਤਾਬ ਨੂੰ ਗੁਰੂ-ਕ੍ਰਿਤ ਸਾਬਤ ਕਰਨ ਲਈ ਸਮੇਂ-ਸਮੇਂ 'ਤੇ ਇਸ ਵਿੱਚ ਗੁਪ-ਚੁਪ ਤਰੀਕੇ ਨਾਲ ਕਈ ਸੋਧਾਂ ਕੀਤੀਆਂ ਜਾਂਦੀਆਂ ਰਹੀਆਂ ਹਨ।

ਜਿਵੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਵੈਬਸਾਈਟ (www.sgpc.net) 'ਤੇ 'ਸਿੱਖ ਰਹਿਤ ਮਰਯਾਦਾ' ਦੇ ਅੰਗ੍ਰੇਜ਼ੀ ਅਨੁਵਾਦ ਵਿੱਚ, 'ਕੀਰਤਨ' ਸਿਰਲੇਖ ਹੇਠ ਲਗਭਗ 1997 ਤੋਂ ਚੁਪ-ਚਪੀਤੇ ਇੱਕ ਸੋਧ ਕਰ ਦਿੱਤੀ ਗਈ, ਜਿਸ ਵਿੱਚ 'ਦਸਮ ਗ੍ਰੰਥ ਦੀਆਂ ਬਾਣੀਆਂ ਦਾ ਕੀਰਤਨ' ਜੋੜ ਦਿੱਤਾ ਗਿਆ। (ਇਹ ਪ੍ਰਿੰਟ ਹੋਈ 'ਸਿੱਖ ਰਹਿਤ ਮਰਯਾਦਾ' ਤੋਂ ਉਲਟ ਹੈ ਅਤੇ ਕੋਈ ਵੀ ਇਸ ਵੈਬਸਾਈਟ ਨੂੰ ਖੋਲ੍ਹ ਕੇ ਇਹ ਵੇਖ ਸਕਦਾ ਹੈ।) ਜੇ ਇਸ ਬਾਰੇ ਕੌਮ ਇਸੇ ਤਰ੍ਹਾਂ ਅਵੇਸਲੀ ਰਹੀ ਤਾਂ ਇਸ 'ਤੇ 'ਪੁਰਾਤਨ ਮਰਯਾਦਾ' ਦੀ ਮੋਹਰ ਲੱਗ ਜਾਵੇਗੀ। ਇਹੋ ਜਿਹੇ ਅਵੇਸਲੇ-ਪਨ ਦਾ ਹੀ ਨਤੀਜਾ ਪੂਰੀ 'ਅਜੀਬੋ ਗਰੀਬ ਸਵਾਂਗਾਂ' ਵਾਲੀ ਇਹ ਕਿਤਾਬ ਹੈ 'ਅਖੌਤੀ ਦਸਮ ਗ੍ਰੰਥ'।

ਇਸ ਕਿਤਾਬ ਵਿੱਚ 'ਬਚਿੱਤ੍ਰ ਨਾਟਕ' ਪੰਨਾ ਨੰ. 39 ਤੋਂ ਸ਼ੁਰੂ ਹੋ ਕੇ 73 ਨੰ. ਪੰਨੇ 'ਤੇ ਸਮਾਪਤ ਹੁੰਦਾ ਹੈ। ਇਨ੍ਹਾਂ 34 ਪੰਨਿਆਂ ਵਿੱਚ ਗੁਰਮਤਿ ਦਾ ਮਖੌਲ ਉਡਾਂਦਾ ਹੋਇਆ ਕਵੀ 'ਕਾਲ ਜੀ ਕੀ ਉਸਤਤਿ' ਤੋਂ ਇਸ ਦੀ ਸ਼ੁਰੂਆਤ ਕਰਦਾ ਹੈ।

ਸਿੱਖ ਗੁਰੂਆਂ ਨੂੰ ਲਵ-ਕੁਸ਼ ਦੀ ਅੰਸ਼ ਸਾਬਤ ਕਰਨ ਲਈ ਉਹ ਇੱਕ ਕਹਾਣੀ ਲਿਖਦਾ ਹੈ -

ਭੁਜੰਗ ਪ੍ਰਯਾਤ ਛੰਦ॥
ਜਿਨੈ ਬੇਦ ਪਠਿਓ ਸੁ ਬੇਦੀ ਕਹਾਏ॥
ਤਿਨੈ ਧਰਮ ਕੇ ਕਰਮ ਨੀਕੇ ਚਲਾਏ॥

(ਅਖੌਤੀ ਦਸਮ ਗ੍ਰੰਥ, ਪੰਨਾ 52)

ਕਵੀ ਗੁਰੂ ਗੋਬਿੰਦ ਸਿੰਘ ਜੀ ਦੀ 'ਅਖੌਤੀ ਆਤਮ ਕਥਾ' ਬਿਆਨ ਕਰਦਾ ਹੈ ਅਤੇ ਉਸ ਵਿੱਚ ਗੁਰੂ ਗੋਬਿੰਦ ਸਿੰਘ ਸਾਹਿਬ ਨੂੰ 'ਕਾਲਕਾ ਦੇਵੀ' ਦਾ ਉਪਾਸ਼ਕ ਸਾਬਤ ਕਰਦਾ ਹੈ -

ਤਹ ਹਮ ਅਧਿਕ ਤਪੱਸਿਆ ਸਾਧੀ॥
ਮਹਾਕਾਲ ਕਾਲਿਕਾ ਆਰਾਧੀ॥ ੨॥

(ਅਖੌਤੀ ਦਸਮ ਗ੍ਰੰਥ, ਪੰਨਾ 54)

ਉਹ ਮਾਤਾ ਗੁਜਰੀ ਜੀ ਅਤੇ ਗੁਰੂ ਤੇਗ਼ ਬਹਾਦਰ ਸਾਹਿਬ ਜੀ ਨੂੰ 'ਤ੍ਰਿਵੇਣੀ' ਵਰਗੇ ਹਿੰਦੂ ਤੀਰਥਾਂ 'ਤੇ ਇਸ਼ਨਾਨ ਵੀ ਕਰਾਉਂਦਾ ਹੈ, ਅਤੇ ਇਨ੍ਹਾਂ

ਤੀਰਥਾਂ 'ਤੇ ਜਾਣ ਦਾ ਫਲ ਹੀ ਉਹ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਜਨਮ ਹੋਣਾ ਦੱਸਦਾ ਹੈ।

ਅਥ ਕਬਿ ਜਨਮ ਕਥਨੰ।।
ਚੌਪਈ।।
ਮੁਰ ਪਿਤ ਪੂਰਬ ਕਿਯਸ ਪਯਾਨਾ।।
ਭਾਂਤਿ ਭਾਂਤਿ ਕੇ ਤੀਰਥ ਨਾਨਾ।।
ਜਬ ਹੀ ਜਾਤ ਤ੍ਰਿਬੇਣੀ ਭਏ।।
ਪੁੰਨ ਦਾਨ ਦਿਨ ਕਰਤ ਬਿਤਏ।। ੧।।
ਤਹੀ ਪ੍ਰਕਾਸ਼ ਹਮਾਰਾ ਭਯੋ।।
ਪਟਨਾ ਸ਼ਹਿਰ ਬਿਖੈ ਭਵ ਲਯੋ।।

(ਅਖੌਤੀ ਦਸਮ ਗ੍ਰੰਥ, ਪੰਨਾ 59)

ਅਸੀਂ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਰੂਪੀ ਕਸਵੱਟੀ 'ਤੇ ਇਸ 'ਅਜੀਬੋ ਗਰੀਬ ਸਵਾਂਗ' ਨੂੰ ਜਾਂਚ ਕੇ ਵੇਖਦੇ ਹਾਂ, ਕਿ ਇਸ ਨਾਲ ਸਿੱਖੀ ਨੂੰ ਕੁਝ ਮਿਲ ਵੀ ਰਿਹਾ ਹੈ ਜਾਂ ਸਿੱਖੀ ਸਿਧਾਂਤਾਂ ਦਾ ਕੇਵਲ ਘਾਣ ਹੀ ਹੋ ਰਿਹਾ ਹੈ।

ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ।।

## ਅਥ ਬਚਿਤ੍ਰ ਨਾਟਕ ਗ੍ਰੰਥ ਲਿਖਯਤੇ।। ਤ੍ਵਪ੍ਰਸਾਦਿ।।

## ਸ੍ਰੀ ਮੁਖਵਾਕ ਪਾਤਸ਼ਾਹੀ ੧੦।। ਦੋਹਰਾ।।

ਨਮਸਕਾਰ ਖੜਗ ਕੇਤ ਕੋ ਕਰੋਂ ਸੁ ਹਿਤੁ ਚਿਤੁ ਲਾਇ।।
ਪੂਰਨ ਕਰੋਂ ਗਰੰਥ ਇਹੁ ਤੁਮ ਮੁਹ ਕਰਹੁ ਸਹਾਇ।। ੧।।

## ਤ੍ਰਿਭੰਗੀ ਛੰਦ।। ਸ੍ਰੀ ਕਾਲ ਜੀ ਕੀ ਉਸਤਤਿ।।

ਖਗ ਖੰਡ ਬਿਹੰਡੰ ਖਲ ਦਲ ਖੰਡੰ ਅਤਿ ਰਣ ਮੰਡੰ ਬਰ ਬੰਡੰ।।
ਭੁਜ ਦੰਡ ਅਖੰਡੰ ਤੇਜ ਪ੍ਰਚੰਡੰ ਜੋਤਿ ਅਮੰਡੰ ਭਾਨ ਪ੍ਰਭੰ।।

(ਅਖੌਤੀ ਦਸਮ ਗ੍ਰੰਥ, ਪੰਨਾ 39)

ਰਾਗੀ ਸਿੰਘ ਇਸ ਸ਼ਬਦ ਨੂੰ ਪੜ੍ਹ-ਪੜ੍ਹ ਕੇ ਤਬਲੇ 'ਤੇ ਬੇਸੁਰੀ ਥਾਪ ਮਾਰਦੇ ਹਨ ਤੇ ਸਿੱਖ ਵੀ ਵੀਰ-ਰਸ ਵਿੱਚ ਝੂਮ-ਝੂਮ ਕੇ ਆਪਣੇ ਬੋਝੇ ਖਾਲੀ ਕਰੀ ਜਾਂਦੇ ਹਨ। ਇਨ੍ਹਾਂ ਭੋਲੇ ਸਿੱਖਾਂ ਨੂੰ ਤਾਂ ਐਨਾ ਵੀ ਪਤਾ ਨਹੀਂ ਹੁੰਦਾ ਕਿ ਇਹ ਰਾਗੀ ਸਿੰਘ ਪੜ੍ਹ ਕੀ ਰਹੇ ਹਨ, ਤੇ ਅਸੀਂ ਸੁਣ ਕੀ ਰਹੇ ਹਾਂ ? ਤਬਲੇ ਦੀ ਥਾਪ

ਵਿੱਚ ਦੋਵੇਂ ਇਸ ਤਰ੍ਹਾਂ ਗੁਆਚ ਜਾਂਦੇ ਹਨ, ਕਿ ਇਨ੍ਹਾਂ ਨੂੰ ਇਹ ਪਤਾ ਹੀ ਨਹੀਂ ਲੱਗਦਾ ਕਿ ਉਹ ਸ਼ੰਕਰ ਦੇਵਤੇ ਦੇ ਰੁਦ੍ਰ ਰੂਪ ਕਾਲ/ਮਹਾਕਾਲ ਦੀ ਉਸਤਤਿ ਕਰੀ ਜਾ ਰਹੇ ਹਨ। ਕਿਉਂਕਿ ਇਹ ਰਾਗੀ ਸਿੰਘ ਇਸ (ਅਪ) ਸ਼ਬਦ ਦੀਆਂ ਇਹ ਉਕਤ ਪੰਗਤੀਆਂ ਤਾਂ ਪੜ੍ਹਦੇ ਹਨ ਪਰ ਇਸਦੇ ਉੱਤੇ ਦਿੱਤੀ ਇਹ ਲਾਈਨ ਛਿਪਾ ਜਾਂਦੇ ਹਨ -

ਤ੍ਰਿਭੰਗੀ ਛੰਦ।। ਸ੍ਰੀ ਕਾਲ ਜੀ ਕੀ ਉਸਤਤਿ।।

ਅੱਗੇ ਅਖੀਰਲੀ ਪੰਗਤੀਆਂ ਨੂੰ ਵੀ ਇਹ ਰਾਗੀ ਸਿੰਘ ਉੱਚੀ-ਉੱਚੀ ਪੜ੍ਹੀ ਜਾਂਦੇ ਹਨ -

ਸੁਖ ਸੰਤਾਂ ਕਰਣੰ ਦੁਰਮਤਿ ਦਰਣੰ ਕਿਲਬਿਖ ਹਰਣੰ ਅਸਿ ਸਰਣੰ।।
ਜੈ ਜੈ ਜਗ ਕਾਰਣ ਸ੍ਰਿਸਟਿ ਉਬਾਰਣ ਮਮ ਪ੍ਰਤਿਪਾਰਣ ਜੈ ਤੇਗੰ।। ੨।।

(ਅਖੌਤੀ ਦਸਮ ਗ੍ਰੰਥ, ਪੰਨਾ 39)

ਸਾਰੀ ਸੰਗਤ ਵੀ ਪਿੱਛੇ-ਪਿੱਛੇ ਵੀਰ-ਰਸ ਵਿੱਚ ਲਬਰੇਜ ਹੋ ਕੇ 'ਜੈ ਤੇਗੰ ਜੈ ਤੇਗੰ' ਪੜ੍ਹੀ ਜਾਂਦੀ ਹੈ। ਨਾਲ ਹੀ ਪ੍ਰਬੰਧਕ ਵੀ ਖ਼ੁਸ਼ ਹੁੰਦੇ ਨੇ ਕਿ ਇਸ ਵਾਰ ਤਾਂ ਰਾਗੀ ਜੱਥੇ ਨੇ ਕਮਾਲ ਹੀ ਕਰ ਦਿੱਤਾ। ਲੇਕਿਨ ਉਨ੍ਹਾਂ ਵੇਚਾਰਿਆਂ ਨੂੰ ਇਹ ਨਹੀਂ ਪਤਾ ਹੁੰਦਾ ਕਿ, ਉਹ ਜੋ ਕੁਝ ਪੜ੍ਹ-ਸੁਣ ਰਹੇ ਹਨ, ਉਹ ਤਾਂ 'ਸ਼ੰਕਰ' ਦੇਵਤੇ ਦੇ ਭਿਆਨਕ ਰੂਪ 'ਮਹਾਕਾਲ' ਦੀ ਉਸਤਤਿ ਹੈ। ਇਹ ਇਸ ਲਈ ਹੁੰਦਾ ਹੈ ਕਿਉਂਕਿ ਰਾਗੀ ਸਿੰਘ ਇਸ ਤੋਂ ਬਾਅਦ ਵਾਲੀਆਂ ਪੰਗਤੀਆਂ ਨਹੀਂ ਪੜ੍ਹਦੇ, ਇਨ੍ਹਾਂ ਨੂੰ ਛਿਪਾ ਜਾਂਦੇ ਹਨ :

ਭੁਜੰਗ ਪ੍ਰਯਾਤ ਛੰਦ।।

ਸਦਾ ਏਕ ਜੋਤਯੰ ਅਜੂਨੀ ਸਰੂਪੰ।।
ਮਹਾ ਦੇਵ ਦੇਵੰ ਮਹਾ ਭੂਪ ਭੂਪੰ।।

ਇਨ੍ਹਾਂ ਪੰਗਤੀਆਂ ਵਿੱਚ ਮਹਾਦੇਵ (ਸ਼ੰਕਰ) ਨੂੰ ਹੀ ਦੇਵਤਿਆਂ ਵਿੱਚ ਸ੍ਰੇਸ਼ਟ ਅਤੇ ਰਾਜਿਆਂ ਦਾ ਰਾਜਾ ਕਿਹਾ ਗਿਆ ਹੈ। ਦਸਮ ਗ੍ਰੰਥੀਏ ਇਸ ਕਿਤਾਬ ਵਿੱਚ ਆਏ ਹਰ ਦੇਵਤੇ ਨੂੰ ਹੀ 'ਅਕਾਲ ਪੁਰਖ' ਕਹਿਣ ਲੱਗ ਪੈਂਦੇ ਹਨ, ਭਾਵੇਂ ਉਹ 'ਭਗਉਤੀ' ਹੋਵੇ, ਭਾਵੇਂ ਉਹ 'ਮਹਾਕਾਲ' ਹੋਵੇ ਤੇ ਭਾਵੇਂ ਉਹ 'ਕਾਲ' ਹੀ ਕਿਉਂ ਨਾ ਹੋਵੇ।

ਫ਼ੈਸਲਾ ਤੁਸੀਂ ਇਸ ਕਿਤਾਬ ਨੂੰ ਪੜ੍ਹ ਕੇ ਕਰਨਾ ਹੈ ਕਿ ਇਹ ਕਵੀ

ਸ਼ੁਰੂਆਤ ਤਾਂ 'ਕਾਲ ਉਸਤਤਿ' ਨਾਲ ਕਰਦਾ ਹੈ, ਪਰ ਉਹ 'ਅਕਾਲ ਪੁਰਖ' ਕਿਵੇਂ ਬਣ ਜਾਂਦਾ ਹੈ ? ਫਿਰ ਉਹ 'ਮਹਾਕਾਲ' ਕਿੱਥੋਂ ਆ ਜਾਂਦਾ ਹੈ ? ਚਲੋ, ਜੇ ਥੋੜ੍ਹੀ ਦੇਰ ਲਈ ਇਨ੍ਹਾਂ ਦਸਮ ਗ੍ਰੰਥੀਆਂ ਦੀ ਵੀ ਮੰਨ ਲਈਏ ਕਿ ਇਹ 'ਅਕਾਲ ਪੁਰਖ' ਦੀ ਹੀ ਉਸਤਤਿ ਕਰ ਰਿਹਾ ਹੈ ਤਾਂ ਇਸ 'ਕਾਲ ਜੀ ਕੀ ਉਸਤਤਿ' ਵਿੱਚ ਉਹ ਆਪਣੇ ਰੱਬ ਨੂੰ 'ਮਹਾ ਕਾਮੀ' ਅਤੇ 'ਮਹਾ ਭੋਗੀ' ਵੀ ਦੱਸ ਰਿਹਾ ਹੈ।

ਮਹਾ ਦੇਵ ਦੇਵੰ ਮਹਾ ਜੋਗ ਜੋਗੰ॥
ਮਹਾ ਕਾਮ ਕਾਮੰ ਮਹਾ ਭੋਗ ਭੋਗੰ॥ ੧੦॥

(ਅਖੌਤੀ ਦਸਮ ਗ੍ਰੰਥ, ਪੰਨਾ 40)

ਲੇਕਿਨ ਅਗਲੀ ਹੀ ਤੁਕ ਵਿੱਚ ਇਹ ਸਾਰਾ ਭੁਲੇਖਾ ਦੂਰ ਹੋ ਜਾਂਦਾ ਹੈ। ਨਾਲ ਹੀ ਉਹ ਇਹ ਵੀ ਕਹਿ ਦਿੰਦਾ ਹੈ ਕਿ ਉਸ ਦੇ ਹੱਥ ਵਿੱਚ 'ਡਮਰੂ' ਹੈ ਜੋ ਡਮਾ-ਡਮ ਵੱਜ ਰਿਹਾ ਹੈ। ਉਸ ਦੇ ਸਿਰ 'ਤੇ ਕਾਲੇ ਤੇ ਚਿੱਟੇ ਰੰਗ ਦੀ ਛਤਰੀ ਵੀ ਹੈ। ਉਹ ਠਹਾਕੇ ਮਾਰ-ਮਾਰ ਕੇ ਬਹੁਤ ਤੇਜ਼ ਹੱਸਦਾ ਹੈ। ਉਹ ਸੰਖ ਵਜਾ ਕੇ ਬਹੁਤ ਭਿਆਨਕ ਆਵਾਜ਼ ਕੱਢਦਾ ਹੈ। ਇੰਝ ਲੱਗਦਾ ਹੈ ਕਿ ਪਰਲੈ ਕਾਲ ਦੀ ਭਿਆਨਕ ਅੱਗ ਜਲ ਰਹੀ ਹੈ।

ਡਮਾਡੰਮ ਡਉਰੂ ਸਿਤਾਸੇਤ ਛਤ੍ਰੰ॥
ਹਾਹਾ ਹੂਹੂ ਹਾਸੰ ਝਮਾਝੱਮ ਅਤ੍ਰੰ॥
ਮਹਾ ਘੋਰ ਸਬਦੰ ਬਜੇ ਸੰਖ ਐਸੰ॥
ਪ੍ਰਲੈ ਕਾਲ ਕੇ ਕਾਲ ਕੀ ਜ੍ਵਾਲ ਜੈਸੇ॥ ੧੯॥

(ਅਖੌਤੀ ਦਸਮ ਗ੍ਰੰਥ, ਪੰਨਾ 40)

ਐਨਾ ਹੀ ਨਹੀਂ, ਦਸਮ ਗ੍ਰੰਥੀਆਂ ਦੇ ਇਸ 'ਭਿਆਨਕ ਰੂਪ ਵਾਲੇ ਰੱਬ' ਦੀਆਂ ਬਹੁਤ ਤੇਜ਼ ਤੇ ਲੰਮੀਆਂ ਦਾੜ੍ਹਾਂ ਵੀ ਹਨ ਜਿਸ ਨਾਲ ਉਹ ਹਜ਼ਾਰਾਂ ਜੀਵਾਂ ਨੂੰ ਚਬਾ-ਚਬਾ ਕੇ ਖਾ ਜਾਂਦਾ ਹੈ। ਤੇ ਉਸ ਨੇ ਖੱਬੇ ਹੱਥ ਵਿੱਚ ਬਹੁਤ ਹੀ ਤੇਜ਼ ਤੇ ਵੱਡੀ ਕਿਰਪਾਨ ਵੀ ਫੜੀ ਹੋਈ ਹੈ।

ਕਰੰ ਬਾਮ ਚਾਪਿਯੰ ਕ੍ਰਿਪਾਣੰ ਕਰਾਲੰ॥
ਮਹਾ ਤੇਜ ਤੇਜੰ ਬਿਰਾਜੈ ਬਿਸਾਲੰ॥
ਮਹਾਂ ਦਾੜ੍ਹ ਦਾੜ੍ਹੰ ਸੁ ਸੋਹੰ ਅਪਾਰੰ॥
ਜਿਨੈ ਚਰਬੀਯੰ ਜੀਵ ਜੱਗਯੰ ਹਜ਼ਾਰੰ॥ ੧੯॥

(ਅਖੌਤੀ ਦਸਮ ਗ੍ਰੰਥ, ਪੰਨਾ 40)

ਮੇਰੇ ਭੋਲੇ ਵੀਰੋ ! ਇਹ ਕੁਫ਼ਰ ਨਾ ਪੜ੍ਹੋ ਤੇ ਨਾ ਹੀ ਸੁਣੋ। ਇਹ ਨਿਰੋਲ 'ਕਾਲ' ਦੀ ਉਸਤਤਿ ਹੈ, ਜੋ ਅਨਮਤ ਦੀ ਮਾਨਤਾ ਅਨੁਸਾਰ 'ਮੌਤ ਦਾ ਦੇਵਤਾ' ਹੈ। ਇਸ ਦਾ ਇੱਕ ਭਿਆਨਕ ਰੂਪ ਹੈ, ਜਿਸਨੂੰ 'ਮਹਾਕਾਲ' ਵੀ ਕਿਹਾ ਗਿਆ ਹੈ। ਇਸ 'ਮਹਾਕਾਲ' ਦਾ ਜ਼ਿਕਰ ਪਹਿਲਾਂ ਕੀਤਾ ਜਾ ਚੁੱਕਾ ਹੈ।

ਵੀਰੋ ! ਸਾਡਾ ਕਰਤਾ ਤਾਂ ਨਿਰੰਕਾਰ ਹੈ। ਉਸ ਦਾ ਇਹੋ ਜਿਹਾ ਭਿਆਨਕ ਰੂਪ ਕਿਵੇਂ ਹੋ ਸਕਦਾ ਹੈ ? ਕੀ ਸਾਡੇ ਅਕਾਲ ਪੁਰਖ ਦੇ ਹੱਥ ਵਿੱਚ ਡਮਰੂ ਹੈ ਜੋ ਉਹ ਵਜਾਉਂਦਾ ਰਹਿੰਦਾ ਹੈ (ਡਮਰੂ ਤਾਂ ਸ਼ੰਕਰ ਦੇਵਤਾ ਹੀ ਵਜਾਉਂਦਾ ਹੈ।) ਤੇ ਦਹਾੜਾਂ ਮਾਰ-ਮਾਰ ਕੇ ਹੱਸਦਾ ਹੈ ? ਇਹੋ ਜਿਹੇ (ਅਪ) ਸ਼ਬਦ ਪੜ੍ਹ-ਪੜ੍ਹ ਕੇ ਆਪਣੇ ਸ਼ਬਦ ਗੁਰੂ ਤੋਂ ਬੇਮੁਖ ਨਾ ਹੋਵੋ। ਉਨ੍ਹਾਂ ਪੰਥ ਵਿਰੋਧੀਆਂ ਦੀਆਂ ਸਾਜਸ਼ਾਂ ਨੂੰ ਪਛਾਣੋ, ਜਿਨ੍ਹਾਂ ਨੇ ਇਹ 'ਸ੍ਰੀ ਕਾਲ ਜੀ ਕੀ ਉਸਤਤਿ' ਸਾਡੇ ਸਿਰ 'ਤੇ ਮੜ੍ਹ ਦਿੱਤੀ ਹੈ।

ਇਸ ਤਰ੍ਹਾਂ 'ਸ੍ਰੀ ਕਾਲ ਜੀ ਕੀ ਉਸਤਤਿ' ਕਰਦਿਆਂ ਇਸ ਕਵੀ ਦੇ 'ਬਚਿਤ੍ਰ ਨਾਟਕ' ਦਾ ਪਹਿਲਾ ਅਧਿਆਇ ਸਮਾਪਤ ਹੁੰਦਾ ਹੈ।

ਇਤਿ ਸ੍ਰੀ ਬਚਿਤ੍ਰ ਨਾਟਕ ਗ੍ਰੰਥੇ ਸ੍ਰੀ ਕਾਲ ਜੀ ਕੀ ਉਸਤਤਿ
ਪ੍ਰਿਥਮ ਧਿਆਇ ਸੰਪੂਰਨੰ ਸਤੁ ਸੁਭਮ ਸਤੁ।। ੧।।

ਹੁਣ ਸ਼ੁਰੂ ਹੁੰਦੀ ਹੈ ਇਸ 'ਬਚਿੱਤਰ ਨਾਟਕ' ਦੇ ਲਿਖਾਰੀ ਦੀ ਆਤਮ-ਕਥਾ (autobiography)। ਇਸ ਵਿੱਚ ਲਿਖਾਰੀ ਦਸਮ ਪਿਤਾ ਦੀ ਜੀਵਨੀ ਨਾਲ ਇਸ ਨੂੰ ਜੋੜ ਕੇ ਅਜੀਬੋ-ਗਰੀਬ ਤਮਾਸ਼ਾ (ਬਚਿਤ੍ਰ ਨਾਟਕ) ਕਰ ਰਿਹਾ ਹੈ। ਤੁਸੀਂ ਇਸ ਨਾਟਕ ਦੀਆਂ ਗੱਲਾਂ ਸੁਣ ਕੇ ਹੈਰਾਨ ਹੋਵੋਗੇ ਕਿ ਜਿੰਨੀ ਕੁ ਗੱਪ ਹੋ ਸਕਦੀ ਹੈ, ਉਹ ਇਸ ਅਖੌਤੀ ਗ੍ਰੰਥ ਵਿੱਚ ਲਿਖ ਦਿੱਤੀ ਗਈ ਹੈ।

ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਤਾਂ ਇਹ ਕਹਿੰਦੀ ਹੈ ਕਿ ਇਸ ਸ੍ਰਿਸ਼ਟੀ ਦੀ ਸਿਰਜਨਾ ਕਦੋਂ ਤੇ ਕਿਵੇਂ ਹੋਈ, ਇਸ ਦੀ ਥਿਤ-ਵਾਰ ਤੇ ਤਰੀਕਾ, ਇਹ ਸਭ ਕੁਝ ਉਸ ਨੂੰ ਸਿਜਰਣ ਵਾਲਾ 'ਕਰਤਾਰ' ਹੀ ਜਾਣਦਾ ਹੈ।

ਕਵਣੁ ਸੁ ਵੇਲਾ ਵਖਤੁ ਕਵਣੁ ਕਵਣ ਥਿਤਿ ਕਵਣੁ ਵਾਰੁ।।
ਕਵਣਿ ਸਿ ਰੁਤੀ ਮਾਹੁ ਕਵਣੁ ਜਿਤੁ ਹੋਆ ਆਕਾਰੁ।।
ਵੇਲ ਨ ਪਾਈਆ ਪੰਡਤੀ ਜਿ ਹੋਵੈ ਲੇਖੁ ਪੁਰਾਣੁ।।
ਵਖਤੁ ਨ ਪਾਇਓ ਕਾਦੀਆ ਜਿ ਲਿਖਨਿ ਲੇਖੁ ਕੁਰਾਣੁ।।

ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ॥
ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ॥

(ਗੁਰੂ ਗ੍ਰੰਥ ਸਾਹਿਬ, ਅੰਕ 4)

ਲੇਕਿਨ ਇਨ੍ਹਾਂ ਦਸਮ ਗ੍ਰੰਥੀਆਂ ਦਾ ਗੁਰੂ (ਅਖੌਤੀ ਦਸਮ ਗੁਰੂ ਗ੍ਰੰਥ) ਤਾਂ ਉਸ ਕਰਤਾਰ ਨਾਲੋਂ ਵੀ ਸਿਆਣਾ ਹੈ। ਉਹ ਇਸ ਵਿੰਚ ਦੱਸ ਰਿਹਾ ਹੈ ਕਿ ਇਹ ਸ੍ਰਿਸ਼ਟੀ ਕਿਵੇਂ ਬਣੀ ? ਗੁਰੂ ਗ੍ਰੰਥ ਸਾਹਿਬ ਵਿੱਚ ਇਸ ਸ੍ਰਿਸ਼ਟੀ ਨੂੰ ਬਨਾਉਣ ਵਾਲਾ 'ਕਰਤਾਰ' ਹੈ, ਪਰ ਇਸ ਵਿੱਚ ਸ੍ਰਿਸ਼ਟੀ ਨੂੰ ਬਨਾਉਣ ਵਾਲਾ 'ਕਾਲ' ਹੈ।

## ਚੌਪਈ॥

ਪ੍ਰਿਥਮ ਕਾਲ ਜਬ ਕਰਾ ਪਸਾਰਾ॥ ਓਅੰਕਾਰ ਤੇ ਸ੍ਰਿਸਟਿ ਉਪਾਰਾ॥
ਕਾਲਸੈਣ ਪ੍ਰਥਮੈ ਭਇਓ ਭੂਪਾ॥ ਅਧਿਕ ਅਤੁਲ ਬਲਿ ਰੂਪ ਅਨੂਪਾ॥੧੦
ਕਾਲਕੇਤ ਦੂਸਰ ਭੂਅ ਭਯੋ॥ ਕ੍ਰੂਰ ਬਰਸ ਤੀਸਰ ਜਗ ਠਯੋ॥
ਕਾਲਧੁਜ ਚਤੁਰਥ ਨ੍ਰਿਪ ਸੋਹੈ॥ ਜਿਹ ਤੇ ਭਇਓ ਜਗਤ ਸਭ ਕੋ ਹੈ॥੧੧
ਸਹਸਰਾਛ ਜਾ ਕੇ ਸੁਭ ਸੋਹੈ॥ ਸਹਸ ਪਾਦ ਜਾ ਕੇ ਤਨਿ ਮੋਹੈ॥
ਸੇਖਨਾਗ ਪਰ ਸੋਇਬੋ ਕਰੈ॥ ਜਗ ਤਿਹ ਸੇਖ ਸਾਇ ਉਚਰੈ॥ ੧੨॥
ਏਕ ਸ੍ਰਵਣ ਤੇ ਮੈਲ ਨਿਕਾਰਾ॥ ਤਾ ਤੇ ਮਧੁ ਕੀਟਭ ਤਨ ਧਾਰਾ॥
ਦੁਤੀਯ ਕਾਨ ਤੇ ਮੈਲੁ ਨਿਕਾਰੀ॥ ਤਾਤੇ ਭਈ ਸ੍ਰਿਸਟਿ ਇਹ ਸਾਰੀ॥੧੩
ਤਿਨ ਕੋ ਕਾਲ ਬਹੁਰਿ ਬਧ ਕਰਾ॥ ਤਿਨ ਕੋ ਮੇਦ ਸਮੁੰਦ ਸੋ ਪਰਾ॥
ਚਿਕਨ ਤਾਸ ਜਲ ਪਰ ਤਿਰ ਰਹੀ॥ ਮੇਧਾ ਨਾਮ ਤਬਹਿ ਤੇ ਕਹੀ॥੧੪।

(ਅਖੌਤੀ ਦਸਮ ਗ੍ਰੰਥ, ਪੰਨਾ 47)

ਤੁਹਾਡਾ ਬੇੜਾ ਤਰ ਜਾਏ ਦਸਮ ਗ੍ਰੰਥੀਓ ! ਤੁਹਾਨੂੰ ਵਾਹਿਗੁਰੂ ਸੁਮਤਿ ਬਖ਼ਸ਼ੇ ! ਇਹੋ ਜਿਹੀਆਂ ਬੇ-ਫ਼ਜ਼ੂਲ ਦੀਆਂ ਯਬਲੀਆਂ ਨੂੰ ਗੁਰੂ-ਕ੍ਰਿਤ ਕਹਿਣ ਵਾਲਿਓ ! ਕਾਸ਼ ਕਦੇ ਤੁਸੀਂ ਇਸ 'ਕਾਲੀ ਕਿਤਾਬ' ਦੇ ਕੁਝ ਪੰਨੇ ਖੋਲ੍ਹ ਕੇ ਵੇਖ ਲਏ ਹੁੰਦੇ, ਤਾਂ ਕੌਮ 'ਤੇ ਇਹ ਕਾਲੇ ਦਿਨ ਨਹੀਂ ਸਨ ਆਉਣੇ। 'ਬਚਿਤ੍ਰ ਨਾਟਕ' ਦਾ ਲਿਖਾਰੀ ਕਹਿੰਦਾ ਹੈ ਕਿ 'ਕਾਲ' ਨੇ ਜਦੋਂ ਇਸ ਬ੍ਰਹਮੰਡ ਦੀ ਪਹਿਲੀ ਵਾਰ ਸਿਰਜਣਾ ਕੀਤੀ ਤਾਂ ੴ ਕੋਲੋਂ ਇਹ ਸ੍ਰਿਸ਼ਟੀ ਬਣਵਾਈ। ਇਸ ਸੰਸਾਰ ਦਾ ਪਹਿਲਾ ਰਾਜਾ 'ਕਾਲ ਸੈਨ' ਹੋਇਆ ਜੋ ਬਹੁਤ ਹੀ ਬਲਵਾਨ ਤੇ ਰੂਪ

ਵਾਲਾ ਸੀ। ਇਸ ਸ੍ਰਿਸ਼ਟੀ ਦਾ ਦੂਜਾ ਰਾਜਾ 'ਕਾਲਕੇਤ' ਹੋਇਆ। 'ਕ੍ਰੂਰ ਬਰਸ' ਤੀਜਾ ਰਾਜਾ ਹੋਇਆ ਅਤੇ 'ਕਾਲਧੁਜ' ਚੌਥਾ ਰਾਜਾ ਹੋਇਆ।

ਭਲਾ ਹੋ ਜਾਏ ਪੰਡਿਤੋ ਤੁਹਾਡਾ ! ਸਾਰੀ ਸ੍ਰਿਸ਼ਟੀ ਬਣ ਗਈ ਤੇ ਰਾਜੇ ਸਾਰੇ ਹਿੰਦੂ ਹੀ ਬਣੇ। ਕੋਈ ਵੀ ਰਾਜਾ ਅਮਰੀਕਾ, ਰੂਸ ਜਾਂ ਜਰਮਨੀ ਆਦਿ ਦਾ ਨਹੀਂ ਬਣਿਆ। ਤੁਸੀਂ ਸਾਰੇ ਰਾਜੇ ਆਪਣੀ ਕੌਮ ਤੇ ਜਾਤ ਦੇ ਹੀ ਬਣਾ ਦਿੱਤੇ। ਪੰਡਿਤ ਜੀ ! ਤੁਸੀਂ ਬਹੁਤ ਚਾਲਾਕ ਹੋ। ਖ਼ੈਰ, ਅੱਗੇ ਵੇਖਦੇ ਹਾਂ ਕਿ ਹੋਰ ਕੀ ਕਹਿੰਦੇ ਹਨ ?

ਇਸ 'ਕਾਲਧੁਜ' ਦੀਆਂ ਇੱਕ ਹਜ਼ਾਰ ਅੱਖਾਂ ਤੇ ਇੱਕ ਹਜ਼ਾਰ ਪੈਰ ਸਨ। ਵਾਹ ਭਈ ! ਤੁਹਾਡਾ ਰਾਜਾ ਸੀ ਜਾਂ ਕੋਈ 'ਕੈਟਰਪਿਲਰ' ਸੀ। ਉਸ ਵੇਚਾਰੇ ਦੇ ਤਾਂ ਸੌ ਹੀ ਪੈਰ ਹੁੰਦੇ ਹਨ, ਤੁਹਾਡੇ ਰਾਜਾ ਦੇ ਇੱਕ ਹਜ਼ਾਰ ਪੈਰ ਸਨ। (ਵਾਹਿਗੁਰੂ ਜੀ ! ਇਸ ਕਿਤਾਬ ਨੂੰ ਅਸੀਂ ਕਿਸ ਤਰ੍ਹਾਂ ਝੇਲ ਰਹੇ ਹਾਂ ?) ਇਹ ਸ਼ੇਸ਼ਨਾਗ 'ਤੇ ਸੌਂਦਾ ਸੀ, ਇਸ ਕਰਕੇ ਇਸ ਦਾ ਨਾਂ 'ਸੇਖ ਸਾਈ' ਪਿਆ। ਇਸ ਤੋਂ ਬਾਅਦ ਇਸ 'ਕਾਲ' ਨੇ ਆਪਣੇ ਇੱਕ ਕੰਨ ਵਿੱਚੋਂ ਮੈਲ ਕੱਢੀ ਤੇ ਉਸ ਨਾਲ ਸਾਰੀ ਦੁਨੀਆ ਦੇ ਜੀਵ-ਜੰਤੂ ਬਣਾ ਦਿੱਤੇ। ਫਿਰ ਦੂਜੇ ਕੰਨ ਦੀ ਮੈਲ ਕੱਢੀ ਤੇ ਉਸ ਨਾਲ ਪੂਰਾ ਬ੍ਰਹਮੰਡ ਬਣਾ ਦਿੱਤਾ। ਕੁਝ ਸਮੇਂ ਬਾਅਦ 'ਕਾਲ' ਨੇ ਇਨ੍ਹਾਂ ਜੀਵ-ਜੰਤੂਆਂ ਵਿੱਚੋਂ ਬਹੁਤਿਆਂ ਦਾ ਕਤਲ ਕਰਕੇ ਉਨ੍ਹਾਂ ਨੂੰ ਸਮੁੰਦਰ ਵਿੱਚ ਸੁੱਟ ਦਿੱਤਾ। (ਬੜੀ ਕਮਾਈ ਕੀਤੀ, ਇਹੋ ਜਿਹੇ 'ਕਾਲ' ਨੇ। ਪਹਿਲਾਂ ਬਣਾਏ ਹੀ ਕਿਉਂ, ਜੇ ਉਨ੍ਹਾਂ ਦਾ ਕਤਲ ਕਰਕੇ ਸਮੁੰਦਰ ਵਿੱਚ ਹੀ ਸੁੱਟਣਾ ਸੀ।)

ਖ਼ਾਲਸਾ ਜੀ ! ਇਸ ਕਿਤਾਬ ਨੇ ਸਿੱਖੀ ਦੇ ਬੇੜੇ ਨੂੰ ਡੋਬ ਦਿੱਤਾ ਹੈ। ਅਸੀਂ ਇਸਨੂੰ ਗੁਰੂ ਗੋਬਿੰਦ ਸਿੰਘ ਜੀ ਦੀ 'ਆਤਮ ਕਥਾ' ਕਹੀ ਜਾ ਰਹੇ ਹਾਂ। ਅਸਲ ਵਿੱਚ ਇਹ ਕਿਤਾਬ ਤਾਂ ਸਿੱਖ ਸਿਧਾਂਤਾਂ ਦੀਆਂ ਜੜ੍ਹਾਂ ਵਿੱਚ ਤੇਲ ਪਾਈ ਜਾ ਰਹੀ ਹੈ। ਹਾਲੇ ਵੀ ਵਕਤ ਹੈ ਕਿ ਇਸ ਕਿਤਾਬ ਨੂੰ ਪੂਰੀ ਤਰ੍ਹਾਂ ਰੱਦ ਕਰ ਦਿੱਤਾ ਜਾਵੇ। ਨਹੀਂ ਤਾਂ ਸਿੱਖੀ ਨੂੰ ਬਰਬਾਦ ਹੋਣ ਤੋਂ ਕੋਈ ਬਚਾ ਨਹੀਂ ਸਕੇਗਾ।

# ਭਾਗ ੬

## ਅਥ ਬਚਿਤ੍ਰ ਨਾਟਕ ਗ੍ਰੰਥ ਲਿਖਯਤੇ॥

ਨਮੋ ਬਾਣ ਬਾਣੰ॥ ਨਮੋ ਨਿਰਭਯਾਣੰ॥
ਨਮੋ ਦੇਵ ਦੇਵੰ॥ ਭਵਾਣੰ ਭਵੇਅੰ॥ ੮੬॥...
ਨਮੋ ਉਗ੍ਰ ਦਾੜੰ॥ ਮਹਾ ਗ੍ਰਿਸਟ ਗਾੜੰ॥ ੮੯॥...
ਨਮੋ ਤੀਰ ਤੋਪੰ॥ ਜਿਨੈ ਸਤ੍ਰ ਘੋਪੰ॥
(ਅਖੌਤੀ ਦਸਮ ਗ੍ਰੰਥ, ਪੰਨਾ 45)

ਪਿੱਛੇ ਅਸੀਂ ਚਰਚਾ ਕੀਤੀ ਕਿ ਆਪਣੀ 'ਆਤਮ ਕਥਾ' ਲਿਖਣ ਵਾਲੇ 'ਬਚਿਤ੍ਰ ਨਾਟਕ' ਦੇ ਕਵੀ ਨੇ 'ਕਾਲ' ਹੀ 'ਆਦਿ' ਹੈ, 'ਕਾਲ' ਹੀ 'ਜੁਗਾਦਿ' ਹੈ, ਤੇ 'ਕਾਲ ਹੀ 'ਅਕਾਲ' ਹੈ, ਇਹ ਸਭ ਕੁਝ ਸਾਬਤ ਕਰਨ ਲਈ ਜਿੰਨੀਆਂ ਯਬਲੀਆਂ ਉਹ ਮਾਰ ਸਕਦਾ ਸੀ, ਉਸਨੇ ਮਾਰੀਆਂ।

'ਕਾਲੀ ਹੀ' ਪਾਇ ਭਯੋ ਭਗਵਾਨ ਸੁ ਜਾਗਤ
ਯਾ ਜਗ ਜਾ ਕੀ ਕਲਾ ਹੈ॥
'ਕਾਲ ਹੀ' ਪਾਇ ਭਯੋ ਬ੍ਰਹਮਾ ਸਿਵ 'ਕਾਲ ਹੀ' ਪਾਇਭਯੋ ਜੁਗੀਆ ਹੈ॥
'ਕਾਲ ਹੀ' ਪਾਇ ਸੁਰਾਸੁਰ ਗੰਧ੍ਰਬ ਜੱਛ ਭੁਜੰਗ ਦਿਸਾ ਬਿਦਿਸਾ ਹੈ॥
ਔਰ ਸੁਕਾਲ ਸਭੈ ਬਸ 'ਕਾਲ' ਕੇ ਏਕ ਹੀ 'ਕਾਲ ਅਕਾਲ ਸਦਾ ਹੈ'॥
(ਅਖੌਤੀ ਦਸਮ ਗ੍ਰੰਥ, ਪੰਨਾ 44)

ਲੇਕਿਨ ਦੂਜੇ ਪਾਸੇ ਉਸੇ ਨੂੰ ਭਿਆਨਕ ਰੂਪ ਵਾਲਾ, ਰਾਖਸ਼ਾਂ ਵਰਗਾ ਦੇਹਧਾਰੀ ਵੀ ਸਾਬਤ ਕਰ ਰਿਹਾ ਹੈ। ਉਸ ਨੇ ਆਪਣੇ ਇੱਕ ਕੰਨ ਵਿੱਚੋਂ ਮੈਲ ਕੱਢੀ ਤੇ ਪੂਰੇ ਸੰਸਾਰ ਦੇ ਜੀਵ-ਜੰਤੂ ਬਣਾ ਦਿੱਤੇ। ਦੂਜੇ ਕੰਨ ਦੀ ਮੈਲ ਕੱਢ ਕੇ ਪੂਰਾ ਬ੍ਰਹਮੰਡ ਬਣਾ ਦਿੱਤਾ। ਇਥੇ ਉਸਨੇ ਇਹ ਨਹੀਂ ਦੱਸਿਆ ਕਿ ਪਹਿਲੇ ਕੰਨ ਵਿੱਚੋਂ ਮੈਲ ਕੱਢ ਕੇ ਜੋ ਉਸਨੇ ਜੀਵ-ਜੰਤੂ ਬਣਾਏ, ਕੀ ਉਹ ਹਵਾ ਵਿੱਚ ਹੀ ਉੱਡਦੇ ਰਹੇ ? ਕਿਉਂਕਿ ਉਸਨੇ ਬ੍ਰਹਮੰਡ ਤਾਂ ਬਾਅਦ ਵਿੱਚ, ਦੂਜੇ ਕੰਨ ਦੀ ਮੈਲ ਕੱਢ ਕੇ ਬਣਾਇਆ। (ਕਿੰਨਾ ਗੰਦਾ ਸੀ ਦਸਮ ਗ੍ਰੰਥੀਆਂ ਦਾ 'ਕਾਲ'। ਐਨੀ

ਮੈਲ ਉਸ ਨੇ ਕੰਨਾਂ ਵਿੱਚ ਹੀ ਇਕੱਠੀ ਕੀਤੀ ਹੋਈ ਸੀ ਤਾਂ ਉਸਦੇ ਬਾਕੀ ਸਰੀਰ 'ਤੇ ਤਾਂ ਸੱਪ ਤੇ ਕੋੜ੍ਹ-ਕਿਲੀਆਂ ਤੁਰਦੀਆਂ ਹੋਣਗੀਆਂ। ਸੰਸਾਰ ਬਣਨ ਦਾ ਇਹ 'ਫੰਡਾ' ਜੇ ਸਾਇੰਸਦਾਨਾਂ ਨੂੰ ਪਤਾ ਲੱਗ ਜਾਵੇ ਤਾਂ ਉਹ ਇਸ 'ਤੇ ਖੋਜ ਕਰ-ਕਰ ਕੇ ਹੀ ਪਾਗਲ ਹੋ ਜਾਣਗੇ।)

ਦਸਮ ਗ੍ਰੰਥੀਓ ! ਇਹ ਹੀ ਹੈ ਤੁਹਾਡਾ 'ਰੱਬ'। ਇਹ ਤਾਂ ਪੱਕਾ ਸਾਬਤ ਹੋ ਚੁੱਕਾ ਹੈ ਕਿ ਜਿਸਨੂੰ ਤੁਸੀਂ ਸਿੱਖਾਂ ਦਾ 'ਰੱਬ' ਬਨਾਉਣਾ ਚਾਹੁੰਦੇ ਹੋ, ਉਹ 'ਕਾਲ' ਹੈ, ਨਿਰੰਕਾਰ ਨਹੀਂ ਹੈ। ਉਸ ਨੂੰ 'ਅਕਾਲ ਪੁਰਖ' ਲਈ ਵਰਤਿਆ ਸ਼ਬਦ ਕਹਿਣ ਵਾਲੇ ਸਭ ਤੋਂ ਵੱਡੇ ਮੂਰਖ ਹਨ, ਕਿਉਂਕਿ ਦਸਮ ਗ੍ਰੰਥੀਆਂ ਦਾ 'ਅਕਾਲ ਪੁਰਖ' ਦੇਹਧਾਰੀ ਹੈ ਅਤੇ ਉਸ ਦੇ ਖੱਬੇ ਹੱਥ ਵਿੱਚ ਕਿਰਪਾਨ ਚਮਕ ਰਹੀ ਹੈ। ਉਸਦਾ ਬਹੁਤ ਹੀ ਭਿਆਨਕ ਰੂਪ ਹੈ। ਜਦੋਂ ਉਹ ਚਲਦਾ ਹੈ ਤਾਂ ਉਸਦੇ ਪੈਰਾਂ ਵਿੱਚ ਪਏ ਘੁੰਗਰੂ ਘੰਟੀਆਂ ਵਾਂਗ ਆਵਾਜ਼ ਕਰਦੇ ਹਨ। ਉਸਦੇ ਚਾਰ ਹੱਥ ਤੇ ਲੰਮੇ ਵਾਲ ਹਨ। ਉਸਨੇ ਬਹੁਤ ਸੋਹਣਾ ਜੂੜਾ ਵੀ ਕੀਤਾ ਹੋਇਆ ਹੈ। ਉਸਦਾ ਰੂਪ 'ਯਮਰਾਜ' ਨੂੰ ਵੀ ਸ਼ਰਮਿੰਦਾ ਕਰ ਦਿੰਦਾ ਹੈ। ਉਸ ਦੇ ਹੱਥ ਵਿੱਚ 'ਗਦਾ' ਨਾਂ ਦਾ ਸ਼ਸਤਰ ਵੀ ਹੈ। ਉਸ ਦੀ ਜੀਭ ਅੱਗ ਵਰਗੀ ਲਾਲ ਹੈ। ਉਸ ਦੇ ਦੰਦਾਂ ਦੀ ਰਗੜ (ਕਚੀਚੀ) ਬਹੁਤ ਡਰਾਉਣੀ ਹੈ। (ਇਹ ਰੱਬ ਹੈ ਕਿ ਰਾਖਸ਼ ਹੈ ?) ਉਹ ਸ਼ੰਖ ਵਜਾਉਂਦਾ ਹੈ, ਤੇ ਸਮੁੰਦਰ ਦੇ ਤੂਫ਼ਾਨ ਵਰਗੀ ਆਵਾਜ਼ ਪੈਦਾ ਹੁੰਦੀ ਹੈ। ਇਹ ਸਭ ਮੈਂ ਨਹੀਂ, ਇਨ੍ਹਾਂ ਦਾ 'ਦਸਮ ਸ੍ਰੀ ਗੁਰੂ ਗ੍ਰੰਥ ਸਾਹਿਬ' ਕਹਿ ਰਿਹਾ ਹੈ। ਇਹ ਪੜ੍ਹੋ :

ਚਮਕਹਿ ਕ੍ਰਿਪਾਣੰ।। ਅਭੂਤੰ ਭਯਾਣੰ।।
ਧੁਨੰ ਨੇਵਰਾਣੰ।। ਘੁਰੰ ਘੁੰਘਰਾਣੰ।। ੩੧।।
ਚਤੁਰ ਬਾਂਹ ਚਾਰੰ।। ਨਿਜੂਟੰ ਸੁਧਾਰੰ।।
ਗਦਾ ਪਾਸ ਸੋਹੰ।। ਜਮੰ ਮਾਨ ਮੋਹੰ।। ੩੨।।
ਸੁਭੰ ਜੀਭ ਜੁਆਲੰ।। ਸੁ ਦਾੜ੍ਹਾ ਕਰਾਲੰ।।
ਬਜੀ ਬੰਬ ਸੰਖੰ।। ਉਠੇ ਨਾਦ ਬੰਖੰ।। ੩੩।।

(ਅਖੌਤੀ ਦਸਮ ਗ੍ਰੰਥ, ਪੰਨਾ 41)

'ਬਚਿੱਤਰ ਨਾਟਕ' ਦੇ ਲਿਖਾਰੀ ਦੀ ਲੇਖਣ-ਸ਼ੈਲੀ ਅਤੇ ਭਾਸ਼ਾ ਇਸ ਗ੍ਰੰਥ ਵਿੱਚ ਲਿਖੀ 'ਜਾਪ' ਰਚਨਾ ਨਾਲ ਹੂ-ਬ-ਹੂ ਮਿਲਦੀ ਹੈ ਜੋ ਇਹ ਸਾਬਤ

ਕਰਦੀ ਹੈ ਕਿ ਇਹ ਦੋਵੇਂ ਰਚਨਾਵਾਂ ਇਕੋ ਲਿਖਾਰੀ ਦੀਆਂ ਹੀ ਲਿਖੀਆਂ ਹੋਈਆਂ ਹਨ। ਜ਼ਰਾ ਧਿਆਨ ਨਾਲ ਵੇਖੋ ਕਿ ਇਨ੍ਹਾਂ ਤੁਕਾਂ ਦਾ ਅਰਥ ਕੀ ਹੈ ? ਇਹ ਵੀ ਧਿਆਨ ਨਾਲ ਸਮਝੋ ਕਿ ਕਵੀ ਇਸ ਵਿੱਚ ਕਿਸ ਦੀ ਉਸਤਤਿ ਕਰ ਰਿਹਾ ਹੈ ਅਤੇ ਉਹ ਕੌਣ ਹੈ ? ਜੇ ਇਹ 'ਕਾਲ' ਦਾ ਉਪਾਸ਼ਕ ਹੈ ਤਾਂ ਉਹ 'ਅਕਾਲ ਪੁਰਖ' ਦੀ ਉਸਤਤਿ ਕਿਵੇਂ ਕਰ ਸਕਦਾ ਹੈ ? 'ਨਿਰੰਕਾਰ ਕਰਤਾਰ' ਨੂੰ ਮੰਨਣ ਵਾਲਾ ਇਹ ਸਭ ਕੁਝ ਲਿਖ ਹੀ ਨਹੀਂ ਸਕਦਾ।

### ਰਸਾਵਲ ਛੰਦ।।

ਨਮੋ ਬਾਣ ਪਾਣੰ।। ਨਮੋ ਨਿਰਭਯਾਣੰ।।
ਨਮੋ ਦੇਵ ਦੇਵੰ।। ਭਵਾਣੰ ਭਵੇਅੰ।। ੮੬।।

### ਰਸਾਵਲ ਛੰਦ।।

ਨਮੋ ਉਗ੍ਰ ਦਾੜੰ।। ਮਹਾ ਗ੍ਰਿਸਟ ਗਾੜੰ।। ੮੯।।
ਨਮੋ ਤੀਰ ਤੋਪੰ।। ਜਿਨੈ ਸਤ੍ਰ ਘੋਪੰ।।
ਜਿਤੇ ਸਸਤ੍ਰ ਨਾਮੰ।। ਨਮਸਕਾਰ ਤਾਮੰ।।
ਜਿਤੇ ਅਸਤ੍ਰ ਭੇਯੰ।। ਨਮਸਕਾਰ ਤੇਯੰ।। ੯੧।।

(ਅਖੌਤੀ ਦਸਮ ਗ੍ਰੰਥ, ਪੰਨਾ 45)

ਅਨੁਵਾਦ : ਮੈਂ ਉਸ (ਦੇਵਤੇ) ਨੂੰ ਨਮਸਕਾਰ ਕਰਦਾ ਹਾਂ, ਜਿਸ ਦੇ ਹੱਥ ਵਿੱਚ ਬਾਣ (ਤੀਰ) ਹੈ। ਉਸ ਨੂੰ ਨਮਸਕਾਰ ਹੈ, ਜੋ ਕਿਸੇ ਤੋਂ ਡਰਦਾ ਨਹੀਂ। ਮੈਂ ਉਸ (ਦੇਵਤੇ) ਨੂੰ ਨਮਸਕਾਰ ਕਰਦਾ ਹਾਂ, ਜਿਸ ਦੀਆਂ ਬਹੁਤ ਤੇਜ਼ ਦਾੜ੍ਹਾਂ ਹਨ। ਇਹ ਦਾੜ੍ਹਾਂ ਬਹੁਤ ਮੋਟੀਆਂ ਅਤੇ ਵੱਡੀਆਂ ਹਨ। ਮੈਂ ਉਸ (ਦੇਵਤੇ) ਨੂੰ ਨਮਸਕਾਰ ਕਰਦਾ ਹਾਂ, ਜਿਸਦੇ ਹੱਥ ਵਿੱਚ ਤੀਰ ਅਤੇ ਤੋਪ ਹੈ। (ਜਦੋਂ ਦੁਨੀਆ ਬਣੀ ਸੀ, ਕਾਲ ਕੋਲ ਉਸ ਵੇਲੇ ਤੋਪ ਕਿੱਥੋਂ ਆ ਗਈ, ਝੂਠਾ ਕਿਧਰੇ ਦਾ !) ਇਸ ਨਾਲ ਉਹ ਦੁਸ਼ਮਣਾਂ ਦਾ ਨਾਸ਼ ਕਰਦਾ ਹੈ। ਮੈਂ ਸਾਰੇ ਸ਼ਸਤਰਾਂ ਨੂੰ ਵੀ ਨਮਸਕਾਰ ਕਰਦਾ ਹਾਂ।

ਇਹ ਕਵੀ ਉਸ 'ਕਾਲ' ਨੂੰ ਨਮਸਕਾਰ ਕਰ ਰਿਹਾ ਹੈ ਜਿਸਦੇ ਹੱਥ ਵਿੱਚ ਤੀਰ ਅਤੇ ਤੋਪ ਹੈ, ਜਿਸ ਨਾਲ ਉਹ ਦੁਸ਼ਮਨਾਂ ਦਾ ਨਾਸ਼ ਕਰ ਦਿੰਦਾ ਹੈ। ਉਹ ਮੋਟੀਆਂ ਦਾੜ੍ਹਾਂ ਵਾਲਾ ਦੇਹਧਾਰੀ ਹੈ। (ਲਗਦਾ ਹੈ ਇਹ ਕਵੀ ਇਸ 'ਕਾਲ' ਦੇ

ਦੰਦਾਂ ਅਤੇ ਦਾੜ੍ਹਾਂ ਤੋਂ ਬਹੁਤ ਪ੍ਰਭਾਵਿਤ ਹੈ। ਉਹ ਵਾਰ-ਵਾਰ ਇਸ ਦੀਆਂ ਦਾੜ੍ਹਾਂ ਤੇ ਦੰਦਾਂ ਦਾ ਜ਼ਿਕਰ ਕਰਦਾ ਹੈ।)

ਮੇਰੇ ਵੀਰੋ ! ਸਾਡੇ ਸਤਿਕਾਰਤ ਸ਼ਬਦ ਗੁਰੂ, ਗੁਰੂ ਗ੍ਰੰਥ ਸਾਹਿਬ ਜੀ ਨੇ ਸਾਨੂੰ ਉਸ ਕਰਤਾਰ ਬਾਰੇ ਕੀ ਇਹੋ ਕੁਝ ਦੱਸਿਆ ਹੈ ? ਇਹ ਪੂਰੀ 'ਕੂੜ ਕਿਤਾਬ' ਆਪਣੇ 'ਇਸ਼ਟ' ਕਾਲ, ਮਹਾਕਾਲ, ਅਤੇ ਕਾਲਕਾ ਦੇ ਰੂਪ ਦਾ ਥਾਂ-ਥਾਂ 'ਤੇ ਵਰਣਨ ਕਰ ਰਹੀ ਹੈ। ਫਿਰ ਵੀ ਅਸੀਂ ਉਸ 'ਕਾਲ' ਨੂੰ 'ਅਕਾਲ ਪੁਰਖ' ਕਹੀ ਜਾ ਰਹੇ ਹਾਂ ਅਤੇ ਇਸ ਕਾਲ ਦੇ ਉਪਾਸ਼ਕ ਦੀ ਲਿਖੀ ਰਚਨਾ ਨੂੰ ਗੁਰੂ-ਕ੍ਰਿਤ ਕਹੀ ਜਾ ਰਹੇ ਹਾਂ। ਸ਼ਬਦ ਗੁਰੂ ਤਾਂ ਬਚਨ ਕਰ ਰਹੇ ਹਨ :

ਤੂੰ ਏਕੋ ਨਿਹਚਲੁ ਅਗਮ ਅਪਾਰਾ ਗੁਰਮਤੀ ਬੂਝ ਬੁਝਾਵਣਿਆ।। ੧।।
ਹਉ ਵਾਰੀ ਜੀਉ ਵਾਰੀ ਰਾਮ ਨਾਮੁ ਮੰਨਿ ਵਸਾਵਣਿਆ।।
ਤਿਸੁ ਰੂਪੁ ਨ ਰੇਖਿਆ ਵਰਨੁ ਨ ਕੋਈ
ਗੁਰਮਤੀ ਆਪਿ ਬੁਝਾਵਣਿਆ।। ੧।। ਰਹਾਉ।।

(ਗੁਰੂ ਗ੍ਰੰਥ ਸਾਹਿਬ, ਅੰਕ 120)

ਗੁਰੂ ਗ੍ਰੰਥ ਸਾਹਿਬ ਜੀ ਦਾ ਸਿੱਖ ਤਾਂ ਆਪਣੇ ਗੁਰੂ ਕੋਲੋਂ ਸਿੱਧਾ ਸਵਾਲ ਕਰਦਾ ਹੈ ਕਿ ਮੇਰੇ ਅਰਾਧ (ਇਸ਼ਟ) ਦਾ ਰੂਪ ਕੈਸਾ ਹੈ ? ਕਿਹੜਾ ਯੋਗ ਕਰਕੇ ਆਪਣੀ ਕਾਇਆ ਨੂੰ ਵੱਸ ਵਿੱਚ ਕਰਾਂ ? ਉਸਦੇ ਕਿਹੜੇ ਗੁਣਾਂ ਨੂੰ ਮੈਂ ਗਾਵਾਂ ? ਮੈਂ ਉਸਦੀ ਪੂਜਾ ਕਿਸ ਤਰ੍ਹਾਂ ਕਰਾਂ ? ਕਿਸ ਤਰੀਕੇ ਨਾਲ ਇਸ ਸੰਸਾਰ ਰੂਪੀ ਭਉਜਲ ਨੂੰ ਮੈਂ ਪਾਰ ਕਰਾਂ ? ਕੈਸਾ ਤਪ ਕਰਾਂ ਕਿ ਮੈਂ ਤਪੀ ਬਣ ਸਕਾਂ ? ਮੈਂ ਉਸਦਾ ਕਿਹੜਾ ਨਾਮ ਲਵਾਂ ਕਿ ਆਪਣੇ ਅੰਦਰ ਦੇ ਅਹੰਕਾਰ ਨੂੰ ਤਿਆਗ ਸਕਾਂ ?

## ਗਉੜੀ ਮਃ ੫।।

ਕਵਨ ਰੂਪੁ ਤੇਰਾ ਆਰਾਧਉ।।
ਕਵਨ ਜੋਗ ਕਾਇਆ ਲੇ ਸਾਧਉ।। ੧।।
ਕਵਨ ਗੁਨੁ ਜੋ ਤੁਝੁ ਲੈ ਗਾਵਉ।।
ਕਵਨ ਬੋਲ ਪਾਰਬ੍ਰਹਮ ਰੀਝਾਵਉ।। ੧।। ਰਹਾਉ।।
ਕਵਨ ਸੁ ਪੂਜਾ ਤੇਰੀ ਕਰਉ।।
ਕਵਨ ਸੁ ਬਿਧਿ ਜਿਤੁ ਭਵਜਲ ਤਰਉ।। ੨।।

ਕਵਨ ਤਪੁ ਜਿਤੁ ਤਪੀਆ ਹੋਇ॥
ਕਵਨੁ ਸੁ ਨਾਮੁ ਹਉਮੈ ਮਲੁ ਖੋਇ॥ ੩॥

(ਗੁਰੂ ਗ੍ਰੰਥ ਸਾਹਿਬ,, ਅੰਕ 187)

ਅਗਲੀਆਂ ਹੀ ਤੁਕਾਂ ਵਿੱਚ ਉਹ ਸਮਰਥ ਗੁਰੂ ਆਪਣੇ ਸਿੱਖ ਦੇ ਸਾਰੇ ਸਵਾਲਾਂ ਦਾ ਜਵਾਬ ਉਸ ਨੂੰ ਦੇ ਦਿੰਦਾ ਹੈ। ਆਪਣੇ ਅੰਦਰ ਚੰਗੇ ਗੁਣਾਂ ਨੂੰ ਪੈਦਾ ਕਰਨਾ ਹੀ ਪਾਰਬ੍ਰਹਮ ਦੀ ਪੂਜਾ ਹੈ। ਆਪਣੇ ਮਨ ਦੇ ਅੰਦਰ ਦਾ ਗਿਆਨ ਅਤੇ ਉਸ ਦਾ ਹਰ ਵੇਲੇ ਧਿਆਨ ਰੱਖਣਾ ਹੀ ਤੇਰੀ ਸੱਚੀ ਘਾਲਣਾ (ਜਪ ਅਤੇ ਤਪ) ਹੈ। ਜਿਸ ਸਿੱਖ 'ਤੇ, ਉਹ ਪੂਰਾ ਗੁਰੂ ਕਿਰਪਾ ਕਰ ਦੇਵੇ, ਉਸ ਨੂੰ ਉਹ ਦਇਆਲੂ ਕਰਤਾਰ ਪ੍ਰਾਪਤ ਹੋ ਜਾਂਦਾ ਹੈ।

ਗੁਣ ਪੂਜਾ ਗਿਆਨ ਧਿਆਨ ਨਾਨਕ ਸਗਲ ਘਾਲ॥
ਜਿਸੁ ਕਰਿ ਕਿਰਪਾ ਸਤਿਗੁਰੂ ਮਿਲੈ ਦਇਆਲ॥ ੪॥

(ਗੁਰੂ ਗ੍ਰੰਥ ਸਾਹਿਬ, ਅੰਕ 187)

ਵੀਰੋ ! ਐਸੇ ਗੁਰੂ ਦੇ ਲੜ ਲੱਗੋ ਜੋ ਸਾਡੇ ਸਾਰੇ ਸਵਾਲਾਂ ਦੇ ਜਵਾਬ ਦਿੰਦਾ ਹੈ। ਸਾਡੀਆਂ ਸਾਰੀਆਂ ਸ਼ੰਕਾਵਾਂ ਅਤੇ ਭਰਮਾਂ ਨੂੰ ਉਹ ਇੱਕ ਪਲ ਵਿੱਚ ਦੂਰ ਕਰਕੇ ਸਾਡੇ ਮਨ ਨੂੰ ਸੀਤਲ ਤੇ ਹਰਾ-ਭਰਾ ਕਰ ਦਿੰਦਾ ਹੈ। ਅਸੀਂ ਇਸ 'ਅੰਮ੍ਰਿਤ' ਨੂੰ ਛੱਡ ਕੇ, ਕਿਹੜੇ ਲੰਮੀਆਂ ਦਾੜ੍ਹਾਂ ਵਾਲੇ, ਡਮਰੂ ਵਜਾਉਣ ਵਾਲੇ ਅਤੇ ਭਿਆਨਕ ਰੂਪ ਵਾਲੇ 'ਕਾਲ' ਦੇ ਮਗਰ ਭੱਜੀ ਜਾ ਰਹੇ ਹਾਂ। ਇੱਕ ਪਾਸੇ 'ਅੰਮ੍ਰਿਤ' ਦਾ ਉਹ ਸੋਮਾ ਹੈ ਜਿਸ ਨੂੰ ਪੀਤਿਆਂ ਸਾਡਾ ਮਨ ਤਨ ਸੀਤਲ ਹੋ ਜਾਂਦਾ ਹੈ। ਦੂਜੇ ਪਾਸੇ ਉਸ ਬਿਖਿਆ ਦਾ ਨਾਲਾ ਹੈ ਜਿਸਦੇ ਕੋਲੋਂ ਲੰਘਦਿਆਂ ਹੀ ਉਹ ਬਦਬੂ ਮਾਰਦਾ ਹੈ।

ਖ਼ੈਰ ! ਛੱਡੋ ਇਸ 'ਕਾਲ', ਮਹਾਕਾਲ ਅਤੇ ਕਾਲਕਾ ਦੇ ਜ਼ਿਕਰ ਨੂੰ। ਜੇ ਅਸੀਂ ਇਸ 'ਕਾਲ' ਦਾ ਹੀ ਜ਼ਿਕਰ ਕਰਦੇ ਰਹੇ ਤਾਂ ਫਿਰ ਇਥੇ ਹੀ ਅਟਕ ਕੇ ਰਹਿ ਜਾਵਾਂਗੇ। ਇਸ 'ਬਚਿੱਤਰ ਨਾਟਕ' ਦੇ ਕਵੀ ਦੀਆਂ ਇੱਕ-ਦੋ ਗੱਲਾਂ ਕਰਕੇ ਅੱਗੇ ਵੱਧਦੇ ਹਾਂ।

ਜੋ ਵੀਰ ਇਸ ਰਚਨਾ ਨੂੰ ਗੁਰੂ-ਕ੍ਰਿਤ ਕਹਿੰਦੇ ਹਨ, ਉਨ੍ਹਾਂ ਵਾਸਤੇ ਇਸ 'ਬਚਿੱਤਰ ਨਾਟਕ' ਦੀ ਕਵਿਤਾ ਦੇ ਕੁਝ ਪ੍ਰਮਾਣ ਪੇਸ਼ ਕਰ ਰਹੇ ਹਾਂ। ਫ਼ੈਸਲਾ ਆਪ ਖ਼ੁਦ ਹੀ ਕਰ ਲਵੋ ਕਿ ਗੁਰੂ ਗੋਬਿੰਦ ਸਿੰਘ ਸਾਹਿਬ, ਗੁਰੂ ਗ੍ਰੰਥ ਸਾਹਿਬ

ਜੀ ਦੇ ਸਿਧਾਂਤਾਂ ਤੋਂ ਉਲਟ ਕਿਵੇਂ ਚਲ ਸਕਦੇ ਹਨ ?

ਇਸਲਾਮ ਵਿੱਚ ਪ੍ਰਚਲਿਤ ਇੱਕ ਧਾਰਮਿਕ ਰਸਮ ਹੈ 'ਸੁੰਨਤਿ' ਇਸ ਵਿੱਚ ਮੁਸਲਮਾਨ ਬੱਚੇ ਦੇ ਲਿੰਗ ਦੇ ਅਗਲੇ ਹਿੱਸੇ ਦਾ ਕੁਝ ਮਾਸ ਕੱਟ ਦਿੱਤਾ ਜਾਂਦਾ ਹੈ। ਇਸ ਨੂੰ 'ਖ਼ਤਨਾ' ਵੀ ਕਹਿੰਦੇ ਹਨ। ਇਸ ਸ਼ਬਦ ਨੂੰ ਇਹ ਕਵੀ ਕਿੰਨੇ ਅਸ਼ਲੀਲ ਅਤੇ ਫੂਹੜ ਭਾਸ਼ਾ ਵਿੱਚ ਪੇਸ਼ ਕਰ ਰਿਹਾ ਹੈ। ਕੀ ਇਹ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਸ਼ਬਦਾਵਲੀ ਹੋ ਸਕਦੀ ਹੈ ?

ਸਾਚੁ ਕਹੈ ਸੁਨਿ ਲੈ ਚਿਤਿ ਦੈ<br>
ਬਿਨੁ ਦੀਨ ਦਿਆਲ ਕੀ ਸਾਮ ਸਿਧਾਏ।।<br>
ਪ੍ਰੀਤ ਕਰੇ ਪ੍ਰਭੁ ਪਾਯਤ ਹੈ ਕਿਰਪਾਲ ਨ ਭੀਜਤ 'ਲਾਂਡ' ਕਟਾਏ।।

(ਅਖੌਤੀ ਦਸਮ ਗ੍ਰੰਥ, ਪੰਨਾ 46)

ਇਸੇ 'ਸੁੰਨਤਿ' ਦੀ ਗੱਲ ਗੁਰੂ ਗ੍ਰੰਥ ਸਾਹਿਬ ਵਿੱਚ ਵੀ ਕੀਤੀ ਗਈ ਹੈ, ਲੇਕਿਨ ਉਥੇ ਸ਼ਬਦਾਵਲੀ ਕਿੰਨੀ ਸ਼ਾਲੀਨ ਤੇ ਸੁਹਰਿਦ ਵਰਤੀ ਗਈ ਹੈ।

ਮਿਹਰ ਮਸੀਤਿ ਸਿਦਕੁ ਮੁਸਲਾ ਹਕੁ ਹਲਾਲੁ ਕੁਰਾਣੁ।।<br>
ਸਰਮ ਸੁੰਨਤਿ ਸੀਲੁ ਰੋਜਾ ਹੋਹੁ ਮੁਸਲਮਾਣੁ।।

(ਗੁਰੂ ਗ੍ਰੰਥ ਸਾਹਿਬ, ਅੰਕ 140)

ਸੁੰਨਤਿ ਕੀਏ ਤੁਰਕ ਜੇ ਹੋਇਗਾ<br>
ਅਉਰਤ ਕਾ ਕਿਆ ਕਰੀਐ।।

(ਗੁਰੂ ਗ੍ਰੰਥ ਸਾਹਿਬ, ਅੰਕ 477)

ਕੀ ਗੁਰੂ ਗੋਬਿੰਦ ਸਿੰਘ ਸਾਹਿਬ, ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਇਸ 'ਸੁੰਨਤਿ' ਸ਼ਬਦ ਤੋਂ ਅਨਜਾਣ ਸਨ, ਜੋ ਇਹੋ ਜਿਹੇ ਅਭੱਦਰ ਸ਼ਬਦ ਦੀ ਵਰਤੋਂ ਕਰਦੇ ? ਇੱਕ ਪਾਸੇ ਗੁਰੂ ਦੇ ਸੁਭਾਅ ਬਾਰੇ ਗੁਰੂ ਗ੍ਰੰਥ ਸਾਹਿਬ ਫ਼ਰਮਾਉਂਦੇ ਹਨ :

ਮਿਠ ਬੋਲੜਾ ਜੀ ਹਰਿ ਸਜਣੁ ਸੁਆਮੀ ਮੋਰਾ।।<br>
ਹਉ ਸੰਮਲਿ ਥਕੀ ਜੀ ਓਹੁ ਕਦੇ ਨ ਬੋਲੈ ਕਉਰਾ।।<br>
ਕਉੜਾ ਬੋਲਿ ਨ ਜਾਨੈ ਪੂਰਨ ਭਗਵਾਨੈ ਅਉਗਣੁ ਕੋ ਨ ਚਿਤਾਰੇ।।<br>
ਪਤਿਤ ਪਾਵਨੁ ਹਰਿ ਬਿਰਦੁ ਸਦਾਏ ਇਕੁ ਤਿਲੁ ਨਹੀ ਭੰਨੈ ਘਾਲੇ।।

(ਗੁਰੂ ਗ੍ਰੰਥ ਸਾਹਿਬ, ਅੰਕ 784)

ਨਾਨਕ ਗੁਰਮੁਖਿ ਪਾਈਐ ਦਇਆ ਕਰੇ ਹਰਿ ਹੀਰੁ।।

(ਗੁਰੂ ਗ੍ਰੰਥ ਸਾਹਿਬ, ਅੰਕ 22)

ਨਿਰਭਉ ਸਦਾ ਦਇਆਲੁ ਹੈ ਸਭਨਾ ਕਰਦਾ ਸਾਰ॥

(ਗੁਰੂ ਗ੍ਰੰਥ ਸਾਹਿਬ, ਅੰਕ 27)

ਰਾਖਿ ਲੇਹੁ ਪ੍ਰਭੁ ਕਰਣਹਾਰ ਜੀਅ ਜੰਤ ਕਰਿ ਦਇਆ॥
ਬਿਨ ਪ੍ਰਭ ਕੋਇ ਨ ਰਖਨਹਾਰੁ ਮਹਾ ਬਿਕਟ ਜਮ ਭਇਆ॥

(ਗੁਰੂ ਗ੍ਰੰਥ ਸਾਹਿਬ, ਅੰਕ 47)

ਮਿਹਰਵਾਨ ਕਿਰਪਾਲ ਦਇਆਲਾ ਸਗਲੇ ਤ੍ਰਿਪਤਿ ਅਘਾਏ ਜੀਉ॥

(ਗੁਰੂ ਗ੍ਰੰਥ ਸਾਹਿਬ, ਅੰਕ 103)

ਸੱਚਾ ਗੁਰੂ ਤਾਂ ਮਿੱਠ ਬੋਲੜਾ ਹੈ। ਉਹ ਹਰੇਕ ਜੀਵ 'ਤੇ ਦਇਆ ਕਰਨ ਵਾਲਾ ਹੈ। ਦੂਜੇ ਪਾਸੇ ਇਹ ਕਵੀ, ਗੁਰੂ ਗੋਬਿੰਦ ਸਿੰਘ ਜੀ ਦੇ ਦਇਆਲੂ ਸੁਭਾਅ ਤੋਂ ਉਲਟ ਉਨ੍ਹਾਂ ਦੀ ਛਵੀ ਨੂੰ ਕਿੰਨੀ ਕ੍ਰੂਰਤਾ ਵਾਲੀ ਪੇਸ਼ ਕਰ ਰਿਹਾ ਹੈ। ਦਇਆ ਦਾ ਪੁੰਜ ਉਹ ਗੁਰੂ ਆਪਣੇ ਤੀਰ ਨਾਲ ਇੱਕ ਤੋਲਾ ਸੋਨਾ ਲਾਉਂਦਾ ਸੀ ਕਿ ਜੇ ਕੋਈ ਉਸ ਨਾਲ ਫੱਟੜ ਹੋ ਜਾਏ ਤਾਂ ਇਹ ਸੋਨਾ ਉਸ ਦੇ ਦਵਾ-ਦਾਰੂ ਦੇ ਕੰਮ ਆ ਸਕੇ ਅਤੇ ਜੇ ਕੋਈ ਅਕਾਲ ਚਲਾਣਾ ਕਰ ਜਾਏ ਤਾਂ ਉਸਦਾ ਅੰਤਿਮ ਸਸਕਾਰ ਹੋ ਸਕੇ। ਉਸ ਦਇਆਲੂ ਗੁਰੂ ਨੂੰ ਇਹ ਕਵੀ ਬਹੁਤ ਹੀ ਕ੍ਰੂਰ ਸੁਭਾਅ ਵਾਲਾ ਦਰਸਾ ਕੇ ਬਦਨਾਮ ਕਰ ਰਿਹਾ ਹੈ।

ਚੌਪਈ॥

ਬਹੁਤ ਦਿਵਸ ਇਹ ਭਾਂਤਿ ਬਿਤਾਏ॥
ਸੰਤ ਉਬਾਰਿ ਦੁਸਟ ਸਭ ਘਾਏ॥
ਟਾਂਗ ਟਾਂਗ ਕਰਿ ਹਨੇ ਨਿਦਾਨਾ॥
ਕੂਕਰ ਜਿਮਿ ਤਿਨ ਤਜੇ ਪਰਾਨਾ॥

(ਅਖੌਤੀ ਦਸਮ ਗ੍ਰੰਥ, ਪੰਨਾ 62)

ਅਨੁਵਾਦ : ਬਹੁਤ ਦਿਨ ਅਸੀਂ ਇਸ ਤਰ੍ਹਾਂ ਬਿਤਾਏ। ਫਿਰ ਅਸੀਂ ਸੰਤਾਂ ਦੀ ਸਹਾਇਤਾ ਕੀਤੀ ਤੇ ਦੁਸ਼ਟਾਂ ਦਾ ਕਤਲ ਕੀਤਾ। ਇਨ੍ਹਾਂ ਦੁਸ਼ਟਾਂ ਨੂੰ ਪੁੱਠਾ ਟੰਗ ਦਿੱਤਾ। ਇਨ੍ਹਾਂ ਨੇ ਕੁੱਤਿਆਂ ਵਾਂਗ (ਤੜਫ-ਤੜਫ) ਕੇ ਆਪਣੇ ਪ੍ਰਾਣ ਤਿਆਗੇ।

ਇਹ ਗੁਰੂ ਜੀ ਦੀ ਵਡਿਆਈ ਕਰ ਰਿਹਾ ਹੈ ਜਾਂ ਅਪਮਾਨ ?

ਗੁਰੂ ਗ੍ਰੰਥ ਸਾਹਿਬ ਜੀ ਦੀ ਸਿੱਖਿਆ ਅਨੁਸਾਰ ਤੀਰਥ ਇਸ਼ਨਾਨ ਆਦਿ ਕਰਮ-ਕਾਂਡ ਸਾਰੇ ਹੀ ਪਾਖੰਡ ਹਨ।

ਮਲੁ ਹਉਮੈ ਧੋਤੀ ਕਿਵੈ ਨ ਉਤਰੈ
ਜੇ ਸਉ ਤੀਰਥ ਨਾਇ।।

(ਗੁਰੂ ਗ੍ਰੰਥ ਸਾਹਿਬ, ਅੰਕ ੨੦)

ਤੀਰਥ ਨਾਤਾ ਕਿਆ ਕਰੇ
ਮਨ ਮਹਿ ਮੈਲੁ ਗੁਮਾਨੁ।।

(ਗੁਰੂ ਗ੍ਰੰਥ ਸਾਹਿਬ, ਅੰਕ 61)

ਹੋਮ ਜਗ ਤੀਰਥ ਕੀਏ
ਬਿਚਿ ਹਉਮੈ ਬਧੇ ਬਿਕਾਰ।।

(ਗੁਰੂ ਗ੍ਰੰਥ ਸਾਹਿਬ, ਅੰਕ 214)

ਬਹੁ ਤੀਰਥ ਭਵਿਆ।।
ਤੇਤੋ ਲਵਿਆ।।
ਬਹੁ ਭੇਖ ਕੀਆ ਦੇਹੀ ਦੁਖੁ ਦੀਆ।।

(ਗੁਰੂ ਗ੍ਰੰਥ ਸਾਹਿਬ, ਅੰਕ 467)

ਦੂਜੇ ਪਾਸੇ ਇਹ 'ਬਚਿੱਤਰ ਨਾਟਕ' ਤਿਆਗ ਅਤੇ ਵੈਰਾਗ ਦੀ ਮਿਸਾਲ ਗੁਰੂ ਤੇਗ਼ ਬਹਾਦਰ ਸਾਹਿਬ ਜੀ ਨੂੰ ਪੁੱਤਰ ਦੀ ਦਾਤ ਲਈ, ਇਨ੍ਹਾਂ 'ਤੀਰਥਾਂ' 'ਤੇ ਭੇਜ ਕੇ, ਇੱਕ ਸਿੱਖ ਨੂੰ ਇਨ੍ਹਾਂ ਕਰਮ-ਕਾਂਡਾਂ ਨਾਲ ਜੋੜ ਰਿਹਾ ਹੈ ਅਤੇ ਹਿੰਦੂ ਧਰਮ ਦੀ ਮਾਨਤਾ 'ਤ੍ਰਿਵੇਣੀ' ਦੇ ਇਸ਼ਨਾਨ ਨੂੰ ਬੜ੍ਹਾਵਾ ਦੇ ਰਿਹਾ ਹੈ।

## ਚੌਪਈ।।

ਮੁਰ ਪਿਤ ਪੂਰਬ ਕੀਯਸਿ ਪਯਾਨਾ।।
ਭਾਂਤਿ ਭਾਂਤਿ ਕੇ ਤੀਰਥਿ ਨਾਨਾ।।
ਜਬ ਹੀ ਜਾਤਿ ਤ੍ਰਿਬੇਣੀ ਭਏ।।
ਪੁੰਨ ਦਾਨ ਦਿਨ ਕਰਤ ਬਿਤਏ।। ੧।।
ਤਹੀ ਪ੍ਰਕਾਸ਼ ਹਮਾਰਾ ਭਯੋ।।
ਪਟਨਾ ਸਹਰ ਬਿਖੈ ਭਵ ਲਯੋ।।

(ਅਖੌਤੀ ਦਸਮ ਗ੍ਰੰਥ, ਪੰਨਾ 59)

'ਬਚਿੱਤਰ ਨਾਟਕ' ਦੀ ਗੱਲ ਖ਼ਤਮ ਕਰਨ ਤੋਂ ਪਹਿਲਾਂ ਇਸ ਕਵੀ ਦੀ ਇੱਕ ਸ਼ਰਾਰਤ ਵੱਲ ਪਾਠਕਾਂ ਦਾ ਜ਼ਰੂਰ ਧਿਆਨ ਦਿਵਾ ਦੇਣਾ ਚਾਹੁੰਦਾ ਹਾਂ।

ਇਸ ਕਹਾਣੀ ਵਿੱਚ ਗੁਰੂ ਤੇਗ਼ ਬਹਾਦਰ ਜੀ ਦੀ 'ਸ਼ਹਾਦਤ' ਦੀ ਮਹਾਨਤਾ ਨੂੰ ਬਹੁਤ ਛੋਟਾ ਕਰ ਦਿੱਤਾ ਗਿਆ ਹੈ। ਇਹ ਵੀ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਗੁਰੂ ਸਾਹਿਬ ਨੇ ਜੋ ਸ਼ਾਹਦਤ ਦਿੱਤੀ, ਉਹ ਕੇਵਲ 'ਤਿਲਕ ਅਤੇ ਜਨੇਊ' ਦੀ ਰੱਖਿਆ ਲਈ ਹੀ ਸੀ। ਦੂਜੇ ਸ਼ਬਦਾਂ ਵਿੱਚ, ਇਹ 'ਸ਼ਹਾਦਤ' ਕਿਸੇ 'ਸਿਧਾਂਤ' ਕਰਕੇ ਨਹੀਂ, ਬਲਕਿ ਸਿਰਫ਼ ਹਿੰਦੂ ਧਰਮ ਨੂੰ ਬਚਾਉਣ ਲਈ ਹੀ ਦਿੱਤੀ ਗਈ ਸੀ - "ਤਿਲਕ ਜੰਞੂ ਰਾਖਾ ਪ੍ਰਭ ਤਾ ਕਾ, ਕੀਨੋ ਬਡੋ ਕਲੂ ਮਹਿ ਸਾਕਾ।'' ਅੱਜ ਵੀ ਅਸੀਂ ਕਈ ਥਾਵਾਂ 'ਤੇ ਗੁਰੂ ਤੇਗ਼ ਬਹਾਦਰ ਸਾਹਿਬ ਨੂੰ 'ਹਿੰਦ ਦੀ ਚਾਦਰ' ਕਹਿੰਦੇ ਸੁਣਦੇ ਹਾਂ। ਸਾਵਧਾਨ ! ਇਹ 'ਸਲੋਗਨ' ਵੀ ਉਨ੍ਹਾਂ ਪੰਥ ਦੋਖੀਆਂ ਦਾ ਪ੍ਰਚਲਿਤ ਕੀਤਾ ਹੋਇਆ ਹੈ। ਕਿਉਂਕਿ ਗੁਰੂ ਤੇਗ਼ ਬਹਾਦਰ ਸਾਹਿਬ ਤਾਂ "ਪੂਰੀ ਲੋਕਾਈ ਦੀ ਚਾਦਰ'' ਸਨ, "ਪੂਰੀ ਮਨੁੱਖਤਾ ਦੀ ਚਾਦਰ'' ਸਨ, ਅਤੇ ਕੇਵਲ 'ਹਿੰਦ ਦੀ ਚਾਦਰ' ਨਹੀਂ ਸਨ।

ਖ਼ਾਲਸਾ ਜੀ ! ਇਹ ਹੈ 'ਬਚਿੱਤਰ ਨਾਟਕ'। ਇਸ ਵਿੱਚ ਹੋਰ ਵੀ ਬਹੁਤ ਕੁਝ ਹੈ। ਇਸ ਵਿੱਚ ਭੰਗਾਣੀ ਦੇ ਯੁੱਧ ਦਾ ਵਰਣਨ ਕੀਤਾ ਹੋਇਆ ਹੈ। ਬੇਦੀਆਂ ਅਤੇ ਸੋਢੀਆਂ ਦੀ ਕੁਲ ਕਿਵੇਂ ਚਲੀ, ਉਨ੍ਹਾਂ ਦੇ ਪਿਛਲੇ ਪੂਰਵਜਾਂ ਦਾ ਬਿਓਰਾ ਹੈ। ਇਹ ਸਿਰਫ਼ ਇਹ ਸਾਬਤ ਕਰਨ ਲਈ ਦਿੱਤਾ ਗਿਆ ਹੈ ਕਿ ਸਾਡੇ ਗੁਰੂਆਂ ਦਾ ਜਨਮ ਰਾਮ ਚੰਦਰ ਦੇ ਪੁੱਤਰ 'ਲਵ' ਤੇ 'ਕੁਸ਼' ਦੀ ਅੰਸ਼ ਵਿੱਚੋਂ ਹੋਇਆ। ਦੂਜੇ ਸ਼ਬਦਾਂ ਵਿੱਚ ਕਹਿ ਲਓ ਕਿ ਸਾਡੇ ਗੁਰੂ 'ਸੂਰਜ ਵੰਸ਼ੀ ਬ੍ਰਾਹਮਣਾਂ' ਦੀ ਕੁਲ ਵਿੱਚੋਂ ਹੀ ਹਨ। ਇਹ ਨੁਕਤਾ ਅਤੇ ਪ੍ਰਸੰਗ ਸ਼ਾਇਦ ਇਸ ਲਈ ਵੀ ਜੋੜਿਆ ਗਿਆ ਹੈ ਕਿ 'ਸਾਂਝੀਵਾਲਤਾ' ਦੇ ਬਹਾਨੇ ਸਾਡੀ ਕੌਮ ਦਾ 'ਹਿੰਦੂਕਰਨ' ਹੋ ਸਕੇ। ਸਾਡੀ ਕੱਚੀ ਸੋਚ ਵਾਲੀ ਨਵੀਂ ਪਨੀਰੀ ਦੇ ਮਨ ਵਿੱਚ ਇਹ ਮਜ਼ਬੂਤੀ ਨਾਲ ਪਾਇਆ ਜਾ ਸਕੇ ਕਿ 'ਸਿੱਖ ਵੀ ਹਿੰਦੂ ਹੀ ਹਨ'। ਇਸ ਸਾਰੀ ਕਿਤਾਬ ਦਾ ਮਕਸਦ ਵੀ ਇਹ ਹੀ ਹੈ ਕਿ ਸਿੱਖ ਨੂੰ ਗੁਰੂ ਗ੍ਰੰਥ ਸਾਹਿਬ ਨਾਲੋਂ ਕਿਸੇ ਤਰ੍ਹਾਂ ਵੀ ਤੋੜ ਕੇ ਉਸ ਨੂੰ 'ਹਿੰਦੂ' ਮਿਥਿਹਾਸ, ਦੇਵੀ-ਦੇਵਤਿਆਂ ਅਤੇ ਅਵਤਾਰਾਂ ਨਾਲ ਜੋੜ ਦਿੱਤਾ ਜਾਵੇ। ਇਸੇ ਕਰਕੇ 'ਚਉਬੀਸ ਅਵਤਾਰ' ਨਾਮਕ ਰਚਨਾ ਨਾਲ ਇਸ ਕਿਤਾਬ ਦੇ 554 ਪੰਨੇ ਕਾਲੇ ਕੀਤੇ ਗਏ ਹਨ।

ਇਸ 'ਬਚਿੱਤਰ ਨਾਟਕ' ਵਿੱਚ ਹੋਰ ਵੀ ਬਹੁਤ ਕੁਝ ਗ਼ੈਰ-ਸਿਧਾਂਤਕ ਅਤੇ ਸ਼ਬਦ-ਗੁਰੂ ਦੇ ਸਿਧਾਂਤਾਂ ਤੋਂ ਉਲਟ ਲਿਖਿਆ ਹੋਇਆ ਹੈ। ਲੇਕਿਨ ਇਹ

ਭਾਗ ਬਹੁਤ ਲੰਮਾ ਹੋ ਜਾਣ ਦੇ ਕਾਰਣ ਉਨ੍ਹਾਂ ਸਭ ਦਾ ਜ਼ਿਕਰ ਕਰਨਾ ਮੁਮਕਿਨ ਨਹੀਂ ਹੈ। ਇਹ ਭਾਗ ਬਹੁਤ ਲੰਮਾ ਹੋ ਜਾਵੇਗਾ ਅਤੇ 'ਕੂੜ ਕਿਤਾਬ' ਦੇ ਲਿਖਾਰੀ ਵਾਂਗ ਮੈਨੂੰ ਵੀ ਲਿਖਣਾ ਪਵੇਗਾ (ਜੋ ਉਹ ਕਈ ਥਾਵਾਂ 'ਤੇ ਲਿਖਦਾ ਹੈ) -

ਕਹਾ ਲਗੇ ਕਰਿ ਕਥਾ ਸੁਨਾਊ।।
ਗ੍ਰੰਥ ਬਢਨ ਤੇ ਅਧਿਕ ਡਰਾਊਂ।।

ਹੁਣ ਕਿਤੇ ਇਹ ਦੋਸ਼ ਨਾ ਲਾ ਦੇਣਾ ਕਿ ਮੈਂ ਇਸ 'ਕਾਲੀ ਕਿਤਾਬ' ਵਿੱਚੋਂ 'ਕੁਟੇਸ਼ਨ' ਦੇਣ ਲੱਗ ਪਿਆ ਹਾਂ।

# ਭਾਗ ੭

## ਸ੍ਰੀ ਭਗਉਤੀ ਜੀ ਸਹਾਇ॥
## ਅਥ ਚੰਡੀ ਚਰਿਤ੍ਰ ਉਕਤਿ ਬਿਲਾਸ ਲਿਖਯਤੇ॥

'ਬਚਿਤ੍ਰ ਨਾਟਕ' (ਅਜੀਬੋ ਗਰੀਬ ਸਵਾਂਗ) ਤੋਂ ਬਾਅਦ ਇਹ ਚੰਡੀ ਚਰਿਤ੍ਰ ਵਾਲੀ 'ਦੁਰਗਾ' ਦੇਵੀ ਦੀ ਉਸਤਤਿ ਇਸ ਕੂੜ ਗ੍ਰੰਥ ਦੇ ਪੰਨਾ ਨੰ. 74 ਤੋਂ ਸ਼ੁਰੂ ਹੁੰਦੀ ਹੈ ਜੋ ਕਿ ਪੰਨਾ ਨੰ. 119 'ਤੇ ਖ਼ਤਮ ਹੁੰਦੀ ਹੈ। ਇਸ ਕਿਤਾਬ ਦੇ 45 ਪੰਨੇ ਇਸ 'ਦੁਰਗਾ ਦੀ ਉਸਤਤਿ' ਨਾਲ ਹੋਰ ਭਰੇ ਪਏ ਹਨ।

ਦੇਵੀ-ਦੇਵਤਿਆਂ ਅਤੇ ਅਵਤਾਰਾਂ ਦੀ ਉਸਤਤਿ ਨੂੰ ਹੀ ਇਸ ਕਿਤਾਬ ਵਿੱਚ ਇਕੱਠਾ ਕੀਤਾ ਹੋਇਆ ਹੈ, ਜੋ ਕਿ ਸਿੱਖਾਂ ਲਈ ਕਿਸੇ ਕੰਮ ਦਾ ਨਹੀਂ। ਜੇ ਕੋਈ ਵੀਰ-ਭੈਣ ਇਹ ਸਮਝਦਾ ਹੋਏ ਕਿ ਇਹ ਰਚਨਾ ਗੁਰੂ ਗ੍ਰੰਥ ਸਾਹਿਬ ਜੀ ਦੀ ਸਿੱਖਿਆ ਅਤੇ ਸਿਧਾਂਤਾਂ ਦੇ ਅਨੁਸਾਰ ਹੈ, ਤਾਂ ਉਹ ਇਹ ਜ਼ਰੂਰ ਦੱਸੇ ਕਿ ਇਹ 'ਦੁਰਗਾ ਉਸਤਤਿ' ਸਿੱਖਾਂ ਨੂੰ ਕੀ ਸਿੱਖਿਆ ਦਿੰਦੀ ਹੈ ? ਅਤੇ ਇਹ ਸਿੱਖਾਂ ਨੂੰ ਕਿਸ ਸਿਧਾਂਤ ਨਾਲ ਜੋੜਦੀ ਹੈ ?

'ਅਥ ਚੰਡੀ ਚਰਿਤ੍ਰ ਉਕਤਿ ਬਿਲਾਸ' ਸਿਰਲੇਖ ਹੇਠ 'ਦੁਰਗਾ' ਦੇਵੀ ਦੀ ਉਸਤਤਿ ਹੈ ਅਤੇ ਇਸ ਵਿੱਚ ਉਸਦੇ ਕੁਝ ਯੁੱਧਾਂ ਦਾ ਵਰਣਨ ਹੈ। ਇਸ ਦੁਰਗਾ ਉਸਤਤਿ ਬਾਰੇ ਗੱਲ ਸ਼ੁਰੂ ਕਰਨ ਤੋਂ ਪਹਿਲਾਂ, ਬਹੁਤ ਹੈਰਾਨਗੀ ਅਤੇ ਦੁਖ ਨਾਲ ਆਪ ਜੀ ਨਾਲ ਇਹ ਵਿਚਾਰ ਸਾਂਝਾ ਕਰਨਾ ਚਾਹੁੰਦਾ ਹਾਂ ਕਿ ਇਸਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ ਸਾਬਤ ਕਰਨ ਲਈ, ਇਸ ਗ੍ਰੰਥ ਦੀਆਂ ਕਈ ਹੋਰ ਰਚਨਾਵਾਂ ਵਾਂਗ, ਇਸ ਉਪਰ ਵੀ 'ਪਾਤਸ਼ਾਹੀ 10' ਲਿਖ ਦਿੱਤਾ ਗਿਆ ਹੈ।

ਮਨ ਤਾਂ ਕਰਦਾ ਹੈ ਕਿ ਇਹੋ ਜਿਹੇ 'ਕੂੜ ਕਬਾੜ' ਨੂੰ ਆਪ ਜੀ ਨਾਲ ਸਾਂਝਾ ਕਰਕੇ ਆਪ ਜੀ ਦਾ ਸਮਾਂ ਖ਼ਰਾਬ ਨਾ ਕਰਾਂ, ਲੇਕਿਨ ਇਸ 'ਦੇਵੀ-ਦੇਵਤਿਆਂ ਦੀ ਉਸਤਤਿ' ਨੂੰ ਸਾਡੇ ਗੁਰਦੁਆਰਿਆਂ ਵਿੱਚ ਆਰਤੀ ਦੇ ਰੂਪ ਵਿੱਚ ਪੜ੍ਹਿਆ ਜਾ ਰਿਹਾ ਹੈ - 'ਯਾਤੇ ਪ੍ਰਸੰਨ ਭਏ..... ਸੰਖਨ ਕੀ ਧੁਨਿ'। ਅਤੇ

'ਦੇਹਿ ਸ਼ਿਵਾ ਬਰ ਮੋਹਿ ਇਹੈ...' ਵਰਗੀ 'ਦੇਵੀ ਉਸਤਤਿ' ਵਾਲੀ ਕੱਚੀ ਬਾਣੀ, ਸਿੱਖਾਂ ਨੂੰ ਘੋਲ-ਘੋਲ ਕੇ ਪਿਲਾ ਦਿੱਤੀ ਗਈ ਹੈ। ਇਹ ਕੱਚੀ ਬਾਣੀ ਇਸੇ 'ਅਥ ਚੰਡੀ ਚਰਿਤ੍ਰ ਉਕਤਿ ਬਿਲਾਸ ਲਿਖਯਤੇ' ਸਿਰਲੇਖ ਹੇਠ ਹੀ ਅੰਕਿਤ ਹੈ, ਅਤੇ ਇਹ ਰਚਨਾਵਾਂ ਸਿੱਖਾਂ ਕੋਲੋਂ 'ਦੇਵੀ' ਜੀ ਦੀ ਉਸਤਤਿ ਕਰਵਾ ਕੇ, ਉਸ ਨੂੰ 'ਇੱਕ ਨਿਰੰਕਾਰ' ਤੋਂ ਤੋੜ ਕੇ 'ਦੇਵੀ ਪੂਜਕ' ਬਣਾ ਚੁੱਕੀਆਂ ਹਨ। ਇਸ ਕਰਕੇ ਜੇ ਇਨ੍ਹਾਂ ਬਾਰੇ ਚਰਚਾ ਨਾ ਕਰੀਏ ਤਾਂ ਇਸ ਭਾਗ ਦਾ ਮਕਸਦ ਹੀ ਅਧੂਰਾ ਰਹਿ ਜਾਵੇਗਾ। ਇਸ ਰਚਨਾ ਦੀ ਬਹੁਤ ਵਿਸਤਾਰ ਨਾਲ ਚਰਚਾ ਕਰਨ ਦੀ ਬਜਾਏ, ਇਸਦੇ ਮੁੱਖ ਹਿੱਸਿਆਂ 'ਤੇ ਹੀ ਨਜ਼ਰ ਮਾਰਾਂਗੇ ਕਿ ਸਿੱਖੀ ਵਿੱਚ ਇਸ ਦਾ ਕੋਈ ਮਹੱਤਵ ਹੈ ਜਾਂ ਨਹੀਂ ? ਕੀ ਇਹ ਰਚਨਾ ਗੁਰੂ ਗੋਬਿੰਦ ਸਿੰਘ ਸਾਹਿਬ ਨੂੰ 'ਚੰਡੀ' ਦੇਵੀ ਦਾ ਉਪਾਸ਼ਕ ਸਾਬਤ ਕਰ ਕੇ ਉਨ੍ਹਾਂ ਨੂੰ ਬਦਨਾਮ ਤਾਂ ਨਹੀਂ ਕਰ ਰਹੀ ? ਇਸ ਦੀ ਸ਼ੁਰੂਆਤ ਇਸ ਤਰ੍ਹਾਂ ਹੁੰਦੀ ਹੈ :

## ਮੁਖ ਭਾਗ ੪

## ਚੰਡੀ ਚਰਿਤ੍ਰ (ਉਕਤਿ ਬਿਲਾਸ)

ੴ ਵਾਹਿਗੁਰੂ ਜੀ ਕੀ ਫਤਹਿ॥

ਸ੍ਰੀ ਭਗਉਤੀ ਜੀ ਸਹਾਇ॥

ਅਬ ਚੰਡੀ ਚਰਿਤ੍ਰ ਉਕਤਿ ਬਿਲਾਸ ਲਿਖਯਤੇ॥

ਪਾਤਸ਼ਾਹੀ ੧੦॥

ਸ੍ਵੈਯਾ॥

ਆਦਿ ਅਪਾਰ ਅਲੇਖ ਅਨੰਤ ਅਕਾਲ ਅਭੇਖ ਅਲਖ ਅਨਾਸਾ॥
ਕੈ 'ਸਿਵ ਸਕਤ' ਦਏ ਸ੍ਰੁਤਿ ਚਾਰ ਰਜੋ ਤਮੋ ਸਤ ਤਿਹੂੰ ਪੁਰ ਬਾਸਾ॥
ਦਿਉਸ ਨਿਸਾ ਸਸਿ ਸੂਰ ਕੇ ਦੀਪਕ ਸ੍ਰਿਸਟਿ ਰਚੀ ਪੰਚ ਤਤ ਪ੍ਰਕਾਸਾ॥
ਬੈਰ ਬਢਾਇ ਲਰਾਇ ਸੁਰਾਸੁਰ ਆਪਹਿ ਦੇਖਤ ਬੈਠ ਤਮਾਸਾ॥ ੧॥

ਦੋਹਰਾ॥

ਕ੍ਰਿਪਾ ਸਿੰਧ ਤੁਮਰੀ ਮਿਪਾ ਜੋ ਕਛੁ ਮੋ ਪਰਿ ਹੋਇ॥
ਰਚੋ ਚੰਡਿਕਾ ਕੀ ਕਥਾ ਬਾਨੀ ਸੁਭ ਸਭ ਹੋਇ॥ ੨॥

ਜੋਤ ਜਗਮਗੈ ਜਗਤਿ ਮੈ ਚੰਡ ਚਮੁੰਡ ਪ੍ਰਚੰਡ॥
ਭੁਜ ਦੰਡਨ ਦੰਡਨਿ ਅਸੁਰ ਮੰਡਨ ਭੁਇ ਨਵ ਖੰਡ॥ ੩॥

ਸ੍ਵੈਯਾ॥

ਤਾਰਨ ਲੋਕ ਉਧਾਰਨ ਭੂਮਿਤਿ ਦੈਤ ਸੰਘਰਾਨ ਚੰਡਿ ਤੁਹੀ ਹੈ॥
ਕਾਰਨ ਈਸ ਕਲਾ, ਕਮਲਾ ਹਰਿ ਅਦ੍ਰਸੁਤਾ ਜਹ ਦੇਖੇ ਉਹੀ ਹੈ॥

(ਅਖੌਤੀ ਦਸਮ ਗ੍ਰੰਥ, ਪੰਨਾ 73)

ਹੁਣ ਇਸਦੇ ਅਰਥ ਵੀ ਸਮਝ ਲਈਏ। ਦਸਮ ਗ੍ਰੰਥੀਆਂ ਦੇ ਮੁਤਾਬਕ ਇਹ ਸਭ ਕੁਝ ਗੁਰੂ ਗੋਬਿੰਦ ਸਿੰਘ ਜੀ ਲਿਖ ਰਹੇ ਹਨ :

ਅਨੁਵਾਦ : ਚੰਡੀ (ਦੁਰਗਾ) ਦੇ ਚਰਿਤ੍ਰ - ੧ੴ ਵਾਹਿਗੁਰੂ ਜੀ ਕੀ ਫਤਹਿ - ਦੁਰਗਾ ਦੇਵੀ ਮੇਰੀ ਸਹਾਇਤਾ ਕਰੋ। ਹੁਣ ਮੈਂ 'ਚੰਡੀ' ਦੀਆਂ ਅਪਾਰ ਵਡਿਆਈਆਂ ਲਿਖਦਾ ਹਾਂ। ਪਾਤਸ਼ਾਹੀ ੧੦ - ਸਵੈਯਾ। ਜੋ ਆਦਿ (ਇਸ ਦੁਨੀਆ ਵਿੱਚ ਸਭ ਤੋਂ ਪਹਿਲਾਂ ਪ੍ਰਗਟ ਹੋਣ ਵਾਲਾ), ਅਪਾਰ (ਲਿਖ ਕੇ ਵਰਣਨ ਨਾ ਕੀਤਾ ਜਾਣ ਵਾਲਾ), ਜਿਸ ਦਾ ਕੋਈ ਅੰਤ ਨਹੀਂ ਹੈ, ਬੰਧਨ ਮੁਕਤ ਹੈ, ਮੌਤ ਤੋਂ ਮੁਕਤ ਹੈ, ਨਾ ਦਿੱਸਣ ਵਾਲਾ ਹੈ ਅਤੇ ਨਾ ਨਾਸ ਹੋਣ ਵਾਲਾ ਹੈ। ਉਸ ਨੇ 'ਸ਼ਿਵ ਦੀ ਸ਼ਕਤੀ' (ਸਿਵ ਸਕਤ) ਦੇਵੀ ਸ਼ਿਵਾ, ਪਾਰਵਤੀ ਨੂੰ ਚਾਰ ਵੇਦ ਅਤੇ ਤਿੰਨ ਗੁਣ - ਰਾਜਸ, ਤਾਮਸ ਅਤੇ ਸਾਤਵ ਦਿੱਤੇ, ਜਿਨ੍ਹਾਂ ਨੂੰ ਉਸਨੇ ਤਿੰਨਾਂ ਲੋਕਾਂ ਵਿੱਚ ਫੈਲਾਇਆ। ਉਸਨੇ ਦਿਨ ਅਤੇ ਰਾਤ ਬਣਾਏ, ਅਤੇ ਉਨ੍ਹਾਂ ਨੂੰ ਸੂਰਜ ਅਤੇ ਚੰਦ੍ਰਮਾ ਨਾਲ ਪ੍ਰਕਾਸ਼ਮਾਨ ਕਰਕੇ ਇਸ ਸ੍ਰਿਸ਼ਟੀ ਦੀ ਰਚਨਾ ਕੀਤੀ। ਦਾਨਵਾਂ ਅਤੇ ਦੇਵਤਿਆਂ ਵਿੱਚ ਵੈਰ ਪੈਦਾ ਕਰਕੇ ਉਨ੍ਹਾਂ ਨੂੰ ਆਪਸ ਵਿੰਚ ਲੜਵਾ ਦਿੱਤਾ, ਅਤੇ ਆਪ ਬੈਠ ਕੇ ਇਹ ਸਾਰਾ ਤਮਾਸ਼ਾ ਵੇਖਣ ਲੱਗਾ। ਦੋਹਰਾ। ਹੇ ਦਇਆ ਦੇ ਸਾਗਰ ! ਜੇ ਤੇਰੀ ਥੋੜ੍ਹੀ ਜਿਹੀ ਕ੍ਰਿਪਾ ਮੇਰੇ 'ਤੇ ਹੋ ਜਾਵੇ ਤਾਂ ਮੈਂ ਚੰਡਿਕਾ (ਦੁਰਗਾ) ਦੀ ਕਥਾ ਦੀ ਰਚਨਾ ਠੀਕ-ਠਾਕ ਕਰ ਸਕਾਂ। ਹੇ ਚੰਡ ਚਮੁੰਡਾ (ਚੰਡ ਅਤੇ ਚਮੁੰਡ ਦੈਤਾਂ ਦਾ ਵੱਧ ਕਰਨ ਵਾਲੀ ਦੇਵੀ) ਤੇਰੀ ਜੋਤ ਸਾਰੀ ਦੁਨੀਆ ਵਿੱਚ ਰੋਸ਼ਨ ਹੋਵੇ। ਨੌਵਾਂ ਖੰਡਾਂ ਤੇ ਬ੍ਰਹਮੰਡਾਂ ਦੀ ਸਭ ਤੋਂ ਵੱਡੀ ਸ਼ਕਤੀ ਅਸੁਰਾਂ ਨੂੰ ਦੰਡ ਦੇਣ ਵਾਲੀ ਹੈ। ਸਵੈਯਾ।

ਲੋਕਾਂ ਨੂੰ ਤਾਰਨ ਵਾਲੀ ਅਤੇ ਦੈਤਾਂ ਨੂੰ ਮਾਰਨ ਵਾਲੀ 'ਚੰਡੀ' ਤੂੰ ਹੀ ਹੈਂ। ਹੇ 'ਸ਼ਿਵ ਦੀ ਸ਼ਕਤੀ' (ਈਸ ਕਲਾ), 'ਵਿਸ਼ਨੂੰ ਦੀ ਲਕਸ਼ਮੀ' (ਕਮਲਾ), ਹਿਮਾਵਨ ਦੀ ਪੁੱਤਰੀ, ਪਾਰਵਤੀ (ਅਦ੍ਰਸੁਤਾ) - ਇਹ ਸਾਰੇ ਤੇਰੇ ਹੀ ਰੂਪ ਹਨ।

ਵੀਰੋ ! ਇਸ ਤਰ੍ਹਾਂ ਇਹ 'ਕੂੜ ਕਿਤਾਬ' ਕਹਿੰਦੀ ਹੈ ਕਿ ਗੁਰੂ ਗੋਬਿੰਦ ਸਿੰਘ ਸਾਹਿਬ 'ਚੰਡੀ' (ਦੁਰਗਾ) ਦੇਵੀ ਦੀ ਵਡਿਆਈ ਵਿੱਚ ਲੱਗ ਜਾਂਦੇ ਹਨ। ਉਹ 'ਚੰਡੀ ਚਰਿਤ੍ਰ' ਵਿੱਚ ਇਸ ਦੇ ਯੁੱਧਾਂ ਦਾ ਵਰਣਨ ਵੀ ਕਰਦੇ ਹਨ, ਪਰ ਨਾਲ ਹੀ ਨਾਲ ਉਸਦੀ ਉਸਤਤਿ ਵੀ ਕਰੀ ਜਾਂਦੇ ਹਨ। ਇਥੇ ਸਾਰਾ 'ਚੰਡੀ ਚਰਿਤ੍ਰ' ਲਿਖਣਾ ਸਮੇਂ ਦੀ ਬਰਬਾਦੀ ਹੈ। ਅਸੀਂ ਜ਼ਰੂਰੀ-ਜ਼ਰੂਰੀ ਨੁਕਤਿਆਂ 'ਤੇ ਵੀਚਾਰ ਕਰਕੇ ਅੱਗੇ ਚਲਦੇ ਹਾਂ।

ਹੁਣ ਇਹ ਸ਼ੁਰੂਆਤੀ ਪੰਗਤੀਆਂ ਪੜ੍ਹ ਕੇ ਕੁਝ ਸੁਆਲ ਖੜ੍ਹੇ ਹੋ ਜਾਂਦੇ ਹਨ। ਸਾਡੇ ਉਹ ਆਗੂ, ਵਿਦਵਾਨ ਅਤੇ ਕਥਾਕਾਰ ਜੋ ਇਸਨੂੰ 'ਦਸਮ ਬਾਣੀ' ਕਹਿ ਕੇ ਸ਼ਬਦ ਗੁਰੂ ਅਤੇ ਉਸ ਵਿੱਚ ਦਰਜ ਸਿਧਾਂਤਾਂ ਦਾ ਮਖੌਲ ਉਡਾ ਰਹੇ ਹਨ, ਉਨ੍ਹਾਂ ਕੋਲ ਇਨ੍ਹਾਂ ਸੁਆਲਾਂ ਦਾ ਕੋਈ ਜਵਾਬ ਨਹੀਂ ਹੈ।

ਗੁਰੂ ਗ੍ਰੰਥ ਸਾਹਿਬ ਜੀ ਤਾਂ ਸਾਨੂੰ ਇਹ ਸਿੱਖਿਆ ਦੇ ਰਹੇ ਹਨ

ਮਾਇਆ ਮੋਹੇ ਦੇਵੀ ਸਭਿ ਦੇਵਾ।।
ਕਾਲੁ ਨ ਛੋਡੈ ਬਿਨੁ ਗੁਰ ਕੀ ਸੇਵਾ।।

(ਗੁਰੂ ਗ੍ਰੰਥ ਸਾਹਿਬ, ਅੰਕ 227)

ਭਰਮੇ ਸੁਰਿ ਨਰ ਦੇਵੀ ਦੇਵਾ।।
ਭਰਮੇ ਸਿਧ ਸਾਧਿਕ ਬ੍ਰਹਮੇਵਾ।।
ਭਰਮਿ ਭਰਮਿ ਮਾਨੁਖ ਡਹਕਾਏ।।
ਦੁਤਰ ਮਹਾ ਬਿਖਮ ਇਹ ਮਾਏ।।

(ਗੁਰੂ ਗ੍ਰੰਥ ਸਾਹਿਬ, ਅੰਕ 258)

ਗੁਰਮੁਖਿ ਭ੍ਰਮ ਭੈ ਮੋਹ ਮਿਟਾਇਆ।।
ਨਾਨਕ ਤੇਹ ਪਰਮ ਸੁਖ ਪਾਇਆ।। ੪੦।।...
ਦੇਵੀ ਦੇਵਾ ਪੂਜਹਿ ਡੋਲਹਿ ਪਾਰਬ੍ਰਹਮ ਨਹੀ ਜਾਨਾ।।
ਕਹਤ ਕਬੀਰ ਅਕੁਲੁ ਨਹੀ ਚੇਤਿਆ ਬਿਖਿਆ ਸਿਉ ਲਪਟਾਨਾ।। ੪।।

(ਗੁਰੂ ਗ੍ਰੰਥ ਸਾਹਿਬ, ਅੰਕ 332)

ਦੇਵੀ ਦੇਵਾ ਪੂਜੀਐ ਭਾਈ ਕਿਆ ਮਾਗਉ ਕਿਆ ਦੇਹਿ॥
ਪਾਹਣੁ ਨੀਰਿ ਪਖਾਲੀਐ ਭਾਈ ਜਲ ਮਹਿ ਬੂਡਹਿ ਤੇਹਿ॥ ੬॥
ਗੁਰ ਬਿਨੁ ਅਲਖੁ ਨ ਲਖੀਐ ਭਾਈ ਜਗੁ ਬੂਡੈ ਪਤਿ ਖੋਇ॥
ਮੇਰੇ ਠਾਕੁਰ ਹਾਥਿ ਵਡਾਈਆ ਭਾਈ ਜੈ ਭਾਵੈ ਤੈ ਦੇਇ॥ ੭॥

(ਗੁਰੂ ਗ੍ਰੰਥ ਸਾਹਿਬ, ਅੰਕ 637)

ਇਸ ਰਚਨਾ ਨੂੰ ਲਿਖਣ ਵਾਲਾ ਕੀ ਇਹ ਭੁੱਲ ਗਿਆ ਕਿ ਗੁਰੂ ਗ੍ਰੰਥ ਸਾਹਿਬ ਜੀ ਨੂੰ 'ਗੁਰੂ' ਮੰਨਣ ਦਾ ਹੁਕਮ ਦਸਮ ਪਿਤਾ ਨੇ ਹੀ ਆਪਣੇ ਸਿੱਖ ਨੂੰ ਦਿੱਤਾ ਸੀ। ਹਰ ਕਿਸੇ ਦੇਵੀ ਉਸਤਤਿ ਅਤੇ ਕੂੜ-ਕਬਾੜ ਰਚਨਾ ਦੇ ਉੱਤੇ 'ਪਾਤਸ਼ਾਹੀ ੧੦' ਲਿਖ ਦੇਣ ਨਾਲ ਉਹ ਗੁਰੂ-ਕ੍ਰਿਤ ਨਹੀਂ ਹੋ ਜਾਂਦੀ। ਦੁਰਗਾ ਦਾ ਉਪਾਸ਼ਕ ਇਹ ਕਵੀ ! ਕੀ ਇਹ ਭੁੱਲ ਗਿਆ ਕਿ ਗੁਰੂ ਗੋਬਿੰਦ ਸਿੰਘ ਸਾਹਿਬ, ਨੌ ਸਰੂਪਾਂ ਦੀ ਹੀ ਇੱਕ ਜੋਤ ਸਨ। ਤੇ ਕੀ ਉਹ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਸਿੱਖਿਆਵਾਂ ਤੋਂ ਅਨਜਾਣ ਸਨ, ਜੋ 'ਚੰਡੀ ਦੀ ਉਸਤਤਿ' ਕਰਨ ਲੱਗ ਪਏ ?

ਸ਼ਰਮ ਆਉਣੀ ਚਾਹੀਦੀ ਹੈ ਉਨ੍ਹਾਂ ਬੇਮੁਖਾਂ ਨੂੰ, ਜੋ ਇਸ 'ਦੇਵੀ ਜੂ ਕੀ ਉਸਤਤਿ' ਨੂੰ 'ਗੁਰੂ ਕ੍ਰਿਤ' ਕਹਿ ਕੇ ਆਪਣੇ ਗੁਰੂ ਨੂੰ 'ਦੇਵੀ ਪੂਜਕ' ਸਾਬਤ ਕਰ ਰਹੇ ਹਨ। ਸਿੱਖੋ ! ਹੋਸ਼ ਵਿੱਚ ਆਓ, ਇਸ ਕਿਤਾਬ ਨੂੰ ਗੁਰੂ-ਕ੍ਰਿਤ ਕਹਿਣ ਵਾਲਿਆਂ ਨੂੰ ਪੰਥ ਤੋਂ ਬਾਹਰ ਕੱਢ ਦਿਉ, ਕਿਉਂਕਿ ਇਹ ਪੂਰੀ ਕੌਮ ਨੂੰ ਹੀ 'ਦੇਵੀ ਪੂਜਕ' ਬਣਾ ਰਹੇ ਹਨ। ਪਰ ਹੋ ਇਸ ਤੋਂ ਉਲਟ ਰਿਹਾ ਹੈ। ਛੇਕੇ ਉਹ ਜਾ ਰਹੇ ਹਨ, ਜੋ ਸ਼ਬਦ ਗੁਰੂ ਦੇ ਸਿੱਖ ਹਨ ਅਤੇ ਸਤਿਕਾਰ ਉਨ੍ਹਾਂ ਦਾ ਹੋ ਰਿਹਾ ਹੈ ਜੋ ਪੰਥ ਦੋਖੀ ਹਨ।

ਚੰਡੀ (ਦੁਰਗਾ) ਦੀ ਉਸਤਤਿ ਕਰਨਾ ਕੀ ਸਿੱਖ ਸਿਧਾਂਤਾਂ ਦਾ ਕੋਈ ਹਿੱਸਾ ਹੈ ? ਇਸ ਨਾਲ ਸਿੱਖ ਨੂੰ ਕੀ ਸਿੱਖਿਆ ਮਿਲ ਰਹੀ ਹੈ ? ਇਹ ਦੇਵੀ ਪੂਜਾ ਜੋ ਸਿੱਖ ਸਿਧਾਂਤਾਂ ਦਾ ਘਾਣ ਕਰਦੀ ਹੈ, ਉਹ ਸਾਡੀਆਂ ਧਾਰਮਿਕ ਰੀਤੀਆਂ ਵਿੱਚ ਕਿਉਂ ਸ਼ਾਮਲ ਹੈ ? ਕਲਪਣ ਨਾਲ ਹੁਣ ਕੁਝ ਨਹੀਂ ਜੇ ਹੋਣਾ, ਬਹੁਤ ਦੇਰ ਹੋ ਗਈ ਹੈ। ਇਹ ਕਿਤਾਬ ਸਾਡੇ ਅਧਿਆਤਮਕ ਸਰਮਾਏ ਨੂੰ ਖੋਖਲਾ ਕਰ ਚੁੱਕੀ ਹੈ। ਇਸਦੇ ਸ੍ਰੋਤ ਛਿਪਾ-ਛਿਪਾ ਕੇ ਇਸ ਵਿਚਲੇ ਕੁਝ (ਅਪ) ਸ਼ਬਦ ਐਨੇ ਪ੍ਰਚਲਿਤ ਕਰ ਦਿੱਤੇ ਗਏ ਹਨ ਕਿ ਸਿੱਖਾਂ ਨੇ ਉਨ੍ਹਾਂ ਨੂੰ 'ਗੁਰੂ ਦੀ ਬਾਣੀ' ਹੀ

ਸਮਝ ਲਿਆ ਹੈ।

ਆਓ ! ਸਭ ਤੋਂ ਪਹਿਲਾਂ ਅਸੀਂ ਇਸ ਰਚਨਾ ਦੇ ਉਸ ਮਸ਼ਹੂਰ (ਅਪ) ਸ਼ਬਦ ਦਾ ਜ਼ਿਕਰ ਕਰਦੇ ਹਾਂ ਜੋ ਜਾਣੇ-ਅਨਜਾਣੇ ਸਾਡਾ ਕੌਮੀ ਗੀਤ ਵੀ ਬਣ ਚੁੱਕਾ ਹੈ। 'ਸੁੰਦਰ ਗੁਟਕੇ' ਨੂੰ ਪੜ੍ਹ ਕੇ ਬਣੇ ਰਾਗੀ ਵੀ ਇਸ ਸ਼ਬਦ ਨੂੰ ਅਕਸਰ ਗਾਉਂਦੇ ਤੇ ਲੋਕਾਂ ਨੂੰ ਕੰਨ ਰਸ ਵਿੱਚ ਪਾ ਕੇ ਉਨ੍ਹਾਂ ਨੂੰ ਠੱਗਦੇ ਨਜ਼ਰ ਆਉਂਦੇ ਹਨ। ਕਿਸੇ ਨੂੰ ਇਹ ਨਹੀਂ ਪਤਾ ਕਿ ਉਹ 'ਸ਼ਿਵ ਦੀ ਪਤਨੀ ਪਾਰਵਤੀ' ਕੋਲੋਂ ਹੀ ਵਰ ਮੰਗੀ ਜਾ ਰਹੇ ਹਨ। ਸਾਨੂੰ 'ਅਕਾਲ ਪੁਰਖ' ਭੁੱਲ ਗਿਆ ਤੇ 'ਸ਼ਿਵਾ' ਯਾਦ ਰਹਿ ਗਈ। ਸ਼ਬਦ ਗੁਰੂ ਦੀ 'ਅੰਮ੍ਰਿਤ ਬਾਣੀ' ਸਾਨੂੰ ਭੁੱਲ ਗਈ, ਤੇ ਇਸ 'ਕਿਤਾਬ' ਦੀ 'ਕੱਚੀ ਬਾਣੀ' ਸਾਨੂੰ ਯਾਦ ਰਹਿ ਗਈ। ਇਹ ਹੀ ਕਾਰਣ ਹੈ ਸਾਡੇ 'ਅਧਿਆਤਮਕ ਪਤਨ' ਦਾ।

ਸ੍ਵੈਯਾ।।

ਦੇਹ 'ਸਿਵਾ' ਬਰੁ ਮੋਹਿ ਇਹੈ ਸੁਭ ਕਰਮਨ ਤੇ ਕਬਹੂੰ ਨ ਟਰੋਂ।।
ਨ ਡਰੋਂ ਅਰਿ ਸੋ ਜਬ ਜਾਇ ਲਰੋਂ ਨਿਸਚੈ ਕਰਿ ਅਪੁਨੀ ਜੀਤ ਕਰੋਂ।।
ਅਰੁ ਸਿਖ ਹੋਂ ਅਪਨੇ ਹੀ ਮਨ ਕੌ ਇਹ ਲਾਲਚ ਹਉ ਗੁਨ ਤਉ ਉਚਰੋਂ।।
ਜਬ ਆਵ ਕੀ ਅਉਧ ਨਿਦਾਨ ਬਨੈ
ਅਤਿ ਹੀ ਰਨ ਮੈ ਤਬ ਜੂਝ ਮਰੋਂ।। ੨੩੧।।

(ਅਖੌਤੀ ਦਸਮ ਗ੍ਰੰਥ, ਪੰਨਾ 99)

ਇਥੇ 'ਸ਼ਿਵਾ' ਦਾ ਮਤਲਬ ਹੈ ਦੁਰਗਾ। ਇਹ ਅਰਥ ਤੁਸੀਂ ਅਖੌਤੀ ਦਸਮ ਗ੍ਰੰਥ ਦੇ ਪੰਨਾ 81 'ਤੇ ਲਿਖਿਆ ਖ਼ੁਦ ਵੇਖ ਸਕਦੇ ਹੋ। ਇਸੇ ਪੰਨਾ ਨੰਬਰ 81 ਦੇ ਹੇਠਾਂ 'ਕਰਤਾਰ' ਦਾ ਅਰਥ 'ਬ੍ਰਹਮਾ' ਲਿਖਿਆ ਹੋਇਆ ਹੈ। ਇਹੋ ਜਿਹੇ ਭੰਬਲਭੂਸੇ ਪਾਉਣ ਵਾਲੀ ਤੇ ਗੁਰਮਤਿ ਦੇ ਉਲਟ ਗੱਲਾਂ ਦੱਸਣ ਵਾਲੀ ਇਸ ਕਿਤਾਬ ਨੂੰ, ਕਿਉਂ ਨਾ ਕਹੀਏ 'ਕੂੜ ਕਿਤਾਬ' ? ਕੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ਼ 'ਕਰਤਾਰ' ਦਾ ਅਰਥ 'ਬ੍ਰਹਮਾ' ਹੈ, ਜਾਂ ਨਿਰੰਕਾਰ 'ਅਕਾਲ ਪੁਰਖ' ?

ਖ਼ਾਲਸਾ ਜੀ ! ਅਸੀ ਲੁੱਟੇ ਜਾ ਚੁੱਕੇ ਹਾਂ। ਕੁਝ ਦੁਸ਼ਮਣ ਨੇ ਲੁੱਟ ਲਿਆ, ਤੇ ਕੁਝ ਆਪਣਿਆਂ ਨੇ। ਸਾਡੇ ਅਕਾਲ ਤਖ਼ਤ ਦਾ ਹੈਡ-ਗ੍ਰੰਥੀ ਹਾਲੇ ਵੀ ਕਹੀ ਜਾ ਰਿਹਾ ਹੈ 'ਜੋ ਵਿਸ਼ਾ ਗੁਰੂ ਗ੍ਰੰਥ ਸਾਹਿਬ ਜੀ ਦਾ ਹੈ, ਉਹੀ ਵਿਸ਼ਾ ਦਸਮ ਗ੍ਰੰਥ ਸਾਹਿਬ ਜੀ ਦਾ ਹੈ। ਇਹ ਕੋਈ ਕਿਤਾਬ ਨਹੀਂ ਇਹ ਗੁਰੂ-ਕ੍ਰਿਤ

ਇੱਕ ਲਾਜਵਾਬ ਮੁਜੱਸਮਾ ਹੈ।' ਸ਼ਰਮ ਕਰੋ, ਕੌਮ ਦੇ ਅਖੌਤੀ ਜੱਥੇਦਾਰੋ ! ਕੌਮ ਨੂੰ ਉਂਜ ਹੀ ਇੱਕ ਥਾਂ 'ਤੇ ਇਕੱਠਾ ਕਰਕੇ ਕੋਈ ਬੰਬ ਜਾਂ ਮਿਸਾਈਲ ਮਾਰ ਕੇ ਮੁਕਾ ਦੇਵੋ। ਕਿਉਂ ਉਸ ਨੂੰ ਮਾਨਸਿਕ ਤੇ ਅਧਿਆਤਮਕ ਪੱਖੋਂ ਅੰਨ੍ਹਾ ਬਣਾ ਰਹੇ ਹੋ ?

ਸਿੱਖੀ ਵਿੱਚ ਵੜ ਚੁੱਕੇ ਇਨ੍ਹਾਂ ਕੇਸਾਧਾਰੀ ਬ੍ਰਾਹਮਣਾਂ, ਮੀਣਿਆਂ, ਮਸੰਦਾਂ, ਮਹੰਤਾਂ ਅਤੇ ਅਖੌਤੀ ਆਗੂਆਂ ਦੀ ਚਾਲਾਕੀ ਵੇਖੋ। ਇਸ ਸ਼ਬਦ ਦੀ 231ਵੀਂ ਪਉੜੀ 'ਤੇ ਇਹ ਪੜ੍ਹਦੇ ਅਤੇ ਪੜ੍ਹਾਉਂਦੇ ਹਨ, ਪਰ ਇਸ ਤੋਂ ਹੇਠ ਲਿਖੀ 232ਵੀਂ ਪਉੜੀ ਨੂੰ ਇਹ 'ਮਹਾਕਾਲ' ਵਾਂਗ ਚਬਾ-ਚਬਾ ਕੇ ਖਾ ਜਾਂਦੇ ਹਨ। ਕਿਉਂਕਿ ਇਨ੍ਹਾਂ ਦਾ ਢਿੱਡ ਅਤੇ ਇਨ੍ਹਾਂ ਦੀਆਂ ਦਾੜ੍ਹਾਂ ਵੀ ਇਨ੍ਹਾਂ ਦੇ ਇਸ਼ਟ ਮਹਾਕਾਲ ਵਾਂਗ ਵੱਡੀਆਂ ਹਨ। 232ਵੀਂ ਪਉੜੀ ਨੂੰ ਧਿਆਨ ਨਾਲ ਪੜ੍ਹੋ।

ਸ੍ਰੀ ਅਕਾਲ ਤਖ਼ਤ ਦੇ ਹੈਡ-ਗ੍ਰੰਥੀ ਨੂੰ ਮੇਰਾ ਇਹ ਕਹਿਣਾ ਹੈ ਕਿ ਜੇ ਇਸ (ਅਪ) ਸ਼ਬਦ ਦੀ 231ਵੀਂ ਪਉੜੀ ਦਾ ਕੀਤਰਨ ਤੁਸੀਂ ਦਰਬਾਰ ਸਾਹਿਬ ਤੋਂ ਪੜ੍ਹਵਾਉਂਦੇ ਹੋ ਤਾਂ ਨਾਲ ਹੀ ਇਸ 232ਵੀਂ ਪਉੜੀ ਨੂੰ ਵੀ ਪੜ੍ਹਾਇਆ ਕਰੋ। ਤੁਹਾਡੇ ਅਨੁਸਾਰ ਤਾਂ ਇਹ ਸਾਰੀ ਬਾਣੀ ਹੀ ਗੁਰੂ-ਕ੍ਰਿਤ ਹੈ। ਘਟੋ-ਘੱਟ ਸਿੱਖਾਂ ਨੂੰ ਇਹ ਤਾਂ ਪਤਾ ਲੱਗ ਸਕੇ ਕਿ ਇਹ 'ਸ਼ਿਵਾ' ਸਾਡਾ ਅਕਾਲ ਪੁਰਖ ਨਹੀਂ, ਇਹ ਤਾਂ ਸ਼ੰਕਰ ਦੇਵਤੇ ਦੀ ਪਤਨੀ 'ਸ਼ਿਵਾ' ਹੈ ਜਿਸ ਕੋਲੋਂ ਸਾਰੀ ਕੌਮ ਮੂਰਖ ਬਣ ਕੇ ਤਰਲੇ ਕਰੀ ਜਾ ਰਹੀ ਹੈ। 231ਵੀਂ ਪਉੜੀ ਦਾ ਭੇਦ 232ਵੀਂ ਪਉੜੀ ਖੋਲ੍ਹਦੀ ਤੇ ਉਹ ਇਸ ਗੱਲ ਦੀ ਪ੍ਰੋੜ੍ਹਤਾ ਕਰਦੀ ਹੈ।

ਚੰਡਿ ਚਰਿਤ੍ਰ ਕਵਿਤਨ ਮੈ ਬਰਨਿਓ ਸਭ ਹੀ ਰਸ ਰੁਦ੍ਰਮਈ ਹੈ।।
ਏਕ ਤੇ ਏਕ ਰਸਾਲ ਭਇਓ ਨਖ ਤੇ ਸਿਖ ਲਉ ਉਪਮਾ ਸੁ ਨਈ ਹੈ।।
ਕਉਤਕ ਹੇਤ ਕਰੀ ਕਵਿ ਨੇ ਸਤਿਸਯ ਕੀ ਕਥਾ ਇਹ ਪੂਰੀ ਭਈ ਹੈ।।
ਜਾਹਿ ਨਮਿਤ ਪੜੈ ਸੁਨਿ ਹੈ ਨਰ
ਸੋ ਨਿਸਚੈ ਕਰਿ ਤਾਹਿ ਦਈ ਹੈ।। ੨੩੨।।

(ਅਖੌਤੀ ਦਸਮ ਗ੍ਰੰਥ, ਪੰਨਾ 99)

ਅਨੁਵਾਦ : ਚੰਡੀ ਚਰਿਤ੍ਰ ਕਵਿਤਾ ਵਿੱਚ ਜੋ ਕੁਝ ਵੀ ਮੈਂ ਕਿਹਾ ਹੈ, ਇਹ 'ਰੁਦ੍ਰ ਰਾਸ' ਮਈ ਹੈ (ਸ਼ੰਕਰ ਦੇਵਤਾ ਜਦੋਂ ਕ੍ਰੋਧ ਵਿੱਚ ਆਉਂਦਾ ਸੀ ਤਾਂ ਉਸ ਦਾ ਤੀਸਰਾ ਨੇਤ੍ਰ ਖੁਲ੍ਹ ਜਾਂਦਾ ਸੀ ਅਤੇ ਉਹ ਤਾਂਡਵ ਨਾਮ

ਦਾ ਨ੍ਰਿਤ ਕਰਨ ਲਗਦਾ ਸੀ। ਉਸ 'ਈਵੇਂਟ' ਨੂੰ 'ਰੁਦ੍ਰ ਰਾਸ' ਕਿਹਾ ਜਾਂਦਾ ਹੈ, ਇਹ ਮਿਥਿਹਾਸਕ ਮਾਨਤਾ ਹੈ।) ਕਵੀ ਇਹ ਕਹਿ ਰਿਹਾ ਹੈ ਕਿ ਇਹ ਕਵਿਤਾ ਐਨੀ ਸੁੰਦਰ ਬਣ ਗਈ ਹੈ ਕਿ ਇਹ ਸ਼ੁਰੂ ਤੋਂ ਅੰਤ ਤਕ ਬਹੁਤ ਹੀ ਸੁੰਦਰ ਹੈ। ਇਹ ਕਵਿਤਾ ਮਨ ਨੂੰ ਸ਼ਾਂਤੀ ਦੇਣ ਵਾਲੀ ਹੈ ਅਤੇ ਇਸ ਦੇ 700 ਸਲੋਕ ਮੈਂ ਪੂਰੇ ਕਰ ਦਿੱਤੇ ਹਨ। ਇਹ ਕਵਿਤਾ ਜੋ ਨਿਤ ਪੜ੍ਹੇਗਾ ਅਤੇ ਸੁਣੇਗਾ, ਉਸ 'ਤੇ ਦੇਵੀ ਜ਼ਰੂਰ ਕਿਰਪਾ ਕਰੇਗੀ।

ਚਲੋ ਸਿੱਖੋ ! ਹੁਣ ਰੋਜ਼ ਸਵੇਰੇ 'ਚੰਡੀ ਚਰਿਤ੍ਰ' ਪੜ੍ਹਨਾ ਸ਼ੁਰੂ ਕਰ ਦਿਉ। ਦੇਵੀ ਦੀ ਕਿਰਪਾ ਜੋ ਚਾਹੀਦੀ ਹੈ। ਜੇ ਕਿਸੇ ਵੀ ਮੇਰੇ ਵੀਰ ਨੂੰ ਇਹ ਸਾਰਾ ਕੁਝ ਪੜ੍ਹ ਕੇ ਹਾਲੇ ਵੀ ਸ਼ਿਵ ਦੀ ਪਤਨੀ 'ਸ਼ਿਵਾ' ਆਪਣਾ 'ਅਕਾਲ ਪੁਰਖ' ਹੀ ਲੱਗ ਰਹੀ ਹੈ, ਤਾਂ ਇਸ ਸ਼ਬਦ ਤੋਂ ਥੋੜ੍ਹਾ ਹੋਰ ਪਿੱਛੇ 223, 224 ਅਤੇ 225ਵੀਂ ਪਉੜੀ 'ਤੇ ਆ ਜਾਓ, ਜਿਥੇ ਉਹ ਸਾਫ਼ ਕਹਿੰਦਾ ਹੈ ਕਿ ਮੈਂ 'ਦੇਵੀ ਜੂ ਕੀ ਉਸਤਤਿ' ਹੀ ਕਰ ਰਿਹਾ ਹਾਂ, 'ਅਕਾਲ ਪੁਰਖ' ਦੀ ਨਹੀਂ।

ਦੇਵੀ ਜੂ ਕੀ ਉਸਤਤਿ।। ਭੁਜੰਗ ਪ੍ਰਯਾਤ ਛੰਦ।।

ਨਮੋ ਜੋਗ ਜ੍ਵਾਲੰ ਧਰੀਯੰ ਜੁਆਲੰ।।
ਨਮੋ ਸੁੰਭ ਹੰਤੀ ਨਮੋ ਕ੍ਰੂਰ ਕਾਲੰ।।
ਨਮੋ ਸ੍ਰੋਨ ਬੀਰਜਾਰਦਨੀ ਧੂਮ੍ਰ ਹੰਤੀ।।
ਨਮੋ ਕਾਲਿਕਾ ਰੂਪ ਜੁਆਲਾ ਜਯੰਤੀ।। ੪।। ੨੨੩।।
ਨਮੋ ਅੰਬਿਕਾ ਜੰਭਹਾ ਜੋਤਿ ਰੂਪਾ।।
ਨਮੋ ਚੰਡ ਮੁੰਡਾਰਦਨੀ ਭੂਪਿ ਭੂਪਾ।।
ਨਮੋ ਚਾਮਰੰ ਚੀਰਣੀ ਚਿਤ੍ਰ ਰੂਪੰ।।
ਨਮੋ ਪਰਮ ਪ੍ਰਗਯਾ ਬਿਰਾਜੈ ਅਨੂਪੰ।। ੫।। ੨੨੪।।
ਨਮੋ ਪਰਮ ਰੂਪਾ ਨਮੋ ਕ੍ਰੂਰ ਕਰਮਾ।।
ਨਮੋ ਰਾਜਸਾ ਸਾਤਕਾ ਪਰਮ ਬਰਮਾ।।
ਨਮੋ ਮਹਿਖ ਦਈਤ ਕੋ ਅੰਤ ਕਰਣੀ।।
ਨਮੋ ਤੋਖਣੀ ਸੋਖਣੀ ਸਰਬ ਇਰਣੀ।। ੬।। ੨੨੫।।

(ਅਖੌਤੀ ਦਸਮ ਗ੍ਰੰਥ ਪੰਨਾ 115)

ਅਨੁਵਾਦ : ਦੇਵੀ ਜੀ ਕੀ ਉਸਤਤ। ਭੁਜੰਗ ਪ੍ਰਯਾਤ ਛੰਦ। ਜੋਗ, ਅੱਗ ਅਤੇ ਪੂਰੀ ਧਰਤੀ ਨੂੰ ਅੱਗ ਪ੍ਰਦਾਨ ਕਰਨ ਵਾਲੀ ਦੇਵੀ ਤੈਨੂੰ ਨਮਸਕਾਰ ਹੈ। ਧੂਮ੍ਰ ਨੈਨ ਅਤੇ ਰਕਤਬੀਜ ਦਾ ਵੱਧ (ਹੱਤਿਆ) ਕਰਨ ਵਾਲੀ ਤੈਨੂੰ ਨਮਸਕਾਰ ਕਰਦਾ ਹਾਂ। (ਧਿਆਨ ਯੋਗ ਹੈ ਕਿ ਦਸਮ ਗ੍ਰੰਥੀਆਂ ਅਨੁਸਾਰ ਇਹ ਸਭ ਗੁਰੂ ਗੋਬਿੰਦ ਸਿੰਘ ਜੀ ਕਹਿ ਰਹੇ ਹਨ।) ਅੰਬਿਕਾ ਜੰਭਹਾ ( ਜੰਭ ਨਾਮ ਦੇ ਦੈਤ ਦੀ ਹੱਤਿਆ ਕਰਨ ਵਾਲੀ) ਤੈਨੂੰ ਨਮਸਕਾਰ ਹੈ। ਚੰਡ ਅਤੇ ਮੁੰਡ ਨੂੰ ਮਾਰਨ ਵਾਲੀ ਤੈਨੂੰ ਨਮਸਕਾਰ ਹੈ। ਗਿਆਨ ਅਤੇ ਵਿੱਦਿਆ ਦੀ ਦੇਵੀ (ਸਰਸਵਤੀ) ਤੈਨੂੰ ਨਮਸਕਾਰ ਕਰਦਾ ਹਾਂ। ਤੂੰ ਪਰਮ ਰੂਪ ਵਾਲੀ ਅਤੇ ਕ੍ਰੂਰ ਕਰਮ (ਨਿਰਦਈ ਕਰਮਾਂ ਵਾਲੀ) ਹੈਂ, ਤੈਨੂੰ ਨਮਸਕਾਰ ਕਰਦਾ ਹਾਂ।

ਵੀਰੋ ! ਦੱਸੋ ਕਿ ਭਲਾ ਇਸ ਵਿੱਚ ਸਿੱਖਾਂ ਨੂੰ ਕੀ ਖ਼ੁਸ਼ੀ ਮਿਲਦੀ ਹੈ ? ਭਾਵੇਂ ਉਸ ਨੇ ਚੰਡ ਨੂੰ ਮਾਰਿਆ, ਭਾਵੇਂ ਮੁੰਡ ਨੂੰ ਮਾਰਿਆ, ਅਸੀਂ ਇਸ ਤੋਂ ਕੀ ਲੈਣਾ-ਦੇਣਾ ਹੈ ?

ਬਸ ਵੀਰੋ ! ਇਸ 'ਚੰਡੀ ਚਰਿਤ੍ਰ' ਤੋਂ ਐਨਾ ਹੀ ਇਥੇ ਦੇ ਰਹੇ ਹਾਂ। ਇਸ ਵਿੱਚ ਦੁਰਗਾ (ਚੰਡੀ) ਦੇ ਹੋਰ ਯੁੱਧਾਂ ਦਾ ਵਰਣਨ ਹੈ ਜਿਸ ਵਿੱਚ ਚੰਡ, ਮੁੰਡ, ਨਿਸੁੰਬ, ਮਹਿਖਾਸੁਰ ਆਦਿਕ ਦੀ ਹੱਤਿਆ ਅਤੇ ਲੜਾਈਆਂ ਦਾ ਵਰਣਨ ਹੈ ਜੋ ਸਾਡੇ ਲਈ ਕਿਸੇ ਕੰਮ ਦਾ ਨਹੀਂ। ਫ਼ੈਸਲਾ ਤੁਹਾਡੇ ਹੱਥ ਵਿੱਚ ਹੈ ਕਿ ਤੁਸੀਂ 'ਸ਼ਿਵਾ' ਦੇ ਉਪਾਸ਼ਕ ਬਣੇ ਰਹਿਣਾ ਹੈ ਜਾਂ ਸ਼ਬਦ ਗੁਰੂ ਦੀ 'ਅੰਮ੍ਰਿਤ ਬਾਣੀ' ਨਾਲ ਜੁੜ ਕੇ ਆਪਣੇ ਆਪ ਨੂੰ ਉਸ ਗੁਰੂ ਦਾ ਸਿੱਖ ਮੰਨਣਾ ਹੈ ਜੋ ਹਮੇਸ਼ਾ ਕਹਿੰਦਾ ਹੈ :

ਭਰਮੇ ਭਾਹਿ ਨ ਵਿਝਵੈ ਜੇ ਭਵੈ ਦਿਸੰਤਰ ਦੇਸੁ।।
ਅੰਤਰਿ ਮੈਲੁ ਨ ਉਤਰੈ ਧ੍ਰਿਗ ਜੀਵਣੁ ਧ੍ਰਿਗੁ ਵੇਸੁ।।
ਹੋਰੁ ਕਿਤੈ ਭਗਤਿ ਨ ਹੋਵਈ ਬਿਨੁ ਸਤਿਗੁਰ ਕੇ ਉਪਦੇਸ।। ੧।।

(ਗੁਰੂ ਗ੍ਰੰਥ ਸਾਹਿਬ, ਅੰਕ 22)

ਭਰਮ ਦੀ ਅੱਗ ਕਦੇ ਵੀ ਨਹੀਂ ਬੁੱਝ ਸਕਦੀ, ਭਾਵੇਂ ਤੂੰ ਦੇਸ-ਦੇਸਾਂਤਰਾਂ ਵਿੱਚ ਭਟਕ ਲੈ। ਅੰਦਰ ਦੀ ਮੈਲ ਵੀ ਨਹੀਂ ਉਤਰ ਸਕਦੀ ਭਾਵੇਂ ਇਹ ਕਪੜੇ

ਬਦਲ ਲੈ, ਤੇ ਭਾਵੇਂ ਇਹ ਸਰੀਰ ਹੀ ਕਿਉਂ ਨਾ ਬਦਲ ਲਿਆ ਜਾਵੇ। ਹੋਰ ਕਿਤੇ ਵੀ ਤੇਰੀ ਭਗਤੀ (ਪੂਜਾ) ਨਹੀਂ ਹੋ ਸਕਦੀ, ਜਦੋਂ ਤਕ ਤੂੰ ਗੁਰੂ ਦੇ ਉਪਦੇਸ਼ ਅਨੁਸਾਰ ਨਹੀਂ ਚਲਦਾ।

# ਭਾਗ ੮

## ‘ਗਿਆਨ ਪ੍ਰਬੋਧ’ ਜਾਂ ਕਿ ‘ਗਿਆਨ ਗਪੋੜ’

ਸ੍ਰੀ ਭਗਉਤੀ ਜੀ ਸਹਾਇ॥
ਅਥ ਗਿਆਨ ਪ੍ਰਬੋਧ ਗ੍ਰੰਥ ਲਿਖਯਤੇ॥

ਪਿਛਲੇ ਭਾਗ ਵਿੱਚ ਅਸੀਂ ਅਖੌਤੀ ਦਸਮ ਗ੍ਰੰਥ ਵਿੱਚ ਦਰਜ ‘ਅਥ ਚੰਡੀ ਚਰਿਤ੍ਰ ਉਕਤਿ ਬਿਲਾਸ’ ਨਾਮ ਦੀ ‘ਦੇਵੀ ਉਸਤਤਿ’ ਦਾ ਜ਼ਿਕਰ ਕੀਤਾ ਸੀ। ਇਸ ਕਿਤਾਬ ਵਿੱਚ ਇਸ ਤੋਂ ਅੱਗੇ ਪੰਨਾ ਨੰ. 119 ’ਤੇ ‘ਵਾਰ ਸ੍ਰੀ ਭਗਉਤੀ ਜੀ ਕੀ’ ਸਿਰਲੇਖ ਹੇਠ ਇੱਕ ਵਾਰ ਫਿਰ ‘ਦੇਵੀ ਉਸਤਤਿ’ ਸ਼ੁਰੂ ਹੋ ਜਾਂਦੀ ਹੈ।

ਇਸ ਰਚਨਾ ਦੀ ਪਹਿਲੀ ਪਉੜੀ ਸਾਡੀ ਰੋਜ਼ਾਨਾ ਪੜ੍ਹੀ ਜਾਣ ਵਾਲੀ ਅਰਦਾਸ ਵਿੱਚ ਸ਼ਾਮਲ ਕਰ ਦਿੱਤੀ ਗਈ ਹੈ। ‘ਪ੍ਰਿਥਮ ਭਗਉਤੀ ਸਿਮਰ ਕੈ ........... ਇਕ ਦਿਹਾੜੇ ਨਾਵਣ ਆਈ ਦੁਰਗਸ਼ਾਹ’। ਹੋਰ ਰਚਨਾਵਾਂ ਦੀ ਤਰ੍ਹਾਂ, ਇਸ ਰਚਨਾ ਨੂੰ ਵੀ ਗੁਰੂ-ਕ੍ਰਿਤ ਸਾਬਤ ਕਰਨ ਲਈ ਇਸ ਦੇ ਆਰੰਭ ਵਿੱਚ ‘ਪਾਤਸ਼ਾਹੀ ੧੦’ ਜੋੜ੍ਹ ਦਿੱਤਾ ਗਿਆ ਹੈ। ‘ਵਾਰ ਸ੍ਰੀ ਭਗਉਤੀ ਜੀ ਕੀ’ ਬਾਰੇ ਅਸੀਂ ਪਿਛਲੇ ਭਾਗਾਂ ਵਿੱਚ ਚਰਚਾ ਕਰ ਚੁੱਕੇ ਹਾਂ।

ਇਸ ਤੋਂ ਅੱਗੇ ਪੰਨਾ ਨੰ. 127 ’ਤੇ ਰਚਨਾ ਦਾ ਨਾਂ ‘ਗਿਆਨ ਪ੍ਰਬੋਧ’ ਹੈ। (ਅਸੀਂ ਇਸਨੂੰ ਵਿਅੰਗ ਨਾਲ ‘ਗਿਆਨ ਗਪੋੜ’ ਵੀ ਕਹਿ ਸਕਦੇ ਹਾਂ।) ਇਹ ਰਚਨਾ ਪੰਨਾ ਨੰ 155 ’ਤੇ ਸਮਾਪਤ ਹੁੰਦੀ ਹੈ। ਇਸ ‘ਗਪੋੜ’ ਨਾਲ ਇਸ ਕਿਤਾਬ ਦੇ 28 ਪੰਨੇ ਹੋਰ ਭਰ ਜਾਂਦੇ ਹਨ। ‘ਗਿਆਨ’, ‘ਸਿੱਖਿਆ’ ਅਤੇ ‘ਸਿਧਾਂਤ’ ਦੇ ਨਾਂ ’ਤੇ ਇਸ ਕਵਿਤਾ ਵਿੱਚ ਕੁਝ ਵੀ ਐਸਾ ਨਹੀਂ ਹੈ ਜੋ ਸ਼ਬਦ ਗੁਰੂ ਦੇ ਸਿੱਖਾਂ ਦੇ ਕੰਮ ਆ ਸਕੇ। ਇਸ ਵਿੱਚ ਹਿੰਦੂ ਮਿਥਿਹਾਸ ਅਤੇ ਉਨ੍ਹਾਂ ਦੇ ਧਰਮ ਵਿੱਚ ਪ੍ਰਚਲਿਤ ਕੁਝ ‘ਯੱਗ’ ਆਦਿਕ ਦਾ ‘ਗੱਪਾਂ’ ਭਰਿਆ ਵਰਣਨ ਜ਼ਰੂਰ ਮਿਲਦਾ ਹੈ। ਇਨ੍ਹਾਂ ‘ਯੱਗਾਂ’ ਨਾਲ ਸਿੱਖ ਦਾ ਕੀ ਲੈਣਾ-ਦੇਣਾ ਹੈ ? ਇਸ ਬਾਰੇ

ਗੁਰੂ ਗੋਬਿੰਦ ਸਿੰਘ ਸਾਹਿਬ ਨੂੰ ਇਹ 28 ਪੰਨੇ ਲਿਖਣ ਦੀ ਕੀ ਲੋੜ ਪੈ ਗਈ ? ਇਨ੍ਹਾਂ ਸਵਾਲਾਂ ਦਾ ਜਵਾਬ ਤਾਂ ਕੇਵਲ ਦਸਮ ਗ੍ਰੰਥੀਏ ਹੀ ਦੇ ਸਕਦੇ ਹਨ। ਇਸ 'ਗਿਆਨ ਗਪੋੜ' ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਹੈਡ-ਗ੍ਰੰਥੀ ਸਾਹਿਬ 'ਗੁਰੂ-ਕ੍ਰਿਤ' ਹੋਣ ਦਾ ਐਲਾਨ ਕਰ ਰਹੇ ਹਨ। ਇਨ੍ਹਾਂ ਨੂੰ ਅਖੌਤੀ ਦਸਮ ਗ੍ਰੰਥ ਦੇ 'ਗਿਆਨ ਗਪੋੜ' ਦਾ ਤਾਂ ਪਤਾ ਹੈ ਕਿ ਇਹ ਗੁਰੂ ਦੀ ਲਿਖਤ ਹੈ, ਲੇਕਿਨ ਗੁਰੂ ਗ੍ਰੰਥ ਸਾਹਿਬ ਦੇ ਸਿਧਾਂਤਾਂ ਅਤੇ ਆਦੇਸ਼ਾਂ ਤੋਂ ਇਹ ਉੱਕਾ ਹੀ ਕੋਰੇ ਲਗਦੇ ਹਨ। ਇਨ੍ਹਾਂ ਨੂੰ ਸ਼ਾਇਦ ਇਹ ਵੀ ਨਹੀਂ ਪਤਾ ਕਿ ਜਿਸ 'ਗਿਆਨ ਗਪੋੜ' ਵਿੱਚ ਯੱਗ, ਹੋਮ ਆਦਿਕ ਦਾ ਜ਼ਿਕਰ ਕੀਤਾ ਗਿਆ ਹੈ, ਗੁਰੂ ਗ੍ਰੰਥ ਸਾਹਿਬ ਵਿੱਚ ਤਾਂ ਉਸ 'ਯੱਗ', 'ਹੋਮ' ਆਦਿਕ ਕਰਮ-ਕਾਂਡਾਂ ਦੀ ਰੱਜ ਕੇ ਨਿਖੇਧੀ ਕੀਤੀ ਗਈ ਹੈ।

ਬਾਨਾਰਸੀ ਤਪੁ ਕਰੇ ਉਲਟਿ ਤੀਰਥ ਮਰੈ
ਅਗਨਿ ਦਹੈ ਕਾਇਆ ਕਲਪੁ ਕੀਜੈ॥
ਅਸੁਮੇਧ ਜਗੁ ਕੀਜੈ ਸੋਨਾ ਗਰਭ ਦਾਨੁ ਦੀਜੈ
ਰਾਮ ਨਾਮ ਸਰਿ ਤਉ ਨ ਪੂਜੈ॥

(ਗੁਰੂ ਗ੍ਰੰਥ ਸਾਹਿਬ, ਅੰਕ 973)

ਸਭਿ ਤੀਰਥ ਵਰਤ ਜਗੁ ਪੁੰਨ ਤੋੁਲਾਹਾ॥
ਹਰਿ ਹਰਿ ਨਾਮ ਨ ਪੂਜਹਿ ਪੁਜਾਹਾ॥

(ਗੁਰੂ ਗ੍ਰੰਥ ਸਾਹਿਬ, ਅੰਕ 699)

ਇਹ 'ਗਿਆਨ ਪ੍ਰਬੋਧ' ਸਿੱਖਾਂ ਨੂੰ ਤਾਂ ਕੋਈ ਸਿੱਖਿਆ ਨਹੀਂ ਦਿੰਦੀ, ਅਤੇ ਨਾ ਹੀ ਕਿਸੇ ਤਰੀਕੇ ਦੀ ਜੀਵਨ ਜਾਚ ਹੀ ਸਿਖਾਉਂਦੀ ਹੈ। ਸਿਰਫ਼ 'ਬਚਿਤ੍ਰ ਨਾਟਕ' ਦੇ ਢਿੱਡ ਨੂੰ ਮੋਟਾ ਕਰਨ ਲਈ ਅਤੇ ਸਿੱਖਾਂ ਨੂੰ ਅਨਮਤ ਦੇ ਧਰਮ ਨਾਲ ਜੋੜਣ ਦਾ ਇਹ ਇੱਕ ਕੋਝਾ ਉਪਰਾਲਾ ਹੀ ਜਾਪਦੀ ਹੈ। ਇਸ ਵਿੱਚ ਕੀ ਕੁਝ ਲਿਖਿਆ ਹੈ, ਇਸ ਬਾਰੇ ਥੋੜ੍ਹੀ ਵਿਚਾਰ ਕਰਕੇ ਆਪ ਹੀ ਵੇਖ ਲਈਏ। ਇਹ ਰਚਨਾ ਇਸ ਤਰ੍ਹਾਂ ਸ਼ੁਰੂ ਹੁੰਦੀ ਹੈ :

ੴ ਸਤਿਗੁਰ ਪ੍ਰਸਾਦਿ॥

### ਸ੍ਰੀ ਭਗਉਤੀ ਜੀ ਸਹਾਇ॥ ਪਾਤਸ਼ਾਹੀ ੧੦॥

### ਭੁਜੰਗ ਪ੍ਰਯਾਤ ਛੰਦ॥ ਤ੍ਵਪ੍ਰਸਾਦਿ॥

ਨਮੋ ਨਾਥ ਪੂਰੇ ਸਦਾ ਸਿੱਧ ਕਰਮੰ॥ ਅਛੇਦੀ ਅਭੇਦੀ ਸਦਾ ਏਕ ਧਰਮੰ॥

ਕਲੰਕੰ ਬਿਨਾ ਨਿਹਕਲੰਕੀ ਸਰੂਪੇ।। ਅਛੇਦੰ ਅਭੇਦੰ ਅਖੇਦੰ ਅਨੂਪੇ।। ੧।।
ਨਮੋ ਲੋਕ ਲੋਕੇਸ੍ਵਰੰ ਲੋਕ ਨਾਥੇ।। ਸਦੈਵੰ ਸਦਾ ਸਰਬ ਸਾਥੰ ਅਨਾਥੇ।।
ਨਮੋ ਏਕ ਰੂਪੰ ਅਨੇਕੰ ਸਰੂਪੇ।।
ਸਦਾ ਸਰਬ ਸਾਹੰ ਸਦਾ ਸਰਬ ਭੂਪੇ।। ੨।।
ਅਛੇਦੰ ਅਭੇਦੰ ਅਨਾਮੰ ਅਠਾਮੰ।।
ਸਦਾ ਸਰਬ ਦਾ ਸਿੱਧ ਦਾ ਬੁੱਧਿ ਧਾਮੰ।।
ਅਜੰਤ੍ਰੰ ਅਮੰਤ੍ਰੰ ਅਕੰਤ੍ਰੰ ਅਭਰਮੰ।। ਅਖੇਦੰ ਅਭੇਦੰ ਅਛੇਦੰ ਅਕਰਮੰ।। ੩।।
ਅਗਾਧੇ ਅਬਾਧੇ ਅਗੰਤੰ ਅਨੰਤੰ।। ਅਲੇਖੰ ਅਭੇਖੰ ਅਭੂਤੰ ਅਗੰਤੰ।।
ਨ ਰੰਗੰ ਨ ਰੂਪੰ ਨ ਜਾਤੰ ਨ ਪਾਤੰ।।
ਨ ਸਤ੍ਰੰ ਨ ਮਿਤ੍ਰੰ ਨ ਪੁਤ੍ਰੰ ਨ ਮਾਤੰ।। ੪।।

(ਅਖੌਤੀ ਦਸਮ ਗ੍ਰੰਥ, ਪੰਨਾ 127)

ਕਿਸੇ ਵੀ ਲੇਖਕ ਜਾਂ ਕਵੀ ਦੀ ਭਾਸ਼ਾ, ਸ਼ਬਦਾਵਲੀ ਤੇ ਲਿਖਣ-ਸ਼ੈਲੀ ਹੀ ਉਸਦੀ ਪਛਾਣ ਹੁੰਦੀ ਹੈ। ਇਸਨੂੰ ਜ਼ਰਾ ਧਿਆਨ ਨਾਲ ਪੜ੍ਹੋ ਤਾਂ ਆਪ ਨੂੰ ਕਹਿਣ ਦੀ ਲੋੜ ਨਹੀਂ ਪਵੇਗੀ ਕਿ ਇਸ ਗ੍ਰੰਥ ਵਿੱਚ ਦਰਜ 'ਜਾਪੁ' ਅਤੇ 'ਬਚਿੱਤਰ ਨਾਟਕ' ਵੀ ਉਸੇ ਕਵੀ ਦੀ ਲਿਖੀ ਹੋਈ ਹੈ ਜਿਸਨੇ ਇਹ 'ਗਿਆਨ ਪ੍ਰਬੋਧ' ਲਿਖੀ ਹੈ।

ਸਿੱਖਾਂ ਦੀਆਂ ਅੱਖਾਂ ਵਿੱਚ ਘੱਟਾ ਪਾਉਣ ਲਈ ਹਰ 'ਦੇਵੀ ਉਸਤਤਿ' ਵਾਲੀ ਰਚਨਾ ਦੇ ਉੱਤੇ ਪਾਤਸ਼ਾਹੀ ੧੦ ਦਾ ਠੱਪਾ ਜ਼ਰੂਰ ਲਾ ਦਿੱਤਾ ਗਿਆ ਹੈ। ਲੇਕਿਨ ਆਪਣੀ ਸਾਕਤ ਮਤ ਅਤੇ ਦੇਵੀ ਪ੍ਰਤੀ ਆਪਣੀ ਸ਼ਰਧਾ ਨੂੰ, ਇਹ ਕਵੀ ਕਿਸੇ ਹੀਲੇ ਵੀ ਛਿਪਾ ਨਹੀਂ ਪਾਉਂਦਾ। ਅਤੇ ਨਾਲ ਹੀ 'ਭਗਉਤੀ ਦੇਵੀ' ਕੋਲੋਂ ਮਦਦ ਕਰਨ ਦੀ ਅਪੀਲ ਕਰਨਾ ਵੀ ਨਹੀਂ ਭੁੱਲਦਾ (ਸ੍ਰੀ ਭਗਉਤੀ ਜੀ ਸਹਾਇ)। ਸਿੱਖ ਵੀ ਐਨੇ ਭੋਲੇ ਹਨ ਕਿ 'ਪਾਤਸ਼ਾਹੀ ੧੦' ਪੜ੍ਹਿਆ ਨਹੀਂ ਕਿ ਇਸ ਕਿਤਾਬ ਦੀ ਹਰ ਰਚਨਾ ਨੂੰ 'ਦਸਮ ਬਾਣੀ' ਕਹਿਣ ਲੱਗ ਪੈਂਦੇ ਹਨ ਅਤੇ ਭਗਉਤੀ (ਦੁਰਗਾ) ਵੀ ਉਨ੍ਹਾਂ ਨੂੰ ਆਪਣਾ 'ਅਕਾਲ ਪੁਰਖ' ਵਿਖਾਈ ਦੇਣ ਲੱਗ ਪੈਂਦੀ ਹੈ। ਇਨ੍ਹਾਂ ਭੋਲਿਆਂ ਨੂੰ ਤਾਂ ਐਨਾ ਵੀ ਗਿਆਨ ਨਹੀਂ ਕਿ ਇਸ ਕਿਤਾਬ ਦੀ ਕਿਸੇ ਵੀ ਰਚਨਾ ਦੇ ਥੱਲੇ "ਨਾਨਕ" ਸ਼ਬਦ ਕਿਧਰੇ ਵੀ ਅੰਕਿਤ ਨਹੀਂ ਹੈ, ਜੋ ਕਿ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੀ ਮੂਲ ਪਛਾਣ ਹੈ। ਦਸਮ

ਗ੍ਰੰਥੀਆਂ ਨੂੰ ਇਹ ਅਹਿਸਾਸ ਕਿਉਂ ਨਹੀਂ ਹੁੰਦਾ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਨੌਂਵੇਂ ਗੁਰੂ ਸਾਹਿਬ ਦੀ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਕੀਤਾ ਸੀ ਅਤੇ ਉਸ ਬਾਣੀ ਵਿੱਚ "ਨਾਨਕ" ਨਾਮ ਦੀ ਮੋਹਰ ਮੌਜੂਦ ਹੈ। ਕੀ ਗੁਰੂ ਗੋਬਿੰਦ ਸਿੰਘ ਸਾਹਿਬ ਇਸ 'ਸਿਧਾਂਤ' ਅਤੇ 'ਨਿਯਮ' ਤੋਂ ਵਾਕਫ਼ ਨਹੀਂ ਸਨ ? ਕੀ ਉਹ ਇਸ ਨਿਯਮ ਦੇ ਵਿਰੁੱਧ ਸਨ ? ਕੀ ਇਸੇ ਲਈ ਉਨ੍ਹਾਂ ਨੇ "ਨਾਨਕ" ਸ਼ਬਦ ਦੀ ਥਾਂ 'ਤੇ ਸੈਂਕੜੇ ਵਾਰ 'ਕਬਿ ਸਯਾਮ' ਦਾ ਨਾਂ ਲਿਖ ਦਿੱਤਾ ? ਕੀ ਇਨ੍ਹਾਂ ਸਵਾਲਾਂ ਦਾ ਜਵਾਬ ਕਿਸੇ ਕੋਲ ਹੈ ?

ਪੂਰੇ ਅਖੌਤੀ ਦਸਮ ਗ੍ਰੰਥ ਅੰਦਰ, ਕਿਤੇ ਵੀ ਭਾਈ ਮਰਦਾਨੇ ਦਾ ਜ਼ਿਕਰ ਨਹੀਂ... ਭਾਈ ਗੁਰਦਾਸ ਜੀ ਦਾ ਜ਼ਿਕਰ ਨਹੀਂ... ਬੰਦਾ ਸਿੰਘ ਬਹਾਦਰ ਦਾ ਜ਼ਿਕਰ ਨਹੀਂ... ਚਾਰ ਸਾਹਿਬਜ਼ਾਦਿਆਂ ਦੀਆਂ ਸ਼ਹਾਦਤਾਂ ਦਾ ਜ਼ਿਕਰ ਨਹੀਂ... ਗੰਗੂ ਅਤੇ ਚੰਦੂ ਬ੍ਰਾਹਮਣ ਦੀਆਂ ਗ਼ਦਾਰੀਆਂ ਦਾ ਜ਼ਿਕਰ ਨਹੀਂ... ਹੋਰ ਤੇ ਹੋਰ ਗੁਰੂ ਨਾਨਕ ਸਾਹਿਬ ਜੀ ਦੀਆਂ ਚਾਰ ਉਦਾਸੀਆਂ ਦਾ ਕੋਈ ਜ਼ਿਕਰ ਨਹੀਂ... ਇਥੋਂ ਤਕ ਕਿ ਪੰਜਵੇ ਗੁਰੂ ਸਾਹਿਬ, ਗੁਰੂ ਅਰਜਨ ਦੇਵ ਜੀ ਦੀ ਅਦੁੱਤੀ ਸ਼ਹਾਦਤ ਦਾ ਵੀ ਜ਼ਿਕਰ ਨਹੀਂ ... ਗੁਰੂ ਸਾਹਿਬ ਵੱਲੋਂ ਸਿੱਖਾਂ ਨੂੰ ਦਿੱਤੀ ਪਾਹੁਲ ਦਾ ਜ਼ਿਕਰ ਨਹੀਂ... ਹੈ ਨਾ ਕਮਾਲ !!!

ਜੇ ਇਹ ਪੋਥਾ ਗੁਰੂ ਗੋਬਿੰਦ ਸਿੰਘ ਜੀ ਦਾ ਲਿਖਿਆ ਹੁੰਦਾ, ਤਾਂ ਕੀ ਇਹ ਸਭ ਕੁਝ ਲਿਖਣਾ ਉਹ ਭੁੱਲ ਸਕਦੇ ਸਨ ?

ਪਰ... ਇਸ ਵਿੱਚ ਜ਼ਿਕਰ ਹੈ "ਚੰਡੀ (ਦੁਰਗਾ) ਦੀ ਵਾਰ" ਦਾ... ਇਸ ਵਿੱਚ ਜ਼ਿਕਰ ਹੈ "ਦੁਰਗਾ ਦੇ ਯੁੱਧਾਂ"ਦਾ ... ਇਸ ਵਿੱਚ ਜ਼ਿਕਰ ਹੈ "ਕ੍ਰਿਸ਼ਨ ਅਵਤਾਰ" ਦਾ... ਇਸ ਵਿੱਚ ਜ਼ਿਕਰ ਹੈ "ਰਾਮ ਅਵਤਾਰ" ਦਾ... ਇਸ ਵਿੱਚ ਜ਼ਿਕਰ ਹੈ "ਕਾਲ ਜੀ ਕੀ ਉਸਤਤਿ" ਦਾ... ਇਸ ਵਿੱਚ ਜ਼ਿਕਰ ਹੈ "ਹਿੰਦੂਆਂ ਦੇ ਹੋਮ ਯੱਗਾਂ" ਦਾ... ਇਸ ਵਿੱਚ ਜ਼ਿਕਰ ਹੈ "ਬਾਲਮਿਕੀ ਅਵਤਾਰ" ਦਾ... ਇਸ ਵਿੱਚ ਜ਼ਿਕਰ ਹੈ ਹਿੰਦੂਆਂ ਦੇ ਦੇਵਤੇ "ਮਹਾਕਾਲ" ਦਾ... ਇਸ ਵਿੱਚ ਜ਼ਿਕਰ ਹੈ ਅਨਮਤ ਦੇ ਦੇ ਦੇਵਤੇ "ਖੜਗਕੇਤ ਅਤੇ ਅਸਿਧੁੱਜ" ਦਾ... ਇਸ ਵਿੱਚ ਜ਼ਿਕਰ ਹੈ "ਚੰਡੀ ਦੇ ਚਰਿਤ੍ਰ" ਦਾ... ਤੇ ਇਸ ਵਿੱਚ ਜ਼ਿਕਰ ਹੈ 404 ਅਤਿ ਦੀਆਂ ਅਸ਼ਲੀਲ ਅਤੇ ਫੂਹੜ ਕਹਾਣੀਆਂ ਦਾ... ਇਸ ਵਿੱਚ ਜ਼ਿਕਰ ਹੈ ਭੰਗ ਤੇ ਅਫ਼ੀਮ ਖਾਣ ਦਾ... ਇਸ ਵਿੱਚ ਜ਼ਿਕਰ ਹੈ ਪਰਾਏ ਮਰਦਾਂ ਕੋਲੋਂ ਆਪਣੇ ਰੋਮਾਂ

ਨੂੰ ਉਸਤਰੇ ਨਾਲ ਮੁਨਵਾਉਣ ਦਾ...।

ਮੇਰੇ ਸਿੱਖ ਵੀਰੋ... ਤੇ ਹੁਣ ਸੋਚੋ ! ਕੀ ਇਹ ਕੂੜ ਕਿਤਾਬ, ਦਸਮ ਪਿਤਾ ਦੀ ਲਿਖੀ ਹੋ ਸਕਦੀ ਹੈ ?

ਸ਼ੁਰੂਆਤੀ ਪੰਗਤੀਆਂ ਵਿੱਚ ਇਹ ਕਵੀ 'ਅਕਾਲ ਪੁਰਖ' ਦੀ ਉਸਤਤਿ ਕਰਦਾ ਹੋਇਆ ਪ੍ਰਤੀਤ ਹੁੰਦਾ ਹੈ, ਲੇਕਿਨ ਛੇਤੀ ਹੀ ਉਹ ਆਪਣੀ ਔਕਾਤ ਵਿਖਾ ਦਿੰਦਾ ਹੈ ਅਤੇ ਉਸ ਦਾ ਦੇਵੀ ਸਤਿਕਾਰ ਤੇ ਪ੍ਰੇਮ ਉਮੜ ਕੇ ਬਾਹਰ ਆ ਜਾਂਦਾ ਹੈ। ਇਹ ਵੇਖੋ :

ਪ੍ਰਚੰਡ ਅਖੰਡ ਮੰਡਲੀ॥ ਉਦੰਡ ਰਾਜ ਸੁਥਲੀ॥
ਜਗੰਤ ਜੋਤਿ ਜੁਆਲ ਕਾ॥ ਜਲੰਤ ਦੀਪ ਮਾਲਕਾ॥ ੯॥ ੧੭॥
ਕ੍ਰਿਪਾਲ ਦਿਆਲ ਲੋਚਨੰ॥ ਮਚੰਕ ਬਾਣ ਮੋਚਨੰ॥
ਸਿਰੰ ਕਰੀਟ ਧਾਰੀਯੰ॥ ਦਿਨੇਸ ਕ੍ਰਿਤ ਹਾਰੀਯੰ॥ ੧੦॥ ੧੮॥
ਬਿਸਾਲ ਲਾਲ ਲੋਚਨੰ॥ ਮਨੋਜ ਮਾਨ ਮੋਚਨੰ॥
ਸੁਭੰਤ ਸੀਸ ਸੁ ਪ੍ਰਭਾ॥ ਚਕ੍ਰਿਤ ਚਾਰੁ ਚੰਦ੍ਰਕਾ॥ ੧੧॥ ੧੯॥...
ਆਜਾਨ ਬਾਹੁ ਸਾਰੰਗ ਕਰ ਧਰਣੰ॥ ਅਮਿਤ ਜੋਤਿ ਜਗ ਜੋਤ ਪ੍ਰਕਰਣੰ॥
ਖੜਗ ਪਾਣ ਖਲ ਦਲ ਬਲ ਹਰਣੰ॥ ਮਹਾ ਬਾਹੁ ਬਿਸ੍ਵੰਭਰ ਭਰਣੰ॥ ੯॥

ਇਸ ਕਵੀ ਨੇ ਐਸੀ ਕੜ੍ਹੀ ਬਣਾ ਕੇ ਖਲਾਰ ਦਿੱਤੀ ਹੈ ਕਿ ਸਿੰਖਾਂ ਕੋਲੋਂ ਇਹ ਕਦੇ ਵੀ ਸਾਂਭੀ ਨਹੀ ਜਾਣੀ। ਉਹ ਪਹਿਲਾਂ ਉਸਤਤ ਕਰਦੇ ਹੋਏ ਕਹਿੰਦਾ ਹੈ 'ਅਛੇਦੀ ਅਭੇਦੀ ਸਦਾ ਹੇਕ ਧਰਮੰ'। ਇਥੇ ਸਿੱਖ ਖ਼ੁਸ਼ ਹੋ ਜਾਂਦਾ ਹੈ ਕਿ ਇਹ ਤਾਂ 'ਅਕਾਲ ਪੁਰਖ' ਦੀ ਉਸਤਤ ਹੈ। ਥੋੜ੍ਹੀ ਦੇਰ ਬਾਅਦ ਉਹ ਆਪਣੇ ਇਸ 'ਅਕਾਲ ਪੁਰਖ' ਨੂੰ ਦੇਹਧਾਰੀ ਬਣਾ ਦਿੰਦਾ ਹੈ ਤੇ ਕਹਿੰਦਾ ਹੈ 'ਕ੍ਰਿਪਾਲ ਦਿਆਲ ਲੋਚਨੰ॥ ਮਚੰਕ ਬਾਣ ਮੋਚਲੰ॥'।

ਫਿਰ ਨਾਲ ਹੀ ਉਸ ਨੂੰ ਨਿਰੰਕਾਰ ਕਹਿੰਦੇ ਹੋਏ ਸਿੱਖ ਨੂੰ ਖ਼ੁਸ਼ ਕਰ ਦਿੰਦਾ ਹੈ 'ਅਗਾਧੇ ਅਬਾਘੇ ਅਗੰਤੰ ਅਲੰਤੰ॥ ਅਲੇਖੰ ਅਭੇਖੰ ਅਭੂਤੰ ਅਗੰਤੰ॥' ਪਰ ਅਗਲੇ ਪਾਸੇ ਕਹਿਣ ਲੱਗ ਪੈਂਦਾ ਹੈ 'ਬਿਸਾਲ ਲਾਲ ਲੋਚਨੰ॥ ਮਨੋਜ ਮਾਨ ਮੋਚਨੰ॥ ਸੁਭੰਤ ਸੀਸ ਸੁ ਪ੍ਰਭਾ॥ ਚਕ੍ਰਿਤ ਚਾਰੁ ਚੰਦ੍ਰਕਾ॥' ਅੱਗੇ ਉਹ ਫਿਰ ਆਪਣੇ ਇਸ਼ਟ ਨੂੰ ਨਿਰੰਕਾਰ ਬਨਾਉਣ ਹਿਤ ਕਹਿੰਦਾ ਹੈ 'ਕਲੰਕੰ ਬਿਨਾ ਨਿਹਕਲੰਕੀ ਸਰੂਪੇ॥ ਅਛੇਦੰ ਅਭੇਦੰ ਅਖੇਦੰ ਅਨੂਪੇ॥', ਪਰ ਥੋੜ੍ਹੀ ਹੀ ਦੇਰ

ਬਾਅਦ ਉਸਨੂੰ ਲੰਮੀਆਂ ਬਾਹਾਂ ਵਾਲਾ ਖੜਗਧਾਰੀ, ਦੇਹਧਾਰੀ ਬਣਾ ਦਿੰਦਾ ਹੈ 'ਆਜਾਨ ਬਾਹੁ ਸਾਰੰਗ ਕਰ ਧਰਣੰ।। ਅਮਿਤ ਜੋਤਿ ਜਗ ਜੋਤ ਪ੍ਰਕਰਣੰ।। ਖੜਗ ਪਾਣ ਦਲ ਥਲ ਹਰਣੰ।। ਮਹਾ ਬਾਹੁ ਬਿਸ੍ਵੰਭਰ ਭਰਣੰ।।'।

ਇਸੇ ਕਰਕੇ ਇਹ ਦਸਮ ਗ੍ਰੰਥੀਏ ਸਾਨੂੰ ਕਹਿੰਦੇ ਹਨ ਕਿ ਤੁਹਾਨੂੰ ਇਹ ਬਾਣੀ ਸਮਝ ਨਹੀਂ ਆਵੇਗੀ, ਇਹ ਗੁਰੂ ਸਾਹਿਬ ਦੀ 'ਅਗਾਧ ਬੋਧ' ਬਾਣੀ ਹੈ। ਉਨ੍ਹਾਂ ਦਾ ਕਹਿਣਾ ਵੀ ਆਪਣੀ ਜਗ੍ਹਾ ਠੀਕ ਹੈ ਕਿ, 'ਜੋ ਚੀਜ਼ ਸਮਝ ਨਾ ਆਵੇ, ਉਸਨੂੰ ਮੱਥਾ ਟੇਕੀ ਚਲੋ, ਤੇ ਇਹ ਹੀ ਸੌਖਾ ਰਾਹ ਹੈ। ਵੈਸੇ ਵੀ 'ਸੁਖ-ਨਿਧਾਨ' ਪੀ-ਪੀ ਕੇ ਐਨੀ ਸਿਰ-ਖਪਾਈ ਨਹੀਂ ਹੁੰਦੀ ਸਾਡੇ ਕੋਲੋਂ। ਆਪਣੇ ਦਿਮਾਗ 'ਤੇ ਬਹੁਤਾ ਬੋਝ ਪਾ ਕੇ ਦਿਮਾਗ ਨੂੰ ਦੁਖ ਦੇਣ ਦੀ ਕੀ ਲੋੜ ਹੈ ?' ਚਲੋ, ਅੱਗੇ ਦੇਖਦੇ ਹਾਂ ਕਿ ਇਸ ਵਿੱਚ 'ਗਿਆਨ' ਦੀਆਂ ਹੋਰ ਕਿਹੜੀਆਂ ਗੱਲਾਂ ਹਨ ?

ਇਸੇ ਤਰ੍ਹਾਂ ਦੀ 'ਗਟਪਟ ਉਸਤਤ' ਇਸ ਗਿਆਨ ਪ੍ਰਬੋਧ ਬੋਧ ਵਿੱਚ ਜਾਰੀ ਰਹਿੰਦੀ ਹੈ। ਇਸ ਉਸਤਤਿ ਤੋਂ ਬਾਅਦ 'ਰਾਜਸੂਇ ਯੱਗ' ਦਾ ਜ਼ਿਕਰ ਆਉਂਦਾ ਹੈ, ਜੋ ਪੰਜ ਪਾਂਡਵਾਂ ਵੱਲੋਂ ਪਹਿਲੀ ਵਾਰ ਕੀਤਾ ਗਿਆ ਸੀ। ਇਸ ਯੱਗ ਦਾ ਹਾਲ ਸੁਣੋ ਤਾਂ ਆਪ ਜੀ ਨੂੰ ਪਤਾ ਲੱਗ ਜਾਵੇਗਾ ਕਿ ਅਸੀਂ ਇਸ ਰਚਨਾ ਨੂੰ 'ਗਿਆਨ ਗਪੋੜ' ਕਿਉਂ ਕਹਿੰਦੇ ਹਾਂ ? ਨਾਲ ਹੀ ਇਹ ਵੀ ਵੇਖੋ ਕਿ ਇਸ 'ਅਗਾਧ ਬੋਧ ਬਾਣੀ' ਨਾਲ ਸਿੱਖ ਦਾ ਜੀਵਨ ਕਿੰਨਾ ਉੱਚਾ ਹੋ ਸਕਦਾ ਹੈ?

ਇਸ ਯੱਗ ਵਿੱਚ ਪੂਰੀ ਦੁਨੀਆ ਵਿੱਚੋਂ ਕਰੋੜਾਂ ਦੀ ਗਿਣਤੀ ਵਿੱਚ ਬ੍ਰਾਹਮਣਾਂ ਨੂੰ ਸੱਦਿਆ ਗਿਆ। ਕਰੋੜਾਂ ਹੀ ਤਰੀਕੇ ਦੇ ਭੋਜਨ ਅਤੇ ਵਿਯੰਜਨ ਬਣੇ, ਜਿਨ੍ਹਾਂ ਨੂੰ ਇਨ੍ਹਾਂ ਕਰੋੜਾਂ ਬ੍ਰਾਹਮਣਾਂ ਨੇ ਭੋਗਿਆ (ਖਾਧਾ)। (ਦਾਸ ਦੀ ਪਾਠਕਾਂ ਨੂੰ ਬੇਨਤੀ ਹੈ ਕਿ ਹਰ ਸ਼ੈ ਨੂੰ 'ਕਰੋੜਾਂ' ਨਾਲ ਗੁਣਾਂ ਕਰਦੇ ਜਾਣਾ ਕਿਉਂਕਿ ਕਰੋੜਾਂ ਬ੍ਰਾਹਮਣਾਂ ਦਾ ਜ਼ਿਕਰ ਕੀਤਾ ਗਿਆ ਹੈ।) ਇਸ ਯੱਗ ਵਿੱਚ ਸ਼ਾਮਲ ਹੋਣ ਵਾਲੇ ਹਰ ਇੱਕ ਬ੍ਰਾਹਮਣ ਨੂੰ ਸੌ-ਸੌ ਹਾਥੀ ਅਤੇ ਸੌ-ਸੌ ਰਥ, ਹਰ ਇੱਕ ਬ੍ਰਾਹਮਣ ਨੂੰ ਦੋ-ਦੋ ਹਜ਼ਾਰ ਘੋੜੇ, ਸੋਨੇ ਦੇ ਸਿੰਙਾਂ ਵਾਲੀਆਂ ਚਾਰ-ਚਾਰ ਹਜ਼ਾਰ ਮੱਝਾਂ, ਅਤੇ ਇਸ ਤੋਂ ਇਲਾਵਾ ਹਰ ਇੱਕ ਬ੍ਰਾਹਮਣ ਨੂੰ ਢਾਈ-ਢਾਈ ਮਣ ਸੋਨਾ, ਚਾਂਦੀ, ਤਾਂਬਾ ਤੇ ਬੇਸ਼ਕੀਮਤੀ ਪੋਸ਼ਾਕਾਂ ਦਿੱਤੀਆਂ ਗਈਆਂ ਜਿਸ

ਨਾਲ ਮੰਗਤੇ ਵੀ ਰਾਜਾ ਬਣ ਗਏ।

ਕਮਾਲ ਹੈ ! ਹੁਣ ਕਿਉਂ ਨਾ ਕਹੀਏ ਇਸ ਨੂੰ 'ਗਿਆਨ ਗਪੋੜ' ? ਜੋ ਗੱਲ ਕੋਈ ਨਾ ਮੰਨੇ, ਕਿਧਰੇ ਵੀ ਨਾ ਸੁਣੀ ਹੋਵੇ, ਉਹ ਦਸਮ ਗ੍ਰੰਥੀਆਂ ਦੇ ਇਸ 'ਬਚਿੱਤਰ ਨਾਟਕ' ਨਾਮ ਦੇ ਧੋਖੇ ਵਿੱਚੋਂ ਤੁਸੀਂ ਆਪ ਪੜ੍ਹ ਲਵੋ।

ਚਾਰ-ਚਾਰ ਕੋਹਾਂ ਵੱਡਾ ਹਵਨ-ਕੁੰਡ ਬਣਾਇਆ ਗਿਆ ਸੀ। ਉਸ ਵਿੱਚ ਆਹੂਤੀਆਂ ਦੇਣ ਲਈ ਇੱਕ ਹਜ਼ਾਰ ਪਰਨਾਲੇ ਲਗਵਾਏ ਗਏ ਸਨ। ਉਨ੍ਹਾਂ ਪਰਨਾਲਿਆਂ ਵਿੱਚੋਂ ਹਾਥੀ ਦੀ ਸੂੰਡ ਜਿੰਨੀ ਮੋਟੀ ਘਿਉ ਦੀ ਧਾਰ ਨਿਕਲ ਰਹੀ ਸੀ। ਅਤੇ ਇਸ ਘਿਉ ਵਿੱਚ ਹੀਰੇ, ਕਸਤੂਰੀ ਆਦਿਕ ਹਵਨ ਸਾਮੱਗਰੀ ਪਈ ਹੋਈ ਸੀ। ਹਰ ਦੇਸ਼ ਤੋਂ ਅੱਗ ਅਤੇ ਉਥੋਂ ਦਾ ਪਾਣੀ ਮੰਗਵਾਇਆ ਗਿਆ।.... ਹੋਰ ਗੱਪਾਂ ਭਾਵੇਂ ਆਪਣੇ ਕੋਲੋਂ ਜੋੜ੍ਹ ਲੈਣਾ। ਇਸ 'ਗਿਆਨ ਗਪੋੜ' ਵਿੱਚ ਤਾਂ ਇਸ ਜੱਗ ਦਾ ਇਹ ਹੀ ਬਿਉਰਾ ਦਿੱਤਾ ਹੋਇਆ ਹੈ। ਕਵੀ ਫਿਰ ਇਸ ਯੱਗ ਦੀ ਸਮਾਪਤੀ ਇਨ੍ਹਾਂ ਸ਼ਬਦਾਂ ਨਾਲ ਕਰਦਾ ਹੈ :

ਰਾਜਸੂਇ ਸੁ ਕੈ ਕਿਤੈ ਦਿਨ ਜੀਤ ਸਤ੍ਰ ਅਨੰਤ।।
ਬਾਜਮੇਧ ਅਰੰਭ ਕੀਨੇ ਬੇਦ ਬਯਾਸ ਮਤੰਤ।। ੮।। ੧੪੯।।
ਪ੍ਰਿਥਮ ਜੱਗ ਸਮਾਪਤਹਿ।।

ਸ਼ੁਕਰ ਹੈ ! ਇਹ ਯੱਗ ਮੁੱਕ ਗਿਆ, ਨਹੀਂ ਤਾਂ ਹਿੰਦੁਸਤਾਨ ਦੀ ਸਾਰੀ 'ਇਕੌਨਮੀ' ਇਨ੍ਹਾਂ ਕਰੋੜਾਂ ਬ੍ਰਾਹਮਣਾਂ ਨੇ ਫੇਲ੍ਹ ਕਰ ਦੇਣੀ ਸੀ। ਮੇਰੇ ਵੀਰੋ ! ਦੇਖਿਆ ਤੁਹਾਡਾ ਕਿੰਨਾ 'ਗਿਆਨ' ਵੱਧਿਆ ਇਸ 'ਗਿਆਨ ਪ੍ਰਬੋਧ' ਨਾਲ।

ਇਸ ਤੋਂ ਅਗਲਾ ਯੱਗ ਹੈ 'ਅਸ਼ਵਮੇਘ ਯੱਗ'। ਇਸ ਬਾਰੇ ਗੁਰੂ ਗ੍ਰੰਥ ਸਾਹਿਬ ਜੀ ਤਾਂ ਕਹਿ ਰਹੇ ਹਨ :

ਅਸੁਮੇਧ ਜਗੁ ਕੀਜੈ ਸੋਨਾ ਗਰਭ ਦਾਨੁ ਦੀਜੈ
ਰਾਮ ਨਾਮ ਸਰਿ ਤਊ ਨ ਪੂਜੈ।।

(ਗੁਰੂ ਗ੍ਰੰਥ ਸਾਹਿਬ, ਅੰਕ 973)

ਲੇਕਿਨ ਇਹ ਅਖੌਤੀ ਦਸਮ ਗ੍ਰੰਥ ਇਸ ਯੱਗ ਬਾਰੇ ਕਿੰਨਾ 'ਗਿਆਨ' ਦੇ ਰਿਹਾ ਹੈ, ਆਓ ਜ਼ਰਾ ਵੇਖੀਏ। ਉਸ ਯੱਗ ਵਿੱਚ ਇੱਕ ਘੋੜਾ ਵੱਢਿਆ ਜਾਂਦਾ ਹੈ। ਉਸ ਦੇ ਮਾਸ ਦਾ ਇੱਕ ਹਿੱਸਾ ਬ੍ਰਾਹਮਣਾਂ ਨੂੰ, ਇੱਕ ਹਿੱਸਾ ਖੱਤਰੀਆਂ ਨੂੰ ਅਤੇ ਇੱਕ ਹਿੱਸਾ ਉਨ੍ਹਾਂ ਇਸਤਰੀਆਂ ਨੂੰ ਦਿੱਤਾ ਗਿਆ ਜੋ ਇਸ ਯੱਗ ਵਿੱਚ ਮਿਹਮਾਨ

ਬਣ ਕੇ ਆਈਆਂ ਸਨ, ਅਤੇ ਉਨ੍ਹਾਂ ਨੇ ਖਾਧਾ। ਇਸ ਮਾਸ ਦਾ ਚੌਥਾ ਹਿੱਸਾ ਹਵਨ-ਕੁੰਡ ਦੀ ਅੱਗ ਵਿੱਚ ਭੇਟ ਕਰ ਦਿੱਤਾ ਗਿਆ।

ਹਾਲੇ ਤਕ ਤਾਂ ਇਹ ਸੁਣਿਆ ਸੀ ਕਿ ਬ੍ਰਾਹਮਣ ਛਿਪ-ਛਿਪ ਕੇ ਮਾਸ ਖਾਂਦੇ ਹਨ, ਪਰ ਇਥੇ ਤਾਂ ਸਰੇਆਮ ਹੀ ਮਾਸ ਦਾ ਭੋਗ ਲੱਗ ਰਿਹਾ ਹੈ, ਤੇ ਉਹ ਵੀ ਘੋੜੇ ਦਾ। ਚਲੋ, ਫਿਰ ਵੀ ਇਸ ਯੱਗ ਦੀ 'ਗਪੋੜ' ਤਾਂ ਕੁਝ ਵੀ ਨਹੀਂ, ਪਹਿਲੇ ਵਾਲੀ ਯੱਗ ਦੀ 'ਗਪੋੜ' ਦੇ ਮੁਕਾਬਲੇ। ਇਹ ਤਾਂ ਫਿਰ ਵੀ ਹਜ਼ਮ ਹੋ ਜਾਂਦੀ ਹੈ। ਅਜੇ ਕਹਾਣੀ ਇਥੇ ਹੀ ਨਹੀਂ ਮੁੱਕਦੀ। ਹਾਲੇ ਕੁਝ ਦੇਰ ਇਨ੍ਹਾਂ ਗੱਪਾਂ ਨੂੰ ਹੋਰ ਝੇਲਣਾ ਪਵੇਗਾ। (ਇਹ ਗੱਪਾਂ ਅਕਾਲ ਤਖ਼ਤ ਦੇ ਹੈਡ-ਗ੍ਰੰਥੀ ਨੂੰ 'ਗੁਰੂ-ਕ੍ਰਿਤ' ਲੱਗ ਰਹੀਆਂ ਹਨ।)

ਹੁਣ ਇੱਕ ਹੈ 'ਗਜਮੇਧ ਯੱਗ' ਅਤੇ ਦੂਜਾ ਹੈ 'ਅਹਿਮੇਘ ਯੱਗ'। 'ਗਜਮੇਧ ਯੱਗ' ਦੀ ਗਪੋੜ ਵੀ ਬਹੁਤ ਵੱਡੀ ਹੈ। ਇਸ ਵਿੱਚ ਅਠ ਕੋਹਾਂ ਵਿੱਚ ਹਵਨ-ਕੁੰਡ ਬਣਵਾਇਆ ਗਿਆ ਅਤੇ ਉਸ ਵਿੱਚ ਪਾਉਣ ਵਾਸਤੇ ਅਨਗਿਣਤ ਹਾਥੀ ਮੰਗਵਾਏ ਗਏ। ਅਠ ਹਜ਼ਾਰ ਬ੍ਰਾਹਮਣਾਂ ਨੂੰ ਹੋਮ ਜੱਗ ਕਰਨ ਲਈ ਸੱਦਿਆ ਗਿਆ। ਸ਼ਾਇਦ ਪਹਿਲੇ ਯੱਗ ਵਿੱਚ ਖ਼ਰਚਾ ਕੁਝ ਜ਼ਿਆਦਾ ਹੀ ਹੋ ਗਿਆ ਹੋਣਾ ਹੈ, ਇਸ ਕਰਕੇ ਇਸ ਯੱਗ ਵਿੱਚ ਕਰੋੜਾਂ ਦੀ ਥਾਂ ਸਿਰਫ਼ ਅੱਠ ਹਜ਼ਾਰ ਬ੍ਰਾਹਮਣਾਂ ਨੂੰ ਹੀ ਸੱਦਾ ਦਿੱਤਾ ਗਿਆ। ਅਠ ਲੱਖ ਹੋਰ ਬ੍ਰਾਹਮਣ ਮੰਤਰ ਪੜ੍ਹਣ ਲਈ ਬੁਲਾਏ ਗਏ। ਇਸ ਵਿੱਚ ਵੀ ਅਠ ਹਜ਼ਾਰ ਪਰਨਾਲੇ ਲਾਏ ਗਏ ਜਿਨ੍ਹਾਂ ਵਿੱਚੋਂ ਹਾਥੀ ਦੀ ਸੁੰਡ ਜਿੰਨੀ ਮੋਟੀ ਘਿਉ ਦੀ ਧਾਰ ਵੱਗ੍ਦੀ ਸੀ।

ਓਇ ਬੱਲੇ ! ਇਥੇ ਗ਼ਰੀਬਾਂ ਨੂੰ ਛਟਾਂਕੀ ਘਿਉ ਵੇਖਣ ਨੂੰ ਨਹੀਂ ਮਿਲਦਾ, ਉਥੇ ਟੈਂਕਰਾਂ ਦੇ ਟੈਂਕਰ ਘਿਉ ਬਰਬਾਦ ਕੀਤਾ ਜਾ ਰਿਹਾ ਸੀ। ਇਸ ਵਿੱਚ ਇਹ ਨਹੀਂ ਦੱਸਿਆ ਗਿਆ ਕਿ ਇਸ ਯੱਗ ਵਿੱਚ ਕਿੰਨੇ ਹਾਥੀ ਮਾਰ ਕੇ ਸੁੱਟੇ ਗਏ ? ਉਹ ਵੀ ਅਠ ਸੌ ਦੇ ਕਰੀਬ ਹੋਣੇ ਹੀ ਹਨ, ਕਿਉਂਕਿ ਇਸ ਯੱਗ ਵਿੱਚ 'ਅਠ' ਦਾ ਹੀ ਪਹਾੜਾ ਪੜ੍ਹਿਆ ਗਿਆ ਹੈ। ਜੇ ਗੱਪ ਹੀ ਮਾਰਨੀ ਹੈ ਤਾਂ ਵੱਡੀ ਤੋਂ ਵੱਡੀ ਮਾਰੀ ਜਾਵੇ, ਕਿਉਂਕਿ ਵੱਡੀ ਤੋਂ ਵੱਡੀ ਗੱਪ ਮਾਰਨ ਵਿੱਚ ਕੁਝ ਲੱਗਦਾ ਤਾਂ ਹੈ ਨਹੀਂ। ਗੁਰੂ ਹੋਵੇ ਦਸਮ ਗ੍ਰੰਥੀਆਂ ਦਾ ਤੇ ਗੱਪ ਮਾਰੇ ਛੋਟੀ-ਛੋਟੀ, ਇਹ ਕਿਸ ਤਰ੍ਹਾਂ ਹੋ ਸਕਦਾ ਹੈ ?

ਹੁਣ ਜ਼ਿਕਰ ਆਉਂਦਾ ਹੈ 'ਸਰਪਮੇਧ ਯੱਗ' ਦਾ, ਇਹ 'ਸਰਪਮੇਧ ਯੱਗ'

ਰਾਜਾ ਜਨਮੇਜੇ ਨੇ ਕਰਵਾਇਆ ਸੀ। ਜਨਮੇਜੇ ਰਾਜੇ ਦੇ ਪਿਤਾ ਨੂੰ ਸੱਪ ਨੇ ਡੱਸ ਲਿਆ ਸੀ, ਜਿਸ ਕਰਕੇ ਉਸ ਦੀ ਮੌਤ ਹੋ ਗਈ ਸੀ। ਸੱਪਾਂ ਤੋਂ ਬਦਲਾ ਲੈਣ ਲਈ ਜਨਮੇਜੇ ਨੇ ਇਹ 'ਸਰਪਮੇਧ' ਯੱਗ ਕਰਵਾਇਆ। ਇੱਕ ਕੋਹ ਲੰਮਾ ਯੱਗ ਕੁੰਟ ਤਿਆਰ ਕਰਵਾਇਆ ਗਿਆ, ਜਿਸ ਵਿੱਚ ਮੰਤਰ ਸ਼ਕਤੀ ਨਾਲ ਸਾਰੇ ਬ੍ਰਾਹਮਣ ਹੋਮ ਕਰਨ ਲੱਗੇ। ਮੰਤਰਾਂ ਦੀ ਸ਼ਕਤੀ ਨਾਲ ਹਵਨ ਕੁੰਡ ਵਿੱਚ ਕਰੋੜਾਂ ਦੀ ਗਿਣਤੀ ਵਿੱਚ ਸੱਪ ਆ-ਆ ਕੇ ਡਿੱਗਣ ਲੱਗ ਪਏ ਅਤੇ ਡਿੱਗ-ਡਿੱਗ ਕੇ ਸੜਨ ਲੱਗ ਪਏ। (ਲਗਦਾ ਹੈ, ਸੱਪਾਂ ਦਾ ਸੁਸਾਈਡ ਕੰਮਪੀਟੀਸ਼ਨ ਹੋ ਰਿਹਾ ਸੀ) ਇੱਕ ਹੱਥ (ਡੇਢ ਫੁੱਟ) ਤੋਂ ਲੈ ਕੇ ਇੱਕ ਹਜ਼ਾਰ ਹੱਥ (ਡੇਢ ਕਿਲੋਮੀਟਰ ਲੰਬੇ) ਸੱਪ ਕਰੋੜਾਂ ਦੀ ਗਿਣਤੀ ਵਿੱਚ ਆ-ਆ ਕੇ ਹਵਨ ਕੁੰਡ ਦੀ ਅੱਗ ਵਿੱਚ ਡਿੱਗਣ ਅਤੇ ਸੜਨ ਲੱਗ ਪਏ। (ਵਾਹ ਭਈ ਵਾਹ ! ਗੱਪ ਹੋਵੇ ਤਾਂ ਇਹੋ ਜਿਹੀ, ਕਿ ਕੋਈ ਮੂਰਖ ਬੰਦਾ ਵੀ ਇਸ ਗੱਪ 'ਤੇ ਵਿਸ਼ਵਾਸ ਨਾ ਕਰ ਸਕੇ।) ਅਨੰਤ ਕਿਸਮਾਂ ਦੇ ਸੱਪ ਉਥੇ ਆ-ਆ ਕੇ ਸੜ ਰਹੇ ਸਨ। ਇਨ੍ਹਾਂ ਸੱਪਾਂ ਦੀ ਧੌਣ (ਗਰਦਨ) ਸੱਤ ਹੱਥ (ਸਾਢੇ ਦਸ ਫੁੱਟ) ਤੋਂ ਲੈ ਕੇ ਬਾਰਹ ਹੱਥ (ਅਠਾਰ੍ਹਾਂ ਫੁੱਟ) ਤਕ ਮੋਟੀ ਸੀ, ਭਾਵ ਹਾਥੀ ਦੀ ਧੌਣ ਨਾਲੋਂ ਵੀ ਅੱਠ ਗੁਣਾਂ ਮੋਟੀ ਧੌਣ ਵਾਲੇ ਇਹ ਸੱਪ ਸਨ। (ਲਉ ਜੀ ! ਇਨ੍ਹਾਂ ਸੱਪਾਂ ਦੀ ਲੰਬਾਈ ਅਤੇ ਮੋਟਾਈ ਤਾਂ ਹੋਰ ਵੱਧਦੀ ਹੀ ਜਾ ਰਹੀ ਹੈ। ਮੈਂ ਸੋਚਿਆ ਸੀ ਕਿ ਇਹ ਗੱਪ ਤਾਂ ਪਹਿਲਾਂ ਹੀ ਬਹੁਤ ਵੱਡੀ ਹੋ ਚੁਕੀ ਹੈ। ਇਸ ਤੋਂ ਵੱਧ ਗੱਪ ਮਾਰੀ ਗਈ ਤਾਂ 'ਦਸਮ ਗ੍ਰੰਥੀਆਂ' ਨੇ ਵੀ ਇਸ 'ਤੇ ਵਿਸ਼ਵਾਸ ਨਹੀਂ ਕਰਨਾ, ਲੇਕਿਨ ਇਹ ਗੱਪ ਤਾਂ ਸਾਰੀਆਂ ਹੱਦਾਂ ਪਾਰ ਕਰਦੀ ਜਾ ਰਹੀ ਹੈ। ਚਲੋ ! ਦਸਮ ਗ੍ਰੰਥੀਆਂ ਦੇ ਗੁਰੂ ਨੇ ਇਹ ਗੱਪ ਲਿਖੀ ਹੈ, ਤਾਂ ਸਾਡੀ ਕੀ ਹੈਸੀਅਤ, ਕਿ ਇਸ ਬਾਰੇ ਕੋਈ ਕਿੰਤੂ-ਪ੍ਰੰਤੂ ਕਰ ਸਕੀਏ !) ਕਿਤਨੇ ਹੀ ਸੱਪ ਦੋ ਹਜ਼ਾਰ ਹੱਥ ਲੰਬੇ ਅਤੇ ਕਈ ਤਾਂ ਤਿੰਨ ਤੇ ਕਈ ਚਾਰ ਯੋਜਨ ਲੰਬੇ ਸੱਪ ਹਜ਼ਾਰ ਦੋ ਹਜ਼ਾਰ ਅਤੇ ਤਿੰਨ-ਤਿੰਨ ਹਜ਼ਾਰ ਦੇ ਝੁੰਡਾਂ ਵਿੱਚ ਆ-ਆ ਕੇ ਹਵਨ ਕੁੰਡ ਵਿੱਚ ਡਿੱਗ ਰਹੇ ਸਨ। (ਭਾਈ ਕਾਨ੍ਹ ਸਿੰਘ ਨਾਭਾ ਜੀ ਦੇ ਮਹਾਨ ਕੋਸ਼ ਅਨੁਸਾਰ ਇੱਕ ਯੋਜਨ, ਅੱਠ ਹਜ਼ਾਰ ਗਜ, ਅਰਥਾਤ 7.315 ਕਿਲੋਮੀਟਰ ਲੰਬਾ ਹੁੰਦਾ ਹੈ।) ਇਸ ਮੁਤਾਬਕ ਕਈ ਸੱਪ 7.315 x 4 = 29.26 ਕਿਲੋਮੀਟਰ ਲੰਬੇ ਸਨ।

ਲਉ ਜੀ ! ਹਾਲੀ ਹੋਰ ਸੁਣੋ ਜੀ। ਲੰਬੇ ਹੀ ਨਹੀਂ, ਛੋਟੇ-ਛੋਟੇ ਸੱਪ ਵੀ

ਆ ਗਏ ਨੇ। ਕਿਤਨੇ ਹੀ ਸੱਪ ਕਰੋੜਾਂ ਦੇ ਝੁੰਡ ਬਣਾ ਕੇ ਆ ਰਹੇ ਸਨ ਅਤੇ ਹਵਨ ਕੁੰਡ ਵਿੱਚ ਡਿੱਗ-ਡਿੱਗ ਕੇ ਸੜ ਰਹੇ ਸਨ। ਕਿਤਨੇ ਹੀ ਸੱਪ ਇਹੋ ਜਿਹੇ ਆਏ ਜੋ ਇਕ ਮੁੱਠ ਜਿੰਨੇ, ਕਿੰਨੇ ਹੀ ਇੱਕ ਅੰਗੂਠੇ ਜਿੰਨੇ, ਤੇ ਕਿੰਨੇ ਹੀ ਅੱਧੇ ਅੰਗੂਠੇ ਜਿੰਨੇ ਸੂੰਡੀਆਂ ਨਾਲੋਂ ਵੀ ਛੋਟੇ ਸਨ। ਇਹ ਸੱਪ ਹਜ਼ਾਰਾਂ ਦੇ ਝੁੰਡਾਂ ਵਿੱਚ ਆ-ਆ ਕੇ ਸੜ ਰਹੇ ਸਨ।

ਉਫ਼ ! ਮੈਂ ਕੀ ਲਿਖ ਰਿਹਾ ਹਾਂ ਤੇ ਤੁਸੀਂ ਕੀ ਪੜ੍ਹ ਰਹੇ ਹੋ। ਇਹ ਹੈ ਦਸਮ ਗ੍ਰੰਥੀਆਂ ਦੇ ਗੁਰੂ ਦਾ ਲਿਖਿਆ 'ਗਿਆਨ ਗਪੋੜ'। ਮੇਰੇ ਪਿਆਰੇ ਵੀਰੋ ! ਕੀ ਇਹ ਹੀ ਹੈ ਦਸਮ ਗ੍ਰੰਥੀਆਂ ਦੀ ਅਖੌਤੀ 'ਦਸਮ ਬਾਣੀ' ? ਇਸ ਨੂੰ ਪੜ੍ਹ ਕੇ ਹਾਸਾ ਤਾਂ ਜ਼ਰੂਰ ਆਉਂਦਾ ਹੈ ਪਰ ਗਿਆਨ ਨਹੀਂ। ਇਹ ਰਚਨਾ 'ਗਿਆਨ ਗਪੋੜ' ਤਾਂ ਹੋ ਸਕਦੀ ਹੈ, ਪਰ 'ਗਿਆਨ ਪ੍ਰਬੋਧ' ਨਹੀਂ। ਜੇ ਤੁਹਾਨੂੰ ਇਸ ਤੋਂ ਕੋਈ ਜੀਵਨ-ਜਾਚ ਮਿਲੀ ਹੋਵੇ, ਆਪਣਾ ਜੀਵਨ ਉੱਚਾ ਕਰਨ ਲਈ ਕੋਈ ਸਿੱਖਿਆ ਮਿਲੀ ਹੋਵੇ ਤਾਂ ਇਸ ਨੂੰ ਜ਼ਰੂਰ 'ਦਸਮ ਬਾਣੀ' ਮੰਨ ਲੈਣਾ। ਜੇ ਨਹੀਂ, ਤਾਂ ਇਸਨੂੰ 'ਗਿਆਨ ਗਪੋੜ' ਸਮਝ ਕੇ ਕਦੇ ਵੀ ਇਸ ਗ੍ਰੰਥ ਅੱਗੇ ਮੱਥਾ ਟੇਕ ਕੇ, ਗੁਰੂ ਗ੍ਰੰਥ ਸਾਹਿਬ ਜੀ ਵਰਗੇ ਸਮਰੱਥ ਗੁਰੂ ਦਾ ਅਪਮਾਨ ਨਾ ਕਰਨਾ।

# ਭਾਗ ੯

## ਅਥ ਚਉਬੀਸ ਅਉਤਾਰ।।

ੴ ਸ੍ਰੀ ਵਾਹਿਗੁਰੂ ਜੀ ਕੀ ਫ਼ਤਹ।। ਪਾਤਿਸ਼ਾਹੀ ੧੦।।
ਅਥ ਚਉਬੀਸ ਅਵਤਾਰ।।
ਜੋ ਇਹ ਕਥਾ ਸੁਨੈ ਅਰ ਗਾਵੈ।।
ਦੂਖ ਪਾਪ ਤਿਹ ਨਿਕਟਿ ਨ ਆਵੈ।।...
... ਸਭ ਹੀ ਮੁਖਿ ਚੂਮਨ ਦੇਹਿ ਕਹਯੋ ਚੁਮ ਹੈ ਹਮ ਹੂੰ ਤੁਮਹੂੰ ਗਨਿਹੋ।।

ਅਖੌਤੀ ਦਸਮ ਗ੍ਰੰਥ ਦੇ ਪੰਨਾ ਨੰ. 155 ਤਕ ਅਸੀਂ ਦੁਰਗਾ ਦੇਵੀ ਅਤੇ 'ਕਾਲ' ਦੇਵਤੇ ਦੀਆਂ ਉਸਤਤਿ ਵਾਲੀਆਂ ਕਵਿਤਾਵਾਂ ਹੀ ਪੜ੍ਹਦੇ ਆ ਰਹੇ ਹਾਂ। ਇਸ 'ਕੂੜ ਕਿਤਾਬ' ਵਿੱਚ ਅੱਗੇ ਵੀ ਦੇਵੀ-ਦੇਵਤਿਆਂ ਅਤੇ ਅਵਤਾਰਾਂ ਦੇ ਮਿਥਿਹਾਸ ਤੋਂ ਸਾਡਾ ਖਹਿੜਾ ਅਖ਼ੀਰ ਤਕ ਨਹੀਂ ਛੁੱਟਣਾ। ਵੈਸੇ ਤਾਂ ਇਹ ਪੂਰੀ ਕਿਤਾਬ ਹੀ ਇਨ੍ਹਾਂ ਦੇਵੀ-ਦੇਵਤਿਆਂ ਬਾਰੇ ਲਿਖੀ ਗਈ ਹੈ। ਇਥੇ ਤਾਂ ਕਾਲ, ਕਾਲਕਾ, ਭਗਉਤੀ, ਭਵਾਨੀ, ਸ਼ਿਵਾ, ਅਸਿਧੁਜ, ਖੜਗਕੇਤ, ਸਰਬਲੋਹ, ਮਹਾਲੋਹ ਜਿਹੇ ਦੇਵੀ-ਦੇਵਤਿਆਂ ਅਤੇ ਅਵਤਾਰਾਂ ਦੀ ਹੀ ਜਾਣਕਾਰੀ ਦਿੱਤੀ ਗਈ ਹੈ, ਜਿਸਨੂੰ ਤੁਸੀਂ 'ਦਸਮ ਬਾਣੀ' ਕਹਿ ਕੇ ਸਤਿਕਾਰਦੇ ਰਹਿੰਦੇ ਹੋ।

ਭਾਵੇਂ ਸ੍ਰੀ ਅਕਾਲ ਤਖ਼ਤ ਦਾ ਹੈਡ-ਗ੍ਰੰਥੀ ਇਸ ਨੂੰ ਗੁਰੂ-ਰਚਿਤ, ਬਾਣੀ ਕਹਿ ਰਿਹਾ ਹੈ, ਪਰ ਇਹ 'ਹੈਡ-ਗ੍ਰੰਥੀ' ਸਾਡਾ ਕੋਈ ਗੁਰੂ ਜਾਂ ਰੱਬ ਨਹੀਂ, ਜਿਸਦਾ ਹਰ 'ਗ਼ੈਰ-ਸਿਧਾਂਤਕ ਫ਼ਤਵਾ' ਅਸੀਂ ਅੱਖਾਂ ਬੰਦ ਕਰਕੇ ਮੰਨਦੇ ਜਾਈਏ। ਸਾਡੇ ਕੋਲ ਤਾਂ ਗੁਰੂ ਗ੍ਰੰਥ ਸਾਹਿਬ ਜੀ ਵਰਗਾ ਗੁਰੂ ਹੈ, ਜੋ ਸਾਨੂੰ ਹਮੇਸ਼ਾ ਹੀ ਇਹੋ ਜਿਹੀਆਂ ਸਾਜਸ਼ਾਂ ਤੋਂ ਸੁਚੇਤ ਕਰਦਾ ਆਇਆ ਹੈ ਅਤੇ ਹਮੇਸ਼ਾ ਹੀ ਸਾਨੂੰ ਦਿਸ਼ਾ ਅਤੇ ਦਸ਼ਾ ਦਾ ਗਿਆਨ ਕਰਾਉਂਦਾ ਆਇਆ ਹੈ ਅਤੇ ਕਰਾਉਂਦਾ ਰਹੇਗਾ। ਸਾਨੂੰ ਸਾਡੇ ਸ਼ਬਦ ਗੁਰੂ ਨੇ ਸਾਫ਼-ਸਾਫ਼ ਸਮਝਾਇਆ

ਹੋਇਆ ਹੈ ਕਿ ਇਨ੍ਹਾਂ ਧਰਮ ਦੇ ਠੇਕੇਦਾਰਾਂ ਨੂੰ ਬਹੁਤੀ ਮਾਨਤਾ ਦੇਣ ਨਾਲੋਂ, ਸਿੱਧਾ ਆਪਣੇ ਗੁਰੂ ਦੇ ਲੜ ਲੱਗੋ, ਅਤੇ ਜਿਸ ਵੀ ਚੀਜ਼ ਨੂੰ ਆਪਣੇ ਜੀਵਨ ਵਿੱਚ ਅਪਨਾਉਣਾ ਹੋਵੇ, ਉਸ ਨੂੰ ਪਹਿਲਾਂ ਚੰਗੀ ਤਰ੍ਹਾਂ ਜਾਂਚ-ਪਰਖ ਲਵੋ ਅਤੇ ਫਿਰ ਉਸ 'ਤੇ ਵਿਸ਼ਵਾਸ ਕਰੋ :

ਪਹਿਲਾ ਵਸਤੁ ਸਿਞਾਣਿ ਕੈ ਤਾਂ ਕੀਚੈ ਵਾਪਾਰੁ।।

(ਗੁਰੂ ਗ੍ਰੰਥ ਸਾਹਿਬ, ਅੰਕ 410)

ਲੇਕਿਨ ਇਥੇ ਤਾਂ ਅਸੀਂ ਸ਼ਬਦ ਗੁਰੂ ਤੋਂ ਬੇਮੁਖ ਹੋ ਕੇ ਇਨ੍ਹਾਂ ਗੁਰੂ-ਸ਼ਬਦਾਂ ਤੋਂ ਉਲਟ ਹੀ ਤੁਰੀ ਜਾ ਰਹੇ ਹਾਂ। ਅੱਜ ਇੱਕ ਆਮ ਸਿੱਖ ਕੋਲ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਪੜ੍ਹਣ ਅਤੇ ਸਮਝਣ ਦਾ ਸਮਾਂ ਨਹੀਂ, ਲੇਕਿਨ ਇਸ ਅਖੌਤੀ 'ਦਸਮ ਬਾਣੀ' ਨੂੰ ਉਹ ਲੰਮੇ ਪੈ-ਪੈ ਕੇ ਮੱਥਾ ਟੇਕ ਰਿਹਾ ਹੈ, ਅਤੇ ਐਸੀਆਂ 'ਕਾਲਪਨਿਕ ਕਹਾਣੀਆਂ' ਅਤੇ 'ਗਪੋੜਾਂ' ਨੂੰ ਗੁਰੂ-ਕ੍ਰਿਤ ਆਖ ਰਿਹਾ ਹੈ। ਇਹੋ ਜਿਹੀਆਂ ਯਬਲੀਆਂ ਪੜ੍ਹ ਕੇ ਉਸ ਸਿੱਖ ਦੀ ਮਤ ਉੱਤੇ ਤਰਸ ਆਉਂਦਾ ਹੈ ਕਿ ਇਨ੍ਹਾਂ ਅਨਮਤ ਦੇ ਦੇਵੀ-ਦੇਵਤਿਆਂ ਤੋਂ ਤੁਸੀਂ ਕੀ ਲੈਣਾ-ਦੇਣਾ ਹੈ ? ਇਨ੍ਹਾਂ ਦੀ ਨਿਖੇਧੀ ਤਾਂ ਗੁਰਬਾਣੀ ਵੀ ਕਰ ਰਹੀ ਹੈ :

ਭਰਮੇ ਸੁਰਿ ਨਰ ਦੇਵੀ ਦੇਵਾ।। ਭਰਮੇ ਸਿਧ ਸਾਧਿਕ ਬ੍ਰਹਮੇਵਾ।।
ਭਰਮਿ ਭਰਮਿ ਮਾਨੁਖ ਡਹਿਕਾਏ।। ਦੁਤਰ ਮਹਾ ਬਿਖਮ ਇਹ ਮਾਏ।।

(ਗੁਰੂ ਗ੍ਰੰਥ ਸਾਹਿਬ, ਅੰਕ 258)

ਦੇਵੀ ਦੇਵਾ ਪੂਜਹਿ ਡੋਲਹਿ ਪਾਰਬ੍ਰਹਮੁ ਨਹੀ ਜਾਨਾ।।
ਕਹਤ ਕਬੀਰ ਅਕੁਲੁ ਨਹੀ ਚੇਤਿਆ ਬਿਖਿਆ ਸਿਉ ਲਪਟਾਨਾ।।

(ਗੁਰੂ ਗ੍ਰੰਥ ਸਾਹਿਬ, ਅੰਕ 322)

ਇਥੇ ਅਸੀਂ ਇਸ ਕਿਤਾਬ ਦੀ ਇੱਕ ਬਹੁਤ ਲੰਮੀ ਅਤੇ ਸਭ ਤੋਂ ਫ਼ਿਜ਼ੂਲ 'ਮਿਥਿਅਕ ਕਹਾਨੀ' ਦੀ ਚਰਚਾ ਕਰਾਂਗੇ, ਜਿਸ ਦਾ ਨਾਮ ਹੈ 'ਅਥ ਚਉਬੀਸ ਅਵਤਾਰ'। ਇਹ ਕਵਿਤਾ ਪੰਨਾ ਨੰ. 155 ਤੋਂ ਸ਼ੁਰੂ ਹੋ ਕੇ 709 'ਤੇ ਸਮਾਪਤ ਹੁੰਦੀ ਹੈ। ਇਨ੍ਹਾਂ 554 ਪੰਨਿਆਂ ਵਿੱਚ ਇੱਕ ਵੀ ਗੱਲ ਐਸੀ ਨਹੀਂ, ਜਿਸਦਾ ਸਿੱਖੀ ਨਾਲ ਕੋਈ ਸਬੰਧ ਹੋਵੇ। ਇਸ ਕਵਿਤਾ ਵਿੱਚ ਇੱਕ ਵੀ ਗੱਲ ਅਜਿਹੀ ਨਹੀਂ, ਜਿਸਦਾ ਵਿਸ਼ਾ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ ਸਿਧਾਂਤਾਂ ਨਾਲ ਮੇਲ ਖਾਂਦਾ ਹੋਵੇ। ਅਫ਼ਸੋਸ ਇਸ ਗੱਲ ਦਾ ਹੈ ਕਿ ਫਿਰ ਵੀ ਇਹ 'ਕਿਤਾਬ' ਸਿੱਖਾਂ ਦੀ 'ਅਖੌਤੀ ਦਸਮ ਬਾਣੀ' ਬਣੀ ਹੋਈ ਹੈ। ਇਸ ਰਚਨਾ ਵਿੱਚ

ਅਨਮਤ ਦੇ 'ਚੌਵ੍ਹੀ ਅਵਤਾਰਾਂ' ਅਤੇ ਉਨ੍ਹਾਂ ਨਾਲ ਸਬੰਧਤ ਕਹਾਣੀਆਂ ਦਾ ਵਰਣਨ ਕੀਤਾ ਹੋਇਆ ਹੈ, ਜਿਨ੍ਹਾਂ ਦਾ ਸਿੱਖੀ ਨਾਲ ਕੋਈ ਵੀ ਵਾਸਤਾ ਨਹੀਂ ਹੈ।

ਇਸ ਕਵਿਤਾ ਵਿੱਚ ਜਿਨ੍ਹਾਂ ਅਵਤਾਰਾਂ ਦਾ ਜ਼ਿਕਰ ਕੀਤਾ ਗਿਆ ਹੈ, ਉਹ ਅਵਤਾਰ ਹਨ - ਮੱਛ, ਕੱਛ, ਚੰਡ ਮੰਡ, ਸੁੰਭ ਨਿਸੁੰਭ, ਕੱਛ ਮੱਛ। ਇਹ ਸੰਜੋਗ ਹੈ ਜਾਂ ਝੂਠੀ ਕਲਪਨਾ ? ਲੱਗਦਾ ਹੈ ਇਨ੍ਹਾਂ ਦੇ ਮਿਥਿਹਾਸ ਵਿੱਚ ਸਾਰੇ ਜੁੜਵਾਂ ਭਰਾ ਹੀ ਪੈਦਾ ਹੋਏ ਹਨ ਜਿਨ੍ਹਾਂ ਦੇ ਨਾਂ ਮਿਲਦੇ-ਜੁਲਦੇ ਰਖੇ ਗਏ ਹਨ। ਨਾਰਾਇਣ, ਮਹਾ ਮੋਹਨੀ, ਬਰਾਹ, ਨਰ ਸਿੰਘ, ਬਾਵਨ, ਪਰਮ ਰਾਮ, ਬ੍ਰਹਮਾ, ਰੁਦ੍ਰ, ਜਲੰਧਰ, ਬਿਸਨ, ਅਰਹੰਤ ਦੇਵ, ਮਨੂੰ ਰਾਜਾ, ਧਨੰਤਰ ਬੈਦ, ਸੂਰਜ (ਲਓ ਜੀ ! ਇਹ ਸੂਰਜ ਵੀ ਅਵਤਾਰ ਹੈ। ਇਹ ਅੱਗ ਅਤੇ ਗੈਸਾਂ ਦਾ ਗੋਲਾ ਵੀ ਅਵਤਾਰ ਹੈ), ਚੰਦ (ਇਹ ਚੰਦ੍ਰਮਾ ਵੀ ਇਨ੍ਹਾਂ ਦਾ ਅਵਤਾਰ ਹੈ), ਸ਼੍ਰੀ ਕ੍ਰਿਸ਼ਨ, ਨਰ, ਬੋਧ, ਬਾਲਮੀਕੀ, ਦੁਤੀ, ਪਾਰਸ ਨਾਥ।

ਇਨ੍ਹਾਂ ਚੰਦ੍ਰਮਾ, ਸੂਰਜ ਆਦਿ ਲਈ ਸ਼ਬਦ ਗੁਰੂ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਪਸ਼ਟ ਕਹਿ ਰਹੇ ਹਨ ਕਿ ਇਹ ਮੰਡਲ ਭਾਵ ਗ੍ਰਿਹ ਹਨ (ਇਹ ਅਵਤਾਰ ਨਹੀਂ) :

ਕੇਤੀਆ ਕਰਮ ਭੂਮੀ ਮੇਰ ਕੇਤੇ ਕੇਤੇ ਧੂ ਉਪਦੇਸ॥
ਕੇਤੇ ਇੰਦ ਚੰਦ ਸੂਰ ਕੇਤੇ ਕੇਤੇ ਮੰਡਲ ਦੇਸ॥

(ਗੁਰੂ ਗ੍ਰੰਥ ਸਾਹਿਬ, ਅੰਕ 7)

ਭਾਰ ਅਠਾਰਹ ਮੇਵਾ ਹੋਵੈ ਗਰੁੜਾ ਹੋਇ ਸੁਆਉ॥
ਚੰਦੁ ਸੂਰਜੁ ਦੁਇ ਫਿਰਦੇ ਰਖੀਅਹਿ ਨਿਹਚਲੁ ਹੋਵੈ ਥਾਉ॥
ਭੀ ਤੂੰਹੈ ਸਾਲਾਹਣਾਂ ਆਖਣ ਲਹੇ ਨਾ ਚਾਉ॥

(ਗੁਰੂ ਗ੍ਰੰਥ ਸਾਹਿਬ, ਅੰਕ 142)

ਵੈਸੇ ਇਨ੍ਹਾਂ ਦੇ ਅਵਤਾਰ ਚੌਵ੍ਹੀ ਹੋਣ, ਭਾਵੇਂ 100-200 ਵੀ ਹੋ ਜਾਣ, ਇਸ ਨਾਲ ਸਿੱਖਾਂ ਨੂੰ ਕੀ ਫ਼ਰਕ ਪੈਂਦਾ ਹੈ। ਇਥੇ ਤਾਂ ਕਹਾਣੀ ਬਹੁਤ ਗੰਭੀਰ ਹੋ ਗਈ ਹੈ। ਸ੍ਰੀ ਅਕਾਲ ਤਖ਼ਤ ਦਾ ਹੈਡ-ਗ੍ਰੰਥੀ ਕਹਿ ਰਿਹਾ ਹੈ ਕਿ ਇਹ ਕਿਤਾਬ ਗੁਰੂ ਗੋਬਿੰਦ ਸਿੰਘ ਜੀ ਦੀ ਰਚਿਤ ਹੈ। ਪਰ ਇਥੇ ਤਾਂ ਪਾਸਾ ਪੁੱਠਾ ਹੀ ਨਜ਼ਰ ਆ ਰਿਹਾ ਹੈ। 554 ਪੰਨਿਆਂ ਵਿੱਚ ਬਿਆਨ ਕੀਤੀ ਜਾ ਰਹੀ, ਇਸ ਅਵਤਾਰਾਂ

ਦੀ ਕਹਾਣੀ ਦੀ ਸ਼ੁਰੂਆਤ ਵਿੱਚ ਹੀ ਦਸਮ ਗ੍ਰੰਥੀਆਂ ਦੀ ਇਹ ਦਲੀਲ ਪੂਰੀ ਤਰ੍ਹਾਂ ਝੂਠੀ ਸਾਬਤ ਹੋ ਗਈ ਹੈ ਕਿ ਇਹ ਰਚਨਾ ਗੁਰੂ-ਕ੍ਰਿਤ ਹੈ। ਆਓ ਵੇਖੀਏ ਕਿ ਇਹ ਦਸਮ ਗ੍ਰੰਥੀਏ ਅਤੇ ਇਨ੍ਹਾਂ ਦਾ ਹੈਡ-ਗ੍ਰੰਥੀ ਕਿੰਨਾ ਕੁ ਝੂਠ ਬੋਲ ਸਕਦਾ ਹੈ, ਕਿ ਇਹ ਗ੍ਰੰਥ ਦਸ਼ਮੇਸ਼ ਬਾਣੀ ਹੈ। ਫ਼ੈਸਲਾ ਆਪ ਨੇ ਖ਼ੁਦ ਕਰਨਾ ਹੈ।

ਚੌਪਈ।।

ਅਥ ਚਉਬੀਸ ਉਚਰੌਂ ਅਵਤਾਰਾ।।
ਜਿਹ ਬਿਧ ਤਿਨ ਕਾ ਲਖਾ ਅਖਾਰਾ।।
ਸੁਨੀਅਹੁ ਸੰਤ ਸਭੈ ਚਿਤ ਲਾਈ।।
ਬੁਰਨਤ 'ਸਯਾਮ ਜਥਾ' ਮਤ ਭਾਈ।। ੧।।

ਹੁਣ ਇਹ ਪੰਗਤੀ ਪੜ੍ਹ ਕੇ ਵੀ ਜੇ ਕੋਈ ਕਹੀ ਜਾਵੇ ਕਿ ਇਹ 'ਦਸ਼ਮੇਸ਼ ਬਾਣੀ' ਹੈ, ਤਾਂ ਸ਼ਾਇਦ ਹੀ ਉਸ ਤੋਂ ਵੱਡਾ ਮੂਰਖ ਬੰਦਾ ਇਸ ਦੁਨੀਆ ਵਿੱਚ ਕੋਈ ਹੋਰ ਹੋਵੇਗਾ। ਜੇ ਇਹ ਰਚਨਾ ਗੁਰੂ-ਕ੍ਰਿਤ ਹੈ, ਤਾਂ ਸਵਾਲ ਇਹ ਪੈਦਾ ਹੁੰਦਾ ਹੈ, ਕੀ ਗੁਰੂ ਗੋਬਿੰਦ ਸਿੰਘ ਜੀ ਦਾ ਨਾਂ 'ਸਯਾਮ' ਸੀ ? ਦਸਮ ਗ੍ਰੰਥੀਓ ! ਤੁਸੀਂ ਐਨੇ ਢੀਠ ਕਿਉਂ ਬਣੇ ਹੋਏ ਹੋ ਕਿ ਤੁਹਾਨੂੰ 'ਸਯਾਮ ਕਵੀ' ਦੀ ਲਿਖੀ ਕਵਿਤਾ ਵੀ 'ਦਸਮ ਬਾਣੀ' ਹੀ ਨਜ਼ਰ ਆ ਰਹੀ ਹੈ।

ਜੇ ਮੈਂ ਆਪ ਜੀ ਨੂੰ ਚਉਬੀਸ ਅਵਤਾਰਾਂ ਦੀ ਪੂਰੀ ਕਹਾਣੀ ਇਥੇ ਸੁਣਾਈ ਜਾਵਾਂ, ਜੋ ਇਨ੍ਹਾਂ 554 ਪੰਨਿਆਂ 'ਤੇ ਲਿਖੀ ਹੋਈ ਹੈ, ਤਾਂ ਉਸ ਨਾਲ ਸਿੱਖੀ ਦਾ ਕੋਈ ਮਤਲਬ ਹਲ ਨਹੀਂ ਹੋਣਾ। ਪਰ ਹੁਣ ਜੇ ਦਸਮ ਗ੍ਰੰਥੀਆਂ ਦੇ ਗੁਰੂ ਨੇ 554 ਪੰਨੇ ਕਾਲੇ ਕੀਤੇ ਹੀ ਹਨ, ਤਾਂ ਕੁਝ ਤਾਂ ਇਸ ਬਾਰੇ ਚਰਚਾ ਕਰ ਹੀ ਲਈਏ।

ਕੱਛ, ਮੱਛ ਤੋਂ ਲੈ ਕੇ ਰਾਮ, ਨਰਸਿੰਘ, ਚੰਦ੍ਰਮਾ ਅਤੇ ਸੂਰਜ ਅਵਤਾਰ ਕਿਵੇਂ ਬਣੇ, ਉਸ ਦਾ ਇਹ ਜ਼ਿਕਰ ਕਰਦਾ ਹੈ ਅਤੇ ਉਨ੍ਹਾਂ ਦੇ ਜੀਵਨ ਵਿਚਲੀਆਂ ਘਟਨਾਵਾਂ ਬਾਰੇ ਦੱਸਦਾ ਹੈ। ਮੈਂ ਇਥੇ ਤਹਾਨੂੰ ਕੁਝ ਖ਼ਾਸ-ਖ਼ਾਸ ਅਵਤਾਰਾਂ ਦਾ ਹੀ ਹਾਲ ਸੁਣਾਵਾਂਗਾ, ਨਹੀਂ ਤਾਂ ਸਤ-ਅਠ ਅਧਿਆਇ ਤਾਂ ਇਨ੍ਹਾਂ ਦੇ ਅਵਤਾਰਾਂ ਦਾ ਜ਼ਿਕਰ ਕਰਦਿਆਂ ਹੀ ਲੰਘ ਜਾਣਗੇ।

'ਸਯਾਮ ਕਵੀ' ਇਨ੍ਹਾਂ ਚੌਬੀਸ ਅਵਤਾਰਾਂ ਦਾ ਜ਼ਿਕਰ ਕਰਦਾ ਹੈ ਅਤੇ ਨਾਲ ਹੀ ਰੱਬ ਨੂੰ ਉਲ੍ਹਾਮਾ ਵੀ ਮਾਰਦਾ ਹੈ ਕਿ ਤੂੰ ਇਹ ਜੋ ਸਾਰੇ ਅਵਤਾਰ

ਬਣਾਏ ਹਨ, ਇਹ ਸਾਰੇ ਇਸ ਸੰਸਾਰ ਵਿੱਚ ਆ ਕੇ ਭਰਮਾਂ ਵਿੱਚ ਪੈ ਗਏ। ਇਨ੍ਹਾਂ ਵਿੱਚੋਂ ਇੱਕ ਵੀ ਤੇਰਾ ਭੇਦ ਨਹੀਂ ਪਾ ਸਕਿਆ। ਇਸ ਦਾ ਮਤਲਬ ਹੈ ਕਿ ਰਾਮ, ਵਿਸ਼ਨੂੰ ਅਤੇ ਬ੍ਰਹਮਾ ਅਵਤਾਰ ਵੀ ਅਧਿਆਤਮਕ ਪੱਖੋਂ ਕੋਰੇ ਹੀ ਸਨ, ਜਿਨ੍ਹਾਂ ਨੂੰ ਆਪਣੇ 'ਕਰਤਾਰ' ਬਾਰੇ ਵੀ ਗਿਆਨ ਨਹੀਂ ਸੀ। ਜੇ ਇਹ ਅਵਤਾਰ ਅਧਿਆਤਮਕ ਪੱਖੋਂ ਐਨੇ ਹੀ ਕੋਰੇ ਸਨ ਤਾਂ ਕਵੀ ਉਨ੍ਹਾਂ ਨੂੰ ਅਵਤਾਰ ਦੀ ਸ਼੍ਰੇਣੀ ਵਿੱਚ ਕਿਉਂ ਰੱਖ ਰਿਹਾ ਹੈ ? ਨਾਲ ਹੀ ਉਹ ਅਕਾਲ ਪੁਰਖ ਨੂੰ ਭੁੱਲਣਹਾਰ ਕਹਿ ਰਿਹਾ ਹੈ, ਜਿਸਦੇ ਬਣਾਏ ਅਵਤਾਰ ਇਸ ਕਾਬਲ ਵੀ ਨਹੀਂ ਸਨ ਕਿ ਉਹ ਆਪਣੇ ਬਨਾਉਣ ਵਾਲੇ ਨੂੰ ਪਛਾਣ ਸਕਣ।

ਜੋ ਚਉਬੀਸ ਅਵਤਾਰ ਕਹਾਏ।।
ਤਿਨ ਭੀ ਤੁਮ ਪ੍ਰਭ ਤਨਕ ਨ ਪਾਏ।।
ਸਭ ਹੀ ਜਗ ਭਰਮੇ ਭਵ ਰਾਯੰ।।
ਤਾ ਤੇ ਨਾਮੁ ਬਿਅੰਤ ਕਹਾਯੰ।। ੭।।

(ਅਖੌਤੀ ਦਸਮ ਗ੍ਰੰਥ, ਪੰਨਾ 156)

ਜੇ ਇਹ ਚੌਵ੍ਹੀ ਅਵਤਾਰ ਇਸ ਕਾਬਲ ਹੀ ਨਹੀਂ ਸਨ ਤਾਂ 'ਸਯਾਮ ਕਵੀ' ਨੂੰ ਇਸ 'ਕਾਲੀ ਕਿਤਾਬ' ਦੇ 554 ਪੰਨੇ ਖ਼ਰਾਬ ਕਰਨ ਦੀ ਕੀ ਲੋੜ ਸੀ? ਤੇ ਇਨ੍ਹਾਂ ਨੂੰ ਸਿੱਖਾਂ ਦੇ ਮਗਰ ਪਾਉਣ ਦੀ ਕੀ ਲੋੜ ਸੀ ? ਇਸ ਰਚਨਾ ਵਿੱਚ ਕਵੀ ਇਸੇ ਤਰ੍ਹਾਂ ਯਬਲੀਆਂ ਮਾਰਦਾ-ਮਾਰਦਾ ਮੱਛ, ਕੱਛ ਅਤੇ ਸਾਰੇ ਚੌਵਹੀ ਅਵਤਾਰਾਂ ਦੀ ਕਥਾ ਸਮਾਪਤ ਕਰਦਾ ਚਲਦਾ ਹੈ। ਇਸ ਤੋਂ ਬਾਅਦ ਹੋਰ ਅਵਤਾਰਾਂ ਦੀਆਂ 'ਗਪੌੜ' ਕਹਾਣੀਆਂ ਸੁਣਾਉਂਦਾ-ਸੁਣਾਉਂਦਾ ਉਨ੍ਹਾਂ ਨੂੰ ਨਾਲ-ਨਾਲ ਇਸ ਤਰ੍ਹਾਂ ਸਮਾਪਤ ਕਰਦਾ ਚਲਦਾ ਹੈ :

ਇਤਿ ਸ੍ਰੀ ਬਚਿਤ੍ਰ ਨਾਟਕੇ ਗ੍ਰੰਥੇ ਪ੍ਰਥਮ ਮੱਛ ਅਉਤਾਰ ਸੰਖਾਸੁਰ
ਸਮਾਪਤਮ ਸਤੁ ਸੁਭਮ ਸਤੁ।। ੧।।
ਇਤਿ ਸ੍ਰੀ ਬਚਿਤ੍ਰ ਨਾਟਕੇ ਗ੍ਰੰਥੇ ਦੁਤੀਆ
ਕਛ ਅਉਤਾਰ ਸੰਪੂਰਨਮ ਸਤੁ।। ੨।।
ਇਤਿ ਸ੍ਰੀ ਬਚਿਤ੍ਰ ਨਾਟਕੇ ਗ੍ਰੰਥੇ ਨਰ ਤ੍ਰਿਤੀਯ
ਅਤੇ ਨਾਰਾਇਣ ਚਤੁਰਥ ਅਵਤਾਰ ਸੰਪੂਰਨੰ।। ੩।। ੪।।
ਇਤਿ ਸ੍ਰੀ ਬਚਿਤ੍ਰ ਨਾਟਕੇ ਗ੍ਰੰਥੇ ਮਹਾ ਮੋਹਨੀ

ਪੰਚਮ ਅਵਤਾਰ ਸੰਪੂਰਨ।। ੫।।

ਇਤਿ ਸ੍ਰੀ ਬਚਿਤ੍ਰ ਨਾਟਕੇ ਛੇਵਾਂ ਅਵਤਾਰ ਬੈਰਾਹ।। ੬।।

ਇਤਿ ਸ੍ਰੀ ਬਚਿਤ੍ਰ ਨਾਟਕ ਗ੍ਰੰਥੇ ਬਾਵਨ ਅਵਤਾਰ ਅਸਟਮੋ ਕਥਨੰ।। ੮।।

ਬਲ ਛਲਨ ਸਮਾਪਤਮ ਸਤ।।

ਇਤਿ ਸ੍ਰੀ ਬਚਿਤ੍ਰ ਨਾਟਕੇ ਨਵਮੋ ਅਵਤਾਰ ਕਥਨੰ।।

ਪਰਸਰਾਮ ਅਵਤਾਰ।। ੯।।

ਇਤਿ ਸ੍ਰੀ ਬਚਿਤ੍ਰ ਨਾਟਕੇ ਗ੍ਰੰਥੇ ਦਸਮੋ ਅਵਤਾਰ ਬ੍ਰਹਮਾ ਕਥਨੰ।। ੧੦।।

ਸਮਾਪਤਮ ਸਤ।।

ਇਤਿ ਸ੍ਰੀ ਰੁਦ੍ਰ ਪ੍ਰਬੰਧ ਦੱਛ ਬਧਹ ਰੁਦ੍ਰ ਮਹਾਤਮੇ ਗਉਰ ਬਧਹ।।

ਧਿਆਇ ਯਾਰਾਂ ਸੰਪੂਰਨਮੰ ਸਤੁ ਸੁਭਮ ਸਤੁ।। ੧੧।।

ਇਤਿ ਜਲੰਧਰ ਅਵਤਾਰ ਬਾਰ੍ਹਵਾਂ ਸਮਾਪਤਮ ਸਤ ਸੁਭਮ ਸਤ।। ੧੨।।

ਇਤਿ ਤੇਰਵਾਂ ਬਿਸਨ ਅਵਤਾਰ।। ੧੩।।

ਸਮਾਪਤਮ ਸਤ ਸੁਭਮ ਸਤ।। ਚੌਧਵਾਂ ਅਵਤਾਰ।। ੧੪।।

ਇਤਿ ਸ੍ਰੀ ਬਚਿਤ੍ਰ ਨਾਟਕ ਚਤ੍ਰਦਸਵੇਂ ਅਵਤਾਰ ਸਮਾਪਤੰ।।

ਇਤਿ ਸ੍ਰੀ ਬਚਿਤ੍ਰ ਨਾਟਕੇ ਪੰਦ੍ਰਸਵੇਂ ਅਰਹੰਤ ਅਵਤਾਰ।। ੧੫।।

ਇਤਿ ਸ੍ਰੀ ਬਚਿਤ੍ਰ ਨਾਟਕੇ ਮਨੁ ਰਾਜਾ ਅਵਤਾਰ ਸੋਲਵਾਂ।। ੧੬।।

ਸਤੁ ਸੁਭਮ ਸਤੁ।।

ਇਤਿ ਸ੍ਰੀ ਬਚਿਤ੍ਰ ਨਾਟਕੇ ਧਨੰਤ੍ਰ ਅਵਤਾਰ ਸਤਾਰਵਾਂ।। ੧੭।।

ਸੁਭਮ ਸਤ।। ਇਤਿ ਸ੍ਰੀ ਬਚਿਤ੍ਰ ਨਾਟਕੇ ਸੂਰਜ ਅਵਤਾਰ
ਅਸਟ ਦਸਮੋ ਅਵਤਾਰ ਸਮਾਪਤ।। ੧੮।।

ਇਤਿ ਚੰਦ੍ਰ ਅਵਤਾਰ ਉਨੀਸਵੇਂ।। ੧੯।। ਸੁਭਮ ਸਤੁ।।

ਐਨੇ ਅਵਤਾਰਾਂ ਦਾ ਭੋਗ ਤਾਂ ਇਹ ਕਵੀ ਛੇਤੀ-ਛੇਤੀ ਪਾਈ ਜਾਂਦਾ ਹੈ। ਕਿਸੇ ਨੂੰ ਦੋ ਪੰਨਿਆਂ ਵਿੱਚ, ਕਿਸੇ ਨੂੰ ਚਾਰ ਵਿੱਚ ਤੇ ਕਿਸੇ ਨੂੰ ਅਠ ਪੰਨਿਆਂ ਵਿੱਚ ਨਬੇੜੀ ਜਾਂਦਾ ਹੈ। ਕਿਸੇ-ਕਿਸੇ ਅਵਤਾਰ ਨਾਲ ਤਾਂ ਇਹ ਵਿਤਕਰਾ ਕਰਦਾ ਹੈ ਕਿ ਇਨ੍ਹਾਂ ਨੂੰ ਅੱਧੇ-ਅੱਧੇ ਪੰਨੇ ਵਿੱਚ ਹੀ ਨਬੇੜ ਦਿੰਦਾ ਹੈ। ਲੇਕਿਨ ਇਸ ਦਾ ਖ਼ਾਸ ਅਵਤਾਰ 'ਵੀਹਵਾਂ' ਹੈ ਜਿਸਨੂੰ ਇਹ 'ਰਾਮ ਅਉਤਾਰ' ਕਹਿੰਦਾ ਹੈ। ਇਸ ਲਈ ਤਾਂ ਇਸਨੇ ਕਿਤਾਬ ਦੇ ਪੂਰੇ 66 ਪੰਨੇ ਭਰ ਦਿੱਤੇ ਹਨ। ਪੰਨਾ ਨੰ.

188 ਤੋਂ ਲੈ ਕੇ 254 ਤਕ ਇਹ ਕਵੀ ਇਸ 'ਰਾਮ ਅਵਤਾਰ' ਬਾਰੇ ਹੀ ਲਿਖੀ ਜਾਂਦਾ ਹੈ। ਅਤੇ ਅਖ਼ੀਰ ਵਿੱਚ ਦੂਜੇ ਅਵਤਾਰਾਂ ਵਾਂਗ ਇਹ ਨਹੀਂ ਲਿਖਦਾ ਕਿ

ਇਤਿ ਸ੍ਰੀ ਬਚਿਤ੍ਰ ਨਾਟਕੇ ਗ੍ਰੰਥੇ ਬੀਸਵੇਂ ਰਾਮ ਅਉਤਾਰ ਸੰਖਾਸੁਰ ਸਮਾਪਤਮ ਸਤੁ ਸੁਭਮ ਸਤੁ।।

ਬਲਕਿ ਇਸ ਥਾਵੇਂ ਲਿਖਦਾ ਹੈ :

ਇਤਿ ਸ੍ਰੀ ਰਾਮਾਇਣ ਸਮਾਪਤਮ ਸਤੁ ਸੁਭਮ ਸਤੁ।।

ਸਯਾਮ ਕਵੀ ਜੀ ! ਜੇ ਤੁਸੀਂ ਸਿੱਖਾਂ ਨੂੰ ਸਾਰੀ ਰਮਾਇਣ ਹੀ ਸੁਨਾਉਣੀ ਸੀ ਤਾਂ ਤੁਹਾਨੂੰ ਆਪਣਾ ਸਮਾਂ ਖ਼ਰਾਬ ਕਰਨ ਦੀ ਕੀ ਲੋੜ ਸੀ ? ਸ਼ਾਇਦ ਤੁਹਾਨੂੰ ਇਹ ਪਤਾ ਨਹੀਂ ਕਿ 'ਈਕੋ-ਫ਼ਰੈਂਡਲੀ' ਹੋਣ ਦਾ ਜ਼ਮਾਨਾ ਹੈ, ਸਾਰੀ ਦੁਨੀਆ ਕਾਗਜ਼ ਦੀ 'ਰੀ-ਸਾਇਕਲਿੰਗ' ਕਰਕੇ ਕਾਗਜ਼ ਅਤੇ ਪੇੜ-ਪੌਧਿਆਂ ਨੂੰ ਬਚਾਉਣ ਵਿੱਚ ਲਗੀ ਹੋਈ ਹੈ। ਤੇ ਇਕ ਤੁਸੀਂ ਹੋ ਕਿ ਦਸਮ ਗ੍ਰੰਥੀਆਂ ਦਾ ਗੁਰੂ ਹੋਣ ਦੇ ਬਾਵਜੂਦ, ਸਿੱਖਾਂ ਨੂੰ ਬੇ-ਫ਼ਜ਼ੂਲ ਦੀਆਂ ਕਹਾਣੀਆਂ ਸੁਣਾ ਕੇ ਕਰੋੜਾਂ ਰੁਪਏ ਦਾ ਕਾਗਜ਼ ਖ਼ਰਾਬ ਕਰ ਰਹੇ ਹੋ। ਜੇ ਸਿੱਖਾਂ ਨੂੰ 'ਰਾਮ ਅਵਤਾਰ' ਬਾਰੇ ਦੱਸਣਾ ਬਹੁਤ ਜ਼ਰੂਰੀ ਹੀ ਸੀ ਤਾਂ ਤੁਸੀਂ 'ਆਪਣੇ ਸਿੱਖਾਂ' ਨੂੰ ਰਮਾਇਣ ਦੀ ਇੱਕ-ਇੱਕ ਕਾਪੀ ਵਖਰੇ ਤੌਰ 'ਤੇ ਭੇਜ ਦਿੰਦੇ। ਚਲੋ ! ਇਹ ਤਾਂ ਤੁਹਾਡੀ ਮਰਜ਼ੀ ਹੈ, ਤੁਸੀਂ ਦਸਮ ਗ੍ਰੰਥੀਆਂ ਦੇ ਗੁਰੂ ਹੋ, ਤੇ ਤੁਹਾਡੇ ਨਾਲ ਕੋਈ ਕਿੰਤੂ-ਪ੍ਰੰਤੂ ਤਾਂ ਕੀਤੀ ਹੀ ਨਹੀਂ ਜਾ ਸਕਦੀ। ਤੁਸੀਂ ਜੋ ਕਹਿਣਾ ਹੈ, ਉਹ ਦਸਮ ਗ੍ਰੰਥੀਆਂ ਨੇ ਪ੍ਰਵਾਨ ਕਰ ਲੈਣਾ ਹੈ।

ਇਸ ਤੋਂ ਅੱਗੇ 'ਸਯਾਮ ਕਵੀ' ਇਕੀਸਵਾਂ ਅਵਤਾਰ 'ਕ੍ਰਿਸ਼ਨ ਅਵਤਾਰ' ਸ਼ੁਰੂ ਕਰਦਾ ਹੈ। ਪਰ ਸ਼ੁਰੂ ਕਰਨ ਦੇ ਥੋੜ੍ਹੀ ਦੇਰ ਬਾਅਦ ਹੀ ਇਸਨੂੰ ਪਤਾ ਨਹੀਂ ਕੀ ਹੋ ਜਾਂਦਾ ਹੈ ਕਿ ਇਹ ਅਚਾਨਕ ਹੀ 'ਦੇਵੀ ਜੀ ਕੀ ਉਸਤਤਿ' ਕਰਨੀ ਸ਼ੁਰੂ ਕਰ ਦਿੰਦਾ ਹੈ (ਅਥ ਦੇਵੀ ਜੀ ਕੀ ਉਸਤਤਿ ਕਥਨੰ, ਪੰਨਾ 255)।

ਦੇਵੀ ਉਸਤਤਿ ਕਰਨ ਤੋਂ ਥੋੜ੍ਹੀ ਦੇਰ ਬਾਅਦ ਹੀ ਇਹ 'ਬਿਸਨ ਅਵਤਾਰ' ਦੇ ਹੋਣ ਦਾ ਜ਼ਿਕਰ ਕਰਨ ਲੱਗ ਪੈਂਦਾ ਹੈ (ਇਤਿ ਸ੍ਰੀ ਬਿਸਨ ਅਵਤਾਰ ਹਵਬੈ ਬਰਨਨੰ, ਪੰਨਾ 256)। ਵਾਹ ! ਇਹ ਕਿਸ਼ਨ ਅਵਤਾਰ ਦਾ ਕੋਈ ਖ਼ਾਸ ਹੀ ਅਵਤਾਰ ਹੈ। ਇਸ ਲਈ ਇਸਨੇ ਕਿਤਾਬ ਦੇ 314 ਪੰਨੇ ਭਰ ਦਿੱਤੇ ਜਿਸ ਵਿੱਚ ਇਸ ਦੀ ਰਾਸ-ਲੀਲਾ, ਕਾਮੁਕ ਕਹਾਣੀਆਂ ਅਤੇ ਯੁੱਧਾਂ ਦਾ

ਵਰਣਨ ਕੀਤਾ ਹੈ। ਅਸੀਂ ਤਾਂ ਇਹ ਸਮਝ ਰਹੇ ਸੀ ਕਿ ਰਾਮ ਇਸਦਾ ਪਸੰਦੀਦਾ ਅਵਤਾਰ ਹੈ ਪਰ ਇਸ ਅਵਤਾਰ ਨੇ ਤਾਂ ਸਾਰੇ ਰਿਕਾਰਡ ਹੀ ਤੋੜ ਦਿੱਤੇ। ਆਓ, ਹੁਣ ਆਪਣੀ ਸਪੀਡ ਨੂੰ ਥੋੜ੍ਹੀ ਹੌਲੀ ਕਰਦਿਆਂ ਇਸ ਵਿੱਚੋਂ ਕੁਝ ਗੱਲਾਂ ਸਾਂਝੀਆਂ ਕਰਦੇ ਹਾਂ।

ਇਹ ਯਾਦ ਰੱਖਣ ਵਾਲੀ ਗੱਲ ਹੈ ਕਿ ਇਹ 'ਸਯਾਮ ਕਵੀ' ਆਪਣਾ ਨਾਂ ਨਾਲ-ਨਾਲ ਲਿਖਦਾ ਜਾ ਰਿਹਾ ਹੈ। ਤੇ ਇਸਨੇ ਇਸ ਰਚਨਾ ਵਿੱਚ ਸੈਂਕੜੇ ਵਾਰ ਆਪਣਾ ਨਾਂ ਲਿਖਿਆ ਹੈ - 'ਕਬਿ ਸਯਾਮ ਕਹੈ', 'ਕਬਿ ਸਯਾਮ ਭਨੈ' ਆਦਿ।

ਕੀ ਇਸ ਕਵੀ ਦੀ ਰਚਨਾ, ਜਿਸ ਵਿੱਚ ਉਹ ਆਪਣਾ ਨਾਂ ਵੀ ਲਿਖਦਾ ਜਾ ਰਿਹਾ ਹੈ ਤੇ ਦੇਵੀ ਜੀ ਕੀ ਉਸਤਤਿ ਵੀ ਕਰਦਾ ਜਾ ਰਿਹਾ ਹੈ, ਕੀ ਇਹ ਗੁਰੂ ਦੀ ਕ੍ਰਿਤ ਹੋ ਸਕਦੀ ਹੈ ? ਤੁਸੀਂ ਆਪ ਵੇਖੋ ਕਿ ਇਸ ਰਚਨਾ ਵਿੱਚ ਉਹ ਕਿਸ ਤਰ੍ਹਾਂ ਦੇਵੀ ਦੀ ਉਸਤਤਿ ਕਰ ਰਿਹਾ ਹੈ ਕਿ ਇਹ ਪ੍ਰਿਥਵੀ, ਭੂਮੀ ਤੇ ਆਕਾਸ਼ ਤੂੰ ਹੀ ਬਣਾਇਆ ਹੈ। ਕੀ 'ਇੱਕ ਨਿਰੰਕਾਰ' ਨੂੰ ਇਸ ਦੁਨੀਆ ਦਾ 'ਕਰਤਾ' ਮੰਨਣ ਵਾਲਾ ਗੁਰੂ, ਉਸ ਚੰਡੀ ਦੇਵੀ ਨੂੰ ਇਸ ਸ੍ਰਿਸ਼ਟੀ ਨੂੰ ਸਿਰਜਣ ਵਾਲਾ ਕਹਿ ਸਕਦਾ ਹੈ ?

## ਅਥ ਦੇਵੀ ਜੀ ਕੀ ਉਸਤਤਿ ਕਥਨੰ।।

## ਭੁਜੰਗ ਪ੍ਰਸਾਂਤ ਛੰਦ।।

ਤੁਹੀ ਅੰਬਕਾ ਸੀਤਲਾ ਤੋਤਲਾ ਹੈ।।
ਪ੍ਰਿਥਵੀ ਭੂਮ ਆਕਾਸ਼ ਤੈ ਹੀ ਕੀਆ ਹੈ।। ੪੨੧।।
ਤੁਹੀ ਮੁੰਡ ਮਰਦੀ ਕਪਰਦੀ ਭਵਾਨੀ।।
ਤੁਹੀ ਕਾਲਕਾ ਜਾਲਪਾ ਰਾਜਧਾਨੀ।।
ਮਹਾ ਜੋਗ ਮਾਇਆ ਤੁਹੀ ਈਸ੍ਵਰੀ ਹੈ।।
ਤੁਹੀ ਤੇਜ ਆਕਾਸ਼ ਥੰਭੋ ਮਹੀ ਹੈ।। ੪੨੨।।
ਤੁਹੀ ਰਿਸ਼ਟਣੀ ਪੁਸ਼ਟਣੀ ਜੋਗ ਮਾਇਆ।।
ਤੁਹੀ ਮੋਹ ਸੁ ਚਉਦਹੂੰ ਲੋਕ ਛਾਇਆ।।
ਤੁਹੀ ਸੁੰਭ ਨੈਸੁੰਭ ਹੰਤੀ ਭਵਾਨੀ।।
ਤੁਹੀ ਚਉਦਹਜ਼ੰ ਲੋਗ ਕੀ ਜੋਤਿ ਜਾਨੀ।। ੪੨੩।।

ਤੁਹੀ ਰਿਸ਼ਟਣੀ ਪੁਸ਼ਟਣੀ ਸ਼ਸਤ੍ਰਣੀ ਹੈ॥
ਤੁਹੀ ਕਸ਼ਟਣੀ ਹਰਤਣੀ ਅਸਤ੍ਰਣੀ ਹੈ॥
ਤੁਹੀ ਜੋਗ ਮਾਇਆ ਤੁਹੀ ਬਾਕ ਬਾਨੀ॥
ਤੁਹੀ ਅੰਬਕਾ ਜੰਭਰਾ ਰਾਜਧਾਨੀ॥ ੪੨੪॥
ਮਹਾ ਜੋਗ ਮਾਇਆ ਮਹਾਰਾਜ ਧਾਨੀ॥
ਭਵੀ ਭਾਵਨੀ ਭੂਤ ਭਬਿਅੰ ਭਵਾਨੀ॥
ਚਰੀ ਆਚਰਣੀ ਖੇਚਰਣੀ ਭੂਪਣੀ ਹੈ॥
ਮਹਾ ਬਾਹਣੀ ਆਪ ਨੀਰੂਪਣੀ ਹੈ॥ ੪੨੫॥
ਮਹਾ ਭੈਰਵੀ ਭੂਤਨੇਸੁਰੀ ਭਵਾਨੀ॥
ਭਵੀ ਭਵਾਨੀ ਭਬਯੰ ਕਾਲੀ ਕ੍ਰਿਪਾਣੀ॥
ਜਯਾ ਆਜਯਾ ਹਿੰਗੁਲਾ ਪਿੰਗੁਲਾ ਹੈ॥
ਸ਼ਿਵਾ ਸੀਤਲਾ ਮੰਗਲਾ ਤੋਤਲਾ ਹੈ॥ ੪੨੬॥
ਤੁਹੀ ਅੱਛਰਾ ਪੱਛਰਾ ਬੁੱਧ ਬਿੱਧਿਆ॥
ਤੁਹੀ ਭੈਰਵੀ ਭੂਪਣੀ ਸੁੱਧ ਸਿੱਧਿਆ॥
ਮਹਾ ਬਾਹਣੀ ਅਸਤ੍ਰਣੀ ਸ਼ਸਤ੍ਰ ਧਾਰੀ॥
ਤੁਹੀ ਤੀਰ ਤਰਵਾਰ ਕਾਤੀ ਕਟਾਰੀ॥ ੪੨੭॥
ਤੁਹੀ ਰਾਜਸੀ ਸਾਤਕੀ ਤਾਮਸੀ ਹੈ॥
ਤੁਹੀ ਬਾਲਕਾ ਬ੍ਰਿਧਣੀ ਅਉ ਜੁਆ ਹੈ॥
ਤੁਹੀ ਦਾਨਵੀ ਦੇਵਣੀ ਜੱਛਣੀ ਹੈ॥
ਤੁਹੀ ਕਿੰਨ੍ਰਣੀ ਮੱਛਣੀ ਕੱਛਣੀ ਹੈ॥ ੪੨੮॥
ਤੁਹੀ ਦੇਵਤੇਸ਼ੇਸ਼ਣੀ ਦਾਨਵੇਸਾ॥
ਸਰਹ ਬ੍ਰਿਸ਼ਟਣੀ ਹੈ ਤੁਹੀ ਅਸਤ੍ਰ ਭੇਸਾ॥
ਤੁਹੀ ਰਾਜ ਰਾਜੇਸ੍ਵਰੀ ਜੋਗ ਮਾਯਾ॥
ਮਹਾ ਮੋਹ ਸੋ ਚਉਦਹੂੰ ਲੋਕ ਛਾਯਾ॥ ੪੨੯॥
ਤੁਹੀ ਬ੍ਰਾਹਮੀ ਬੈਸ਼ਨਵੀ ਸ੍ਰੀ ਭਵਾਨੀ॥
ਤੁਹੀ ਬਾਸਵੀ ਈਸ੍ਵਰੀ ਕਾਰਤਕਯਾਨੀ॥
ਤੁਹੀ ਅੰਬਕਾ ਦੁਸ਼ਟਹਾ ਮੁੰਡ ਮਾਲੀ॥

ਤੁਹੀ ਕਸ਼ਟ ਹੰਤੀ ਕ੍ਰਿਪਾ ਕੈ ਕ੍ਰਿਪਾਲੀ।। ੪੩੦।।
ਤੁਮੀ ਬ੍ਰਾਹਮਣੀ ਹ੍ਵੈ ਹਿਰੰਨਾਛ ਮਾਰਯੋ।।
ਹਰੰਨਾਕਸ਼ੰ ਸਿੰਘਣੀ ਹ੍ਵੈ ਪਛਾਰਯੋ।।
ਤੁਮੀ ਬਾਵਨੀ ਹ੍ਵੈ ਤਿਨੋ ਲੋਗ ਮਾਪੇ।।
ਤੁਮੀ ਦੇਵ ਦਾਨੇ ਕੀਏ ਜੱਛ ਥਾਪੇ।। ੪੩੧।।

(ਅਖੌਤੀ ਦਸਮ ਗ੍ਰੰਥ, ਪੰਨਾ 309)

ਇਨ੍ਹਾਂ ਮੂਰਖ ਦਸਮ ਗ੍ਰੰਥੀਏ ਅਤੇ ਇਨ੍ਹਾਂ ਦਾ ਪੱਖ ਪੂਰ ਰਹੇ ਅਖੌਤੀ ਵਿਦਵਾਨ, ਜੋ ਕਿ ਦੇਵੀ ਦੇ ਨਾਂ ਨੂੰ 'ਅਕਾਲ ਪੁਰਖ' ਲਈ ਵਰਤਿਆ ਸ਼ਬਦ ਕਹਿੰਦੇ ਹਨ, ਉਨ੍ਹਾਂ ਨੂੰ ਮੇਰਾ ਇਹ ਸਿੱਧਾ ਸਵਾਲ ਹੈ ਕਿ, ਇਸ 'ਦੇਵੀ ਜੀ ਕੀ ਉਸਤਤਿ' ਵਿੱਚ ਵਰਤੇ ਗਏ ਕਿਹੜੇ-ਕਿਹੜੇ ਨਾਵਾਂ ਨੂੰ ਉਹ 'ਅਕਾਲ ਪੁਰਖ' ਲਈ ਵਰਤਿਆ ਸ਼ਬਦ ਕਹਿਣਗੇ ? ਇਹ ਤਾਂ ਸਯਾਮ ਕਵੀ ਦੀ ਦੇਵੀ ਹੈ ਜਿਸਨੂੰ ਇਹ ਆਪਣਾ ਰੱਬ ਮੰਨੀ ਜਾਂਦੇ ਹਨ।

ਕੀ ਤੁਸੀਂ ਇਨ੍ਹਾਂ ਸਾਰੇ ਨਾਵਾਂ ਨੂੰ 'ਅਕਾਲ ਪੁਰਖ' ਲਈ ਵਰਤੇ ਸ਼ਬਦ ਕਹਿ ਸਕਦੇ ਹੋ ? ਤੁਹਾਡਾ ਹੋਰ ਭੁਲੇਖਾ ਦੂਰ ਕਰਨ ਲਈ ਇਹ ਵੀ ਦੱਸ ਦੇਈਏ ਕਿ ਇਸ ਸਯਾਮ ਕਵੀ (ਜੋ ਦੁਰਗਾ ਦਾ ਪਰਮ ਭਗਤ ਹੈ) ਨੇ 'ਦੇਵੀ ਜੁਕੀ ਉਸਤਤਿ' ਨਾਂ ਦੇ ਸਿਰਲੇਖ ਹੇਠ ਇਸ ਕਿਤਾਬ ਵਿੱਚ ਕਈ ਵਾਰੀ ਦੇਵੀ ਦੀ ਉਸਤਤ ਕੀਤੀ ਹੈ। ਸ਼ਰਮ ਆਉਣੀ ਚਾਹੀਦੀ ਹੈ ਉਨ੍ਹਾਂ ਲੋਕਾਂ ਨੂੰ ਜੋ ਹਾਲੇ ਵੀ ਇਸ ਕਿਤਾਬ ਨੂੰ ਗੁਰੂ ਰਚਿਤ ਆਖ ਰਹੇ ਹਨ। ਇਹ 'ਦਸਮ ਗ੍ਰੰਥੀਆਂ ਦੇ ਗੁਰੂ' ਦੀ ਕ੍ਰਿਤ ਤਾਂ ਹੋ ਸਕਦੀ ਹੈ ਪਰ 'ਸ਼ਬਦ ਗੁਰੂ ਦੇ ਸਿੱਖਾਂ' ਦੇ ਗੁਰੂ ਦੀ ਇਹ ਰਚਨਾ ਨਹੀਂ ਹੋ ਸਕਦੀ।

ਇਸ ਕਿਤਾਬ ਦੇ 'ਕ੍ਰਿਸ਼ਨ ਅਵਤਾਰ' ਦੇ ਸਾਰੇ 314 ਪੰਨਿਆਂ ਬਾਰੇ ਇਥੇ ਦੱਸਣਾ ਮੁਮਕਿਨ ਨਹੀਂ। ਪਰ ਇਸ ਵਿਚਲੇ ਕੁਝ ਪ੍ਰਸੰਗ ਐਸੇ ਹਨ ਜੋ ਕਿ ਆਪ ਤਕ ਪਹੁੰਚਾਣੇ ਜ਼ਰੂਰੀ ਹਨ। ਇਹ ਪ੍ਰਸੰਗ ਆਪ ਜੀ ਨੂੰ ਇਹ ਨਿਰਣਾ ਲੈਣ ਵਿੱਚ ਸਹਾਇਕ ਹੋਣਗੇ ਕਿ ਇਹੋ ਜਿਹੀ ਕਵਿਤਾ ਤੇ ਕਹਾਣੀ ਸਾਡੇ ਗੁਰੂ, ਗੁਰੂ ਗੋਬਿੰਦ ਸਿੰਘ ਜੀ ਨਹੀਂ ਲਿਖ ਸਕਦੇ। ਖ਼ਾਸ ਕਰਕੇ ਜਿਥੇ ਉਸਨੂੰ ਲਿਖਾਰੀ ਵਾਰ-ਵਾਰ ਆਪਣਾ ਨਾਂ ਦੇ ਕੇ ਕਹਿ ਰਿਹਾ ਹੈ 'ਕਬਿ ਸਯਾਮ ਕਹੈ' (ਸਯਾਮ ਕਵੀ ਕਹਿ ਰਿਹਾ ਹੈ)।

ਆਓ ਦੇਖੀਏ ਕਿ ਇਸ 'ਕ੍ਰਿਸ਼ਨ ਅਵਤਾਰ' ਵਿੱਚ ਇਨ੍ਹਾਂ ਦੇ ਗੁਰੂ ਦੀ ਲਿਖਤ ਕਿੰਨੀ ਕੁ ਅਸ਼ਲੀਲ ਹੈ। ਇਸ ਪ੍ਰਸੰਗ ਨੂੰ ਪੜ੍ਹਣ ਦੇ ਨਾਲ-ਨਾਲ ਸਾਨੂੰ ਇਹ ਵੀ ਵੇਖਣਾ ਹੈ ਕਿ ਇਹੋ ਜਿਹੀਆਂ ਕਹਾਣੀਆਂ ਸਾਡੀ ਨਵੀਂ ਪਨੀਰੀ ਨੂੰ ਕੀ ਸਬਕ ਤੇ ਸਿੱਖਿਆ ਦੇ ਰਹੀਆਂ ਹਨ।

ਗੋਪੀਆਂ ਰਲ ਕੇ ਨਹਾ ਰਹੀਆਂ ਹਨ, ਅਤੇ ਕੰਡੇ 'ਤੇ ਹੀ ਆਪਣੇ ਉਤਾਰੇ ਹੋਏ ਬਸਤਰ ਰੱਖ ਕੇ ਨਹਾਉਣ ਲੱਗ ਪੈਂਦੀਆਂ ਹਨ। ਕ੍ਰਿਸ਼ਨ ਉਨ੍ਹਾਂ ਦੇ ਕਪੜੇ ਚੁਰਾ ਲੈਂਦਾ ਹੈ ਅਤੇ ਇੱਕ ਪੇੜ 'ਤੇ ਜਾ ਕੇ ਬਹਿ ਜਾਂਦਾ ਹੈ। ਉਹ ਨਗਨ ਗੋਪੀਆਂ ਆਪਣੇ ਕਪੜੇ ਵਾਪਸ ਮੰਗਦੀਆਂ ਹਨ ਤਾਂ 'ਕ੍ਰਿਸ਼ਨ ਅਵਤਾਰ' ਉਨ੍ਹਾਂ ਨੂੰ ਕਪੜੇ ਵਾਪਸ ਨਹੀਂ ਕਰਦਾ। ਉਹ ਗੋਪੀਆਂ ਅੱਗੇ ਕੁਝ ਇਹੋ ਜਿਹੀਆਂ ਸ਼ਰਤਾਂ ਰੱਖਦਾ ਹੈ, ਜੋ ਇੱਕ ਗੁਰੂ ਕੀ, ਕਿਸੇ ਬੇਸ਼ਰਮ ਤੋਂ ਬੇਸ਼ਰਮ ਬੰਦੇ ਨੂੰ ਵੀ ਉਹ ਸ਼ਰਮਿੰਦਾ ਕਰ ਦੇਣ। ਆਓ ਉਸ ਬ੍ਰਿਤਾਂਤ ਵੱਲ ਨਜ਼ਰ ਮਾਰਦੇ ਹਾਂ ਕਿ ਉਨ੍ਹਾਂ ਗੋਪੀਆਂ ਅਤੇ ਕ੍ਰਿਸ਼ਨ (ਜੋ ਇਸ ਕਿਤਾਬ ਦਾ ਅਵਤਾਰ ਹੈ) ਦੇ ਵਿੱਚ ਕੀ ਸੰਵਾਦ ਚਲ ਰਿਹਾ ਹੈ ਅਤੇ ਕ੍ਰਿਸ਼ਨ ਕੀ ਕਰਦਾ ਹੈ। ਇਸ ਦਾ ਸਿਰਲੇਖ ਹੈ 'ਅਥ ਚੀਰ ਹਰਨ ਕਥਨੰ' (ਅਖੌਤੀ ਦਸਮ ਗ੍ਰੰਥ, ਪੰਨਾ 285)

**ਕਨ੍ਹਬਾਚ॥ ਸਵੈਯਾ॥**

ਨ੍ਹਾਵਨ ਲਾਗਿ ਜਬੈ ਗੁਪੀਆ ਤਬ ਲੈ ਪਟ ਕਾਨ ਚਰਯੋ ਤਰ ਊਪੈ॥
ਤਉ ਮੁਸਕਾਯਨ ਲਗੀ ਮਧ ਆਪਨ ਕੋਇ ਪੁਕਾਰ ਕਰੇ ਹਰਿ ਜੂ ਪੈ॥...

**ਸ੍ਵੈਯਾ॥**

ਕਾਨ੍ਹ ਕਹੀ ਹਸ ਬਾਤ ਤਿਨੈ ਕਹਿ ਹੈ ਹਮ ਜੋ ਤੁਮ ਸੋ ਮਨ ਹੋ॥
ਸਭ ਹੀ ਮੁਖਿ ਚੂਮਨ ਦੇਹੁ ਕਹਯੋ ਚੁਮ ਹੈ ਹਮ ਹੂੰ ਤੁਮਹੂੰ ਗਨਿਹੋ॥
ਅਰੁ ਤੋਰਨ ਦੇਹੁ ਕਹਯੋ ਸਭਹੀ ਕੁਚ ਨਾ ਤਰ ਹਉ ਤੁਮ ਕੈ ਹਨਿਹੋ॥
ਤਬਹੀ ਪਟ ਦੇਊ ਸਭੈ ਤੁਮਰੇ ਇਹ ਝੂਠ ਨਹੀ ਸਤ ਕੈ ਜਨਿਹੋ॥ ੨੬੬।

ਅਰਥ : ਕ੍ਰਿਸ਼ਨ ਨੇ ਹੱਸ ਕੇ ਉਨ੍ਹਾਂ ਨੂੰ ਇਹ ਗੱਲ ਕਹੀ - ਜੋ ਮੈਂ ਕਹਾਂਗਾ ਉਹ ਤੁਸੀਂ ਮੰਨ ਜਾਓਗੀਆਂ ? (ਕ੍ਰਿਸ਼ਨ ਨੇ ਫਿਰ) ਕਿਹਾ - ਤੁਸੀਂ ਸਾਰੀਆਂ (ਮੈਨੂੰ) ਆਪਣੇ ਮੂੰਹ 'ਤੇ ਚੁੰਮਣ ਦਿਓ। ਮੈਂ ਚੁੰਮਦਾ ਜਾਵਾਂਗਾ ਅਤੇ ਤੁਸੀਂ ਸਾਰੀਆਂ ਗਿਣਦੀਆਂ ਜਾਣਾਂ। (ਅਤੇ ਫਿਰ) ਕਿਹਾ - (ਤੁਸੀਂ) ਸਾਰੀਆਂ ਮੈਨੂੰ ਆਪਣੀਆਂ ਛਾਤੀਆਂ ਪੁੱਟਣ

(ਮਸਲਣ) ਦਿਓ, ਨਹੀਂ ਤਾਂ ਮੈਂ ਤੁਹਾਨੂੰ ਪਾਲੇ (ਠੰਡ) ਨਾਲ ਮਾਰਾਂਗਾ। ਇਸ ਵਿੱਚ ਝੂਠ ਨਹੀਂ, ਸੱਚ ਕਰਕੇ ਜਾਣੋ (ਜਦੋਂ ਤੁਸੀਂ ਇਹ ਸ਼ਰਤਾਂ ਪੂਰੀਆਂ ਕਰ ਦਿਉਗੀਆਂ) ਮੈਂ ਤੁਹਾਡੇ ਬਸਤਰ ਵਾਪਸ ਕਰ ਦਿਆਂਗਾ।

ਫੇਰਿ ਕਹੀ ਮੁਖ ਤੇ ਹਰਿ ਜੀ ਸੁਨਿ ਰੀ ਇਕ ਬਾਤ ਕਹੋ ਸੰਗ ਤੇਰੇ।।
ਜੋਰ ਪ੍ਰਨਾਮ ਕਰੋ ਕਰਿ ਸੋ ਤੁਮ ਕਾਮ ਕਰਾ ਉਪਜੀ ਜੀਅ ਮੇਰੇ।।
ਤੌ ਹਮ ਬਾਤ ਕਹੀ ਤੁਮਸੋ ਜਬ ਘਾਤ ਬਨੀ ਸਭ ਠਉਰ ਅਕੇਰੇ।।
ਦਾਨ ਲਹੈ ਜੀਅ ਕੋ ਹਮਹੂੰ ਹਸ ਕਾਨ੍ਹ ਕਹੀ ਤੁਮਰੋ ਤਨ ਹੇਰੇ।। ੨੬੭।।

ਅਰਥ : ਫਿਰ ਕ੍ਰਿਸ਼ਨ ਨੇ ਹੱਸ ਕੇ ਮੂੰਹੋਂ ਇਹ ਗੱਲ ਕਹੀ - ਹੇ ਪਿਆਰੀਓ ! ਤੁਹਾਡੇ ਨਾਲ ਇੱਕ ਗੱਲ ਕਰਦਾ ਹਾਂ, ਸੁਣੋ ਤੁਸੀਂ ਹੱਥ ਜੋੜ ਕੇ ਮੈਨੂੰ ਪ੍ਰਨਾਮ ਕਰੋ। ਮੇਰੇ ਮਨ ਵਿੱਚ ਕਾਮ-ਵਾਸਨਾ ਜਾਗ ਪਈ ਹੈ, ਤਦ ਹੀ ਤੁਹਾਨੂੰ ਇਹ ਗੱਲ ਕਹੀ ਹੈ, ਜਦ ਇਹ ਇਕਾਂਤ ਸਥਾਨ ਦਾ ਸੁੰਦਰ ਦਾਓ ਲੱਗ ਗਿਆ ਹੈ। ਕਿਸ਼ਨ ਨੇ ਹੱਸ ਕੇ ਕਿਹਾ - ਤੁਹਾਡੇ ਸੁੰਦਰ ਸਰੀਰਾਂ ਨੂੰ ਵੇਖ ਕੇ ਮੇਰਾ ਮਨ (ਦੇਹ) ਦਾਨ ਲੈਣ ਨੂੰ ਕਰ ਆਇਆ ਹੈ।

### ਸਵੈਯਾ।।

ਤਉ ਫਿਰ ਬਾਤ ਕਹੀ ਉਨਹੂੰ ਸੁਨਿ ਰੀ ਹਰਿ ਜੂ ਪਿਖ ਬਾਤ ਕਹੀ।।
ਸੁਨਿ ਜੋਰ ਹੁਲਾਸ ਬਢਯੋ ਜੀਅ ਮੈ ਗਿਨਤੀ ਸਰਤਾ ਮਗ ਨੇਹ ਬਹੀ।।
ਅਬ ਸ਼ੰਕ ਛੁਟੀ ਇਨ ਕੇ ਮਨ ਕੀ ਤਬ ਹੀ ਹਸਿ ਕੈ ਇਹ ਬਾਤ ਕਹੀ।।
ਅਬ ਸੱਤਿ ਭਯੋ ਹਮ ਕੌ ਦੁਰਗਾ ਬਰ ਮਾਤ ਸਦਾ ਇਹ ਮੱਤਿ ਸਹੀ।।

ਅਰਥ : ਤਦੋਂ ਫਿਰ ਗੋਪੀਆਂ ਨੇ ਗੱਲ ਕੀਤੀ ਕਿ ਹੇ ਸਖੀਓ ! ਕ੍ਰਿਸ਼ਨ ਨੇ ਕੀ ਗੱਲ ਕਹੀ ਹੈ। ਇਨ੍ਹਾਂ ਦੇ ਮਨ ਵਿੱਚ ਕਾਮ ਵੱਧ ਗਿਆ ਹੈ। ਸਭ ਕੁਝ ਪ੍ਰੇਮ ਦੀ ਨਦੀ ਵਿੱਚ ਰੁੜ੍ਹ ਗਿਆ ਹੈ। ਹੁਣ ਇਨ੍ਹਾਂ ਦੇ ਮਨ ਦੀ ਸੰਗ (ਸ਼ਰਮ) ਖ਼ਤਮ ਹੋ ਗਈ ਹੈ। ਤਾਂ ਹੀ ਤੇ ਕ੍ਰਿਸ਼ਨ ਨੇ ਇਹ ਗੱਲ ਕਹੀ ਹੈ। ਹੁਣ ਦੁਰਗਾ ਦੇਵੀ ਦਾ ਦਿੱਤਾ ਵਰ ਸੱਚਾ ਹੋ ਗਿਆ ਹੈ। (ਦੁਰਗਾ) ਮਾਤਾ ਸਦਾ ਸੱਚੀ ਅਤੇ ਸਹੀ ਹੈ।

### ਸਵੈਯਾ।।

ਕਾਨ੍ਹ ਤਬੈ ਕਰ ਕੇਲ ਤਿਨੋ ਸੰਗਿ ਪੈ ਪਟ ਦੇ ਕਰਿ ਛੋਰ ਦਈ ਹੈ॥
ਹੋਇ ਇਕਤ੍ਰ ਤਬੈ ਗੁਪੀਆ ਸਭ ਚੰਡ ਸਰਾਹਤ ਧਾਮ ਗਈ ਹੈ॥
ਆਨੰਦ ਅਤਿ ਸੁ ਬਢਯੋ ਤਿਨ ਕੇ
ਜੀਅ ਸੋ ਉਪਮਾ ਕਬਿ ਚੀਨ ਲਈ ਹੈ॥
ਜਿਉ ਅਤ ਮੇਘ ਪਰੈ ਧਰ ਪੈ
ਧਰ ਜਯੋਂ ਸਬਜੀ ਸੁਭ ਰੰਗ ਭਈ ਹੈ॥ ੨੯੨॥

ਅਰਥ : ਕ੍ਰਿਸ਼ਨ ਨੇ ਉਨ੍ਹਾਂ ਨਾਲ ਕਾਮ-ਕ੍ਰੀੜਾ ਕਰਕੇ ਅਤੇ ਬਸਤਰ ਦੇ ਕੇ ਛੱਡ ਦਿੱਤਾ। ਸਾਰੀਆਂ ਗੋਪੀਆਂ ਇਕੱਠੀਆਂ ਹੋ ਕੇ, ਚੰਡੀ (ਦੁਰਗਾ) ਦੀ ਸਰਾਹਨਾ ਕਰਦੀਆਂ ਘਰਾਂ ਨੂੰ ਚਲੀਆਂ ਗਈਆਂ ਹਨ। ਉਨ੍ਹਾਂ ਦੇ ਮਨ ਵਿੱਚ ਬਹੁਤ ਅਨੰਦ ਵੱਧ ਗਿਆ ਹੈ। ਕਵੀ ਨੇ ਇਸ ਦੀ ਉਪਮਾ ਇਸ ਤਰ੍ਹਾਂ ਸਮਝੀ ਹੈ ਕਿ ਜਿਸ ਤਰ੍ਹਾਂ ਧਰਤੀ 'ਤੇ ਬਹੁਤ ਮੀਂਹ ਪੈਣ ਨਾਲ ਧਰਤੀ ਹਰਿਆਵਲੀ ਹੋ ਜਾਂਦੀ ਹੈ।

ਮੇਰੇ ਪਿਆਰੇ ਵੀਰੋ ਅਤੇ ਭੈਣੋਂ ! ਮੈਂ ਬਹੁਤ ਹੀ ਬੇਸ਼ਰਮ ਹੋ ਕੇ ਇਹ ਬ੍ਰਿਤਾਂਤ ਸੁਣਾਇਆ ਹੈ। ਇਸ ਕਿਤਾਬ ਨੇ ਸਾਨੂੰ ਪਾਠਕਾਂ ਨੂੰ ਪਰਲੇ ਦਰਜੇ ਦਾ ਬੇਸ਼ਰਮ ਬਣਾ ਕੇ ਰੱਖ ਦਿੱਤਾ ਹੈ। ਮੈਂ ਸਾਰਿਆਂ ਕੋਲੋਂ ਮਾਫ਼ੀ ਮੰਗਦਾ ਹਾਂ ਅਤੇ ਇੱਕ ਗੱਲ ਵੀ ਕਹਿ ਦੇਣਾ ਚਾਹੁੰਦਾ ਹਾਂ ਕਿ ਜੇ ਅਜੇ ਵੀ ਅਸੀਂ ਆਪ ਬੇਸ਼ਰਮ ਹੋ ਕੇ ਇਸ ਕਿਤਾਬ ਦੇ ਭੇਦ ਕੌਮ ਦੇ ਅੱਗੇ ਨਾ ਖੋਲ੍ਹੇ ਤਾਂ ਇੱਕ ਦਿਨ ਸਾਰੀ ਕੌਮ ਹੀ ਬੇਸ਼ਰਮ ਅਖਵਾਏਗੀ। ਦਸਮ ਬਾਣੀ ਦੇ ਨਾਂ 'ਤੇ ਸਾਡੇ ਗੁਰੂ ਨੂੰ, ਅਸ਼ਲੀਲ ਰਚਨਾਵਾਂ ਲਿਖਣ ਵਾਲਾ ਗੁਰੂ ਸਾਬਤ ਕਰ ਦਿੱਤਾ ਜਾਵੇਗਾ।

ਵੀਰੋ ! ਹੁਣ ਤਾਂ ਜਾਗੋ, ਇਸ ਸਾਜਸ਼ ਨੂੰ ਸਮਝੋ। ਇਸ ਕੂੜ-ਕਬਾੜ ਨੂੰ ਦਸਮ ਬਾਣੀ ਨਾ ਕਹੀ ਜਾਓ। ਆਪਣੇ ਗੁਰੂ ਨਾਲ ਪਿਆਰ ਕਰਨ ਵਾਲੇ, ਉਸ ਦੀ ਬੇਅਦਬੀ ਨਹੀਂ ਕਰਦੇ। ਕੋਈ ਦੁਸ਼ਮਣ ਸਾਨੂੰ ਬਦਨਾਮ ਕਰੇ ਤਾਂ ਕੋਈ ਗਿਲਾ ਨਹੀਂ। ਪਰ ਜੇ ਸਾਡੇ ਅਖੌਤੀ ਆਗੂ ਅਤੇ ਤਖ਼ਤਾਂ ਦੇ ਹੈਡ-ਗ੍ਰੰਥੀ ਹੀ ਸਾਡੇ ਗੁਰੂ ਨੂੰ ਬਦਨਾਮ ਕਰਨ ਲਈ ਕਮਰ ਕੱਸਾ ਕਰ ਚੁਕੇ ਹੋਣ ਤਾਂ ਫਿਰ ਇਸ ਦੀ ਜ਼ਿੰਮੇਵਾਰੀ ਸਾਡੇ ਵਰਗੇ ਗੁਰੂ-ਘਰ ਦੇ ਕੂਕਰਾਂ ਦੀ ਆ ਬਣਦੀ ਹੈ। ਕਿਸੇ ਦੀ ਪਰਵਾਹ ਨਾ ਕਰੋ। ਸਾਡੇ ਦਿਲ ਵਲੂੰਧਰੇ ਜਾ ਰਹੇ ਹਨ। ਗੁਰੂ ਘਰ ਦੇ ਊਨ੍ਹਾਂ ਨਿੰਦਕਾਂ ਤੋਂ ਬਿਲਕੁਲ ਨਾ ਡਰੋ। ਇਸ 'ਕਾਲੀ ਕਿਤਾਬ' ਦਾ ਜੁੱਲਾ ਕੌਮ ਦੇ ਸਿਰ

ਤੋਂ ਚੁੱਕ ਦੇਣ ਦਾ ਸੰਕਲਪ ਕਰ ਲਵੋ। ਜੇ ਇਹ ਕਿਤਾਬ ਹੋਰ ਕੁਝ ਕੁ ਦਹਾਕੇ ਨਾ ਹਟੀ ਤਾਂ ਸਾਡੀ ਕੌਮ ਦੀ ਨਵੀਂ ਫਸਲ ਨੂੰ ਇਹ ਇੱਕ ਜ਼ਹਿਰੀਲੇ 'ਖਰ ਪਤਵਾਰ' ਵਾਂਗ ਜੜ੍ਹੋਂ ਖ਼ਤਮ ਕਰਕੇ ਰੱਖ ਦੇਵੇਗੀ।

ਪਾਠਕ ਵੀਰੋ ! ਇਸ ਕਵਿਤਾ ਵਿੱਚ ਅਸ਼ਲੀਲਤਾ ਦੀ ਇਹ ਕਹਾਣੀ ਤੇ ਦੇਵੀ ਪੂਜਕ 'ਸਯਾਮ ਕਵੀ' ਦੀ ਇੱਕ ਵੰਨਗੀ (ਟ੍ਰੇਲਰ) ਮਾਤਰ ਹੀ ਸੀ। 'ਚਰਿਤ੍ਰੋ ਪਾਖਿਯਾਨ' ਨਾਂ ਦੀ ਕਹਾਣੀ ਤਾਂ ਪੂਰੀ ਫ਼ਿਲਮ ਹੈ ਜਿਸਦਾ ਜ਼ਿਕਰ ਵਿਸਤਾਰ ਨਾਲ ਇਸ ਪੁਸਤਕ ਦੇ ਅਗਲੇ ਭਾਗਾਂ ਵਿੱਚ ਕੀਤਾ ਜਾਵੇਗਾ। ਲੇਕਿਨ ਫ਼ਿਲਹਾਲ ਅਗਲੇ ਭਾਗ ਵਿੱਚ, ਇਸ ਕਿਤਾਬ ਵਿੱਚ ਦਰਜ ਕੁਝ ਹੋਰ ਕਵਿਤਾਵਾਂ ਬਾਰੇ ਚਰਚਾ ਕਰਾਂਗੇ ਤੇ ਇਹ ਸਮਝਾਂਗੇ ਕਿ ਪੰਨਾ ਨੰ. 708 ਤਕ ਸਾਨੂੰ ਇਸ ਕੂੜ ਕਿਤਾਬ ਵਿੱਚੋਂ ਇੱਕ ਵੀ ਗੱਲ ਐਸੀ ਨਹੀਂ ਮਿਲੀ, ਜਿਸ ਨਾਲ ਇੱਕ ਸਿੱਖ ਦਾ ਜੀਵਨ ਉੱਚਾ ਹੁੰਦਾ ਹੋਵੇ ਅਤੇ ਇਹ ਸਾਡੇ ਸ਼ਬਦ ਗੁਰੂ ਦੇ ਸਿਧਾਂਤਾਂ ਨਾਲ ਮੇਲ ਖਾਂਦੀ ਹੋਵੇ।

# ਭਾਗ ੧੦

## ਰਾਮਕਲੀ ਪਾਤਿਸ਼ਾਹੀ ੧੦

ਪਿਆਰੇ ਵੀਰੋ ! ਪਿਛਲੇ ਭਾਗ ਵਿੱਚ ਅਸੀਂ ਅਖੌਤੀ ਦਸਮ ਗ੍ਰੰਥ ਦੇ ਪੰਨਾ ਨੰ. 709 ਤਕ ਪੁੱਜ ਗਏ ਸੀ। ਇਥੇ ਤਕ 'ਬਿਪਰ ਕਵੀ' ਜੀ ਦੇ 'ਚੌਬੀਸ ਅਵਤਾਰਾਂ' ਦਾ ਭੋਗ ਪੈ ਗਿਆ ਸੀ। ਇਸ ਤੋਂ ਅੱਗੇ ਪੰਨਾ ਨੰ. 709 ਤੋਂ 716 ਤਕ 'ਰਾਮਕਲੀ ਪਾਤਸ਼ਾਹੀ ੧੦' ਸਿਰਲੇਖ ਹੇਠ ਕੁਝ ਸ਼ਬਦ ਹਨ - 'ਰੇ ਮਨ ਐਸੋ ਕਰ ਸੰਨਿਆਸਾ', 'ਪ੍ਰਭੂਜੂ ਤੋਕਹਿ ਲਾਜ ਹਮਾਰੀ'। ਫਿਰ ਇੱਕ ਸ਼ਬਦ 'ਰਾਗ ਕਲਿਆਨ ਪਾਤਸ਼ਾਹੀ ੧੦' ਸਿਰਲੇਖ ਹੇਠ ਹੈ - 'ਬਿਨ ਕਰਤਾਰ ਨਾ ਕਿਰਤਮ ਮਾਨੋ'। ਇਸ ਤੋਂ ਬਾਅਦ ਇੱਕ ਸ਼ਬਦ 'ਖਿਆਲ ਪਾਤਸ਼ਾਹੀ ੧੦' ਸਿਰਲੇਖ ਹੇਠ ਹੈ - 'ਮਿਤ੍ਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ'।

ਇਸ ਤੋਂ ਅੱਗੇ ੩੩ ਸਵੱਯੈ ਹਨ। ਇਹ ਕੁਲ 8 ਪੰਨੇ ਹਨ ਅਤੇ ਇਨ੍ਹਾਂ ਵਿਚਲੀਆਂ ਰਚਨਾਵਾਂ ਕੌਮ ਵਿੱਚ ਬਹੁਤ ਪ੍ਰਸਿੱਧ ਹਨ ਅਤੇ ਰਾਗੀ ਜੱਥਿਆਂ ਵੱਲੋਂ ਇਨ੍ਹਾਂ ਨੂੰ ਬਹੁਤ ਹੀ ਰੁਚੀ ਨਾਲ ਪੜ੍ਹਿਆ ਜਾਂਦਾ ਹੈ।

ਪਿਛਲੇ ਭਾਗਾਂ ਵਿੱਚ ਦਾਸ ਨੇ ਇੱਕ ਥਾਂ 'ਤੇ ਇਹ ਜ਼ਿਕਰ ਕੀਤਾ ਸੀ ਕਿ ਇਸ ਗ੍ਰੰਥ ਨੂੰ 'ਕੰਪਾਇਲ' (ਸੰਕਲਨ) ਕਰਨ ਵਾਲੇ ਨੂੰ ਇਹ ਅਹਿਸਾਸ ਸੀ ਕਿ ਜੇ ਮੈਂ 'ਕਾਲ ਅਤੇ ਦੇਵੀ ਉਸਤਤਿ' ਹੀ ਲਿਖਦਾ ਰਿਹਾ ਤਾਂ ਸਿੱਖਾਂ ਨੇ ਇਸਨੂੰ ਸਿਰੇ ਤੋਂ ਹੀ ਨਕਾਰ ਦੇਣਾ ਹੈ। ਇਸ ਕਰਕੇ ਉਸਨੇ ਕੁਝ 'ਭੇਡੂ ਲੋਕਾਂ' ਨੂੰ ਮੂਰਖ ਬਨਾਉਣ ਲਈ ਇਹੋ ਜਿਹੀ ਕੜ੍ਹੀ ਘੋਲ੍ਹੀ ਕਿ ਉਹ ਸਿੱਖਾਂ ਕੋਲੋਂ ਵੱਖ ਕੀਤੀ ਹੀ ਨਾ ਜਾ ਸਕੇ ਅਤੇ ਉਹ ਇਸ ਵਿਸ਼ੇ ਵਿੱਚ ਆਪਸ 'ਚ ਹੀ ਲੜ ਪੈਣ ਕਿ ਇਹ ਗੁਰੂ-ਕ੍ਰਿਤ ਹੈ ਜਾਂ ਨਹੀਂ। ਸਿੱਖ ਵਿਰੋਧੀ ਤਾਕਤਾਂ ਇਸ ਮਕਸਦ ਵਿੱਚ ਪੂਰੀ ਤਰ੍ਹਾਂ ਕਾਮਯਾਬ ਵੀ ਹੋ ਚੁਕੀਆਂ ਹਨ।

'ਮਿਥਿਹਾਸਕ ਕਹਾਣੀਆਂ' ਅਤੇ 'ਦੇਵੀ ਉਸਤਤਿ ਵਾਲੀਆਂ ਰਚਨਾਵਾਂ' ਅਧਿਆਤਮਕ ਪੱਖੋਂ ਕਮਜ਼ੋਰ ਸਿੱਖ ਨੂੰ ਹਿੰਦੂ ਧਰਮ ਵਿੱਚ ਰਲਗੱਡ ਕਰਨ ਲਈ ਸਨ। ਅਤੇ ਇਹੋ ਜਿਹੀਆਂ ਕੁਝ 'ਭੁਲੇਖਾ ਪਾਊ ਰਚਨਾਵਾਂ' ਇਸ

ਲਈ ਸਨ ਕਿ ਮੌਕਾ ਪੈਣ 'ਤੇ ਇਹ 'ਭੇਡੂ ਲੋਕ' ਇਸ ਗੱਲ ਦੀ ਵੀ ਪੈਰਵੀ ਕਰ ਸਕਣ ਕਿ 'ਵੇਖੋ ਇਸ ਵਿੱਚ ਤਾਂ ਇੱਕ ਨਿਰੰਕਾਰ ਅਕਾਲਪੁਰਖ ਬਾਰੇ ਹੀ ਗੱਲ ਕੀਤੀ ਗਈ ਹੈ ਜੋ ਸਾਡੇ ਗੁਰੂ ਦੇ ਸਿਧਾਂਤ ਨਾਲ ਮੇਲ ਖਾਂਦੀ ਹੈ, ਤੁਸੀਂ ਕਿਵੇਂ ਕਹਿੰਦੇ ਹੋ ਕਿ ਇਹ ਗੁਰੂ ਕ੍ਰਿਤ ਨਹੀਂ ?'

ਇਸ ਕਿਤਾਬ ਨੂੰ ਤਿਆਰ ਕਰਨ ਵਾਲਿਆਂ ਦਾ ਮੰਤਵ ਬਿਲਕੁਲ ਸਾਫ਼ ਸੀ ਕਿ ਪਹਿਲੇ ਸਿੱਖਾਂ ਨੂੰ ਗੁਰੂ ਗ੍ਰੰਥ ਸਾਹਿਬ ਜੀ ਤੋਂ ਤੋੜਿਆ ਜਾਵੇ। ਕਿਉਂਕਿ ਜਦੋਂ ਤਕ ਸਿੱਖ, ਗੁਰੂ ਗ੍ਰੰਥ ਸਾਹਿਬ ਜੀ ਦੇ ਸਿਧਾਂਤਾਂ ਨੂੰ ਸਮਝਦਾ ਰਹੇਗਾ, ਉਸਨੂੰ ਕਦੇ ਵੀ ਸਿੱਖੀ ਤੋਂ ਦੂਰ ਨਹੀਂ ਕੀਤਾ ਜਾ ਸਕਦਾ। ਗੁਰੂ ਗ੍ਰੰਥ ਸਾਹਿਬ ਜੀ ਹੀ ਇੱਕ ਐਸੀ ਧੁਰੀ ਹਨ ਜਿਸਦੇ ਆਲੇ-ਦੁਆਲੇ ਵਿਚਰ ਰਹੇ ਸਿੱਖ ਨੂੰ ਕਦੇ ਵੀ ਅਧਿਆਤਮਿਕ ਪੱਖੋਂ ਤੋੜਿਆ ਨਹੀਂ ਜਾ ਸਕਦਾ। ਵਕਤ ਦਾ ਇੰਤਜ਼ਾਰ ਕੀਤੇ ਬਿਨਾ ਹੀ ਦੁਸ਼ਮਣ ਨੇ ਆਪਣਾ ਕੰਮ ਜਾਰੀ ਰਖਿਆ। ਸਿੱਖ ਨੂੰ ਬ੍ਰਾਹਮਣੀ ਕਰਮ-ਕਾਂਡਾਂ, ਅਨਮਤ ਦੇ ਤੀਜ-ਤਿਉਹਾਰਾਂ ਅਤੇ ਦਿਨ-ਦਿਹਾੜਿਆਂ ਨਾਲ ਜੋੜਿਆ ਜਾਣ ਲੱਗਾ। ਗੁਰਦੁਆਰਿਆਂ ਅਤੇ ਤਖ਼ਤਾਂ 'ਤੇ ਬ੍ਰਾਹਮਣੀ ਪਰੰਪਰਾਵਾਂ ਅਤੇ ਰੀਤੀਆਂ ਲਾਗੂ ਕਰ ਦਿੱਤੀਆਂ ਗਈਆਂ। ਸੰਗਰਾਂਦ, ਮੱਸਿਆ, ਪੂਰਨਮਾਸੀ, ਮਾਘੀ, ਦੀਵਾਲੀ, ਨਰੈਲ, ਕੁੰਭ, ਜੋਤ ਆਦਿਕ ਸੈਂਕੜੇ ਦਿਨ ਦਿਹਾੜੇ ਤੇ ਕੁਰੀਤੀਆਂ ਨੂੰ ਸਿੱਖੀ ਨਾਲ ਸਦੀਵੀ ਤੌਰ 'ਤੇ ਜੋੜ ਦਿੱਤਾ ਗਿਆ। ਕਾਲਪਨਿਕ ਅਤੇ ਮਨ-ਘੜੰਤ ਸਾਖੀਆਂ, ਜਨਮ-ਸਾਖੀਆਂ ਅਤੇ ਇਤਿਹਾਸ ਆਦਿਕ ਰੱਚ ਕੇ (ਇਹ ਕੰਮ ਅਜੇ ਵੀ ਜਾਰੀ ਹੈ) ਸਿੱਖਾਂ ਨੂੰ ਐਨਾ ਕਮਜ਼ੋਰ ਬਣਾ ਦਿੱਤਾ ਗਿਆ ਕਿ ਉਹ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਸਿੱਖਿਆਵਾਂ ਤੋਂ ਬਹੁਤ ਦੂਰ ਹੋ ਗਿਆ। ਉਸ ਨੂੰ ਸੱਚ ਤੇ ਝੂਠ ਵਿੱਚ ਫ਼ਰਕ ਦਿੱਸਣਾ ਤਕਰੀਬਨ ਬੰਦ ਹੋ ਚੁੱਕਾ ਸੀ।

ਅਧਿਆਤਮਕ ਤੌਰ 'ਤੇ ਕਮਜ਼ੋਰ ਸਿੱਖ ਨੂੰ ਜਦੋਂ ਇਹ ਕਿਤਾਬ 'ਗੁਰੂ ਦੀ ਕ੍ਰਿਤ' ਕਹਿ ਕੇ ਪੇਸ਼ ਕੀਤੀ ਗਈ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੇ ਨਾਲ ਹੀ ਇਸਦਾ ਪ੍ਰਕਾਸ਼ (ਹਨੇਰਾ) ਕਰ ਦਿੱਤਾ ਗਿਆ। ਗੁਰੂ ਪ੍ਰਤੀ ਸਤਿਕਾਰ ਅਤੇ ਸ਼ਰਧਾ ਵਿੱਚ ਡੁੱਬਿਆ ਸਿੱਖ ਇਹ ਭੁੱਲ ਗਿਆ ਕਿ ਮੈਂ ਇਸ ਦੀ ਪੜਚੋਲ ਤਾਂ ਕਰ ਲਵਾਂ ਕਿ ਇਹ 'ਅੰਮ੍ਰਿਤ' ਹੈ ਜਾਂ 'ਬਿਖਿਆ' ? ਬਹੁਤੇ ਸਿੱਖ ਤਾਂ ਅੰਨ੍ਹੀ ਸ਼ਰਧਾ ਦੇ ਸ਼ਿਕਾਰ ਹੋ ਗਏ, ਕਿਉਂਕਿ ਉਹ ਗੁਰੂ ਗ੍ਰੰਥ ਸਾਹਿਬ ਜੀ ਦੀ ਕਸਵੱਟੀ

ਦੀ ਵਰਤੋਂ ਕਰਨਾ ਭੁੱਲ ਚੁੱਕੇ ਸਨ। ਜਿਹੜੇ ਗੁਰੂ ਬਖ਼ਸ਼ਿਸ਼ ਵਾਲੇ ਸਿੱਖਾਂ ਨੇ ਇਸ ਸਾਜਸ਼ ਨੂੰ ਸਮਝ ਲਿਆ ਤੇ ਇਸਦੇ ਖ਼ਿਲਾਫ਼ ਆਵਾਜ਼ ਚੁੱਕੀ, ਉਨ੍ਹਾਂ ਨੂੰ ਪੰਥ-ਦੋਖੀਆਂ ਨੇ ਪੰਥ ਤੋਂ ਹੀ ਬਾਹਰ ਕੱਢਣ ਅਤੇ ਨਮੋਸ਼ੀ ਦੇ ਖਾਰੇ ਸਮੁੰਦਰ ਵਿੱਚ ਡੋਬਣਾ ਸ਼ੁਰੂ ਕਰ ਦਿੱਤਾ। ਇਹ ਕੰਮ ਅੱਜ ਤਕ ਜਾਰੀ ਹੈ। ਅੱਜ ਵੀ ਉਹ ਕੇਸਾਧਾਰੀ ਬ੍ਰਾਹਮਣ ਸਾਡੇ ਉੱਚ ਅਦਾਰਿਆਂ 'ਤੇ ਕਬਜ਼ਾ ਕਰਕੇ ਇਸ ਕੰਮ ਨੂੰ ਅੰਜ਼ਾਮ ਦੇ ਰਹੇ ਹਨ। ਜਿਸਨੇ ਵੀ ਆਵਾਜ਼ ਚੁੱਕੀ, ਉਸਨੂੰ ਇਨ੍ਹਾਂ ਕੇਸਾਧਾਰੀ ਬ੍ਰਾਹਮਣਾਂ ਨੇ ਸਾਡੇ ਆਪਣੇ ਹੀ ਪੰਥ ਵਿੱਚੋਂ ਛੇਕ ਦਿੱਤਾ।

ਇਸ 'ਕਾਲੀ ਕਿਤਾਬ' ਦੇ ਬਹੁਤ ਸਾਰੇ ਅੰਸ਼ ਸਾਡੀਆਂ ਅਧਿਆਤਮਕ ਕ੍ਰਿਆਵਾਂ, ਨੇਮਾਂ, ਮਰਿਯਾਦਾਵਾਂ ਅਤੇ ਰੀਤੀਆਂ ਵਿੱਚ ਜੋੜੇ ਜਾਂਦੇ ਰਹੇ। ਭਾਵੇਂ ਉਹ ਅਰਦਾਸ ਸੀ ਜਾਂ ਸਾਡਾ ਨਿਤਨੇਮ, ਭਾਵੇਂ ਉਹ ਆਰਤੀ ਸੀ ਜਾਂ ਸਾਡਾ ਅੰਮ੍ਰਿਤ ਸੰਸਕਾਰ। ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬਾਣੀਆਂ ਦੀ ਥਾਂ 'ਤੇ ਇਸ ਗ੍ਰੰਥ ਦੀਆਂ ਰਚਨਾਵਾਂ ਨੂੰ ਸਾਡੇ ਨਾਲ ਜੋੜਿਆ ਜਾਂਦਾ ਰਿਹਾ। ਗੁਰੂ ਗ੍ਰੰਥ ਸਾਹਿਬ ਜੀ ਤੋਂ ਅਸੀਂ ਦੂਰ ਹੁੰਦੇ ਚਲੇ ਗਏ ਅਤੇ ਇਸ ਕਿਤਾਬ ਦੇ ਅੰਸ਼ਾਂ ਨੂੰ ਸਿੱਖੀ ਵਿੱਚ ਇੱਕ-ਇੱਕ ਕਰਕੇ ਪ੍ਰਵੇਸ਼ ਕਰਵਾਇਆ ਜਾਂਦਾ ਰਿਹਾ। ਇਥੋਂ ਤਕ ਕਿ 'ਸੋ ਦਰੁ' ਦੀ ਨਿਰੋਲ ਬਾਣੀ ਵਿੱਚ ਇਸ ਗ੍ਰੰਥ ਦੀ ਇੱਕ ਪੂਰੀ 'ਦੇਵੀ ਉਸਤਤਿ' ਹੀ ਵਾੜ ਦਿੱਤੀ ਗਈ, ਜਿਸਨੂੰ ਕੋਈ ਸਿੱਖ ਚਾਹ ਕੇ ਵੀ 'ਸੋ ਦਰੁ ਦੀ ਬਾਣੀ' ਤੋਂ ਵੱਖ ਨਾ ਕਰ ਸਕੇ। ਖ਼ੈਰ ! ਇਨ੍ਹਾਂ ਸਾਜਸ਼ਾਂ ਬਾਰੇ ਅਸੀਂ ਹੋਰ ਕਿਸੇ ਥਾਂ 'ਤੇ ਚਰਚਾ ਕਰਾਂਗੇ। ਇਥੇ ਸਾਡਾ ਵਿਸ਼ਾ ਇਨ੍ਹਾਂ 8 ਪੰਨਿਆਂ ਬਾਰੇ ਚਰਚਾ ਕਰਨਾ ਹੈ ਜਿਸ ਵਿੱਚ ਲਿਖੀਆਂ ਕੁਝ ਰਚਨਾਵਾਂ ਸਾਨੂੰ ਸਿਧਾਂਤਕ ਹੋਣ ਦਾ ਵੱਡਾ ਭੁਲੇਖਾ ਪਾਉਂਦੀਆਂ ਹਨ।

ਸੱਚ ਕਹਾਂ ਤਾਂ ਸ਼ੁਰੂ-ਸ਼ੁਰੂ ਵਿੱਚ ਮੈਂ ਵੀ ਦਸਮ ਗ੍ਰੰਥ ਦਾ ਅਧਿਐਨ ਕਰਨ ਵੇਲੇ 709 ਪੰਨੇ 'ਤੇ ਅਟਕ ਜਾਂਦਾ ਸੀ। ਇਸ ਦੇ ਕਈ ਕਾਰਣ ਸਨ। ਪਹਿਲਾ ਕਿ, ਇਹ ਅਠ ਪੰਨੇ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੀ ਤਰਜ਼ 'ਤੇ ਲਿਖੇ ਹੋਏ ਲਗਦੇ। ਦੂਜਾ, ਇਸ ਤੋਂ ਪਹਿਲੇ ਦੇ 708 ਪੰਨਿਆਂ ਵਿੱਚ ਦਰਜ ਕਹਾਣੀਆਂ ਤੋਂ ਇਹ ਰਚਨਾਵਾਂ ਕੁਝ ਵੱਖਰੀ ਸ਼ਬਦਾਵਲੀ ਅਤੇ ਲੈਅ ਵਿੱਚ ਲਿਖੀਆਂ ਗਈਆਂ ਪ੍ਰਤੀਤ ਹੁੰਦੀਆਂ। ਤੀਜਾ ਕਿ, ਇਹ ਰਾਗਾਂ (ਰਾਮਕਲੀ ਤੇ ਸੋਰਠ) ਵਿੱਚ ਲਿਖੀਆਂ ਗਈਆਂ ਰਚਨਾਵਾਂ ਸਨ। ਚੌਥਾ, ਉਦੋਂ ਮੇਰਾ ਅਧਿਐਨ

ਵੀ ਕੁਝ ਨਵਾਂ-ਨਵਾਂ ਸੀ। ਜਦਕਿ ਇਸ ਕਿਤਾਬ ਬਾਰੇ ਮੈਨੂੰ ਕਦੇ ਵੀ ਇਹ ਸ਼ੰਕਾ ਨਹੀਂ ਸੀ ਕਿ ਪੂਰੀ ਕਿਤਾਬ ਵਿੱਚ ਇੱਕ ਬਾਣੀ ਵੀ ਗੁਰੂ-ਕ੍ਰਿਤ ਹੈ ਕਿ ਨਹੀਂ।

ਕੁਝ ਵਰ੍ਹੇ ਪਹਿਲਾਂ ਦਾਸ ਦੀ ਮੁਲਾਕਾਤ ਦਿੱਲੀ ਵਿੱਚ 'ਸਿੱਖ ਪਾਰਲੀਮੈਂਟ' ਦੀ ਇੱਕ ਮੀਟਿੰਗ ਵਿੱਚ ਪੰਥ ਦੇ ਵਿਦਵਾਨ ਡਾ. ਗੁਰਮੁਖ ਸਿੰਘ ਜੀ ਨਾਲ ਹੋਈ। ਉਨ੍ਹਾਂ ਨੇ ਅਖੌਤੀ ਦਸਮ ਗ੍ਰੰਥ 'ਤੇ ਲਿਖੀ ਆਪਣੀ ਇੱਕ ਪੁਸਤਕ ਦਾਸ ਨੂੰ ਦਿੱਤੀ। ਡਾ. ਸਾਹਿਬ ਨੇ ਆਪਣੀ ਪੁਸਤਕ ਵਿੱਚ ਇਨ੍ਹਾਂ ਅਠ ਪੰਨਿਆਂ ਬਾਰੇ ਬਹੁਤ ਹੀ ਤਰਕ ਭਰਪੂਰ ਵਿਚਾਰ ਕੀਤੀ ਹੈ। ਉਨ੍ਹਾਂ ਦੇ ਇਹ ਦੋ ਲੇਖ - 'ਦਸਮ ਗ੍ਰੰਥ ਦੀਆਂ ਰਚਨਾਵਾਂ - ਪਾਤਸ਼ਾਹੀ 10' ਅਤੇ 'ਦਸਮ ਗ੍ਰੰਥ ਦੀਆਂ ਰਚਨਾਵਾਂ - 33 ਸਵੈਯੇ' ਮੈਨੂੰ ਬਹੁਤ ਹੀ ਸਾਰਥਕ ਲੱਗੇ। ਇਥੇ ਡਾ. ਗੁਰਮੁਖ ਸਿੰਘ ਜੀ ਦੀ ਪੁਸਤਕ ਵਿੱਚੋਂ ਹੀ ਕੁਝ ਅੰਸ਼ ਦਿੱਤੇ ਜਾ ਰਹੇ ਹਨ ਜੋ ਕਿ ਇਨ੍ਹਾ ਅਠ ਪੰਨਿਆਂ ਨੂੰ ਵੀ 'ਬਿਪਰ ਕਵੀ' ਦੀ ਰਚਨਾ ਸਾਬਤ ਕਰਦੇ ਹਨ। ਉਹ ਲਿਖਦੇ ਹਨ :

'.... ਇੱਕ ਹੋਰ ਗੱਲ ਇਹ ਕਿ 'ਮਿਤ੍ਰ ਪਿਆਰੇ' ਵਾਲੇ ਸ਼ਬਦ ਵਿੱਚ 'ਸੂਲ ਸੁਰਾਹੀ ਖੰਜਰ ਪਿਆਲਾ' ਜੋ ਮੁਹਾਵਰਾ ਵਰਤਿਆ ਹੈ, ਉਸਦਾ ਅਰਥ ਪਾਣੀ ਵਾਲੀ ਸੁਰਾਹੀ ਤਾਂ ਹੋ ਹੀ ਨਹੀਂ ਸਕਦਾ। ਤਾਂ ਤੇ ਇਹ ਮੁਹਾਵਰਾ ਕੋਈ ਸ਼ਰਾਬ ਪੀਣ ਵਾਲਾ ਸ਼ਰਾਬੀ ਤੇ ਵਿੱਸ਼ਈ ਹੀ ਯਾਰ ਦੇ ਵਿਛੋੜੇ ਵਿੱਚ ਵਰਤ ਸਕਦਾ ਹੈ ਜੋ ਹੀਰ ਜੱਟੀ ਨੇ ਰਾਂਝੇ ਯਾਰ ਦੇ ਵਿਛੋੜੇ ਵਿੱਚ ਵਰਤਿਆ, ਜਿਸ ਨੂੰ ਕਵੀ ਨੇ ਕਵਿਤਾ ਦਾ ਰੂਪ ਦਿੱਤਾ ਹੈ। ਪਰ ਧੰਨ ਹਨ ਅਜੋਕੇ ਗੁਰਸਿੱਖ ਵੀਰ ਜੋ ਬਿਨਾ ਵਿਚਾਰੇ ਹੀਰ ਜੱਟੀ ਦੇ ਖ਼ਿਆਲ ਆਦਿਕ ਕੱਚੀਆਂ ਬਾਣੀਆਂ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਝੂਮ-ਝੂਮ ਕੇ ਪੜ੍ਹਦੇ ਹੋਏ ਫੁੱਲੇ ਨਹੀਂ ਸਮਾਉਂਦੇ, ਹਾਲਾਂਕਿ ਭੱਠ ਖੇੜਿਆਂ ਦਾ ਰਹਿਣਾ ਅਤੇ ਸੁਰਾਹੀ ਪਿਆਲਾ ਕੇਵਲ ਹੀਰ ਹੀ ਆਖ ਸਕਦੀ ਹੈ।

ਮੁੱਕਦੀ ਗੱਲ ਇਹ ਹੈ ਕਿ ਸੁਰਾਹੀ ਤੇ ਪਿਆਲਾ, ਅਤੇ ਖੇੜੇ ਆਦਿਕ ਸ਼ਬਦਾਂ ਦੀ ਵਰਤੋਂ ਗੁਰੂ ਪਾਤਸ਼ਾਹ ਕਦੇ ਵੀ ਨਹੀਂ ਕਰ ਸਕਦੇ। ਇਹ ਕੇਵਲ ਨਸ਼ਿਆਂ ਦੇ ਪ੍ਰੇਮੀ ਸਾਕਤ ਮਤੀਏ ਕਵੀ ਨੇ ਗੁਰਸਿੱਖਾਂ ਨੂੰ ਧੋਖਾ ਦੇਣ ਵਾਸਤੇ ਆਪਣੀ ਰਚਨਾ ਗੁਰੂ ਪਾਤਸ਼ਾਹ ਵੱਲੋਂ ਦਰਸਾਉਣ ਹਿਤ 'ਮਿਤ੍ਰ ਪਿਆਰੇ' ਵਾਲੇ

ਦਾ ਸਿਰਲੇਖ ਪਾ: 10 ਲਿਖਿਆ ਹੈ।

**ਨੋਟ :** ਪਾਠਕਾਂ ਨੂੰ ਇਹ ਦੱਸਣਾ ਵੀ ਜ਼ਰੂਰੀ ਹੈ ਕਿ ਜੋ ਬੀੜ ਸਭ ਤੋਂ ਪਹਿਲਾਂ ਭਾਈ ਮਨੀ ਸਿੰਘ ਵਾਲੀ 1770 ਈ. ਵਿੱਚ ਲਿਖੀ ਦੱਸੀ ਜਾਂਦੀ ਹੈ ਅਤੇ ਗੁਰਪੁਰਵਾਸੀ ਰਾਜਾ ਗੁਲਾਬ ਸਿੰਘ ਸੇਠੀ ਦੇ ਘਰ ਦਿੱਲੀ ਵਿੱਚ ਸੀ, ਉਹ ਹੁਣ ਨਹੀਂ ਹੈ। ਉਸ ਵਿੱਚ ਉਪ੍ਰੋਕਤ 'ਮਿਤ੍ਰ ਪਿਆਰੇ' ਵਾਲਾ ਗੀਤ 'ਸ਼ਬਦ ਹਜ਼ਾਰੇ' ਵਾਲੇ 10 ਸ਼ਬਦਾਂ ਸਮੇਤ ਹੈ ਹੀ ਨਹੀਂ।

ਕਈ ਬੀੜਾਂ ਵਿੱਚ ਉਪ੍ਰੋਕਤ 'ਮਿਤ੍ਰ ਪਿਆਰੇ' ਵਾਲੇ 'ਖ਼ਿਆਲ ਪਾਤਸ਼ਾਹੀ ੧੦' ਨੂੰ ਛੱਡ ਕੇ ਕੇਵਲ 9 ਸ਼ਬਦ ਹੀ ਹਨ।

ਫਿਰ ਕਈ ਬੀੜਾਂ ਵਿੱਚ 'ਮੁਰੀਦਾਂ' ਦੀ ਥਾਵੇਂ 'ਹਾਲ ਫਕੀਰਾਂ ਦਾ' ਲਿਖਿਆ ਹੋਇਆ ਹੈ। ਸੱਚ ਪੁੱਛੋ ਤਾਂ ਉਪ੍ਰੋਕਤ ਸੰਗ੍ਰਹਿ ਵਾਲੇ ਸਾਰੇ 10 ਸ਼ਬਦ ਹੀ ਦਸ਼ਮੇਸ਼ ਰਚਨਾ ਮੰਨਣ ਸਬੰਧੀ ਦੀਰਘ ਵਿਚਾਰ ਗੋਚਰੇ ਹੈ।'

## ਤਿਲੰਗ ਕਾਫੀ ੧੦।।

ਕੇਵਲ ਕਾਲ ਈ ਕਰਤਾਰ।।

ਆਦਿ ਅੰਤ ਅਨੰਤ ਮੂਰਤਿ ਗੜਨ ਭੰਜਨਹਾਰ।।...

(ਅਖੌਤੀ ਦਸਮ ਗ੍ਰੰਥ, ਪੰਨਾ 711)

ਕਵੀ ਕਾਲ ਨੂੰ ਕਰਤਾਰ ਕਹਿੰਦਾ ਹੈ। ਗੁਰਬਾਣੀ ਅਕਾਲ ਪੁਰਖ ਨੂੰ ਕਰਤਾਰ ਜਾਂ ਕਰਤਾ ਪੁਰਖ ਕਹਿੰਦੀ ਹੈ। ਗੁਰੂ ਗੋਬਿੰਦ ਸਿੰਘ ਜੀ ਕਾਲ ਨੂੰ ਕਰਤਾਰ ਨਹੀਂ ਮੰਨ ਸਕਦੇ। ਇਹ ਰਚਨਾ ਕਵੀ ਦੀ ਸਿਧ ਹੁੰਦੀ ਹੈ।

ਦਸਮ ਗ੍ਰੰਥ ਦੀਆਂ ਰਚਨਾਵਾਂ ਦੀ ਵਿਚਾਰ ਕਰਦੇ ਹੋਏ ਅਸੀਂ ਚੰਗੀ ਤਰ੍ਹਾਂ ਸਮਝ ਲਿਆ ਹੈ ਕਿ ਕਵੀ ਰਚਨਹਾਰ ਕਰਤਾਰ ਕਾਲ ਨੂੰ ਹੀ ਸਮਝਦਾ ਹੈ। ਗੁਰਬਾਣੀ ਇੱਕ ਏਕੰਕਾਰ ਜੋਤਿ ਰੂਪ ਪਾਰਬ੍ਰਹਮ ਨੂੰ ਅਕਾਲ ਪੁਰਖ ਕਹਿੰਦੀ ਹੈ। ਤੇ ਗੁਰਬਾਣੀ ਉਪਦੇਸ਼ ਅਨੁਸਾਰ ਅਕਾਲ ਪੁਰਖ ਹੀ ਸਭ ਸੰਸਾਰ ਦਾ ਕਰਤਾ ਹੈ। ਇਹ ਰਚਨਾ ਤਿਲੰਗ ਕਾਫੀ ਗੁਰਬਾਣੀ ਉਪਦੇਸ਼ ਦੇ ਵਿਰੁੱਧ ਹੈ।

ਰਾਮਕਲੀ ਪਾ: ੧੦ ਦੇ ਹੋਰ ਸ਼ਬਦ ਵੀ ਕਾਲ ਨੂੰ ਪ੍ਰਭੂ ਸਮਝ ਕੇ ਉਚਾਰੇ ਗਏ ਪ੍ਰਤੀਤ ਹੁੰਦੇ ਹਨ। ਪਾ: ੧੦ ਨੇ ਕੋਈ ਬਾਣੀ ਰਚੀ ਹੁੰਦੀ ਤਾਂ ਉਹ ਗੁਰੂ ਗ੍ਰੰਥ ਸਾਹਿਬ ਵਿੱਚ 'ਨਾਨਕ' ਛਾਪ ਨਾਲ ਦਰਜ ਕਰ ਦਿੰਦੇ।'

੩੩ ਸਵੈਯੇ ਬਾਰੇ ਡਾ. ਗੁਰਮੁਖ ਸਿੰਘ ਜੀ ਲਿਖਦੇ ਹਨ :

'ਤੇਤੀ ਸਵੈਯਾਂ ਵਿੱਚ ਕਵੀ ਸਪਸ਼ਟ ਰੂਪ ਵਿੱਚ ਆਪਣੇ ਆਪ ਨੂੰ ਕਾਲ ਦਾ ਪੁਜਾਰੀ ਦੱਸਦਾ ਹੈ। ਅਸੀਂ ਸੰਖੇਪ ਵਿੱਚ ਦੋ ਸਵੈਯਾਂ ਦੀ ਵਿਚਾਰ ਕਰਦੇ ਹਾਂ।

## ਪਦਾ ੨੪

ਕਾਲ ਹੀ ਪਾਇ ਭਇਓ ਬ੍ਰਹਮਾ ਗਹਿ ਦੰਡ ਕਮੰਡਲ ਭੂਪ ਭ੍ਰਤਾਨਯੋ।।

ਕਾਲ ਦੇ ਹੁਕਮ ਨਾਲ ਹੀ ਬ੍ਰਹਮਾ ਹੋਇਆ ਜੋ ਡੰਡਾ ਕਮੰਡਲ ਫੜ ਕੇ ਧਰਤੀ ਪੁਰ ਫਿਰਦਾ ਰਿਹਾ ਹੈ।

ਕਾਲ ਹੀ ਪਾਇ ਸਦਾ ਸਿਵਜੂ<br>
ਸਭ ਦੇਸ ਬਿਦੇਸ ਭਇਆ ਹਮ ਜਾਨਯੋ।।<br>
ਕਾਲ ਹੀ ਪਾਇ ਭਯੋ ਮਿਟ ਗਯੋ ਜਗ ਯਾਹੀ ਤੇ<br>
ਤਾਹਿ ਸਭੋ ਪਹਿਚਾਨਯੋ।।<br>
ਬੇਦ ਕਤੇਬ ਕੇ ਭੇਦ ਸਭੈ ਛਜਿ<br>
ਕੇਵਲ ਕਾਲ ਕ੍ਰਿਪਾ ਨਿਧ ਮਾਨਯੋ।।

ਕਾਲ ਦਾ ਹੁਕਮ ਪਾ ਕੇ ਹੀ ਵਿਸ਼ਨੂੰ ਹੋਇਆ ਹੈ, ਅਤੇ ਮਿਟ ਗਿਆ ਹੈ, (ਯਾਹੀ ਤੇ) ਇਸੇ ਕਰਕੇ ਹੀ ਉਸੇ ਕਾਲ ਨੂੰ ਅਸਾਂ ਸਾਰੇ ਰੂਪਾਂ ਵਿੱਚ ਪਛਾਣਿਆ ਹੈ। ਵੇਦਾਂ ਕਤੇਬਾਂ (ਦੇ ਦੱਸੇ ਹੋਏ) ਸਾਰੇ ਭੇਦ ਫ਼ਰਕ ਛੱਡ ਕੇ ਅਸਾਂ ਕਾਲ ਨੂੰ ਹੀ ਕ੍ਰਿਪਾ ਦਾ ਸਮੁੰਦਰ ਮੰਨਿਆ ਹੈ।)

## ਪਦਾ ੨੫

ਕਾਲ ਗਯੋ ਇਨ ਕਾਮਨ ਸਿਉ<br>
ਜੜ ਕਾਲ ਕ੍ਰਿਪਾਲ ਹੀਐ ਨ ਚਿਤਾਰਯੋ।।<br>
ਲਾਜ ਕੋ ਛਾਡਿ ਨ੍ਰਿਲਾਜ ਅਰੇ<br>
ਤਜ ਕਾਜ ਅਕਾਜ ਕੋ ਕਾਜ ਸਵਾਰਯੋ।।<br>
ਬਾਜ ਬਨੇ ਰਾਜ ਬਡੋ ਖਰ ਕੋ<br>
ਚੜਿਬੋ ਚਿਤ ਬੀਚ ਬਿਚਾਰਯੋ।।<br>
ਸ੍ਰੀ ਭਗਵੰਤ ਭਜਾਯੋ ਨ ਅਰੇ ਜੜ<br>
ਲਾਜ ਹੀ ਲਾਜ ਸੁ ਕਾਜੁ ਬਿਗਾਰਯੋ।।

ਹੇ ਜੜ, ਇਨ੍ਹਾਂ ਕੰਮਾਂ ਨਾਲ ਹੀ ਸਮਾਂ ਬੀਤ ਗਿਆ ਹੈ ਤੇ ਕਾਲ

ਕ੍ਰਿਪਾਲ ਦਿਲ ਵਿੱਚ ਯਾਦ ਨਹੀਂ ਕੀਤਾ ਹੈ। ਮੂਰਖ ਸ਼ਰਮ ਨੂੰ ਛੱਡ ਕੇ ਬੇਸ਼ਰਮ (ਹੋ ਰਿਹਾ ਹੈ) ਅਤੇ ਚੰਗੇ ਕਰਮਾਂ ਦਾ ਕਰਨਾ ਛੱਡ ਕੇ, ਨਾ ਕੰਮ ਆਉਣ ਵਾਲੇ ਬੁਰੇ ਕੰਮਾਂ ਨੂੰ ਕਰ ਰਿਹਾ ਹੈ। (ਉਹੀ ਗੱਲ ਕੀਤੀ, ਕਿ ਤੇਰੇ ਕੋਲ) ਵੱਡੇ (ਸੁੰਦਰ) ਘੋੜੇ ਤੇ ਰਾਜ ਹਾਥੀ ਸ਼ੋਭ ਰਹੇ ਹਨ। ਪਰ ਤੂੰ ਉਨ੍ਹਾਂ ਨੂੰ ਛੱਡ ਕੇ ਖੋਤੇ ਉੱਤੇ ਚੜ੍ਹਣ ਦਾ ਵਿਚਾਰ ਚਿਤ ਵਿੱਚ ਕੀਤਾ ਹੈ। ਹੇ ਮੂਰਖ, ਸ੍ਰੀ ਭਗਵੰਤ (ਕਵੀ ਕਾਲ ਨੂੰ ਸ੍ਰੀ ਭਗਵੰਤ ਕਹਿੰਦਾ ਹੈ) ਦਾ ਭਜਨ ਨਹੀਂ ਕੀਤਾ ਹੈ ਅਤੇ ਸ਼ਰਮ ਹੀ ਸ਼ਰਮ ਵਿੰਚ ਕੰਮ ਨੂੰ ਵਿਗਾੜ ਲਿਆ ਹੈ।)

ਉਪਰ ਦਿੱਤੀ ਕਵੀ ਦੀ ਵਿਚਾਰ ਤੋਂ ਸਪਸ਼ਟ ਹੈ ਕਿ ਇਹ ਕਾਲ ਦੇ ਪੁਜਾਰੀ ਕਵੀ ਦੀ ਰਚਨਾ ਹੈ।

ਇਹ ਰਚਨਾ ਇਕੋ ਇੱਕ ਅਬਿਨਾਸੀ ਹਸਤੀ, ਅਕਾਲ ਪੁਰਖ ਜਾਨਣ ਪਛਾਨਣ ਤੇ ਸਿਮਰਣ ਵਾਲੇ ਗੁਰੂ ਗੋਬਿੰਦ ਸਿੰਘ ਜੀ ਦੀ ਨਹੀਂ।'

(ਇਹ ਅੰਸ਼ ਡਾ. ਗੁਰਮੁਖ ਸਿੰਘ ਜੀ ਦੀ ਲਿਖੀ ਪੁਸਤਕ 'ਦਸਮ ਗ੍ਰੰਥ ਦੀ ਵਿਚਾਰ' ਵਿੱਚੋਂ ਧੰਨਵਾਦ ਸਹਿਤ ਲਏ ਗਏ ਹਨ।)

# ਭਾਗ ੧੧

## ਅਥ ਸ੍ਰੀ ਸ਼ਸਤ੍ਰਨਾਮ ਮਾਲਾ ਪੁਰਾਣ ਲਿਖਯਤੇ।।
## ਸ੍ਰੀ ਭਗਉਤੀ ਜੀ ਸਹਾਇ।।
## ਪਾਤਿਸ਼ਾਹੀ ੧੦।।

ਸਿੱਖ ਕੌਮ ਵਿੱਚ ਜਿੰਨਾ ਕੁ ਭੰਬਲਭੂਸਾ ਇਹ ਕੂੜ ਕਿਤਾਬ ਪਾ ਸਕਦੀ ਸੀ, ਇਸਨੇ ਪਾਇਆ ਹੈ। ਸਿੱਖਾਂ ਨੂੰ ੧ੴ ਤੋਂ ਦੂਰ ਕਰਨ ਲਈ ਇਸ 'ਸ਼ਸਤ੍ਰਨਾਮ ਮਾਲਾ' ਦਾ ਵੀ ਬਹੁਤ ਵੱਡਾ ਹੱਥ ਰਿਹਾ ਹੈ। ਇਸ ਕਿਤਾਬ ਦੇ ਪੰਨਾ ਨੰ. 717 ਤੋਂ ਇਹ ਰਚਨਾ ਸ਼ੁਰੂ ਹੁੰਦੀ ਹੈ ਤੇ ਪੰਨਾ ਨੰ. 808 'ਤੇ ਸਮਾਪਤ ਹੁੰਦੀ ਹੈ। ਇਸ ਕਿਤਾਬ ਦੀਆਂ ਪਿਛਲੀਆਂ ਰਚਨਾਵਾਂ ਵਾਂਗ ਇਹ ਰਚਨਾ ਵੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਸਵੱਟੀ 'ਤੇ ਫੇਲ੍ਹ ਹੋ ਜਾਂਦੀ ਹੈ। ਇਸ ਕਿਤਾਬ ਦੇ ਇਹ 91 ਪੰਨੇ ਸ਼ਸਤਰਾਂ ਦੇ ਨਾਂ ਦੱਸਣ ਦੇ ਬਹਾਨੇ ਸਿੱਖਾਂ ਨੂੰ 'ਕਾਲ ਤੇ ਕਾਲੀ' ਅਤੇ ਹੋਰ 'ਮਿਥਿਹਾਸਕ ਪਾਤਰਾਂ' ਦੀ ਉਸਤਤ ਨਾਲ ਜੋੜਦੇ ਹਨ।

ਸਾਂਗ, ਸਰੋਹੀ, ਸੈਫ, ਅਸ, ਤੀਰ, ਤੁਪਕ, ਤਲਵਾਰ, ਕ੍ਰਿਪਾਨ, ਧਾਰਾਧਰੀ, ਸੈਲ, ਸੂਫ, ਜਮਦਾੜ, ਕਵਚਾਂਤਕ, ਸੱਤ੍ਰਾਂਤ, ਕਰ, ਤੇਗ, ਖੰਡੇ, ਖੜਗ, ਤਬਰ, ਸੈਹਥੀ, ਸੂਲ, ਨਿਖੰਗ, ਬਾਨ, ਕਟਾਰੀ, ਸੇਲ, ਕਰਦ, ਦਾੜ੍ਹ, ਬਿਛੂਓ, ਜਮਧਰ, ਜਮਦਾੜਾ, ਜਬਰ, ਜੋਧਾਂਤਕ, ਬਾਂਕ, ਬਜ੍ਰ, ਬਿਸਿਖਿ, ਬਿਰਹਬਾਨ - ਇਨ੍ਹਾਂ ਸ਼ਸਤਰਾਂ ਨੂੰ ਸਾਡੇ ਪੀਰ (ਸਾਡੇ ਗੁਰੂ ਅਤੇ ਪੂਰਵਜ) ਦੱਸਿਆ ਗਿਆ ਹੈ। ਜੇ ਉਸ ਵੇਲੇ ਏ.ਕੇ.47, ਏ.ਕੇ.56 ਤੇ ਬੋਫ਼ਰਸ ਤੋਪਾਂ ਅਤੇ ਮਿਸਾਈਲਾਂ ਹੁੰਦੀਆਂ ਤਾਂ ਸ਼ਾਇਦ ਉਨ੍ਹਾਂ ਦਾ ਜ਼ਿਕਰ ਵੀ ਇਹ ਕਰਦਾ ਅਤੇ ਇਨ੍ਹਾਂ ਬੰਦੂਕਾਂ ਤੇ ਤੋਪਾਂ ਨੂੰ ਵੀ ਸਾਡਾ 'ਪੀਰ' ਜ਼ਰੂਰ ਬਣਾ ਦਿੰਦਾ। ਆਓ, ਵੇਖੀਏ ਕਿ ਇਨ੍ਹਾਂ ਚਾਕੂਆਂ, ਛੁਰੀਆਂ ਤੇ ਕਰਦਾਂ ਦੇ ਨਾਮ ਸਾਨੂੰ ਕਿਸ ਅਧਿਆਤਮਕ ਜੀਵਨ-ਜਾਚ ਨਾਲ ਜੋੜ ਰਹੇ ਹਨ। ਆਓ ਜ਼ਰਾ ਨਜ਼ਰ ਮਾਰੀਏ ਕਿ ਇਨ੍ਹਾਂ ਕੁਝ ਸ਼ਸਤਰਾਂ ਦੇ ਨਾਮਾਂ ਦੀ ਆੜ ਵਿੱਚ ਇਹ ਕਵੀ ਸਿੱਖੀ ਦੇ ਮੁਢਲੇ ਸਿਧਾਂਤਾਂ ਨੂੰ ਕਿਵੇਂ ਸੱਟ ਮਾਰ ਰਿਹਾ ਹੈ ?

ਅਸ ਕ੍ਰਿਪਾਨ ਖੰਡੋ ਖੜਗ ਤੁਪਕ ਤਬਰ ਅਰੁ ਤੀਰ।।
ਸੈਫ ਸਰੋਹੀ ਸੈਹਥੀ ਯਹੈ ਹਮਾਰੈ ਪੀਰ।। ੩।।
ਤੀਰ ਤੁਹੀ ਸੈਹਥੀ ਤੁਹੀ ਤੁਹੀ ਤਬਰ ਤਲਵਾਰ।।
ਨਾਮ ਤਿਹਾਰੋ ਜੋ ਜਪੈ ਭਏ ਸਿੰਧ ਭਵ ਪਾਰ।। ੪।।

(ਅਖੌਤੀ ਦਸਮ ਗ੍ਰੰਥ, ਪੰਨਾ 717)

ਅਰਥ : ਅਸ, ਕ੍ਰਿਪਾਨ, ਖੰਡੇ, ਤੁਪਕ, ਤਬਰ ਤੇ ਤੀਰ, ਸੈਫ, ਸਰੋਹੀ, ਸੈਹਥੀ ਇਹੋ ਹੀ ਸਾਡੇ ਪੀਰ (ਵਡੇਰੇ, ਗੁਰੂ, ਪੁਰਖੇ) ਹਨ। ਹੇ ਦੇਵੀ ! ਤੂੰ ਹੀ ਤੀਰ ਹੈਂ, ਸੈਹਥੀ ਵੀ ਤੂੰ ਹੀ ਹੈਂ, ਤਬਰ ਤੇ ਤਲਵਾਰ ਵੀ ਤੂੰ ਹੀ ਹੈਂ। ਜੋ ਤੇਰਾ ਨਾਮ ਜਪੇਗਾ, ਉਹ ਭਉਜਲ ਪਾਰ ਕਰ ਜਾਵੇਗਾ।

ਓਇ ਬੇੜਾ ਤਰ ਜਾਏ ਤੁਹਾਡਾ ! ਸਾਨੂੰ ਤਾਂ ਸਾਡੇ ਸ਼ਬਦ ਗੁਰੂ ਸਿਖਾਉਂਦੇ ਹਨ - ੧ੴ ਸਤਿਗੁਰ ਪ੍ਰਸਾਦਿ। ਪਰ ਤੁਸੀਂ ਸਾਨੂੰ ਪੁੱਠੀ ਮਤ ਦੇ ਕੇ ਹੁਣ ਇਨ੍ਹਾਂ ਚਾਕੂਆਂ, ਛੂਰੀਆਂ ਤੇ ਕਰਦਾਂ ਨੂੰ ਪੂਜਣ ਦੀ ਸਿੱਖਿਆ ਦੇ ਰਹੇ ਹੋ?

ਕਾਲ ਤੁਹੀ ਕਾਲੀ ਤੁਹੀ ਤੁਹੀ ਤੇਗ ਅਰੁ ਤੀਰ।।
ਤੁਹੀ ਨਿਸ਼ਾਨੀ ਜੀਤ ਕੀ ਆਜੁ ਤੁਹੀ ਜਗਬੀਰ।। ੫।।...
ਤੁਮਹੀ ਦਿਨ ਰਜਨੀ ਤੁਹੀ ਤੁਮਹੀ ਜੀਅਨ ਉਪਾਇ।।
ਕਉਤਕ ਹੇਰਨ ਕੇ ਨਮਿਤ ਤਿਨ ਮੋ ਬਾਦ ਬਢਾਇ।। ੯।।

ਹੁਣ ਇਹ ਕਾਲ ਤੇ ਕਾਲੀ ਦਾ ਪੁਜਾਰੀ ਆਪਣੀ ਔਕਾਤ ਵਿੱਚ ਆ ਗਿਆ ਹੈ। ਉਹ ਕਹਿੰਦਾ ਹੈ, 'ਕਾਲ ਤੇ ਕਾਲੀ ਵੀ ਤੂੰ ਹੀ ਹੈਂ ਅਤੇ ਤੇਗ ਤੇ ਤੀਰ ਵੀ ਤੂੰ ਹੀ ਹੈਂ।' ਜੇ ਅਸੀਂ ਦਸਮ ਗ੍ਰੰਥੀ ਰਾਗੀਆਂ ਨਾਲ ਇਹ ਗੱਲ ਕਰਦੇ ਹਾਂ ਕਿ ਤੁਸੀਂ ਇਹ ਉਸਤਤ ਸ਼ਸਤਰਾਂ ਦੀ ਕਰਦੇ ਹੋ ਜਾਂ ਕਾਲ ਤੇ ਕਾਲੀ ਦੀ, ਤਾਂ ਉਨ੍ਹਾਂ ਦਾ ਜਵਾਬ ਹੁੰਦਾ ਹੈ, ਇਹ ਤਾਂ ਗੁਰੂ ਸਾਹਿਬ, ਅਕਾਲ ਪੁਰਖ ਨੂੰ ਕਹਿ ਰਹੇ ਹਨ ਕਿ ਤੂੰ ਹੀ ਕਾਲ ਹੈਂ, ਤੇ ਤੂੰ ਹੀ ਕਾਲੀ ਹੈਂ। 'ਸੁੰਦਰ ਗੁਟਕਾ' ਪੜ੍ਹ ਕੇ ਰਾਗੀ ਬਣੇ ਇਨ੍ਹਾਂ ਭੋਲਿਆਂ ਦਾ ਵੀ ਕੀ ਕਸੂਰ ਕਹੀਏ, ਕਿਉਂਕਿ ਇਨ੍ਹਾਂ ਨੇ ਇਸ ਤੋਂ ਅੱਗੇ ਤਾਂ ਕੁਝ ਪੜ੍ਹਿਆ ਹੀ ਨਹੀਂ ਹੁੰਦਾ।

ਇਸ 'ਸ਼ਸਤ੍ਰਨਾਮ ਮਾਲਾ' ਦੀਆਂ ਅਗਲੀਆਂ ਲਾਈਨਾਂ ਵਿੱਚ ਸ਼ਸਤਰਾਂ ਦੇ ਨਾਂ ਦੱਸਣ ਵਾਲਾ ਕਵੀ ਸਾਫ਼-ਸਾਫ਼ ਕਹਿ ਰਿਹਾ ਹੈ ਕਿ 'ਮੈਂ ਦੇਵੀ ਦੀ ਉਸਤਤ ਕਰ ਰਿਹਾ ਹਾਂ।' ਆਓ ਵੇਖੀਏ -

ਇਤਿ ਸ੍ਰੀ ਨਾਮ ਮਾਲਾ ਪੁਰਾਣੇ ਸ੍ਰੀ ਭਗਉਤੀ ਪ੍ਰਿਥਮ ਧਿਆਇ
ਸਮਾਪਤਮ ਸਤੁ ਸੁਭਮ ਸਤੁ॥

(ਅਖੌਤੀ ਦਸਮ ਗ੍ਰੰਥ, ਪੰਨਾ 718)

ਹੁਣ ਫਿਰ ਇਹ ਢੀਠ ਦਸਮ ਗ੍ਰੰਥੀਏ ਇਹ ਕਹਿਣਗੇ ਕਿ 'ਭਗਉਤੀ' ਤਾਂ 'ਅਕਾਲ ਪੁਰਖ' ਹੈ, ਅਰਦਾਸ ਵਿੱਚ ਵੀ ਆਉਂਦਾ ਹੈ 'ਪ੍ਰਿਥਮ ਭਗਉਤੀ ਸਿਮਰ ਕੈ', ਤੁਸੀਂ ਕਿਹੜੀ ਨਵੀਂ ਗੱਲ ਕਰ ਰਹੇ ਹੋ ?

ਭਲਾ ਹੋ ਜਾਵੇ ਤੁਹਾਡਾ ਦਸਮ ਗ੍ਰੰਥੀਓ ! ਤੁਸੀਂ ਤਾਂ ਇਸ ਕਿਤਾਬ ਵਿੱਚ ਆਏ ਹਰ ਨਾਮ ਨੂੰ ਹੀ 'ਅਕਾਲ ਪੁਰਖ' ਨਾਲ ਜੋੜੀ ਜਾਂਦੇ ਹੋ। ਤੁਹਾਡੇ ਨਾਲ ਇਹੋ ਮੱਥਾ-ਪੱਚੀ ਕਰਦੇ ਤਾਂ ਇਸ ਪੁਤਸਕ ਦੇ ਦਸ ਭਾਗ ਲੰਘ ਗਏ ਹਨ। ਤੁਹਾਨੂੰ ਹਾਲੇ ਵੀ ਸਮਝ ਨਹੀਂ ਆਈ। ਪਰ ਚਿੰਤਾ ਨਾ ਕਰੋ, ਅਸੀਂ ਵੀ ਤੁਹਾਨੂੰ ਘਰ ਤਕ ਛੱਡ ਕੇ ਹੀ ਆਉਣਾ ਹੈ। ਇਸ ਕਿਤਾਬ ਵਿੱਚ ਤੁਹਾਡੇ ਲਈ ਸੈਂਕੜੇ ਉਦਾਹਰਣਾਂ ਹਨ ਜੋ ਇਹ ਸਾਬਤ ਕਰਦੀਆਂ ਹਨ ਕਿ ਇਹ 'ਕਾਲੀ ਦੀ ਕਿਤਾਬ' 'ਕਾਲੀ ਅਤੇ ਕਾਲ' ਦੀ ਉਸਤਤ ਨਾਲ ਹੀ ਭਰੀ ਪਈ ਹੈ, 'ਅਕਾਲ ਪੁਰਖ' ਨਾਲ ਨਹੀਂ। ਇਸ ਕਵਿਤਾ ਵਿੱਚ ਜ਼ਰਾ ਹੋਰ ਅੱਗੇ ਚਲੋ :

ਸਿੰਘ ਸ਼ਬਦ ਭਾਖੋ ਪ੍ਰਥਮ ਬਾਹਨ ਬਹੁਰ ਉਚਾਰਿ॥
ਸਭੈ ਨਾਮ ਜਗਮਾਤ ਕੇ ਲੀਜਹੁ ਸੁ ਕਬਿ ਸੁਧਾਰਿ॥ ੩੨॥

(ਅਖੌਤੀ ਦਸਮ ਗ੍ਰੰਥ, ਪੰਨਾ 719)

ਦਸਮ ਗ੍ਰੰਥੀਓ ! ਹੁਣ ਕਿਥੇ ਜਾਵੋਗੇ ? ਇਹ ਤਾਂ ਹੁਣ ਸਾਫ਼-ਸਾਫ਼ ਕਹਿ ਰਿਹਾ ਹੈ ਕਿ ਪਹਿਲਾਂ ਉਸ ਸ਼ੇਰ (ਸਿੰਘ) ਦਾ ਨਾਂ ਲੈ, ਜੋ ਦੁਰਗਾ ਦਾ ਬਾਹਨ (ਸਵਾਰੀ) ਹੈ। ਮੈਂ ਤਾਂ ਇਹ ਸਾਰੇ ਨਾਂ, ਉਸ 'ਜਗਮਾਤਾ' (ਪੂਰੇ ਜਗਤ ਦੀ ਮਾਤਾ) ਦੇ ਹੀ ਲਏ ਹਨ। ਜਿਥੇ ਮੇਰੇ ਕੋਲੋਂ ਗਲਤੀ ਹੋ ਗਈ ਹੈ, ਮੈਂ ਉਸ ਨੂੰ ਸੁਧਾਰ ਲਿਆ ਹੈ।

ਜੇ ਹਾਲੇ ਵੀ ਤੁਹਾਨੂੰ 'ਭਗਉਤੀ' ਸ਼ਬਦ 'ਅਕਾਲ ਪੁਰਖ' ਲਈ ਵਰਤਿਆ ਲਗਦਾ ਹੈ ਤਾਂ ਇਹ ਕਸੂਰ ਤੁਹਾਡਾ ਨਹੀਂ। ਕਈ ਦਹਾਕਿਆਂ ਤੋਂ ਤੁਸੀਂ ਅਰਦਾਸ ਵਿੱਚ ਇਸ ਭਗਉਤੀ ਦੇਵੀ ਨੂੰ ਯਾਦ ਕਰਦੇ ਆ ਰਹੇ ਹੋ, ਇਸ ਭਗਉਤੀ ਨੇ ਐਨੀ ਛੇਤੀ ਤੁਹਾਡੇ ਮਗਰੋਂ ਥੋੜੀ ਹੀ ਲਹਿ ਜਾਣਾ ਹੈ। ਉਹ ਸਪਸ਼ਟ ਸ਼ਬਦਾਂ ਵਿੱਚ ਇਸ ਭਗਉਤੀ ਦਾ ਨਾਂ 'ਭਗਵਤੀ' ਤੇ 'ਭਵਾਨੀ' ਦੱਸ

ਰਿਹਾ ਹੈ। ਇਹ ਪੜ੍ਹ ਕੇ ਤਾਂ ਤੁਸੀਂ ਮੰਨ ਜਾਵੋ ਕਿ ਇਹ ਭਗਉਤੀ 'ਅਕਾਲ ਪੁਰਖ' ਨਹੀਂ ਬਲਕਿ 'ਸ਼ੇਰਾਂ ਵਾਲੀ ਦੇਵੀ ਮਾਤਾ' ਹੈ। ਸ਼ੇਰ ਦੀ ਸਵਾਰੀ ਵਾਲੀ ਭਗਵਤੀ ਵੀ ਉਹ ਹੀ ਹੈ, ਅਤੇ ਭਵਾਨੀ ਵੀ ਉਹ ਹੀ ਹੈ। ਲਓ, ਤੁਹਾਡਾ ਇਹ ਗੁਰੂ ਇਥੇ ਦੋਵੇਂ ਨਾਮ ਸਾਫ਼-ਸਾਫ਼ ਲੈ ਰਿਹਾ ਹੈ :

ਭੂਤਾਂਤਕ ਸ੍ਰੀ ਭਗਵਤੀ ਭਵਹਾ ਨਾਮ ਬਖਾਨ।।
ਸ੍ਰੀ ਭਵਾਨੀ ਭੈ ਹਰਨ ਸਭ ਕੋ ਕਰੌ ਕਲਯਾਨ।। ੬।।

(ਅਖੌਤੀ ਦਸਮ ਗ੍ਰੰਥ, ਪੰਨਾ 719)

ਹੁਣ ਇਸ 'ਜਗਮਾਤਾ' ਨੂੰ ਵੀ 'ਅਕਾਲ ਪੁਰਖ' ਕਹਿ ਦੇਵੋ, ਜਿਸਦੀ ਸਵਾਰੀ ਸ਼ੇਰ ਹੈ। ਮੂਰਖ ਦਸਮ ਗ੍ਰੰਥੀਓ ! ਐਨੇ ਵੀ ਢੀਠ ਨਾ ਬਣੋ ਕਿ ਦੂਜੇ ਦੇ ਪਿਉ ਨੂੰ ਹੀ ਆਪਣਾ ਪਿਉ ਆਖੀ ਜਾਂਦੇ ਹੋ। ਜੇ ਉਹ 'ਕਾਲ ਤੇ ਕਾਲੀ' ਦਾ ਪੁਜਾਰੀ ਕਹਿ ਰਿਹਾ ਹੈ ਕਿ ਮੈਂ ਸ਼ੇਰਾਂ ਵਾਲੀ ਜਗਮਾਤਾ ਦਾ ਨਾਂ ਲੈ ਰਿਹਾ ਹਾਂ, ਫਿਰ ਤੁਸੀਂ ਕਿਉਂ ਉਸਨੂੰ 'ਅਕਾਲ ਪੁਰਖ' ਬਨਾਉਣ ਲਈ ਐਨੇ ਉਤਾਵਲੇ ਹੋ ਰਹੇ ਹੋ। ਚਲੋ ਹੋਰ ਵੇਖੋ, ਹਾਲੇ ਕੋਈ ਪ੍ਰਮਾਣਾਂ ਦੀ ਕਮੀ ਤਾਂ ਹੈ ਨਹੀਂ :

ਕਤੀ ਯਾਮਾਨੀ ਹਿੰਦਵੀ ਸਭ ਸ਼ਸਤ੍ਰਨ ਕੇ ਨਾਥ।।
ਲਏ ਭਗਉਤੀ ਨਿਕਸ ਹੈ ਆਪ ਕਲੰਕੀ ਹਾਥ।। ੪੬।।
ਪ੍ਰਿਥਮ ਸ਼ਕਤਿ ਪਦ ਉਚਰਿ ਕੈ ਪੁਨ ਕਹੁ ਸ਼ਕਤ ਬਿਸੇਖ।।
ਨਾਮ ਸੈਹਥੀ ਕੇ ਸਕਲ ਨਿਕਸਤ ਜਾਹਿ ਅਸੇਖ।। ੪੭।।

ਅਰਥ : ਪ੍ਰਿਥਮ + ਸ਼ਕਤਿ = ਆਦਿ + ਸ਼ਕਤੀ = ਆਦਿ ਭਵਾਨੀ।
(ਵੇਖੋ ਗੁਰੂ ਗ੍ਰੰਥ ਸਾਹਿਬ ਦੇ 874 ਅੰਕ 'ਤੇ ਬਾਬਾ ਨਾਮਦੇਵ ਜੀ ਵਾਲੀ ਆਦਿ ਭਵਾਨੀ)।

ਦਸਮ ਗ੍ਰੰਥੀਆਂ ਦਾ ਇਹ ਗੁਰੂ ਸ਼ਸਤ੍ਰਨਾਮ ਮਾਲਾ ਦੇ ਬਹਾਨੇ ਗੁਰੂ ਦੇ ਸਿੱਖਾਂ ਨੂੰ 'ਜਮ' ਦਾ ਨਾਮ ਲੈਣ ਲਈ ਕਹਿ ਰਿਹਾ ਹੈ :

ਪ੍ਰਿਥਮ ਨਾਮ ਜਮ ਕੋ ਉਚਰਿ ਬਹੁਰੋ ਰਦਨ ਉਚਾਰਿ।।
ਸਕਲ ਨਾਮ ਜਮਦਾੜ ਕੇ ਲੀਜਹੁ ਸੁ ਕਬਿ ਸੁਧਾਰਿ।। ੩੯।।

(ਅਖੌਤੀ ਦਸਮ ਗ੍ਰੰਥ, ਪੰਨਾ 719)

ਗੁਰਬਾਣੀ ਤਾਂ ਉਸ 'ਜਮ' ਬਾਰੇ ਕਹਿੰਦੀ ਹੈ :

ਮੰਨੈ ਮੁਹਿ ਚੋਟਾ ਨਾ ਖਾਇ।।
ਮੰਨੈ ਜਮ ਕੈ ਸਾਥਿ ਨ ਜਾਇ।।

(ਗੁਰੂ ਗ੍ਰੰਥ ਸਾਹਿਬ, ਅੰਕ 3)

ਸੇ ਮੁਕਤੁ ਸੇ ਮੁਕਤੁ ਭਏ ਜਿਨ ਹਰਿ ਧਿਆਇਆ ਜੀ
ਤਿਨ ਤੂਟੀ ਜਮ ਕੀ ਫਾਸੀ।।

(ਗੁਰੂ ਗ੍ਰੰਥ ਸਾਹਿਬ, ਅੰਕ 11)

ਸਾਧਸੰਗਤਿ ਹੋਇ ਨਿਰਮਲਾ ਕਟੀਐ ਜਮ ਕੀ ਫਾਸ।।
ਸੁਖਦਾਤਾ ਭੈ ਭੰਜਨੋ ਤਿਸੁ ਆਗੈ ਕਰਿ ਅਰਦਾਸਿ।।

(ਗੁਰੂ ਗ੍ਰੰਥ ਸਾਹਿਬ, ਅੰਕ 44)

ਇਸ ਕਿਤਾਬ ਦਾ ਗੁਰੂ ਤਾਂ ਕਹਿ ਰਿਹਾ ਕਿ ਪਹਿਲਾਂ 'ਜਮ' ਦਾ ਨਾਮ ਉਚਾਰ।

ਪ੍ਰਿਥਮ ਨਾਮ ਜਮ ਕੋ ਉਚਰਿ ਬਹੁਰੋ ਰਦਨ ਉਚਾਰਿ।।
ਸਕਲ ਨਾਮ ਜਮਦਾੜ ਕੇ ਲੀਜਹੁ ਸੁ ਕਬਿ ਸੁਧਾਰਿ।। ੩੯।।

(ਅਖੌਤੀ ਦਸਮ ਗ੍ਰੰਥ, ਪੰਨਾ 719)

ਤੁਸੀਂ ਤਾਂ ਹਾਲੇ ਕਾਲ, ਕਾਲੀ ਤੇ ਭਗਉਤੀ ਨੂੰ ਅਕਾਲ ਪੁਰਖ ਸਾਬਤ ਕਰਨ ਦੇ ਚੱਕਰਾਂ ਵਿੱਚ ਪਏ ਹੋਏ ਹੋ ਅਤੇ 300 ਸਾਲਾਂ ਵਿੱਚ ਵੀ ਇਹ ਫ਼ੈਸਲਾ ਨਹੀਂ ਕਰ ਸਕੇ। ਇਹ ਕਵੀ ਤਾਂ ਇਸ 'ਸ਼ਸਤ੍ਰਨਾਮ ਮਾਲਾ' ਦੀ ਆੜ ਵਿੱਚ ਤੁਹਾਨੂੰ ਹੁਣ ਕਈ ਹਿੰਦੂ ਸ਼ਖ਼ਸੀਅਤਾਂ ਦਾ ਨਾਮ ਜਪਵਾ ਕੇ ਛੱਡੇਗਾ। ਇੱਕ ਨਾਮ ਤਾਂ ਤੁਸੀਂ ਰੋਜ਼ਾਨਾ ਹੀ ਆਪਣੀ ਅਰਦਾਸ ਵਿੱਚ 'ਪ੍ਰਿਥਮ ਭਗੌਤੀ' ਸਿਮਰਦੇ ਹੋ। ਇਥੇ ਵੇਖੋ ਕਿ ਇਹ ਕਿਸ-ਕਿਸ ਦਾ ਨਾਮ ਜਪਵਾ ਰਿਹਾ ਹੈ। ਇਸਨੇ ਤੁਹਾਨੂੰ ਹਿੰਦੂ ਧਰਮ ਨਾਲ ਜੋੜਨ ਦੀ ਕੋਈ ਕਸਰ ਨਹੀਂ ਛੱਡਣੀ। ਇਸ ਕਿਤਾਬ ਨੇ ਤੁਹਾਨੂੰ ਪੱਕਾ ਬ੍ਰਾਹਮਣ ਬਣਾ ਕੇ ਹੀ ਸਾਹ ਲੈਣਾ ਹੈ। ਆਓ ਵੇਖੋ :

ਯਸਟੀਸ਼ਰ ਕੋ ਪ੍ਰਿਥਮ ਕਹਿ ਪੁਨ ਬਚ ਕਹੁ ਅਰਧੰਗ।।
ਨਾਮ ਸੈਹਥੀ ਕੇ ਸਭੈ ਉਚਰਤ ਜਾਹੁ ਨਿਸ਼ੰਗ।। ੫੨।।

(ਅਖੌਤੀ ਦਸਮ ਗ੍ਰੰਥ, ਪੰਨਾ 720)

ਲਛਮਨ ਅਉਰ ਘਟੋਤਕਚ ਏ ਪਦ ਪ੍ਰਿਥਮ ਉਚਾਰਿ।।
ਪੁਨਿ ਅਰਿ ਭਾਖੇ ਸ਼ਕਤ ਕੇ ਨਿਕਸਹਿ ਨਾਮ ਅਪਾਰ।। ੫੫।।

(ਅਖੌਤੀ ਦਸਮ ਗ੍ਰੰਥ, ਪੰਨਾ 720)

ਬਿਸ਼ਨ ਨਾਮ ਪ੍ਰਿਥਮੈ ਉਚਰਿ ਪੁਨ ਪਦ ਸ਼ਸਤ੍ਰ ਉਚਾਰਿ।।
ਨਾਮ ਸੁਦਰਸ਼ਨ ਕੇ ਸਭੈ ਨਿਕਸਤ ਜਾਹਿ ਅਪਾਰ।। ੫੭।।

(ਅਖੌਤੀ ਦਸਮ ਗ੍ਰੰਥ, ਪੰਨਾ 720)

ਨਰਕਾਸੁਰ ਪ੍ਰਿਥਮੈ ਉਚਰਿ ਪੁਨ ਰਿਪੁ ਸ਼ਬਦ ਬਖਾਨ।।
ਨਾਮ ਸੁਦਰਸ਼ਨ ਚੱਕ੍ਰ ਕੋ ਚਤੁਰ ਚਿੱਤ ਮੈ ਜਾਨ।। ੬੦।।

(ਅਖੌਤੀ ਦਸਮ ਗ੍ਰੰਥ, ਪੰਨਾ 720)

ਪ੍ਰਿਥਮ ਚੰਦੋਰੀ ਨਾਥ ਕੋ ਲੀਜੈ ਨਾਮ ਬਨਾਇ।।
ਪੁਨ ਰਿਪੁ ਸ਼ਬਦ ਉਚਾਰੀਐ ਚੱਕ੍ਰ ਨਾਮ ਹੁਇ ਜਾਇ।। ੬੨।।

(ਅਖੌਤੀ ਦਸਮ ਗ੍ਰੰਥ, ਪੰਨਾ 720)

ਪ੍ਰਿਥਮ ਬਿਰਹ ਪਦ ਉਚਰ ਕੈ ਪੁਨ ਕਹੁ ਸ਼ਸਤ੍ਰ ਬਿਸੇਖ।।
ਨਾਮ ਸੁਦਰਸ਼ਨ ਚਕ੍ਰ ਕੇ ਨਿਕਸਤ ਚਲੈ ਅਸੇਖ।। ੬੬।।

(ਅਖੌਤੀ ਦਸਮ ਗ੍ਰੰਥ, ਪੰਨਾ 720)

ਗਿਰਧਰ ਪ੍ਰਿਥਮ ਉਚਾਰਿ ਪਦ ਆਯੁਧ ਬਹੁਰ ਉਚਾਰਿ।।
ਨਾਮ ਸੁਦਰਸ਼ਨ ਚੱਕ੍ਰ ਕੇ ਨਿਕਸਤ ਚਲੈ ਅਪਾਰ।। ੬੮।।

(ਅਖੌਤੀ ਦਸਮ ਗ੍ਰੰਥ, ਪੰਨਾ 721)

ਕਾਲਿ ਨਥੀਆ ਪ੍ਰਿਥਮ ਕਹਿ ਸ਼ਸਤ੍ਰ ਸ਼ਬਦ ਕਹੁ ਅੰਤ।।
ਨਾਮ ਸੁਦਰਸ਼ਨ ਚੱਕ੍ਰ ਕੇ ਲੀਜਹੁ ਸੁ ਕਬਿ ਸੁਧਾਰ।। ੭੦।।

(ਅਖੌਤੀ ਦਸਮ ਗ੍ਰੰਥ, ਪੰਨਾ 721)

ਸ੍ਰੀ ਉਪੇਂਦ੍ਰ ਕੇ ਨਾਮ ਕਹਿ ਫੁਨ ਪਦ ਸ਼ਸਤ੍ਰ ਬਖਾਨ।।
ਨਾਮ ਸੁਦਰਸ਼ਨ ਚੱਕ੍ਰ ਕੇ ਸਭੈ ਸਮਝ ਸੁਰ ਗਿਆਨ।। ੭੩।।

(ਅਖੌਤੀ ਦਸਮ ਗ੍ਰੰਥ, ਪੰਨਾ 721)

ਗੁਰੂ ਸਵਾਰਿਓ ! ਇਨ੍ਹਾਂ ਸਾਜਸ਼ਾਂ ਨੂੰ ਸਮਝੋ। ਇਨ੍ਹਾਂ ਸ਼ਸਤਰਾਂ ਦੇ ਬਹਾਨੇ ਸਾਨੂੰ ਹਿੰਦੂ ਧਰਮ ਨਾਲ ਜੋੜ ਦਿੱਤਾ ਗਿਆ ਹੈ। ਯਸਟੀਸ਼ਰ, ਲਛਮਨ, ਘਟੋਤਕਚ, ਬਿਸ਼ਨ, ਨਰਕਾਸੁਰ, ਚੰਦੇਰੀ ਨਾਥ, ਗਿਰਧਰ, ਕਾਲੀ ਨਥੀਆ, ਕੰਸ ਕੇਸਿਹਾ, ਸ੍ਰੀ ਉਪੇਂਦ੍ਰ (ਹੋਰ ਵੀ ਬਹੁਤ ਹਨ) - ਕੀ ਇਹ ਸਾਰੇ ਸਾਡੇ ਰਿਸ਼ਤੇਦਾਰ ਲੱਗਦੇ ਹਨ ਜੋ ਅਸੀਂ ਇਨ੍ਹਾਂ ਦਾ ਨਾਮ ਲਈਏ (ਜਪੀਏ)।

ਖ਼ਾਲਸਾ ਜੀ ! ਅਸੀਂ ਠੱਗੇ ਜਾ ਰਹੇ ਹਾਂ। ਸਾਨੂੰ ਇਨ੍ਹਾਂ 'ਬਨਾਰਸ ਦੇ ਠੱਗਾਂ' ਨੇ ਠੱਗ ਲਿਆ ਹੈ। ਸਾਡਾ ਗੁਰੂ ਤਾਂ ਸਾਨੂੰ ਥਾਂ-ਥਾਂ 'ਤੇ ਸੁਚੇਤ ਕਰ ਰਿਹਾ ਹੈ :

ਮਨ ਮੇਰੇ ਅਨਦਿਨੁ ਜਾਗੁ ਹਰਿ ਚੇਤਿ॥
ਆਪਣੀ ਖੇਤੀ ਰਖਿ ਲੈ ਕੂੰਜ ਪੜੈਗੀ ਖੇਤਿ॥

(ਗੁਰੂ ਗ੍ਰੰਥ ਸਾਹਿਬ, ਅੰਕ 34)

ਲੇਕਿਨ ਵੀਰੋ ! ਅਸੀਂ ਫਿਰ ਵੀ ਨਹੀਂ ਜਾਗੇ। ਅੱਜ ਇਸੇ 'ਸ਼ਸਤ੍ਰਨਾਮ ਮਾਲਾ' ਕਰਕੇ ਹੀ ਸਾਡੇ ਇੱਕ ਤਖ਼ਤ, ਸ੍ਰੀ ਹਜ਼ੂਰ ਸਾਹਿਬ ਵਿੱਚ ਇਨ੍ਹਾਂ ਸ਼ਸਤਰਾਂ ਦੀ ਪੂਜਾ ਕੀਤੀ ਜਾਂਦੀ ਹੈ। ਇੱਕ ਵੱਖਰਾ ਕਮਰਾ, ਜਿਸਨੂੰ ਇਹ ਦਸਮ ਗ੍ਰੰਥੀਏ 'ਸਚਖੰਡ' ਕਹਿੰਦੇ ਹਨ, ਉਥੇ ਇਨ੍ਹਾਂ ਸ਼ਸਤਰਾਂ ਨੂੰ ਪ੍ਰਸ਼ਾਦ ਦਾ ਭੋਗ ਲਗਵਾਇਆ ਜਾਂਦਾ ਹੈ, ਇਨ੍ਹਾਂ ਨੂੰ ਇਸ਼ਨਾਨ ਕਰਵਾਇਆ ਜਾਂਦਾ ਹੈ ਅਤੇ ਟੱਲ ਆਦਿ ਖੜਕਾਏ ਜਾਂਦੇ ਹਨ। ਬਕਰਾ ਮਾਰ ਕੇ ਉਸ ਦੇ ਖ਼ੂਨ ਦਾ ਤਿਲਕ ਲਾਇਆ ਜਾਂਦਾ ਹੈ।

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਸਿੱਖ ਸ਼ਸਤਰਾਂ ਨਾਲ ਪਿਆਰ ਕਰਦਾ ਹੈ, ਉਨ੍ਹਾਂ ਨੂੰ ਅੰਗੀਕਾਰ ਕਰਦਾ ਹੈ, ਉਨ੍ਹਾਂ ਦੇ ਮਹੱਤਵ ਨੂੰ ਸਮਝਦਾ ਹੈ, ਲੇਕਿਨ ਇਸ ਦਾ ਮਤਲਬ ਇਹ ਨਹੀਂ ਕਿ ਉਹ '੧ੴ' ਨੂੰ ਭੁੱਲ ਕੇ ਸ਼ਸਤਰਾਂ ਦੀ ਉਸਤਤ ਅਤੇ ਪੂਜਾ ਕਰਨੀ ਹੀ ਸ਼ੁਰੂ ਕਰ ਦੇਵੇ। ਦੁਨੀਆ ਵਿੱਚ ਕਿਹੜੇ ਮਾਪੇ ਹਨ ਜੋ ਆਪਣੇ ਬੱਚਿਆਂ ਨੂੰ ਆਪਣੇ ਕਮਰੇ ਵਿੱਚ ਵੜ੍ਹਣ ਤੋਂ ਮਨਾ ਕਰਦੇ ਹੋਣ। ਇਨ੍ਹਾਂ ਦਸਮ ਗ੍ਰੰਥੀਆਂ ਦੇ ਗੁਰੂ ਦੇ ਕਮਰੇ ਵਿੱਚ ਉਸ ਦਾ ਆਪਣਾ ਸਿੱਖ ਹੀ ਨਹੀਂ ਜਾ ਸਕਦਾ। ਉਥੇ ਕੇਵਲ ਇੱਕ ਵਿਸ਼ੇਸ਼ ਪ੍ਰਕਾਰ ਦੀ ਲੁੰਗੀ ਪਾ ਕੇ, ਮੂੰਹ 'ਤੇ ਪਰਨਾ ਬੰਨ੍ਹ ਕੇ, ਕੇਸਾਧਾਰੀ ਬ੍ਰਾਹਮਣ ਪੁਜਾਰੀ ਹੀ ਜਾ ਸਕਦਾ ਹੈ। ਕੀ ਇਹ ਹੀ ਹੈ ਸਿੱਖੀ ? ਜਦਕਿ ਸ਼ਬਦ ਗੁਰੂ ਦਾ ਫ਼ੁਰਮਾਨ ਹੈ ਕਿ ਸਾਡਾ ਗੁਰੂ ਤਾਂ ਆਪ ਆਪਣੇ ਸਿੱਖ ਨੂੰ ਅੱਗੇ ਹੋ ਕੇ ਲੈ ਲੈਂਦਾ ਹੈ, ਤੇ ਆਪ ਉਠ ਕੇ ਉਸਦੇ ਕਾਰਜ ਪੂਰੇ ਕਰਦਾ ਹੈ।

ਅਪੁਨੇ ਸੇਵਕ ਕੀ ਆਪੇ ਰਾਖੈ ਆਪੇ ਨਾਮੁ ਜਪਾਵੈ॥
ਜਹ ਜਹ ਕਾਜ ਕਿਰਤਿ ਸੇਵਕ ਕੀ ਤਹਾ ਤਹਾ ਉਠਿ ਧਾਵੈ॥ ੧॥
ਸੇਵਕ ਕਉ ਨਿਕਟੀ ਹੋਇ ਦਿਖਾਵੈ॥
ਜੋ ਜੋ ਕਹੈ ਠਾਕੁਰ ਪਹਿ ਸੇਵਕੁ
ਤਤਕਾਲ ਹੋਇ ਆਵੈ॥ ੧॥ ਰਹਾਉ॥

(ਗੁਰੂ ਗ੍ਰੰਥ ਸਾਹਿਬ, ਅੰਕ 403)

ਗੁਰਿ ਮਿਲਿਐ ਮਿਲਿ ਅੰਕਿ ਸਮਾਇਆ।।
ਕਰਿ ਕਿਰਪਾ ਘਰੁ ਮਹਲੁ ਦਿਖਾਇਆ।।

(ਗੁਰੂ ਗ੍ਰੰਥ ਸਾਹਿਬ, ਅੰਕ 153)

ਗੁਰੂ ਆਪਣੇ ਪਿਆਰੇ ਸਿੱਖ ਨੂੰ ਮਿਲਦਾ ਹੈ ਤੇ ਆਪਣੀ ਗਲਵਕੜੀ ਵਿੱਚ ਲੈ ਲੈਂਦਾ ਹੈ।

ਸ਼ਸਤਰਾਂ ਨੂੰ ਪੂਜਣ ਵਾਲਾ ਇਹ ਕਿਹੜਾ ਗੁਰੂ ਹੈ ਜੋ ਕਿਸੇ ਸਿੱਖ ਨੂੰ ਆਪਣੇ ਕਮਰੇ ਵਿੱਚ ਵੜ੍ਹਣ ਦੀ ਇਜਾਜ਼ਤ ਵੀ ਨਹੀਂ ਦਿੰਦਾ, ਸਿਵਾਏ ਉਸ ਪੁਜਾਰੀ ਦੇ ?

ਖ਼ਾਲਸਾ ਜੀ ! ਬਹੁਤ ਦੇਰ ਹੋ ਚੁੱਕੀ ਹੈ। ਸੱਚ ਕਹਿਣ ਵਾਲੇ ਬਹੁਤ ਘੱਟ ਹਨ, ਤੇ ਸੱਚ ਸੁਨਣ ਵਾਲਾ ਕੋਈ ਨਹੀਂ। ਇਹ ਕਿਤਾਬ (ਜੋ ਸਿੱਖਾਂ ਵਿਰੁੱਧ ਇੱਕ ਬਹੁਤ ਵੱਡੀ ਸਾਜਸ਼ ਹੈ) ਨੂੰ ਕੌਮ ਦੇ ਸਿਰ ਤੋਂ ਕੌਣ ਉਤਾਰੇਗਾ ? ਇਸ ਕਿਤਾਬ ਨੇ ਜਿਨ੍ਹਾਂ ਕੁਰੀਤੀਆਂ ਨੂੰ ਸਿੱਖੀ ਵਿੱਚ ਵਾੜ੍ਹ ਦਿੱਤਾ ਹੈ, ਉਨ੍ਹਾਂ ਨੂੰ ਕੌਣ ਦੂਰ ਕਰੇਗਾ ?

# ਭਾਗ ੧੨

## ਅਥ ਪਖਯਾਨ ਚਰਿਤ੍ਰ ਲਿਖਯਤੇ॥

ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ॥ ਸ੍ਰੀ ਭਗੌਤੀ ਜੀ ਸਹਾਇ॥
ਅਥ ਪਖਯਾਨ ਚਰਿਤ੍ਰ ਲਿਖਯਤੇ॥ ਪਾਤਿਸ਼ਾਹੀ ੧੦॥

ਗੁਰੂ ਸਵਾਰੇ ਖ਼ਾਲਸਾ ਜੀਓ ! ਅਖੌਤੀ ਦਸਮ ਗ੍ਰੰਥ ਦੀਆਂ 'ਦੇਵੀ ਪੂਜਕ' ਰਚਨਾਵਾਂ ਦਾ ਜ਼ਿਕਰ ਕਰਦੇ-ਕਰਦੇ ਹੁਣ ਅਸੀਂ ਉਸ ਪੜਾਅ 'ਤੇ ਆ ਪੁੱਜੇ ਹਾਂ ਜਿੱਥੇ ਸਿੱਖ ਸਿਧਾਂਤਾਂ ਦੇ ਮੂੰਹ 'ਤੇ ਕਾਲਖ ਪੋਤ ਦੇਣ ਵਾਲੀ 'ਅਸ਼ਲੀਲ ਕਵਿਤਾਵਾਂ' 'ਵਿਭਚਾਰ ਦੀਆਂ ਕਹਾਣੀਆਂ' ਦੇ ਰੂਪ ਵਿੱਚ ਲਿਖੀਆਂ ਹੋਈਆਂ ਹਨ। ਦੁਖਾਂਤ ਇਹ ਹੈ ਕਿ ਇਸ ਨੂੰ ਅਸੀਂ 'ਦਸਮ ਬਾਣੀ' ਕਹਿ ਕੇ ਇਸ ਅੱਗੇ ਮੱਥੇ ਟੇਕੀ ਜਾ ਰਹੇ ਹਾਂ ਅਤੇ ਸਾਰਾ ਜੀਵਨ ਕੌਮ ਦੀ ਭਲਾਈ ਤੇ ਸਿੱਖਾਂ ਦੀ ਚੜ੍ਹਦੀ-ਕਲਾ ਲਈ ਸਰਬੰਸ-ਦਾਨ ਕਰ ਦੇਣ ਵਾਲੇ ਦਸਮ ਪਿਤਾ ਨੂੰ ਬਦਨਾਮ ਕਰ ਰਹੇ ਹਾਂ। ਇਸਨੂੰ ਪੜ੍ਹਣ ਵਾਲਾ ਬੰਦਾ ਨਾ ਤਾਂ ਇਸ ਵਿੱਚ ਲਿਖੀਆਂ ਕਹਾਣੀਆਂ ਕਿਸੇ ਨੂੰ ਸੁਣਾ ਸਕਦਾ ਹੈ ਅਤੇ ਨਾ ਹੀ ਖੁਲ੍ਹ ਕੇ ਇਸ ਬਾਰੇ ਜ਼ਿਕਰ ਕਰ ਸਕਦਾ ਹੈ। ਇਸ ਗੱਲ ਦਾ ਹੀ ਫ਼ਾਇਦਾ ਪੰਥ ਦੋਖੀ ਪੁਜਾਰੀਆਂ ਨੇ ਚੁੱਕਿਆ ਅਤੇ ਇਸ ਗ੍ਰੰਥ 'ਤੇ ਰੁਮਾਲੇ ਪਾ ਕੇ ਇਸਨੂੰ ਢੱਕੀ-ਲਪੇਟੀ ਰਖਿਆ। ਅਤੇ ਭੋਲੇ-ਭਾਲੇ ਸਿੱਖਾਂ ਕੋਲੋਂ ਇਸ ਅੱਗੇ ਮੱਥੇ ਟਿਕਵਾਂਦੇ ਰਹੇ। ਉਨ੍ਹਾਂ ਦਸਮ ਗ੍ਰੰਥੀਆਂ ਦੀ ਇਹ ਵੀ ਮੰਸ਼ਾ ਸੀ ਕਿ ਸਾਰੇ ਇਸਨੂੰ ਮੱਥਾ ਟੇਕਦੇ ਰਹਿਣ, ਇਸਦੀ ਬਾਣੀ ਨੂੰ 'ਦਸਮ ਬਾਣੀ' ਕਹੀ ਜਾਣ ਪਰ ਕੋਈ ਇਸ ਨੂੰ ਪੜ੍ਹੇ ਨਾ। ਅਤੇ ਜੇ ਕਿਸੇ ਵਿਦਵਾਨ ਜਾਂ ਸਿੱਖ ਨੇ ਇਸ ਨੂੰ ਪੜ੍ਹ ਲਿਆ ਤੇ ਉਹ ਇਸਦੀ ਅਸ਼ਲੀਲਤਾ ਨੂੰ ਸਮਝ ਗਿਆ, ਉਹ ਚਾਹ ਕੇ ਵੀ ਇਸਨੂੰ ਕਹਿਣ ਤੋਂ ਹਿਚਕਦਾ ਰਿਹਾ ਜਾਂ ਉਸਦੀ ਹਿੰਮਤ ਹੀ ਨਾ ਪਈ ਕਿ ਇਨ੍ਹਾਂ ਕਹਾਣੀਆਂ ਨੂੰ ਸਿੱਖਾਂ ਤਕ ਪਹੁੰਚਾ ਸਕੇ। ਇਸੇ ਕਰਕੇ ਸਿੱਖ ਇਹ ਸਮਝ ਹੀ ਨਾ ਸਕੇ ਕਿ ਇਸ ਗ੍ਰੰਥ ਵਿੱਚ ਕੀ ਕੁਝ ਲਿਖਿਆ ਹੋਇਆ ਹੈ। ਅੱਜ ਵਕਤ ਆ ਗਿਆ ਹੈ ਕਿ ਇਸ ਕੰਮ ਲਈ

ਸਾਨੂੰ ਸਾਰਿਆਂ ਨੂੰ ਅੱਗੇ ਆਉਣਾ ਹੀ ਪਵੇਗਾ। ਸਾਨੂੰ ਭਾਵੇਂ ਬੁਰਾ ਬਣ ਕੇ, ਨਿਰਲੱਜ ਬਣ ਕੇ, ਬੇਸ਼ਰਮ ਬਣ ਕੇ, ਇਸ ਗੰਦ ਨੂੰ ਕੌਮ ਅੱਗੇ ਖੋਲ੍ਹ ਕੇ ਰੱਖਣਾ ਹੀ ਪਵੇਗਾ।

ਵੀਰੋ ! ਜੇ ਹੁਣ ਵੀ ਅਸੀਂ ਸ਼ਰਮ ਨਾ ਛੱਡੀ, ਨਿਰਲੱਜ ਨਾ ਹੋਏ ਤਾਂ ਆਉਣ ਵਾਲੇ ਸਮੇਂ ਵਿੱਚ ਸਾਰੀ ਕੌਮ ਬੇਸ਼ਰਮ ਅਤੇ ਨਿਰਲੱਜ ਆਖੀ ਜਾਵੇਗੀ। ਇਸ ਲਈ ਭਾਵੇਂ ਸਾਡਾ ਅੰਤ ਹੋ ਜਾਵੇ, ਅਸੀਂ ਵੀ ਦਸਮ ਗ੍ਰੰਥੀਆਂ ਪਾਸੋਂ ਛੇਕ ਦਿੱਤੇ ਜਾਈਏ, ਪਰ ਅਸੀਂ ਇਸ 'ਕੂੜ ਗ੍ਰੰਥ' ਦੀ ਅਸਲੀਅਤ ਭੋਲੇ-ਭਾਲੇ ਸਿੱਖਾਂ ਤਕ ਲਿਜਾ ਕੇ ਹੀ ਰਹਾਂਗੇ। ਉਨ੍ਹਾਂ ਨੂੰ ਇਸਦੀ ਅਸਲੀਅਤ ਦਾ ਪਤਾ ਲੱਗਣਾ ਬਹੁਤ ਜ਼ਰੂਰੀ ਹੈ। ਜੇ ਅਸੀਂ ਇਸ ਅਸ਼ਲੀਲ ਕਵਿਤਾ ਬਾਰੇ ਕੌਮ ਨੂੰ ਦੱਸਦੇ ਹਾਂ ਤਾਂ ਬੇਸ਼ਰਮ ਅਖਵਾਉਂਦੇ ਹਾਂ। ਪਰ ਜੇ ਨਹੀਂ ਦੱਸਦੇ ਤਾਂ ਪੂਰੀ ਕੌਮ ਹੀ ਬੇਸ਼ਰਮ ਅਖਵਾਉਂਦੀ ਹੈ। ਜੇ ਪੰਥ ਹੈ ਤਾਂ ਅਸੀਂ ਹਾਂ। ਜੇ ਪੰਥ ਹੀ ਨਹੀਂ ਤਾਂ ਸਾਡੇ ਹੋਣ ਦਾ ਕੀ ਫ਼ਾਇਦਾ ? 'ਦਸਮ ਬਾਣੀ' ਦੇ ਨਾਂ 'ਤੇ ਉਸ ਸਰਬੰਸ-ਦਾਨੀ ਗੁਰੂ ਨੂੰ ਬਦਨਾਮ ਕੀਤਾ ਜਾ ਰਿਹਾ ਹੈ, ਜੋ ਹੁਣ ਬਰਦਾਸ਼ਤ ਤੋਂ ਬਾਹਰ ਹੋ ਚੁੱਕਾ ਹੈ।

ਗੁਰੂ ਗ੍ਰੰਥ ਸਾਹਿਬ ਜੀ ਨੂੰ 'ਇਕੋ ਇੱਕ' ਗੁਰੂ ਮੰਨਣ ਵਾਲੇ ਹਰ ਸਿੱਖ ਨੂੰ ਚਾਹੀਦਾ ਹੈ ਕਿ ਸਿੱਖ ਕੌਮ ਦੇ ਅਮੀਰ ਵਿਰਸੇ ਨੂੰ, ਸ਼ਹੀਦਾਂ ਤੇ ਮਰਜੀਵੜਿਆਂ ਦੇ ਇਤਿਹਾਸ ਨੂੰ, ਉਨ੍ਹਾਂ ਦੀਆਂ ਕੁਰਬਾਨੀਆਂ ਨੂੰ, ਸ਼ਬਦ ਗੁਰੂ ਦੇ ਸਿਧਾਂਤਾਂ ਤੇ ਸਿੱਖਿਆਵਾਂ ਨੂੰ, ਦਸ ਗੁਰੂ ਜਾਮਿਆਂ ਦੀ ਵਿਰਾਸਤ ਨੂੰ, ਆਪਣੇ ਅਖੀਰਲੇ ਸਾਹ ਤਕ ਬਦਨਾਮ ਨਾ ਹੋਣ ਦੇਵੇ। ਬਹੁਤ ਸੋਚ-ਸਮਝ ਕੇ ਇਹ ਵਿਸ਼ਾ ਹੁਣ ਪੰਥ ਦੇ ਸਾਹਮਣੇ ਖੋਲ੍ਹ ਕੇ ਰੱਖਣ ਦਾ ਫ਼ੈਸਲਾ ਕੀਤਾ ਹੈ, ਤਾਂਕਿ ਹਰੇਕ ਸਿੱਖ ਨੂੰ ਇਹ ਪਤਾ ਲੱਗ ਸਕੇ ਕਿ ਗੁਰੂ ਗੋਬਿੰਦ ਸਿੰਘ ਸਾਹਿਬ ਨੂੰ ਬਦਨਾਮ ਕਰਨ ਲਈ ਸਾਡੇ ਖ਼ਿਲਾਫ਼ ਕਿੰਨੀ ਵੱਡੀ ਸਾਜਸ਼ ਰਚੀ ਗਈ ਹੈ। ਮੈਂ ਆਪਣੀਆਂ ਧੀਆਂ, ਭੈਣਾਂ ਤੇ ਬੱਚੀਆਂ ਨੂੰ ਇਹ ਗੁਜਾਰਿਸ਼ ਕਰਦਾ ਹਾਂ ਕਿ ਉਹ ਇਸ ਅਸ਼ਲੀਲ ਸਾਹਿਤ ਨੂੰ ਨਾ ਹੀ ਪੜ੍ਹਣ ਤਾਂ ਚੰਗਾ ਹੈ। ਫਿਰ ਵੀ ਜੇ ਕਿਸੇ ਦੇ ਮਨ ਵਿੱਚ ਇਹ ਗੱਲ ਆ ਰਹੀ ਹੈ ਕਿ ਇਥੇ ਕੋਈ ਝੂਠ ਜਾਂ ਗਲਤ ਗੱਲ ਲਿਖੀ ਜਾ ਰਹੀ ਹੈ ਤਾਂ ਉਹ ਇਸ ਅਸ਼ਲੀਲਤਾ ਨੂੰ ਪੜ੍ਹ ਕੇ ਇਹ ਅੰਦਾਜ਼ਾ ਜ਼ਰੂਰ ਲਗਾ ਲੈਣ ਕਿ ਇਹ ਗੁਰੂ-ਕ੍ਰਿਤ ਹੈ ਜਾਂ ਦਸਮ ਪਿਤਾ ਨੂੰ ਬਦਨਾਮ ਕਰਨ ਦੀ ਇੱਕ ਕੋਝੀ ਸਾਜਸ਼ ਜੋ ਕਿ ਪੰਥ-ਦੋਖੀਆਂ ਨੇ ਸਾਡੇ ਨਾਲ ਖੇਡੀ ਹੈ।

ਦਸਮ ਗ੍ਰੰਥੀਆਂ ਦੀ ਇਸ ਸਾਜਸ਼ ਦੀ ਸਭ ਤੋਂ 'ਕਮਜ਼ੋਰ ਕੜੀ' ਇਹ ਰਚਨਾ ਹੈ। ਇਸ ਦਾ ਜ਼ਿਕਰ ਆਉਂਦੇ ਹੀ ਉਹ ਗੂੰਗੇ-ਬੱਥੇ ਹੋ ਜਾਦੇ ਹਨ। ਕੀ ਗੁਰੂ ਗ੍ਰੰਥ ਸਾਹਿਬ ਵਿੱਚ ਕੋਈ ਐਸੀ ਬਾਣੀ ਹੈ ਜਿਸਨੂੰ ਛਿਪਾਇਆ ਜਾਂਦਾ ਹੋਵੇ, ਜਾਂ ਨਾ ਪੜ੍ਹਿਆ ਜਾਂਦਾ ਹੋਵੇ ? ਫਿਰ ਇਸ ਕਿਤਾਬ ਦੀ ਇਸ ਰਚਨਾ ਨੂੰ ਕਿਉਂ ਸੰਗਤ ਕੋਲੋਂ ਛਿਪਾ ਕੇ ਰਖਿਆ ਜਾਂਦਾ ਹੈ ? 'ਚਰਿਤ੍ਰਯੋ ਪਾਖਿਯਾਨ' ਦਾ ਕੀਰਤਨ ਸ੍ਰੀ ਦਰਬਾਰ ਸਾਹਿਬ ਤੋਂ ਕਿਉਂ ਨਹੀਂ ਕਰਵਾਇਆ ਜਾਂਦਾ ?

ਪਿਛਲੇ ਦਿਨੀਂ ਪੰਥ ਦੇ ਇੱਕ ਪ੍ਰਚਾਰਕ ਨੇ ਜਦੋਂ ਸ੍ਰੀ ਅਕਾਲ ਤਖ਼ਤ ਦੇ ਸਕਤਰੇਤ ਵਿੱਚ ਪੇਸ਼ ਹੋ ਕੇ ਸਿੱਖ ਰਹਿਤ ਮਰਯਾਦਾ ਦੇ ਦੋਖੀ ਗ੍ਰੰਥੀਆਂ ਅੱਗੇ ਲਿਖਤ ਮਾਫ਼ੀ-ਨਾਮਾ ਦਿੱਤਾ ਤਾਂ ਉਸ ਤੋਂ ਪਹਿਲੇ ਸ਼੍ਰੋਮਣੀ ਕਮੇਟੀ ਦੇ ਕੁਝ ਝੋਲੀ-ਚੁੱਕ ਰਾਗੀਆਂ ਨੇ ਉਸ ਪ੍ਰਚਾਰਕ ਲਈ ਇਹ ਕਿਹਾ ਕਿ 'ਇਸਨੂੰ ਕੜੀ ਤੋਂ ਕੜੀ ਸਜ਼ਾ ਲਾਈ ਜਾਵੇ। ਅਸੀਂ ਦਸਮ ਬਾਣੀ ਦਾ ਕੀਰਤਨ ਕਰਾਂਗੇ ਤੇ ਇਹ ਬਹਿ ਕੇ ਸੁਣੇਗਾ।' ਪਰ ਉਹ ਪ੍ਰਚਾਰਕ ਉਨ੍ਹਾਂ ਨੂੰ ਕੋਈ ਜਵਾਬ ਨਾ ਦੇ ਸਕਿਆ। ਜੇ ਉਸ ਪ੍ਰਚਾਰਕ ਦੀ ਥਾਂ ਉਨ੍ਹਾਂ ਰਾਗੀਆਂ ਨੇ ਇਹ ਗੱਲ ਮੈਨੂੰ ਕਹੀ ਹੁੰਦੀ ਤਾਂ ਮੇਰਾ ਜਵਾਬ ਹੋਣਾ ਸੀ ਕਿ, 'ਮੈਂ ਤੁਹਾਡੀ ਇਸ ਧਮਕੀ ਤੇ ਚੁਣੌਤੀ ਨੂੰ ਸਵੀਕਾਰ ਕਰਦਾ ਹਾਂ। ਤੁਸੀਂ ਇੱਕ ਘੰਟਾ ਕੀ। ਸਾਰਾ ਦਿਨ, ਪੂਰੇ ਹਫ਼ਤੇ ਜਾਂ ਸਾਰਾ ਸਾਲ ਆਪਣੇ ਗੁਰੂ ਦੀ 'ਚਰਿਤ੍ਰੋ ਪਾਖਿਯਾਨ' ਦਾ ਕੀਰਤਨ ਦਰਬਾਰ ਸਾਹਿਬ ਵਿੱਚ ਕਰਨ ਦੀ ਹਿੰਮਤ ਕਰੋ, ਮੈਂ ਗੁਰੂ ਦਾ ਸਿੱਖ ਨਹੀਂ ਜੇ ਰੋਜ਼ ਬਹਿ ਕੇ 'ਤੁਹਾਡੀ ਇਸ ਦਸਮ ਬਾਣੀ ਨੂੰ ਨਾ ਸੁਣਾਂ।' ਸਾਡਾ ਸਾਰਾ ਕੰਮ ਤਾਂ ਇਹ ਦਸਮ ਗ੍ਰੰਥੀ ਹੀ ਪੂਰਾ ਕਰ ਦੇਣਗੇ। ਜੇ ਇਹ ਇਸ ਰਚਨਾ ਦਾ ਕੀਰਤਨ ਕਰ ਦੇਣ ਤਾਂ ਪੂਰੀ ਕੌਮ ਸੜਕ 'ਤੇ ਵੱਟੇ ਮਾਰ-ਮਾਰ ਕੇ ਇਨ੍ਹਾਂ ਨੂੰ ਭਜਾਏਗੀ, ਤੇ ਪੁੱਛੇਗੀ ਕਿ ਕੀ ਤੁਸੀਂ ਇਸੇ ਨੂੰ ਦਸਮ ਬਾਣੀ ਕਹਿੰਦੇ ਹੋ ?

ਪਰ ਇਹ ਬਹੁਤ ਸਿਆਣੇ ਹਨ। ਇਹ ਇਸ ਅਸ਼ਲੀਲਤਾ ਨੂੰ ਕੌਮ ਦੇ ਸਾਹਮਣੇ ਇਸੇ ਕਰਕੇ ਨਹੀਂ ਰੱਖਦੇ, ਕਿ ਜੇ ਇਹ ਕਹਾਣੀਆਂ ਖੁਲ੍ਹ ਗਈਆਂ ਤਾਂ ਇਸ ਕੂੜ ਕਿਤਾਬ ਦਾ ਵੀ ਨਾਲ ਹੀ ਭੋਗ ਪੈ ਜਾਣਾ ਹੈ। ਸ੍ਰੀ ਅਕਾਲ ਤਖ਼ਤ ਦਾ ਹੈਡ ਗ੍ਰੰਥੀ ਇਹ ਕਹਿੰਦਾ ਨਹੀਂ ਥੱਕਦਾ ਕਿ ਇਹ 'ਦਸਮ ਬਾਣੀ' ਹੈ, ਪਰ ਉਸ ਵਿੱਚ ਵੀ ਐਨੀ ਹਿੰਮਤ ਨਹੀਂ ਕਿ ਇਸ ਅਸ਼ਲੀਲ ਬਾਣੀ ਨੂੰ ਸੰਗਤ ਵਿੱਚ ਪੜ੍ਹ ਸਕੇ।

ਮੇਰੇ ਪਿਆਰੇ ਵੀਰੋ ! ਇਨ੍ਹਾਂ ਕੋਲੋਂ ਡਰਨ ਵਾਲੇ ਬਹੁਤ ਹਨ, ਇਨ੍ਹਾਂ ਨੂੰ ਜਵਾਬ ਦੇਣ ਵਾਲਾ ਕੋਈ ਨਹੀਂ। ਪਰ ਕੀ ਉਹ ਸਿੱਖ ਇਨ੍ਹਾਂ ਕੋਲੋਂ ਡਰੇਗਾ ਜਿਸ ਦੇ ਗੁਰੂ 'ਤੇ ਤੋਹਮਤਾਂ ਲੱਗ ਰਹੀਆਂ ਹੋਣ। ਡਰਨਾ ਉਸਨੂੰ ਚਾਹੀਦਾ ਹੈ ਜੋ ਗੁਰੂ ਨੂੰ ਅਸ਼ਲੀਲ ਕਹਾਣੀਆਂ ਲਿਖਣ ਵਾਲਾ ਕਹਿ ਕੇ ਬਦਨਾਮ ਕਰ ਰਿਹਾ ਹੋਵੇ। ਬਸ ! ਜੇ ਐਨੀ ਜਿਹੀ ਗੱਲ ਸਾਰਿਆਂ ਦੀ ਸਮਝ ਵਿੱਚ ਆ ਜਾਵੇ ਤਾਂ ਇਨ੍ਹਾਂ ਨੂੰ ਭਾਜੜਾਂ ਪੈਂਦਿਆਂ ਦੇਰ ਨਹੀਂ ਲੱਗਣੀ।

ਦਸਮ ਗ੍ਰੰਥੀਆਂ ਅਤੇ ਅਖੌਤੀ ਆਗੂਆਂ ਨੂੰ ਇਹ ਗੱਲ ਸਮਝ ਲੈਣੀ ਚਾਹੀਦੀ ਹੈ ਕਿ ਉਨ੍ਹਾਂ ਨੂੰ ਇਹ ਬੋਲਣ ਤੋਂ ਪਹਿਲਾਂ ਕਿ 'ਦਸਮ ਗ੍ਰੰਥ ਗੁਰੂ ਰਚਿਤ ਬਾਣੀ ਹੈ', 1973 ਵਿੱਚ ਸ਼੍ਰੋਮਣੀ ਕਮੇਟੀ ਵੱਲੋਂ ਜਾਰੀ ਕੀਤੇ ਮਤੇ ਨੂੰ ਚੰਗੀ ਤਰ੍ਹਾਂ ਪੜ੍ਹ ਲੈਣਾ ਚਾਹੀਦਾ ਹੈ, ਤਾਂਕਿ ਬਾਅਦ ਵਿੱਚ ਇਨ੍ਹਾਂ ਨੂੰ ਜਗ-ਹਸਾਈ ਦਾ ਕਾਰਣ ਨਾ ਬਨਣਾ ਪੈ ਜਾਵੇ। ਪੱਤਰ ਨੰ. 36672 ਮਿਤੀ 4-8-1973, ਦਸਤਖ਼ਤ ਮੀਤ ਸਕੱਤਰ ਗੁਰਬਖਸ਼ ਸਿੰਘ, ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਵਿੱਚ ਸਪਸ਼ਟ ਸ਼ਬਦਾਂ ਵਿੱਚ ਲਿਖਿਆ ਗਿਆ ਹੈ ਕਿ :

* 'ਚਰਿਤ੍ਰਯੋ ਪਾਖਿਯਾਨ' ਜੋ ਦਸਮ ਗ੍ਰੰਥ ਵਿੱਚ ਹਨ, ਇਹ ' ਦਸ਼ਮੇਸ਼ ਬਾਣੀ' ਨਹੀਂ। ਇਹ ਪੁਰਾਤਨ ਹਿੰਦੂ ਮਿਥਿਹਾਸਕ ਸਾਖੀਆਂ ਦਾ ਉਤਾਰਾ ਹੈ।

ਗੁਰੂ ਦੀ ਬਾਣੀ ਤਾਂ 'ਅੰਮ੍ਰਿਤ' ਹੁੰਦੀ ਹੈ। ਉਸ ਦਾ ਪ੍ਰਸਾਰ ਤੇ ਪ੍ਰਚਾਰ ਵੱਧ ਤੋਂ ਵੱਧ ਕੀਤਾ ਜਾਣਾ ਚਾਹੀਦਾ ਹੈ। ਫਿਰ ਇਨ੍ਹਾਂ ਅਸ਼ਲੀਲ ਅਤੇ ਫੂਹੜ ਕਹਾਣੀਆਂ ਨੂੰ ਪੰਥ ਕੋਲੋਂ ਕਿਉਂ ਛਿਪਾਇਆ ਜਾਂਦਾ ਹੈ, ਉਨ੍ਹਾਂ ਨੂੰ ਰੁਮਾਲਿਆਂ ਤੋਂ ਬਾਹਰ ਕਿਉਂ ਨਹੀਂ ਕੱਢਿਆ ਜਾਂਦਾ ? ਇਸ ਕਿਤਾਬ ਦਾ ਪ੍ਰਕਾਸ਼ (ਹਨੇਰਾ) ਦੋ ਤਖ਼ਤਾਂ 'ਤੇ ਹੁੰਦਾ ਹੈ ਅਤੇ ਉਥੇ ਇਸ ਵਿੱਚੋਂ ਵਾਕ ਵੀ ਲਿਆ ਜਾਂਦਾ ਹੈ। ਪਰ ਇਹ ਵਾਕ ਕਦੇ ਵੀ ਇਨ੍ਹਾਂ 579 ਪੰਨਿਆਂ ਵਿੱਚੋਂ ਕਿਉਂ ਨਹੀਂ ਨਿਕਲਦਾ ? ਇਸਦਾ ਕਾਰਣ ਬਿਲਕੁਲ ਸਪਸ਼ਟ ਹੈ ਕਿ ਜੇ ਇਨ੍ਹਾਂ ਪੰਨਿਆਂ ਵਿੱਚੋਂ 'ਮੁਖ ਬਕਵਾਸ' ਨਿਕਲ ਆਇਆ ਤਾਂ ਇਹ ਦਸਮ ਗ੍ਰੰਥੀਏ ਕੀ ਕਰਨਗੇ ? ਉਹ ਇਸਨੂੰ ਬੋਰਡ 'ਤੇ ਲਿਖ ਕੇ ਇਸਦੇ ਕੀ ਅਰਥ ਲਿਖਣਗੇ ? ਇਸ ਦਾ ਜਵਾਬ ਤਾਂ ਅਕਾਲ ਤਖ਼ਤ ਦਾ ਹੈਡ-ਗ੍ਰੰਥੀ ਵੀ ਨਹੀਂ ਦੇ ਸਕੇਗਾ, ਜੋ ਇਹ ਕਹਿੰਦਾ

ਫਿਰਦਾ ਹੈ ਕਿ ਇਸਨੂੰ ਕਿਤਾਬ ਨਾ ਕਹੋ, ਇਹ ਇੱਕ ਗੁਰੂ ਰਚਿਤ ਗ੍ਰੰਥ ਹੈ। ਜੇ ਕੋਈ ਦਸਮ ਗ੍ਰੰਥੀ ਇਹ ਦੱਸਣ ਦੀ ਕਿਰਪਾਲਤਾ ਕਰ ਦੇਵੇ ਕਿ ਇਸ ਕਿਤਾਬ ਵਿੱਚੋਂ ਇਹੋ ਜਿਹਾ 'ਮੁਖ ਬਕਵਾਸ' ਕਿਉਂ ਨਹੀਂ ਨਿਕਲਦਾ ਤਾਂ ਉਸਦੀ ਬਹੁਤ ਮਿਹਰਬਾਨੀ ਹੋਵੇਗੀ :

ਪ੍ਰਥਮ ਜਾਰ ਜਬ ਧਕਾ ਲਗਾਯੋ।।
ਤਬ ਰਾਨੀ ਲੈ ਢੋਲ ਬਜਾਯੋ।।
ਜਬ ਤਿਹ ਲਿੰਗ ਸੁ ਭਗ ਤੇ ਕਾਢਾ।।
ਤ੍ਰਿਯ ਦਿਲ ਢੋਲ ਢਮਾਕਾ ਗਾਢਾ।।

(ਅਖੌਤੀ ਦਸਮ ਗ੍ਰੰਥ, ਪੰਨਾ 1342)

ਜੇ ਇਹ ਅਸ਼ਲੀਲ ਰਚਨਾ ਗੁਰੂ-ਕ੍ਰਿਤ ਹੁੰਦੀ ਤਾਂ ਦਸਮ ਗ੍ਰੰਥ ਨੂੰ ਛਾਪਣ ਵਾਲੀ ਕਿਸੇ ਵੈਬਸਾਈਟ ਨੇ ਤਾਂ ਇਸਦੇ ਅਰਥ ਲਿਖੇ ਹੁੰਦੇ। ਪ੍ਰੋ. ਸਾਹਿਬ ਸਿੰਘ ਨੇ ਵੀ ਇਸ ਦਾ ਟੀਕਾ ਨਹੀਂ ਕੀਤਾ। ਮੁੱਖ ਗੁਰਬਾਣੀ ਵੈਬਸਾਈਟਾਂ ਜਿਵੇਂ gurugranthdarpan.com, searchgurbani.com ਨੇ ਵੀ ਇਸ ਅਸ਼ਲੀਲ ਰਚਨਾ ਦਾ ਅਨੁਵਾਦ ਨਹੀਂ ਕੀਤਾ। ਕੀ ਇਹ ਹੀ ਹੈ 'ਦਸਮ ਬਾਣੀ' ਜਿਸ ਬਾਰੇ ਗੱਲ ਕਰਨਾ ਵੀ ਕੋਈ ਨਿਰਲੱਜਤਾ ਹੀ ਸਮਝਦਾ ਹੈ ?

ਜਦੋਂ ਇਨ੍ਹਾਂ ਸਵਾਲਾਂ ਦਾ ਕੋਈ ਜਵਾਬ ਨਹੀਂ ਹੁੰਦਾ ਕਿ ਕੀ ਇਹ ਅਸ਼ਲੀਲ ਰਚਨਾ ਗੁਰੂ ਰਚਿਤ ਹੈ' ਅਤੇ 'ਇਸ ਤੋਂ ਇੱਕ ਸਿੱਖ ਨੂੰ ਕੀ ਸਿੱਖਿਆ ਮਿਲਦੀ ਹੈ' ਤਾਂ ਇਹ ਪਹਿਲਾਂ ਤਾਂ ਡਾਂਗਾਂ ਚੁੱਕ ਲੈਂਦੇ ਹਨ। ਫਿਰ ਪੰਥ ਤੋਂ ਛੇਕਣ ਦਾ ਡਰ ਦਿਖਾਉਂਦੇ ਹਨ। ਜੇ ਕੋਈ ਗੁਰੂ ਦਾ ਪਿਆਰਾ ਇਨ੍ਹਾਂ ਦੀ ਕਿਸੇ ਵੀ 'ਗਿੱਦੜ ਭਬਕੀ' ਤੋਂ ਨਾ ਡਰੇ ਤਾਂ ਇਹ ਵਿਚਾਰ ਦੇ ਨਾਂ 'ਤੇ ਅਕਸਰ ਕੁਝ ਹਥਕੰਡੇ ਅਪਨਾਉਂਦੇ ਹਨ ਜਿਨ੍ਹਾਂ ਬਾਰੇ ਆਪ ਜੀ ਨੂੰ ਦੱਸਣਾ ਬਹੁਤ ਜ਼ਰੂਰੀ ਹੈ।

1. ਇਨ੍ਹਾਂ ਕੋਲ ਇਸ 'ਅਸ਼ਲੀਲ ਰਚਨਾ' ਨੂੰ 'ਜਸਟੀਫ਼ਾਈ' ਕਰਨ ਲਈ ਕੋਈ ਹੋਰ ਦਲੀਲ ਨਹੀਂ ਹੁੰਦੀ ਤਾਂ ਇਹ ਕਹਿੰਦੇ ਹਨ ਕਿ 'ਵੇਖੋ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਵੀ ਦਸਮ ਗ੍ਰੰਥ ਦੀ ਕਥਾ ਕਰਦੇ ਸਨ।' ਇਹ ਲੋਕ ਐਸਾ ਕਹਿ ਕੇ ਬਹੁਤਿਆਂ ਨੂੰ ਤਾਂ ਚੁਪ ਕਰਾ ਸਕਦੇ ਹਨ। ਪਰ ਜੇ ਇਨ੍ਹਾਂ ਨੂੰ ਇਹ ਕਹੀਏ ਕਿ ਭਿੰਡਰਾਵਾਲਿਆਂ ਦੀ 'ਚਰਿਤ੍ਰਯੋ ਪਾਖਿਯਾਨ' ਦੀ ਵਿਆਖਿਆ ਦੀ ਕੋਈ ਵੀਡੀਓ ਹੀ

ਦਿਖਾ ਦਿਉ ਤਾਂ ਇਹ ਭੱਜ ਖਲੋਂਦੇ ਹਨ। ਉਸ ਤੋਂ ਬਾਅਦ ਇਹ ਗਿ. ਸੰਤ ਸਿੰਘ ਮਸਕੀਨ ਦੀ ਇੱਕ ਵੀਡੀਓ ਦਾ ਜ਼ਿਕਰ ਕਰਦੇ ਹਨ ਜਿਸ ਵਿੱਚ ਇਸ ਗੰਦ ਨੂੰ 'ਕਾਮ' ਦੀ ਵਿਆਖਿਆ ਦੇ ਰੂਪ ਵਿੱਚ ਬਹੁਤ ਹੀ ਹਾਸੋ-ਹੀਣੇ ਢੰਗ ਨਾਲ ਪੇਸ਼ ਕੀਤਾ ਗਿਆ ਹੈ। ਕੋਈ ਵੀ ਕਥਾਕਾਰ ਤੇ ਪ੍ਰਚਾਰਕ ਕਿਸੇ ਵੀ ਗੱਲ ਨੂੰ ਆਪਣੇ ਅਧਿਐਨ ਤੇ ਸੋਚ ਅਨੁਸਾਰ ਹੀ ਬਿਆਨ ਕਰਦਾ ਹੈ। ਉਸ ਦੇ ਵਿਚਾਰਾਂ ਦੀ ਪੜਚੋਲ ਕਰਨ ਲਈ ਉਸਦੇ ਪਿਛੋਕੜ ਵੱਲ ਵੀ ਝਾਤ ਮਾਰਨੀ ਪੈਂਦੀ ਹੈ।

ਇਥੇ ਇੱਕ ਗੱਲ ਹੋਰ ਵੀ ਸਮਝਣ ਵਾਲੀ ਹੈ ਕਿ ਪੰਥ ਦਾ ਕੋਈ ਵੀ ਵਿਦਵਾਨ ਜਾਂ ਸ਼ਖ਼ਸੀਅਤ ਇਸ ਕਿਤਾਬ ਦਾ ਹਮਾਇਤੀ ਵੀ ਹੋ ਸਕਦਾ ਹੈ ਤੇ ਵਿਰੋਧੀ ਵੀ। ਇਹ ਉਸਦੇ ਅਧਿਐਨ ਅਤੇ ਨਿਜੀ ਸੋਚ 'ਤੇ ਅਧਾਰਿਤ ਹੁੰਦਾ ਹੈ। ਇਹ ਬਿਲਕੁਲ ਵੀ ਸਿਧਾਂਤਕ ਨਹੀਂ ਹੈ ਕਿ ਜੇ ਅਸੀਂ ਦਸਮ ਗ੍ਰੰਥ ਦੇ ਹਮਾਇਤੀ ਹਾਂ ਤਾਂ ਅਸੀਂ ਜਰਨੈਲ ਸਿੰਘ ਭਿੰਡਰਾਂ ਵਾਲਿਆਂ ਜਾਂ ਸੰਤ ਸਿੰਘ ਮਸਕੀਨ ਨੂੰ ਅੱਗੇ ਕਰ ਦੇਈਏ। ਜੇ ਦਸਮ ਗ੍ਰੰਥੀ ਆਪਣੇ ਪੱਖ ਨੂੰ ਸਹੀ ਸਾਬਤ ਕਰਨ ਲਈ ਇਨ੍ਹਾਂ ਦੋ ਸ਼ਖ਼ਸੀਅਤਾਂ ਦੀ ਗੱਲ ਕਰਦੇ ਹਨ, ਤਾਂ ਫਿਰ ਜੇ ਦਸਮ ਗ੍ਰੰਥ ਦਾ ਵਿਰੋਧ ਕਰਨ ਵਾਲੇ, ਦਸਮ ਗ੍ਰੰਥ ਨੂੰ ਰੱਦ ਕਰਨ ਵਾਲੀਆਂ ਸ਼ਖ਼ਸੀਅਤਾਂ ਦਾ ਨਾਂ ਲੈਂਦੇ ਹਨ ਤਾਂ ਫਿਰ ਉਹ ਉਨ੍ਹਾਂ ਨੂੰ ਕਿਉਂ ਗਾਲ੍ਹਾਂ ਕੱਢਦੇ ਹਨ ? ਦਸਮ ਗ੍ਰੰਥ ਦੇ ਵਿਰੋਧੀਆਂ ਨੂੰ ਵੀ ਆਪਣੇ ਵਿਚਾਰ ਅਤੇ ਗੱਲ ਨੂੰ ਰੱਖਣ ਦਾ ਉਨਾ ਹੀ ਅਧਿਕਾਰ ਹੈ ਜਿੰਨਾ ਕਿ ਦਸਮ ਗ੍ਰੰਥ ਦੇ ਹਮਾਇਤੀਆਂ ਨੂੰ।

ਇਹ ਦਸਮ ਗ੍ਰੰਥੀਏ ਇਨ੍ਹਾਂ ਵਿਦਵਾਨਾਂ ਨੂੰ ਫ਼ੇਸਬੁੱਕ ਅਤੇ ਆਪਣੀਆਂ ਵੈਬਸਾਈਟਾਂ 'ਤੇ ਅਕਸਰ ਅਪਮਾਨਿਤ ਕਰਦੇ, ਇਨ੍ਹਾਂ ਸ਼ਖ਼ਸੀਅਤਾਂ ਨੂੰ ਗਾਲ੍ਹਾਂ ਕੱਢਦੇ ਅਤੇ ਇਨ੍ਹਾਂ ਦੀ ਨਿੰਦਾ ਕਰਦੇ ਵੇਖੇ ਜਾ ਸਕਦੇ ਹਨ। ਇਨ੍ਹਾਂ ਨੂੰ ਕੋਈ ਪੁੱਛੇ ਕਿ ਗਾਲ੍ਹਾਂ ਕੱਢ ਕੇ ਜਾਂ ਡਾਂਗਾਂ ਤੇ ਬਰਛਿਆਂ ਨਾਲ ਕਿਸੇ ਮਸਲੇ ਦਾ ਹਲ ਨਿਕਲ ਸਕਦਾ ਹੈ ? ਜਿਨ੍ਹਾਂ ਕੋਲ ਵਿਚਾਰ ਅਤੇ ਗਿਆਨ ਹੁੰਦਾ ਹੈ ਉਹ 'ਗਿਆਨ

ਖੜਗ' ਦੀ ਵਰਤੋਂ ਕਰਦੇ ਹਨ। ਜਿਨ੍ਹਾਂ ਕੋਲ ਨਾ ਵਿਚਾਰ ਹੈ ਤੇ ਨਾ ਹੀ ਗਿਆਨ, ਉਨ੍ਹਾਂ ਦਾ ਹਥਿਆਰ ਤਾਂ ਫਿਰ ਸਿਰਫ਼ ਡਾਂਗਾਂ ਤੇ ਬਰਛੇ ਹੀ ਹੋ ਸਕਦੇ ਹਨ। ਜਿਨ੍ਹਾਂ ਕੋਲ 'ਗਿਆਨ ਖੜਗ' ਹੁੰਦੀ ਹੈ ਉਨ੍ਹਾਂ ਦਾ ਹਥਿਆਰ ਗਿਆਨ ਤੇ ਵਿਚਾਰ ਹੁੰਦਾ ਹੈ।

'ਬਿਖਿਆ' ਨੂੰ 'ਅੰਮ੍ਰਿਤ' ਨਹੀਂ ਸਾਬਤ ਕੀਤਾ ਜਾ ਸਕਦਾ, ਭਾਵੇਂ ਜਿੰਨਾ ਵੀ ਜ਼ੋਰ ਲਾ ਲਿਆ ਜਾਵੇ। ਸੱਚ ਤਾਂ ਸੱਚ ਹੀ ਰਹਿੰਦਾ ਹੈ, ਤੇ ਝੂਠ ਨੇ ਝੂਠ ਹੀ ਰਹਿਣਾ ਹੈ। ਇਹ ਲੋਕ ਉਸ ਬਿਖਿਆ ਨੂੰ ਅੰਮ੍ਰਿਤ ਸਾਬਤ ਕਰਨ ਲਈ ਆਪਣਾ ਸਾਰਾ ਬਾਰੂਦ ਤੇ ਅਸਲਾ ਖ਼ਤਮ ਕਰ ਚੁੱਕੇ ਹਨ। ਜਦੋਂ ਕਿਸੇ ਕੋਲ ਲੜਦਿਆਂ-ਲੜਦਿਆਂ ਗੋਲੀਆਂ ਖ਼ਤਮ ਹੋ ਜਾਣ ਤਾਂ ਉਹ ਆਪਣੀ ਖਾਲੀ ਬੰਦੂਕ ਕਿਸੇ ਹੋਰ ਦੇ ਮੋਢੇ 'ਤੇ ਰੱਖ ਦਿੰਦਾ ਹੈ ਤੇ ਉਸਦੇ ਪਿੱਛੇ ਖਲੋ ਕੇ ਆਪਣਾ ਬਚਾਅ ਕਰਦਾ ਹੈ। ਇਸੇ ਨੂੰ 'ਕਿਸੇ ਦੇ ਮੋਢੇ 'ਤੇ ਬੰਦੂਕ ਰਖਣੀ' ਕਿਹਾ ਜਾਂਦਾ ਹੈ। ਹੁਣ ਦਸਮ ਗ੍ਰੰਥੀਆਂ ਦਾ ਵੀ ਇਹੋ ਹਾਲ ਹੈ। ਇਸ 'ਕੂੜ ਕਿਤਾਬ' ਨੂੰ ਗੁਰੂ-ਕ੍ਰਿਤ ਸਾਬਤ ਕਰਨ ਲਈ ਇਨ੍ਹਾਂ ਕੋਲ ਕੋਈ ਦਲੀਲ ਬਾਕੀ ਨਹੀਂ ਬਚੀ ਹੈ। ਹੁਣ ਇਨ੍ਹਾਂ ਕੋਲ ਕੋਈ ਬਾਰੂਦ ਨਹੀਂ ਬਚਿਆ ਜੋ ਇਹ ਚਲਾ ਸਕਣ, ਸੋ ਇਹ ਆਪਣੀ ਖਾਲੀ ਬੰਦੂਕ ਉਨ੍ਹਾਂ ਵਿਦਵਾਨਾਂ ਤੇ ਸ਼ਖ਼ਸੀਅਤਾਂ ਦੇ ਮੋਢੇ 'ਤੇ ਰੱਖ ਕੇ ਚਲਾਉਣਾ ਚਾਹੁੰਦੇ ਹਨ ਜੋ ਪਹਿਲਾਂ ਹੀ ਅਖੌਤੀ ਦਸਮ ਗ੍ਰੰਥ ਦੇ ਹਮਾਇਤੀ ਸਨ।

2. ਜਦੋਂ ਇਸ 'ਗੰਦੀ ਕਵਿਤਾ' ਦੀ ਗੱਲ ਕਰੋ ਤਾਂ ਇਹ ਕਹਿੰਦੇ ਹਨ ਕਿ ਜਿਸਨੂੰ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੀ ਸਮਝ ਨਹੀਂ, ਉਹ ਇਸ ਅਗਾਧ ਬੋਧ ਬਾਣੀ ਨੂੰ ਨਹੀਂ ਸਮਝ ਸਕਦਾ। ਫਿਰ ਉਹ ਗੁਰੂ ਗ੍ਰੰਥ ਸਾਹਿਬ ਵਿੱਚੋਂ ਕੁਝ ਸ਼ਬਦ ਦੇ ਕੇ ਉਸ ਦਾ ਅਰਥ ਪੁੱਛਦੇ ਹਨ ਤੇ 'ਚਰਿਤ੍ਰੋਪਾਖਿਯਾਨ' ਵਿਸ਼ੇ ਤੋਂ ਪਾਸਾ ਵੱਟ ਲੈਂਦੇ ਹਨ।

3. ਤੀਜਾ ਹਥਕੰਡਾ ਜੋ ਇਹ ਵਰਤਦੇ ਹਨ, ਉਹ ਬਹੁਤ ਹੀ ਨੀਚਤਾ ਵਾਲਾ ਹੈ। ਕਿਉਂਕਿ ਇਹ ਤਰੀਕਾ ਤਾਂ ਸਿੱਧਾ ਗੁਰੂ ਗ੍ਰੰਥ ਸਾਹਿਬ 'ਤੇ ਹੀ ਇੱਕ ਹਮਲਾ ਹੈ। ਉਹ 'ਚਰਿਤ੍ਰੋਪਾਖਿਯਾਨ' ਦੀ ਅਸ਼ਲੀਲਤਾ

ਦੀ ਪੈਰਵੀ ਕਰਨ ਲਈ ਗੁਰੂ ਗ੍ਰੰਥ ਸਾਹਿਬ ਜੀ ਦੀ 'ਅੰਮ੍ਰਿਤ ਬਾਣੀ' ਨੂੰ ਹੀ ਅਸ਼ਲੀਲ ਸਾਬਤ ਕਰਨ ਲੱਗ ਪੈਂਦੇ ਹਨ। ਗਿਆਨੀ ਭਾਗ ਸਿੰਘ ਅੰਬਾਲਾ ਨੂੰ ਪੰਥ ਵਿੱਚੋਂ ਇਸ ਲਈ ਛੇਕ ਦਿੱਤਾ ਜਾਂਦਾ ਹੈ ਕਿ ਉਨ੍ਹਾਂ ਨੇ ਇਸ 'ਕੂੜ ਕਿਤਾਬ' ਬਾਰੇ ਕੌਮ ਨੂੰ ਸੁਚੇਤ ਕਰਨ ਦਾ ਯਤਨ ਕੀਤਾ। ਪ੍ਰੋ. ਦਰਸ਼ਨ ਸਿੰਘ ਖ਼ਾਲਸਾ ਵਰਗੇ ਪੰਥ ਦਰਦੀ ਪ੍ਰਚਾਰਕ ਨੂੰ ਇਸ ਲਈ ਪੰਥ ਤੋਂ ਛੇਕ ਦਿੱਤਾ ਜਾਂਦਾ ਹੈ ਕਿ ਉਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਜੀ ਬਾਰੇ ਇਸ ਕਿਤਾਬ ਵਿੱਚ ਲਿਖੀ, ਉਨ੍ਹਾਂ ਦੀ ਸ਼ਖ਼ਸੀਅਤ ਨੂੰ ਬਦਨਾਮ ਕਰਨ ਵਾਲੀ ਕਹਾਣੀ (ਜੋ ਕਿ ਦਸਮ ਗ੍ਰੰਥੀਆਂ ਦੇ ਗੁਰੂ, ਦਸਮ ਗ੍ਰੰਥ ਵਿੱਚ ਦਰਜ ਹੈ) ਬਾਰੇ ਕੌਮ ਨੂੰ ਸੁਚੇਤ ਕੀਤਾ। ਕੀ ਧਰਮ ਦੇ ਇਨ੍ਹਾਂ ਠੇਕੇਦਾਰਾਂ ਨੂੰ ਇਹੋ ਜਿਹੇ ਦਸਮ ਗ੍ਰੰਥੀਏ ਰਾਗੀਆਂ ਦਾ ਕੋਈ ਕਸੂਰ ਨਹੀਂ ਦਿੱਸਦਾ ਜੋ ਗੁਰੂ ਗ੍ਰੰਥ ਸਾਹਿਬ ਦੇ ਪਵਿੱਤਰ ਸ਼ਬਦਾਂ ਨੂੰ ਅਸ਼ਲੀਲ ਸਾਬਤ ਕਰ ਰਹੇ ਹਨ ? ਇਹ ਸਭ ਕੁਝ ਇਸ ਲਈ ਹੋ ਰਿਹਾ ਹੈ ਕਿਉਂਕਿ ਇਨ੍ਹਾਂ 'ਅਸ਼ਲੀਲ ਗੰਦੀਆਂ ਕਹਾਣੀਆਂ' 'ਤੇ 'ਦਸਮ ਬਾਣੀ' ਦੀ ਮੋਹਰ ਲੱਗ ਸਕੇ।

# ਭਾਗ ੧੩

## ਅਥ ਪਖਯਾਨ ਚਰਿਤ੍ਰ ਲਿਖਯਤੇ।।

ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ।। ਸ੍ਰੀ ਭਗੌਤੀ ਜੀ ਸਹਾਇ।।
ਅਥ ਪਖਯਾਨ ਚਰਿਤ੍ਰ ਲਿਖਯਤੇ।। ਪਾਤਿਸ਼ਾਹੀ ੧੦।।

ਭੋਗ ਕਰੋ ਮੁਹਿ ਸਾਥ ਭਲੀ ਬਿਧਿ ਭੂਪਤਿ ਕੇ ਨਹਿ ਤ੍ਰਸਾ ਬਿਚਾਰੋ।।

ਇਸ ਪੁਸਤਕ ਦੇ ਪਿਛਲੇ ਭਾਗ ਵਿੱਚ ਅਸੀਂ ਅਖੌਤੀ ਦਸਮ ਗ੍ਰੰਥ ਵਿੱਚ ਦਰਜ 'ਚਰਿਤ੍ਰ ਪਖਯਾਨ' ਨਾਂ ਦੀ 'ਅਸ਼ਲੀਲ ਰਚਨਾ' ਦਾ ਜ਼ਿਕਰ ਕੀਤਾ ਸੀ। ਇਸ ਨੂੰ ਅਸੀਂ 'ਤ੍ਰਿਯਾ ਚਰਿਤ੍ਰ', 'ਚਰਿਤ੍ਰਯੋ ਪਾਖਿਯਾਨ' ਆਦਿਕ ਨਾਵਾਂ ਨਾਲ ਵੀ ਜਾਣਦੇ ਹਾਂ। ਇਨ੍ਹਾਂ 'ਕਾਮ ਖੇਡਾਂ' ਨਾਲ ਇਸ ਕਿਤਾਬ ਦੇ 579 ਪੰਨੇ ਭਰੇ ਹੋਏ ਹਨ। ਇਹ ਅਸ਼ਲੀਲ ਕਹਾਣੀਆਂ 'ਅਥ ਪਖਯਾਨ ਚਰਿਤ੍ਰ ਲਿਖਯਤੇ' ਨਾਮਕ ਸਿਰਲੇਖ ਹੇਠ ਪੰਨਾ ਨੰ. 809 ਤੋਂ ਸ਼ੁਰੂ ਹੋ ਕੇ ਪੰਨਾ ਨੰ. 1388 'ਤੇ ਸਮਾਪਤ ਹੁੰਦੀਆਂ ਹਨ। ਇਸ ਰਚਨਾ ਵਿੱਚ ਕੁਲ 404 ਚਰਿਤ੍ਰ ਹਨ।

ਪਹਿਲਾ ਚਰਿਤ੍ਰ ਦੁਰਗਾ ਦੇਵੀ ਦੀ ਉਸਤਤਿ ਨਾਲ ਸ਼ੁਰੂ ਹੁੰਦਾ ਹੈ। ਇਸ ਕਿਤਾਬ ਦੀਆਂ ਹੋਰ ਰਚਨਾਵਾਂ ਵਾਂਗ ਹੀ ਇਸ ਉੱਤੇ ਵੀ 'ਪਾਤਿਸ਼ਾਹੀ 10' ਦਾ ਠੱਪਾ ਲਗਿਆ ਹੋਇਆ ਹੈ ਜੋ ਕਿ ਇਹ ਦਰਸਾਉਣ ਲਈ ਹੈ ਕਿ ਇਹ ਗੁਰੂ ਗੋਬਿੰਦ ਸਿੰਘ ਜੀ ਦੀ ਲਿਖਤ ਰਚਨਾ ਹੈ। ਪਰ ਇਹ ਫ਼ੈਸਲਾ ਪਾਠਕਾਂ ਨੇ ਆਪ ਕਰਨਾ ਹੈ ਕਿ ਇਹ ਰਚਨਾ ਗੁਰੂ-ਕ੍ਰਿਤ ਹੋ ਸਕਦੀ ਹੈ ਜਾਂ ਨਹੀਂ ?

ਇਸ ਰਚਨਾ ਦੇ ਅਖੀਰਲੇ 404ਵੇਂ ਚਰਿਤ੍ਰ ਵਿੱਚ ਦੁਰਗਾ ਦੇਵੀ ਦੇ ਰਾਖਸ਼ਾਂ ਨਾਲ ਕੀਤੇ ਹੋਏ ਯੁੱਧਾਂ ਦਾ ਵਰਣਨ ਹੈ ਅਤੇ ਨਾਲ ਹੀ ਉਸ ਦੀ ਉਸਤਤਿ ਵੀ ਕੀਤੀ ਗਈ ਹੈ। ਇਸ ਅਖੀਰਲੇ ਚਰਿਤ੍ਰ ਦੇ 405 ਬੰਦ ਜਾਂ

ਪੌੜੀਆਂ ਹਨ, ਜਿਸ ਵਿੱਚੋਂ 377ਵੀਂ ਦੇ ਬਾਅਦ ਦੀਆਂ ਪਉੜੀਆਂ ਸਾਡੇ ਨਿਤਨੇਮ ਵਿੱਚ ਪੜ੍ਹੀ ਜਾਣ ਵਾਲੀ 'ਕਬਿਯੋ ਬਾਚ ਬੇਨਤੀ ਚੌਪਈ' ਦੀਆਂ ਹਨ। ਇਸ ਚੌਪਈ ਦੀਆਂ 377 ਤੋਂ ਲੈ ਕੇ 405 ਤਕ ਦੀਆਂ ਪਉੜੀਆਂ ਨਿਤਨੇਮ ਦੇ ਗੁਟਕਿਆਂ ਵਿੱਚ 1 ਤੋਂ ਲੈ ਕੇ 25 ਨੰਬਰ ਦੇ ਕੇ ਪਾ ਦਿੱਤੀਆਂ ਗਈਆਂ ਹਨ। ਨਾਲ ਹੀ ਅਖੀਰਲੀਆਂ ਚਾਰ ਪਉੜੀਆਂ ਹਟਾ ਦਿੱਤੀਆਂ ਗਈਆਂ ਹਨ। ਕੁਝ ਵਰ੍ਹੇ ਪਹਿਲਾਂ ਤਕ ਇਹ ਪਉੜੀਆਂ ਚੌਪਈ ਵਿੱਚ ਸ਼ਾਮਲ ਸਨ ਪਰ ਹੁਣ ਇਨ੍ਹਾਂ ਨੂੰ ਨਿਤਨੇਮ ਦੇ ਗੁਟਕਿਆਂ ਵਿੱਚੋਂ ਚੁਪ-ਚੁਪੀਤੇ ਹਟਾਂ ਦਿੱਤਾ ਗਿਆ ਹੈ। ਇਹ ਇਸ ਤਰ੍ਹਾਂ ਹਨ :

ਕ੍ਰਿਪਾ ਕਰੀ ਹਮ ਪਰ ਜਗਮਾਤਾ।।
ਗ੍ਰੰਥ ਕਰਾ ਪੂਰਨ ਸੁਭ ਰਾਤਾ।।
ਕਿਲਬਿਖ ਸਕਲ ਦੇਹ ਕੋ ਹਰਤਾ।।
ਦੁਸ਼ਟ ਦੋਖਿਯਨ ਕੋ ਛੈ ਕਰਤਾ।। ੪੦੨।।
ਸ੍ਰੀ ਅਸਿਧੁਜ ਜਬ ਭਏ ਦਯਾਲਾ।।
ਪੂਰਨ ਕਰਾ ਗ੍ਰੰਥ ਤਤਕਾਲਾ।।
ਮਨ ਬਾਂਛਤ ਫਲ ਪਾਵੈ ਸੋਈ।।
ਦੂਖ ਨ ਤਿਸੈ ਬਿਆਪਤ ਕੋਈ।। ੪੦੩।।
ਅੜਿੱਲ।।
ਸੁਨੈ ਗੁੰਗ ਜੋ ਯਾਹਿ ਸੁ ਰਸਨਾ ਪਾਵਈ।।
ਸੁਨੈ ਮੂੜ੍ਹ ਚਿਤ ਲਾਇ ਚਤੁਰਤਾ ਆਵਈ।।
ਦੂਖ ਦਰਦ ਭੌਂ ਨਿਕਟ ਨ ਤਿਨ ਨਰ ਕੇ ਰਹੈ।।
ਹੋ ਜੋ ਯਾਕੀ ਏਕ ਬਾਰ ਚੌਪਈ ਕੋ ਕਹੈ।। ੪੦੪।।
ਚੌਪਈ।।
ਸੰਬਤ ਸੱਤ੍ਰਹ ਸਹਸ ਭਣਿੱਜੈ।।
ਅਰਧ ਸਹਸ ਫੁਨਿ ਤੀਨਿ ਕਹਿੱਜੈ।।
ਭਾਦ੍ਰਵ ਸੁਦੀ ਅਸ਼ਟਮੀ ਰਵਿ ਵਾਰਾ।।
ਤੀਰ ਸਤੱਦ੍ਰਵ ਗ੍ਰੰਥ ਸੁਧਾਰਾ।। ੪੦੫।।

(ਅਖੌਤੀ ਦਸਮ ਗ੍ਰੰਥ, ਪੰਨਾ 1388)

ਅਸੀਂ ਇਸ ਬਾਰੇ ਆਪਣੇ ਵਿਚਾਰ ਪਿਛਲੇ ਭਾਗਾਂ ਵਿੱਚ ਸਾਂਝੇ ਕਰ ਚੁਕੇ ਹਾਂ ਕਿ ਇਨ੍ਹਾਂ ਪਉੜੀਆਂ ਦੇ ਨੰਬਰ ਅਤੇ ਇਹ ਚਾਰ ਪਉੜੀਆਂ, ਗੁਟਕਿਆਂ ਵਿੱਚ ਛਪੀ ਹੋਈ ਚੌਪਈ ਵਿੱਚੋਂ ਕਿਉਂ ਹਟਾ ਦਿੱਤੀਆਂ ਗਈਆਂ ਹਨ। ਹੁਣ ਸ੍ਰੀ ਅਕਾਲ ਤਖ਼ਤ ਦੇ ਹੈਡ-ਗ੍ਰੰਥੀ ਵੱਲੋਂ ਜਵਾਬ ਦੇਣ ਦੀ ਵਾਰੀ ਹੈ ਕਿ ਐਸਾ ਕਿਉਂ, ਕਿਸਨੇ ਅਤੇ ਕਿਸਦੇ ਕਹਿਣ 'ਤੇ ਇਹ ਸਭ ਕੀਤਾ ? ਜੋ ਗੁਟਕੇ ਸ਼੍ਰੋਮਣੀ ਕਮੇਟੀ ਛਾਪ ਰਹੀ ਹੈ, ਉਸ ਵਿੱਚ 'ਚੌਪਈ' ਦਾ 'ਵਿਕ੍ਰਤ' ਅਤੇ 'ਅਸ਼ੁੱਧ' ਰੂਪ ਕਿਉਂ ਛਾਪਿਆ ਜਾ ਰਿਹਾ ਹੈ ? ਅਸੀਂ ਤਾਂ ਇਸ ਕਿਤਾਬ ਨੂੰ ਗੁਰੂ-ਕ੍ਰਿਤ ਮੰਨਦੇ ਹੀ ਨਹੀਂ ਹਾਂ। ਪਰ ਹੈਡ-ਗ੍ਰੰਥੀ ਸਾਹਿਬ ਤਾਂ ਇਸਨੂੰ 'ਗੁਰੂ ਰਚਿਤ' ਆਖਦੇ ਹਨ, ਇਸ ਲਈ ਉਸ 'ਤੇ ਪਹਿਰਾ ਦੇਣਾ ਉਨ੍ਹਾਂ ਦਾ ਮੁੱਢਲਾ ਫ਼ਰਜ਼ ਬਣਦਾ ਹੈ।

ਨਿਤਨੇਮ ਦੇ ਗੁਟਕਿਆਂ ਵਿੱਚ ਜੋ 'ਚੌਪਈ' ਅਸੀਂ ਪੜ੍ਹ ਰਹੇ ਹਾਂ, ਉਹ 'ਚੌਪਈ ਦੇ ਮੂਲ ਸ੍ਰੋਤ' ਦਾ 'ਅਸ਼ੁੱਧ ਤੇ ਵਿਗੜਿਆ' ਹੋਇਆ ਰੂਪ ਹੈ। ਗੁਟਕੇ ਵਿੱਚ ਦਰਜ ਚੌਪਈ 'ਦਸਮ ਗ੍ਰੰਥ' ਦੇ ਮੂਲ ਪਾਠ ਤੋਂ ਵੱਖਰੀ ਹੈ। ਇਨ੍ਹਾਂ ਪਉੜੀਆਂ ਦੇ ਨੰਬਰ ਕਿਸਨੇ ਅਤੇ ਕਿਉਂ ਬਦਲ ਦਿੱਤੇ ਹਨ ? ਇਸ ਦਾ ਜਵਾਬ ਤਾਂ ਸ੍ਰੀ ਅਕਾਲ ਤਖ਼ਤ ਦੇ ਹੈਡ-ਗ੍ਰੰਥੀ ਜਾਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸਾਹਿਬ ਹੀ ਦੇ ਸਕਦੇ ਹਨ। ਉਹ ਇਹ ਵੀ ਦੱਸ ਸਕਣਗੇ ਕਿ ਜੇ ਇਹ ਉਨ੍ਹਾਂ ਦੇ ਗੁਰੂ ਦੀ ਰਚਨਾ ਹੈ ਤਾਂ ਗੁਰਬਾਣੀ (ਉਨ੍ਹਾਂ ਅਨੁਸਾਰ) ਵਿੱਚ 'ਰੱਦ ਬਦਲ' ਕਰਨ ਦਾ ਅਧਿਕਾਰ ਕਿਸ ਸਿੱਖ ਕੋਲ ਹੈ ? ਕਿਸਨੇ ਇਸ ਗੁਰੂ-ਬਾਣੀ ਵਿੱਚ ਤਬਦੀਲੀ ਕਰ ਦਿੱਤੀ ਹੈ ? ਇਸ ਹਿਸਾਬ ਨਾਲ ਤਾਂ ਜੋ ਗੁਟਕੇ ਸ਼੍ਰੋਮਣੀ ਕਮੇਟੀ ਛਾਪ ਰਹੀ ਹੈ, ਉਸ ਵਿੱਚ ਵੀ ਚੌਪਈ ਸ਼ੁੱਧ ਨਹੀਂ ਹੈ।

ਉਨ੍ਹਾਂ ਨੂੰ ਇੱਕ ਹੋਰ ਸਵਾਲ ਦਾ ਜਵਾਬ ਦੇਣਾ ਪਵੇਗਾ ਕਿ ਰਾਮ ਰਾਇ ਨੇ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿੱਚ ਇੱਕ ਅੱਖਰ ਦੀ ਮਿਲਾਵਟ ਕਰਕੇ "ਮਿਟੀ ਮੁਸਲਮਾਲ ਕੀ" ਦੀ ਥਾਂ 'ਤੇ 'ਮਿਟੀ ਬੇਈਮਾਨ ਕੀ' ਕੀਤਾ ਸੀ, ਤਾਂ ਗੁਰੂ-ਘਰ ਦੇ ਪਰਿਵਾਰ ਵਿੱਚੋਂ ਹੋਣ ਦੇ ਬਾਵਜੂਦ ਵੀ ਇਸ ਕੁ-ਕ੍ਰਿਤ ਦੇ ਕਾਰਣ ਉਨ੍ਹਾਂ ਨੂੰ ਗੁਰੂ-ਘਰ ਤੋਂ ਬੇਦਖ਼ਲ ਕਰ ਦਿੱਤਾ ਗਿਆ ਸੀ। ਫਿਰ ਹੁਣ ਅਕਾਲ ਤਖ਼ਤ ਸਾਹਿਬ ਤੋਂ ਉਨ੍ਹਾਂ ਨੂੰ ਕੀ ਸਜ਼ਾ ਦਿੱਤੀ ਜਾਵੇਗੀ ਜਿਨ੍ਹਾਂ ਨੇ 'ਸੋ ਦਰੁ' ਦੀ ਨਿਰੋਲ ਬਾਣੀ (ਗੁਰਬਾਣੀ) ਵਿੱਚ ਇਸ ਕੂੜ ਗ੍ਰੰਥ ਦੀ ਇੱਕ ਪੂਰੀ

'ਦੇਵੀ ਉਸਤਤਿ' ਹੀ ਜੋੜ ਦਿੱਤੀ ਹੈ ? ਨਾਲ ਹੀ ਚੌਪਈ ਜਿਹੀ 'ਦਸਮ ਬਾਣੀ' (ਅਕਾਲ ਤਖ਼ਤ ਦੇ ਹੈਡ-ਗ੍ਰੰਥੀ ਅਨੁਸਾਰ) ਦੀਆਂ ਪਉੜੀਆਂ ਦੇ ਨੰਬਰ ਹੀ ਬਦਲ ਕੇ ਗੁਟਕੇ ਛਾਪ ਦਿੱਤੇ ਹਨ। ਉਨ੍ਹਾਂ ਨੂੰ ਕੀ ਸਜ਼ਾ ਮਿਲੇਗੀ ਜਿਨ੍ਹਾਂ ਨੇ ਉਨ੍ਹਾਂ ਦੇ ਗੁਰੂ ਦੀ ਬਾਣੀ ਦੀਆਂ ਪਉੜੀਆਂ ਹੀ ਬਾਹਰ ਕੱਢ ਦਿੱਤੀਆਂ ਹਨ ? ਨਾਲ ਹੀ ਕਵੀਆਂ ਦੀ ਵਾਚੀ ਚੌਪਈ ਦੀ ਇਸ ਬਾਣੀ ਦੇ ਉੱਤੇ 'ਪਾਤਿਸ਼ਾਹੀ ੧੦' ਲਿਖ ਦਿੱਤਾ ਹੈ, ਜੋ 'ਦਸਮ ਗ੍ਰੰਥ' ਦੇ ਮੂਲ ਪਾਠ ਵਿੱਚ ਲਿਖਿਆ ਹੀ ਨਹੀਂ ਹੋਇਆ। ਕੀ ਅਜੇ ਵੀ ਇਹ ਸਿੱਖਾਂ ਨੂੰ ਨਿਤਨੇਮ ਦੀ ਗਲਤ ਤੇ ਵਿਗਾੜੀ ਹੋਈ ਬਾਣੀ ਪੜ੍ਹਾਉਂਦੇ ਰਹਿਣਗੇ ? ਐਸਾ ਸਿਰਫ਼ ਇਸ ਲਈ ਕਿਉਂਕਿ ਜੇ ਪੋਲ ਖੁਲ੍ਹੀ ਤਾਂ ਸਾਰੀ ਕਿਤਾਬ ਹੀ ਉਧੜ ਜਾਵੇਗੀ। ਕਿਉਂਕਿ ਜੇ ਇਹ ਚਾਰ ਪਉੜੀਆਂ ਨਿਤਨੇਮ ਦੇ ਗੁਟਕਿਆਂ ਵਿੱਚ ਸ਼ਾਮਲ ਰਹੀਆਂ, ਤਾਂ ਸਿੱਖ ਇਹ ਪੁੱਛਦੇ ਰਹਿਣਗੇ ਕਿ ਇਹ ਅਸਿਧੁਜ ਕੌਣ ਹੈ, ਜਿਸਦਾ ਅਰਥ ਇਸ ਕੂੜ ਕਿਤਾਬ ਵਿੱਚ ਤਾਂ ਇਸ ਰਚਨਾ ਦੇ ਹੇਠਾਂ 'ਤਲਵਾਰ ਧਾਰਣ ਕਰਨ ਵਾਲੀ ਪ੍ਰਬਲ ਸ਼ਕਤੀ' ਭਾਵ ਦੁਰਗਾ ਲਿਖਿਆ ਹੋਇਆ ਹੈ ? ਇਹ ਜਗਮਾਤਾ ਭਾਵ 'ਦੁਰਗਾ' ਇਸ ਚੌਪਈ ਵਿੱਚ ਕਿਥੋਂ ਆ ਗਈ ? ਆਦਿਕ। ਇਹ ਹੀ ਕਾਰਣ ਸੀ ਕਿ ਇਹ ਚਾਰ ਪਉੜੀਆਂ ਨਿਤਨੇਮ ਦੇ ਗੁਟਕਿਆਂ ਵਿੱਚੋਂ, ਚੁਪ ਚਪੀਤੇ ਹਟਾ ਦਿੱਤੀਆਂ ਗਈਆਂ ਹਨ, ਜਦਕਿ ਇਹ ਉਸੇ 'ਕਬਿਯੋ ਬਾਚ ਬੇਨਤੀ।। ਚੌਪਈ।।'' ਦਾ ਹੀ ਇਕ ਹਿੱਸਾ ਹਨ, ਜੋ ਸਾਡੇ ਨਿਤਨੇਮ ਦੀ ਬਾਣੀ ਅਖਵਾਉਂਦੀ ਹੈ।

ਚੂੰਕਿ ਇਸ 'ਕਾਲੀ ਕਿਤਾਬ' ਦਾ ਇਸ਼ਟ ਹੀ ਦੁਰਗਾ ਹੈ, ਇਸ ਲਈ ਇਹ 'ਕਾਮ ਕਬੱਡੀ' ਵਾਲੀਆਂ ਕਹਾਣੀਆਂ ਲਿਖਣ ਤੋਂ ਪਹਿਲਾਂ ਕਵੀ ਆਪਣੇ ਇਸ਼ਟ ਦੀ ਉਸਤਤਿ ਇਸ ਤਰ੍ਹਾਂ ਕਰਦਾ ਹੈ :

ਭੁਜੰਗ ਛੰਦ।।

ਤੁਹੀ ਖੜਗਧਾਰਾ ਤੁਹੀ ਬਾਢਵਾਰੀ।। ......
ਤੁਹੀ ਜੋਗ ਮਾਯਾ ਤੁਹੀ ਬਾਕਬਾਨੀ।।
ਤੁਹੀ ਆਪੁ ਰੂਪਾ ਤੁਹੀ ਸ੍ਰੀ ਭਵਾਨੀ।।
ਤੁਹੀ ਬਿਸਨ ਤੂ ਬ੍ਰਹਮ ਤੂ ਰੁਦ੍ਰ ਰਾਜੈ।।
ਤੁਹੀ ਬਿਸ੍ਵ ਮਾਤਾ ਸਦਾ ਜੈ ਬਿਰਾਜੈ।। ੨।।

ਮੁੜ-ਮੁੜ ਇਹ ਗੱਲ ਕਰਨ ਦੀ ਲੋੜ ਨਹੀਂ ਕਿ ਇਹ 'ਦੇਵੀ ਦੀ

ਉਸਤਤਿ' ਹੈ, ਨਾ ਕਿ 'ਦਸਮ ਗ੍ਰੰਥੀਆਂ ਦੇ ਅਕਾਲ ਪੁਰਖ' ਦੀ ਉਸਤਤਿ। ਕਿਉਂਕਿ ਜਿਉਂ-ਜਿਉਂ ਇਸ ਨੂੰ ਪੜ੍ਹੋਗੇ ਤਾਂ ਇਹ ਭੇਦ ਆਪਣੇ ਆਪ ਹੀ ਖੁਲ੍ਹਦਾ ਜਾਵੇਗਾ ਕਿ ਕਵੀ ਕਿਸ ਦੀ ਉਸਤਤਿ ਕਰ ਰਿਹਾ ਹੈ।

ਤੁਹੀ ਕਾਲ ਕੀ ਰਾਤ੍ਰਿ ਹ੍ਵੈ ਕੈ ਬਿਹਾਰੈ।।
ਤੁਹੀ ਆਦਿ ਉਪਾਵੈ ਤੁਹੀ ਅੰਤ ਮਾਰੈ।।
ਤੁਹੀ ਰਾਜ ਰਾਜੇਸ੍ਵਰੀ ਕੈ ਬਖਾਨੀ।।
ਤੁਹੀ ਚੌਦਹੂੰ ਲੋਕ ਕੀ ਆਪੁ ਰਾਨੀ।। ੭।।
ਤੁਮੈ ਲੋਗ ਉਗ੍ਰਾ ਅਤਿਉਗ੍ਰਾ ਬਖਾਨੈ।।
ਤੁਮੈ ਅਦ੍ਵਜਾ ਬਗ਼ਾਸ ਬਾਨੀ ਪਛਾਨੈ।।
ਤੁਮੀ ਸੇਸ ਕੀ ਆਪੁ ਸੇਜਾ ਬਨਾਈ।।
ਤੁਹੀ ਕੇਸਰ ਬਾਹਨੀ ਕੈ ਕਹਾਈ।। ੮।।

ਅਰਥ : ਖੜਗਧਾਰਾ - ਸਿਧੀ ਤਲਵਾਰ ਰੱਖਣ ਵਾਲੀ; ਬਿਸ੍ਵ ਮਾਤਾ - ਪੂਰੇ ਵਿਸ਼ਵ ਦੀ ਮਾਤਾ; ਜੋਗ ਮਾਯਾ - ਸਰਸਵਤੀ; ਕੇਸਰ ਬਾਹਨੀ - ਸ਼ੇਰ 'ਤੇ ਬਹਿਣ ਵਾਲੀ।

ਪਿਆਰੇ ਪਾਠਕੋ ! ਇਹ ਸਾਰੇ ਅਰਥ ਦਾਸ ਆਪਣੇ ਕੋਲੋਂ ਨਹੀਂ ਲਿਖ ਰਿਹਾ, ਬਲਕਿ ਇਹ ਸਾਰੇ ਅਰਥ ਇਸ ਅਖੌਤੀ ਦਸਮ ਗ੍ਰੰਥ ਦੀ ਕਿਤਾਬ ਵਿੱਚ ਪੰਨਾ ਨੰਬਰ 809 ਹੇਠਾਂ ਦਿੱਤੇ ਹੋਏ ਹਨ।

**ਸਵੈਯਾ।।**

ਮੁੰਡ ਕੀ ਮਾਲ ਦਿਸਾਨ ਕੇ ਅੰਬਰ ਬਾਮ ਕਰਿਯੋ ਗਲ ਮੈ ਅਸਿ ਭਾਰੋ।।
ਲੋਚਨ ਲਾਲ ਕਰਾਲ ਦਿਪੈ ਦੋਊ ਭਾਲ ਬਿਰਾਜਤ ਹੈ ਅਨਿਯਾਰੋ।।
ਛੂਟੇ ਹੈ ਬਾਲ ਮਹਾ ਬਿਕਰਾਲ ਬਿਸਾਲ ਲਸੈ ਰਦ ਪੰਤਿ ਉਜਯਾਰੋ।।
ਛਾਡਤ ਜ੍ਵਾਲ ਲਏ ਕਰ ਬਯਾਲ ਸੁ ਕਾਲ ਸਦਾ ਪ੍ਰਤਿਪਾਲ ਤਿਹਾਰੋ।।
(ਅਖੌਤੀ ਦਸਮ ਗ੍ਰੰਥ, ਪੰਨਾ 810)

ਅਰਥ : ਮੁੰਡ ਕੀ ਮਾਲ - ਖੋਪੜੀਆਂ ਦੀ ਮਾਲਾ; ਲੋਚਨ ਲਾਲ - ਲਾਲ ਅੱਖਾਂ; ਛਾਡਤ ਜ੍ਵਾਲ - ਅੱਗ ਛੱਡ ਰਿਹਾ ਹੈ; ਬਯਾਲ - ਮਰੇ ਹੋਏ ਬੰਦੇ ਦੀ ਖੋਪੜੀ; ਕਾਲ ਸਦਾ ਪ੍ਰਤਿਪਾਲ ਤਿਹਾਰੋ - ਕਾਲ ਦੇਵਤਾ ਹੀ ਤੇਰਾ ਪਾਲਣਹਾਰ ਹੈ।

ਇਸਨੂੰ 'ਦਸਮ ਬਾਣੀ' ਅਤੇ 'ਅਕਾਲ ਪੁਰਖ ਦੀ ਉਸਤਤਿ' ਕਹਿਣ ਵਾਲੇ ਦਸਮ ਗ੍ਰੰਥੀਓ ! ਇਥੇ ਤਾਂ ਸਿੱਖਾਂ ਦਾ 'ਰੱਬ' ਇਸਤਰੀ ਲਿੰਗ ਹੈ ਅਤੇ 'ਸ਼ੇਰ ਦੀ ਸਵਾਰੀ' ਕਰਕੇ ਹੱਥ ਵਿੱਚ ਸਿਧੀ ਤਲਵਾਰ ਫੜ੍ਹੀ ਰਖਦਾ ਹੈ। ਸ਼ੇਰ ਦੀ ਸਵਾਰੀ ਦੁਰਗਾ ਕਰਦੀ ਹੈ, ਜਾਂ ਫਿਰ ਨਿਰੰਕਾਰ (ਰੱਬ) ਕਰਦਾ ਹੈ ? ਦਸਮ ਗ੍ਰੰਥੀਓ ! ਤੁਹਾਡੇ 'ਰੱਬ' ਦਾ ਇਹ ਰੂਪ ਅਸੀਂ ਨਹੀਂ, ਬਲਕਿ ਤੁਹਾਡਾ ਦਸਮ ਗ੍ਰੰਥ ਹੀ ਦੱਸ ਰਿਹਾ ਹੈ, ਘੱਟੋ-ਘੱਟ ਆਪਣੇ ਗੁਰੂ ਦੇ ਤਾਂ ਆਖੇ ਲਗੋ ?

ਕੀ ਸਿੱਖਾਂ ਦਾ 'ਰੱਬ' ਮਰੇ ਹੋਏ ਬੰਦਿਆਂ ਦੀਆਂ ਖੋਪੜੀਆਂ ਦੀ ਮਾਲਾ ਪਾਉਂਦਾ ਹੈ ? ਕੀ ਸ਼ਬਦ ਗੁਰੂ, ਗੁਰੂ ਗ੍ਰੰਥ ਸਾਹਿਬ ਵਿੱਚ ਇਹੋ ਜਿਹੇ 'ਰੱਬ' ਦਾ ਕੋਈ ਜ਼ਿਕਰ ਹੈ ਕਿ ਉਸ ਦੀਆਂ ਲਾਲ ਅੱਖਾਂ, ਅੰਗਾਰੇ ਵਾਂਗ ਭੱਖਦੀਆਂ ਰਹਿੰਦੀਆਂ ਹਨ ਅਤੇ ਉਸ ਦੇ ਖਿਲਰੇ ਹੋਏ ਲੰਮੇ ਵਾਲ ਹਨ ? ਕੀ ਗੁਰੂ ਗ੍ਰੰਥ ਸਾਹਿਬ ਵਿੱਚ ਇੱਕ ਵਾਰ ਵੀ ਉਸ 'ਕਰਤਾਰ' ਦੇ ਐਸੇ ਰੂਪ ਦਾ ਕੋਈ ਜ਼ਿਕਰ ਆਇਆ ਹੈ ਕਿ ਉਸ ਦੇ ਤੇਜ ਦੰਦਾਂ ਵਿੱਚੋਂ ਖ਼ੂਨ ਰਿਸ ਰਿਹਾ ਹੈ ? ਕੀ ਸਿੱਖਾਂ ਦੀ ਪਾਲਨਾ ਕਰਨ ਵਾਲੇ ਦੇ ਮੂੰਹ ਵਿੱਚੋਂ ਅੱਗ ਨਿਕਲਦੀ ਹੈ ?

ਭੋਲਿਓ ! ਕੀ ਹੋ ਗਿਆ ਹੈ ਤੁਹਾਨੂੰ ? ਤੁਹਾਡੇ ਗੁਰੂ 'ਗੁਰੂ ਗ੍ਰੰਥ ਸਾਹਿਬ ਜੀ' ਹਨ ਜਾਂ ਇਹ 'ਅਖੌਤੀ ਦਸਮ ਗ੍ਰੰਥ' ? ਤੁਸੀਂ ਕਿਸ ਦੇ ਸਿੱਖ ਹੋ ? ਕਿਸ ਦੇ ਆਖੇ ਤੁਸੀਂ ਆਪਣਾ ਜੀਵਨ ਤੋਰਨਾ ਹੈ ? ਕਿਸ ਤੋਂ ਤੁਸੀਂ ਮਤ ਲੈਣੀ ਹੈ ?

ਜੇ ਸਿੱਖਾਂ ਦਾ 'ੴ' ਇਸਤਰੀ ਲਿੰਗ ਹੈ, ਸ਼ੇਰ ਦੀ ਸਵਾਰੀ ਕਰ ਕੇ ਹੱਥ ਵਿੱਚ ਸਿਧੀ ਤਲਵਾਰ ਫੜ੍ਹੀ ਰਖਦਾ ਹੈ, ਉਸਦੇ ਮੂੰਹ ਵਿੱਚੋਂ ਅੱਗ ਨਿਕਲਦੀ ਹੈ, ਉਸ ਦੇ ਗਲੇ ਵਿੱਚ ਮਰੇ ਹੋਏ ਬੰਦਿਆਂ ਦੀਆਂ ਖੋਪੜੀਆਂ ਦੀ ਮਾਲਾ ਹੁੰਦੀ ਹੈ, ਤਾਂ ਇਸ 'ਕਾਲੀ ਦੀ ਕਿਤਾਬ' ਨੂੰ ਜ਼ਰੂਰ ਗੁਰੂ-ਕ੍ਰਿਤ ਮੰਨ ਲਿਆ ਜਾਵੇ। ਪਰ ਜੇ ਸਿੱਖਾਂ ਦਾ ਨਿਰੰਕਾਰ 'ੴ' ਐਸਾ ਨਹੀਂ ਹੈ, ਤਾਂ ਰੱਬ ਦਾ ਵਾਸਤਾ ਜੇ, ਇਸ ਕਿਤਾਬ ਨੂੰ ਗੁਰੂ-ਕ੍ਰਿਤ ਕਹਿ ਕੇ ਆਪਣੇ ਮਹਾਨ ਗੁਰੂ ਨੂੰ ਬਦਨਾਮ ਨਾ ਕਰੋ ਅਤੇ ਇਸ ਨੂੰ ਗੁਰੂ-ਕ੍ਰਿਤ ਆਖ ਕੇ 'ਗੁਰੂ ਨਿੰਦਕ' ਨਾ ਬਣੋ।

ਪਹਿਲੇ ਚਰਿਤ੍ਰ ਵਿੱਚ 'ਕੇਸਰ ਬਾਹਨੀ' (ਸ਼ੇਰਾਂ ਵਾਲੀ ਦੇਵੀ) ਦੀ ਉਸਤਤਿ ਕਰਨ ਤੋਂ ਬਾਅਦ ਕਵੀ ਆਪਣੀਆਂ ਗੰਦੀਆਂ-ਮੰਦੀਆਂ 'ਕਾਮ ਕਬੱਡੀ' ਵਾਲੀਆਂ ਕਹਾਣੀਆਂ ਸੁਨਾਉਣੀਆਂ ਸ਼ੁਰੂ ਕਰ ਦਿੰਦਾ ਹੈ। ਇਥੇ ਮੈਨੂੰ ਬਹੁਤ ਹੀ ਮਾੜੇ ਸ਼ਬਦਾਂ ਵਿੱਚ ਕਹਿਣਾ ਪੈ ਰਿਹਾ ਹੈ ਕਿ ਇਹ ਲਿਖਾਰੀ ਤਾਂ

ਐਸਾ ਕੰਮ ਕਰ ਰਿਹਾ ਹੈ ਜਿਵੇਂ ਕੋਈ ਵੇਸਵਾ ਦੇ ਕੋਠੇ 'ਤੇ ਜਾਣ ਤੋਂ ਪਹਿਲਾਂ ਦੇਵੀ ਦੀ ਉਸਤਤਿ ਕਰ ਰਿਹਾ ਹੋਵੇ।

ਹਾਲੇ 'ਦੇਵੀ ਉਸਤਤਿ' ਖ਼ਤਮ ਹੀ ਹੁੰਦੀ ਹੈ ਕਿ ਦੂਜੇ ਚਰਿਤ੍ਰ ਵਿੱਚ ਹੀ ਕਵੀ (ਦਸਮ ਗ੍ਰੰਥੀਆਂ ਦਾ ਗੁਰੂ) ਇਹ ਕਾਮੁਕ ਕਹਾਣੀ ਸੁਨਾਉਣਾ ਸ਼ੁਰੂ ਕਰ ਦਿੰਦਾ ਹੈ। ਜਿਵੇਂ ਕਿ ਉਹ ਉਤਾਵਲਾ ਬੈਠਾ ਸੀ ਕਿ ਕਦੋਂ 'ਦੇਵੀ ਉਸਤਤਿ' ਖ਼ਤਮ ਹੋਵੇ ਤੇ ਮੈਂ ਇਨ੍ਹਾਂ 'ਕਾਮ ਖੇਡਾਂ' ਦਾ ਉਦਘਾਟਨ ਕਰਾਂ।

ਚਿਤ੍ਰਵਤੀ ਨਗਰੀ ਬਿਖੈ ਚਿਤ੍ਰ ਸਿੰਘ ਨ੍ਰਿਪ ਏਕ॥
ਤੇ ਕੇ ਗ੍ਰਿਹ ਸੰਪਤਿ ਘਨੀ ਰਥ ਗਜ ਬਾਜ ਅਨੇਕ॥ ੧॥......
ਬਾਨ ਬਧੀ ਬਿਰਹਾ ਕੇ ਬਲਾਇ ਲਿਯੌ ਰੀਝਿ ਰਹੀ ਲਿਖਿ ਰੂਪ ਤਿਹਾਰੋ॥
ਭੋਗ ਕਰੋ ਮੁਹਿ ਸਾਥ ਭਲੀ ਬਿਧਿ ਭੂਪਤਿ ਕੋ ਨਹਿ ਤ੍ਰਾਸ ਬਿਚਾਰੋ॥

(ਅਖੌਤੀ ਦਸਮ ਗ੍ਰੰਥ, ਪੰਨਾ 813-814)

ਸੰਖੇਪ ਵਿੱਚ ਇਹ ਕਹਾਣੀ ਇਸ ਪ੍ਰਕਾਰ ਹੈ :

ਚਿਤ੍ਰਵਤੀ ਨਗਰੀ ਦਾ ਰਾਜਾ ਚਿਤ੍ਰ ਸਿੰਘ ਬਹੁਤ ਹੀ ਰੂਪਵਾਨ ਸੀ। ਰੂਪ ਰੰਗ ਵਿੱਚ ਇਹ ਕਾਮਦੇਵ ਦਾ ਹੀ ਰੂਪ ਸੀ। ਇਸ ਨੂੰ ਵੇਖ ਕੇ ਦੇਵੀਆਂ, ਦਾਨਵੀਆਂ ਅਤੇ ਕਿਨਰ ਸਾਰੀਆਂ ਹੀ ਮੋਹਿਤ ਹੋ ਜਾਂਦੀਆਂ ਸਨ। ਇੱਕ ਅਪਸਰਾ ਸ਼ਿੰਗਾਰ ਕਰਕੇ ਇੰਦਰ ਦੇਵਤੇ ਨੂੰ ਮਿਲਣ ਜਾ ਰਹੀ ਸੀ। ਰਸਤੇ ਵਿੱਚ ਉਸ ਨੇ ਇਸ ਰਾਜੇ ਨੂੰ ਵੇਖਿਆ ਤੇ ਉਸ 'ਤੇ ਮੋਹਿਤ ਹੋ ਗਈ। ਉਹ ਇੰਦਰ ਦੇਵਤੇ ਨੂੰ ਭੁੱਲ ਕੇ ਇਸ ਰਾਜੇ ਨੂੰ ਪ੍ਰਾਪਤ ਕਰਨ ਲਈ ਜੁਗਤ ਕਰਨ ਲਗੀ। ਉਸ ਨੇ ਇੱਕ ਦੂਤਿਕਾ (ਫ਼ੀਮੇਲ ਮੈਸੇਂਜਰ) ਰਾਜੇ ਕੋਲ ਭੇਜੀ। ਉਸਨੇ ਰਾਜੇ ਨੂੰ ਅਪਸਰਾ ਦਾ ਇਹ ਸੁਨੇਹਾ ਦਿੱਤਾ ਕਿ ਅਪਸਰਾ ਜੋ ਕਾਮ ਦੇ ਵੱਸ ਹੋ ਗਈ ਹੈ, ਉਸ ਨਾਲ ਭੋਗ ਕਰੋ। ਨਹੀਂ ਤਾਂ ਕਾਮ ਦੀ ਮਾਰੀ ਉਹ ਅਪਸਰਾ, ਕਟਾਰੀ ਮਾਰ ਕੇ ਆਪਣੇ ਪ੍ਰਾਣ ਤਿਆਗ ਦੇਵੇਗੀ। ਰਾਜਾ ਇਹ ਸੁਣ ਕੇ ਗਦ-ਗਦ ਹੋ ਉਠਿਆ। ਉਸ ਅਪਸਰਾ ਨਾਲ ਰਾਜੇ ਨੇ ਬਹੁਤ ਸਾਲਾਂ ਤਕ ਭੋਗ ਕੀਤਾ। ਇਸ ਅਪਸਰਾ ਤੋਂ ਇੱਕ ਪੁੱਤਰ ਵੀ ਹੋਇਆ ਜੋ ਐਨਾ ਰੂਪਵਾਨ ਸੀ ਕਿ ਕਾਮਦੇਵ ਵੀ ਉਸ ਤੋਂ ਲੱਜਾ ਜਾਂਦਾ ਸੀ।

ਕੁਝ ਸਾਲਾਂ ਬਾਅਦ ਉਹ ਅਪਸਰਾ ਉੱਡ ਕੇ ਇੰਦਰ ਦੇਵਤੇ ਨੂੰ ਮਿਲਣ ਚਲੀ ਗਈ ਤਾਂ ਰਾਜਾ ਬਹੁਤ ਵਿਯੋਗ ਵਿੱਚ ਪੈ ਗਿਆ। ਉਸਨੇ ਉਸ ਅਪਸਰਾ ਦੀ ਇੱਕ ਤਸਵੀਰ ਸੈਨਿਕਾਂ ਨੂੰ ਦਿੱਤੀ ਤੇ ਕਿਹਾ, "ਅਪਸਰਾ ਤੋਂ ਬਿਨਾ ਮੈਂ ਜੀਅ ਨਹੀਂ ਸਕਦਾ, ਉਸਨੂੰ ਲੱਭ ਕੇ ਲਿਆਓ।" ਉਹ ਅਪਸਰਾ ਤਾਂ ਨਹੀਂ ਮਿਲੀ। ਉੜੀਸਾ ਦੇਸ਼ ਦੇ ਰਾਜੇ ਦੀ ਕੁੜੀ ਬਹੁਤ ਹੀ ਰੂਪ ਵਾਲੀ ਸੀ, ਅਤੇ ਉਸਦੀ ਸ਼ਕਲ ਵੀ ਉਸ ਅਪਸਰਾ ਨਾਲ ਮਿਲਦੀ ਸੀ। ਉੜੀਸਾ ਦੇ ਰਾਜੇ ਨੂੰ ਮਾਰ ਕੇ ਰਾਜਾ ਉਸ ਦੀ ਕੁੜੀ ਨੂੰ ਜਿੱਤ ਕੇ ਆਪਣੇ ਨਾਲ ਲੈ ਆਇਆ। ਉਸ ਦਾ ਨਾਂ ਚਿਤ੍ਰਮਤੀ ਸੀ। ... ਅੱਗੇ ...

ਇੱਕ ਦਿਨ ਚਿਤ੍ਰਮਤੀ, ਰਾਜਾ ਚਿਤ੍ਰ ਸਿੰਘ ਦੇ ਪੁੱਤਰ 'ਤੇ ਮੋਹਿਤ ਹੋ ਗਈ ਅਤੇ ਉਸਨੂੰ ਆਪਣੇ ਸਦਨ (ਮਹਿਲ) ਵਿੱਚ ਲੈ ਆਈ। ਮਨ ਵਿੱਚ ਸੋਚਣ ਲੱਗੀ ਕਿ ਜੇ ਇਹ ਮੈਨੂੰ ਮਿਲ ਜਾਵੇ ਤਾਂ ਮੈਂ ਆਪਣਾ ਕਲੇਜਾ ਵੀ ਕੱਢ ਕੇ ਇਸ ਨੂੰ ਦੇ ਦੇਵਾਂ। ਚਿਤ੍ਰਮਤੀ ਉਸ ਰੂਪਵਾਨ ਨੌਜੁਆਨ ਨੂੰ ਕਹਿਣ ਲੱਗੀ, "ਮੈਂ ਜਿਸ ਦਿਨ ਦਾ ਤੇਰਾ ਰੂਪ ਤੇ ਸੁੰਦਰ ਅੱਖਾਂ ਦੇਖੀਆਂ ਹਨ, ਮੈਂ ਤੇਰੇ 'ਤੇ ਮੋਹਿਤ ਹੋ ਗਈ ਹਾਂ। ਤੇਰੇ ਸੁੰਦਰ ਰੂਪ ਬਾਰੇ ਹੀ ਸੋਚਦੀ ਰਹਿੰਦੀ ਹਾਂ। ਕਾਮ ਦੇ ਵਸ਼ ਪੈ ਗਈ ਹਾਂ। ਮੇਰੇ ਨਾਲ ਚੰਗੀ ਤਰ੍ਹਾਂ ਭੋਗ ਕਰ, ਅਤੇ ਰਾਜੇ (ਪਿਉ) ਕੋਲੋਂ ਬਿਲਕੁਲ ਨਾ ਡਰ। ਤੇਰੇ ਚਮਕਦੇ ਹੋਏ ਅੰਗ ਮੇਰੇ ਮਨ ਦੇ ਵਿੱਚ ਚੋਰਾਂ ਵਾਂਗ ਵੱਸ ਗਏ ਹਨ। ਮੈਂ ਬਿਨਾ ਪਾਣੀ ਦੇ ਮਛਲੀ ਵਾਂਗ ਕਾਮ ਨਾਲ ਤੜਫ ਰਹੀ ਹਾਂ।" ਐਨਾ ਤਰਲਾ ਕਰਨ 'ਤੇ ਵੀ ਜਦੋਂ ਰਾਜੇ ਦੇ ਪੁੱਤਰ ਨੇ ਚਿਤ੍ਰਮਤੀ ਦੀ ਇੱਕ ਗੱਲ ਨਾ ਮੰਨੀ ਤਾਂ ਚਿਤ੍ਰਮਤੀ ਚਿੜ੍ਹ ਗਈ। ਉਸਨੇ ਰਾਜੇ ਨੂੰ ਆਵਾਜ਼ ਦੇ ਕੇ ਬੁਲਾ ਕੇ ਕਿਹਾ ਕਿ ਤੇਰੇ ਪੁੱਤਰ ਨੇ ਮੈਨੂੰ ਚੱਕ ਮਾਰ-ਮਾਰ ਕੇ ਅਤੇ ਆਪਣੇ ਨਾਖੂਨਾਂ ਨਾਲ ਮੇਰਾ ਪੂਰਾ ਸਰੀਰ ਜ਼ਖ਼ਮੀ ਕਰ ਦਿੱਤਾ ਹੈ। ਇਹ ਸੁਣ ਕੇ ਰਾਜਾ ਕ੍ਰੋਧ ਨਾਲ ਭਰ ਗਿਆ ਅਤੇ ਆਪਣੇ ਪੁੱਤਰ ਨੂੰ ਮਾਰਨ ਲਈ ਲੈ ਗਿਆ। ਮੰਤਰੀਆਂ ਨੇ ਬਹੁਤ ਸਮਝਾਇਆ ਪਰ ਰਾਜਾ ਨਹੀਂ ਮੰਨਿਆ। ਇਨ੍ਹਾਂ ਤ੍ਰਿਆ ਦੇ ਚਰਿਤ੍ਰਾਂ ਨੂੰ ਕੋਈ ਸਮਝ ਨਹੀਂ

ਪਾਇਆ।

ਖ਼ਾਲਸਾ ਜੀ ! ਇਹ ਕਹਾਣੀ ਇੱਕ ਸਿੱਖ ਨੂੰ ਕੀ ਸਿੱਖਿਆ ਦੇ ਰਹੀ ਹੈ? ਇਸ ਨਾਲ ਇੱਕ ਸਿੱਖ ਦਾ ਅਧਿਆਤਮਕ ਜੀਵਨ ਕਿਵੇਂ ਉੱਚਾ ਹੋ ਸਕਦਾ ਹੈ ? ਇੱਕ ਮਾਂ ਦੀ ਥਾਂ 'ਤੇ ਕੋਈ ਇਸਤਰੀ ਹੋਵੇ, ਤੇ ਉਹ ਆਪਣੇ ਪੁੱਤਰ 'ਤੇ ਮੋਹਿਤ ਹੋ ਕੇ ਉਸ ਨਾਲ ਭੋਗ ਕਰਨ 'ਤੇ ਉਤਾਰੂ ਹੋ ਜਾਵੇ। ਇਸ ਕੁਕਰਮ ਵਿੱਚ ਅਸਫ਼ਲ ਹੋਣ 'ਤੇ ਉਸ ਨੂੰ ਜਾਨੋਂ ਮਰਵਾ ਦੇਵੇ। ਕੀ ਇੱਕ ਗੁਰੂ ਇਹੋ ਜਿਹੀ ਬਦਚਲਨੀ ਦੀ ਸਿੱਖਿਆ ਆਪਣੇ ਸਿੱਖਾਂ ਨੂੰ ਦੇ ਸਕਦਾ ਹੈ ?

ਮੇਰੇ ਵੀਰੋ ! ਇਹ ਤਾਂ ਕੁਝ ਵੀ ਨਹੀਂ। ਅੱਗੇ-ਅੱਗੇ ਵੇਖੀ ਜਾਓ ਕਿ ਦਸਮ ਗ੍ਰੰਥੀਆਂ ਦਾ ਇਹ ਗੁਰੂ ਉਨ੍ਹਾਂ ਦੇ ਜੀਵਨ ਨੂੰ ਉੱਚਾ ਚੁੱਕਣ ਲਈ ਕੀ-ਕੀ ਸਿੱਖਿਆ ਇਸ 'ਕਾਮ ਕਵਿਤਾ' ਰਾਹੀਂ ਉਨ੍ਹਾਂ ਨੂੰ ਦੇ ਰਿਹਾ ਹੈ। ਅਗਲੀਆਂ ਕਹਾਣੀਆਂ ਵਿੱਚ ਤਾਂ ਕੋਈ ਕਾਮ ਖੇਡ ਭੰਗ, ਅਫ਼ੀਮ, ਪੋਸਤ ਅਤੇ ਸ਼ਰਾਬ ਦੀ ਕਾਕਟੇਲ ਲਏ ਬਗ਼ੈਰ ਸ਼ੁਰੂ ਹੀ ਨਹੀਂ ਹੁੰਦੀ। ਨਸ਼ਿਆਂ ਦੀ ਵਰਤੋਂ ਕਰਕੇ ਭਾਂਤ-ਭਾਂਤ ਦੀਆਂ 'ਕਾਮ ਖੇਡਾਂ' ਸਿਖਾਉਣ ਵਾਲਾ ਇਹ ਕਿਸ ਕਿਸਮ ਦਾ 'ਧਰਮ ਗ੍ਰੰਥ' ਹੈ ?

ਕੌਮ ਦਾ ਬਹੁਤ ਵੱਡਾ ਦੁਖਾਂਤ ਹੈ ਕਿ 'ਪੰਥ ਰਤਨ' ਅਤੇ 'ਗੁਰਮਤਿ ਮਾਰਤੰਡ' ਦੀ ਉਪਾਧੀ ਪਾਉਣ ਵਾਲਾ ਇੱਕ ਨਿਰਮਲਾ ਕਥਾਵਾਚਕ ਇਸ ਨੂੰ 'ਕਾਮ ਦੀ ਵਿਆਖਿਆ' ਕਹਿ ਕੇ ਇਸਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ ਸਾਬਤ ਕਰਦਾ ਰਿਹਾ। ਵੇਖਦੇ ਹਾਂ ਕਿ ਇਨ੍ਹਾਂ ਫੂਹੜ ਕਹਾਣੀਆਂ ਵਿੱਚ ਕਾਮ ਦੀ ਕਿਹੜੀ ਵਿਆਖਿਆ ਨਜ਼ਰ ਆਉਂਦੀ ਹੈ ?

ਕੁਝ ਪਾਠਕ ਇਹ ਸੋਚ ਰਹੇ ਹੋਣਗੇ ਕਿ ਇਨ੍ਹਾਂ ਕਹਾਣੀਆਂ ਦੀ ਚਰਚਾ ਕਰਦਿਆਂ-ਕਰਦਿਆਂ ਮੈਂ ਅਕਾਲ ਤਖ਼ਤ ਦੇ ਹੈਡ-ਗ੍ਰੰਥੀ ਨੂੰ ਵਾਰ-ਵਾਰ ਵਿੱਚ ਕਿਉਂ ਲੈ ਆਉਂਦਾ ਹਾਂ ? ਹਾਂ ਵੀਰੋ ! ਉਸ ਦਾ ਕਾਰਣ ਇਹ ਹੈ ਕਿ ਮੈਂ ਉਨ੍ਹਾਂ ਦੀ ਇੱਕ ਤਕਰੀਰ ਸੁਣੀ ਸੀ ਜੋ ਹਰ ਵੇਲੇ ਮੇਰੇ ਦਿਮਾਗ ਵਿੱਚ ਚਲਦੀ ਰਹਿੰਦੀ ਹੈ। ਤੁਸੀਂ ਵੀ ਉਸਨੂੰ ਸੁਣ ਸਕਦੇ ਹੋ। ਬਲਕਿ ਇਹ ਲੇਖ ਪੜ੍ਹਣ ਤੋਂ ਪਹਿਲਾਂ ਆਪ ਸਾਰਿਆਂ ਨੂੰ ਵੀ ਉਹ ਤਕਰੀਰ ਜ਼ਰੂਰ ਸੁਣਨੀ ਚਾਹੀਦੀ ਹੈ। ਉਸ ਵਿੱਚ ਉਹ ਕਹਿ ਰਹੇ ਹਨ ਕਿ 'ਜੋ ਵਿਸ਼ਾ ਗੁਰੂ ਗ੍ਰੰਥ ਸਾਹਿਬ ਜੀ ਦਾ ਹੈ, ਉਹ ਹੀ ਵਿਸ਼ਾ ਦਸਮ ਗ੍ਰੰਥ ਦਾ ਵੀ ਹੈ। ਗੁਰੂ ਗ੍ਰੰਥ ਸਾਹਿਬ ਨੇ ਸਿੱਖ ਨੂੰ ਸੰਤ ਬਣਾਉਂਦੇ ਹਨ ਤੇ

ਦਸਮ ਗ੍ਰੰਥ ਸਿੱਖ ਨੂੰ ਸਿਪਾਹੀ ਬਣਾਉਂਦਾ ਹੈ।' ਕੀ ਇਹੋ ਜਿਹੀਆਂ ਕਹਾਣੀਆਂ ਸਿੱਖ ਨੂੰ ਸਿਪਾਹੀ ਬਣਾਉਂਦੀਆਂ ਹਨ ? ਇਹੋ ਕਾਰਣ ਹੈ ਕਿ ਮੁੜ-ਮੁੜ ਉਨ੍ਹਾਂ ਨੂੰ ਇਥੇ ਯਾਦ ਕੀਤਾ ਜਾ ਰਿਹਾ ਹੈ। ਉਨ੍ਹਾਂ ਦੀ ਤਕਰੀਰ ਦੀ ਪੂਰੀ ਵੀਡੀਓ ਇੰਟਰਨੈਟ 'ਤੇ ਸੁਣੀ ਜਾ ਸਕਦੀ ਹੈ।

ਮੈਂ ਇੱਕ ਲੇਖ ਲਿਖਿਆ ਸੀ ਕਿ ਜਿਸ ਬਾਗ਼ ਨੂੰ ਬਹਾਰ ਉਜਾੜਨ ਲੱਗੇ, ਤਾਂ ਉਸ ਦਾ ਮਾਲੀ ਉਸਨੂੰ ਬਚਾਉਂਦਾ ਹੈ। ਲੇਕਿਨ ਜੇ ਮਾਲੀ ਹੀ ਬਾਗ਼ ਨੂੰ ਉਜਾੜਨ ਲੱਗ ਜਾਵੇ ਤਾਂ ਉਸ ਬਾਗ਼ ਨੂੰ ਕੌਣ ਬਚਾਏਗਾ ? ਤੂਫ਼ਾਨ ਵਿੱਚ ਡੋਲ੍ਹਦੀ ਹੋਈ ਬੇੜੀ ਨੂੰ ਉਸ ਦਾ ਮੱਲਾਹ ਹੀ ਪਾਰ ਲਗਾਉਂਦਾ ਹੈ। ਜੇ ਉਹ ਮੱਲਾਹ ਹੀ ਬੇੜੀ ਨੂੰ ਡੋਬਣ 'ਤੇ ਉਤਾਰੂ ਹੋ ਜਾਵੇ ਤਾਂ ਉਸਨੂੰ ਕੌਣ ਬਚਾ ਸਕਦਾ ਹੈ ? ਇਹੋ ਹੀ ਹਾਲ ਸਾਡੇ ਅਖੌਤੀ ਧਾਰਮਿਕ ਆਗੂਆਂ ਦਾ ਹੈ। ਜੇ ਸਾਡੇ ਆਗੂ ਹੀ ਇਸ ਕੂੜ ਗ੍ਰੰਥ ਨੂੰ 'ਗੁਰੂ-ਕ੍ਰਿਤ' ਕਹਿ ਕੇ ਗੁਰੂ ਦੀ ਬੇਪਤੀ ਕਰਨ 'ਤੇ ਉਤਾਰੂ ਹੋਣ, ਤਾਂ ਅਸੀਂ ਦੂਜਿਆਂ ਨੂੰ ਕਿਵੇਂ ਰੋਕਾਂਗੇ ? ਸ੍ਰੀ ਅਕਾਲ ਤਖ਼ਤ ਦੇ ਹੈਡ-ਗ੍ਰੰਥੀ ਦੀ ਉਹ ਤਕਰੀਰ ਵੀ ਸੁਣੋ ਜਿਸ ਵਿੱਚ ਉਹ ਦਸਮ ਗ੍ਰੰਥ ਦਾ ਵਿਰੋਧ ਕਰਨ ਵਾਲਿਆਂ ਨੂੰ ਚਪੇੜਾਂ ਮਾਰਨ ਦੀ ਗੱਲ ਕਹਿ ਰਹੇ ਹਨ। ਪਰ ਹੁਣ ਵੇਲਾ ਲੰਘ ਗਿਆ ਹੈ ਕਿ ਕੋਈ ਇਨ੍ਹਾਂ ਦੀਆਂ ਚਪੇੜਾਂ ਤੋਂ ਡਰੇ। ਹੁਣ ਬਹੁਤ ਹੋ ਚੁੱਕੀ ਸਰਬੰਸ-ਦਾਨੀ ਗੁਰੂ ਗੋਬਿੰਦ ਸਿੰਘ ਜੀ ਦੀ ਬੇਪਤੀ, ਹੁਣ ਹੋਰ ਬਰਦਾਸ਼ਤ ਨਹੀਂ ਹੁੰਦਾ। ਸਾਨੂੰ ਛੇਕ ਦਿਉ ! ਸਾਨੂੰ ਮਾਰ ਦਿਉ ! ਅਸੀਂ ਐਸੇ 'ਕਾਲਕਾ ਪੰਥੀਆਂ' ਵਿੱਚ ਰਹਿ ਕੇ ਕਰਨਾ ਵੀ ਕੀ ਹੈ, ਜਿਥੇ ਇਨ੍ਹਾਂ ਅਸ਼ਲੀਲ ਕਹਾਣੀਆਂ ਨੂੰ ਸਾਡੇ ਸਰਬੰਸ-ਦਾਨੀ ਗੁਰੂ ਨਾਲ ਜੋੜ ਕੇ ਉਨ੍ਹਾਂ ਦਾ ਅਪਮਾਨ ਕੀਤਾ ਜਾ ਰਿਹਾ ਹੋਵੇ।

# ਭਾਗ ੧੪

ਪਿਛਲੇ ਭਾਗ ਵਿੱਚ ਅਸੀਂ ਅਖੌਤੀ ਦਸਮ ਗ੍ਰੰਥ ਵਿੱਚ ਦਰਜ 'ਚਰਿਤ੍ਰ ਪਖਯਾਨ' ਨਾਂ ਦੀ 'ਅਸ਼ਲੀਲ ਰਚਨਾ' ਦਾ ਜ਼ਿਕਰ ਕੀਤਾ। ਇਸਨੂੰ ਅਸੀਂ 'ਤ੍ਰਿਯਾ ਚਰਿਤ੍ਰ', 'ਚਰਿਤ੍ਰਯੋ ਪਖਿਯਾਨ', 'ਪਖਯਾਨ ਚਰਿਤ੍ਰ' ਆਦਿਕ ਕਈ ਨਾਵਾਂ ਨਾਲ ਵੀ ਜਾਣਦੇ ਹਾਂ। ਇਨ੍ਹਾਂ 'ਕਾਮ ਖੇਡਾਂ' ਨਾਲ ਇਸ ਕਿਤਾਬ ਦੇ 579 ਪੰਨੇ ਭਰੇ ਹੋਏ ਹਨ। ਇਹ ਅਸ਼ਲੀਲ ਕਹਾਣੀਆਂ 'ਅਥ ਪਖਯਾਨ ਚਰਿਤ੍ਰ ਲਿਖਯਤੇ' ਨਾਂ ਦੇ ਸਿਰਲੇਖ ਹੇਠ ਪੰਨਾ ਨੰ. 809 ਤੋਂ ਸ਼ੁਰੂ ਹੋ ਕੇ ਪੰਨਾ ਨੰ. 1388 'ਤੇ ਸਮਾਪਤ ਹੁੰਦੀਆਂ ਹਨ। ਇਸ ਕਵਿਤਾ ਦੇ ਕੁਲ 404 ਚਰਿਤ੍ਰ ਹਨ। ਪਹਿਲਾ ਚਰਿਤ੍ਰ ਦੁਰਗਾ ਦੇਵੀ ਦੀ ਉਸਤਤਿ ਨਾਲ ਸ਼ੁਰੂ ਹੁੰਦਾ ਹੈ। ਇਹ ਸਾਬਤ ਕਰਨ ਲਈ ਕਿ ਇਹ ਰਚਨਾ ਗੁਰੂ ਗੋਬਿੰਦ ਸਿੰਘ ਜੀ ਦੀ ਲਿਖਤ ਹੈ, ਇਸ ਕਿਤਾਬ ਦੀਆਂ ਹੋਰ ਰਚਨਾਵਾਂ ਵਾਂਗ, ਇਸ ਸਿਰਲੇਖ ਦੇ ਉਪਰ ਵੀ 'ਪਾਤਿਸ਼ਾਹੀ ੧੦' ਲਿਖ ਦਿੱਤਾ ਗਿਆ ਹੈ। ਇਹ ਫ਼ੈਸਲਾ ਤਾਂ ਪਾਠਕਾਂ ਨੇ ਆਪ ਕਰਨਾ ਹੈ ਕਿ ਉਹ ਇਸ ਕ੍ਰਿਤ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਮੁਖਾਰਬਿੰਦ ਤੋਂ ਉਚਾਰੀ ਹੋਈ ਮੰਨਦੇ ਹਨ ਜਾਂ ਨਹੀਂ ?

ਇਸ ਅਤਿ ਦੀ ਗੰਦੀ ਰਚਨਾ ਨੂੰ ਪਾਠਕਾਂ ਤਕ ਪਹੁੰਚਾਉਣ ਤੋਂ ਪਹਿਲਾਂ ਦਾਸ ਨੇ ਸੈਂਕੜੇ ਵਾਰ ਸੋਚਿਆ ਕਿ ਐਸੀਆਂ ਬੇਹੂਦੀਆਂ, ਘ੍ਰਿਣਤ ਅਤੇ ਬੇ-ਸਿਰ ਪੈਰ ਦੀਆਂ 'ਕਾਮ ਕਹਾਣੀਆਂ' ਨੂੰ ਸੁਨਾਉਣ ਵਾਲਾ ਵੀ ਨਿਰਲੱਜ ਅਖਵਾਏਗਾ। ਮੇਰੀ ਆਪਣੀ ਜ਼ਮੀਰ ਵੀ ਇਸਦੀ ਗਵਾਹੀ ਨਹੀਂ ਦੇ ਰਹੀ ਸੀ। ਲੇਕਿਨ ਅਖ਼ੀਰ ਵਿੱਚ ਇਹ ਸੋਚ ਕੇ ਇਸ ਗੰਦ ਨੂੰ ਆਪ ਜੀ ਦੇ ਸਨਮੁਖ ਲਿਆਉਣ ਦਾ ਫ਼ੈਸਲਾ ਕੀਤਾ ਕਿ ਜੇ ਇਸ ਰਚਨਾ ਨੂੰ ਕੌਮ ਦੇ ਸਾਹਮਣੇ ਖੋਲ੍ਹ ਕੇ ਨਾ ਲਿਆਉਂਦਾ ਗਿਆ ਤਾਂ ਇੱਕ ਦਿਨ ਕੌਮ ਦੇ ਵਾਲੀ, ਸਰਬੰਸ-ਦਾਨੀ, ਦਸਮ ਪਿਤਾ ਨੂੰ ਬਦਨਾਮ ਕਰ ਦਿੱਤਾ ਜਾਵੇਗਾ। ਇਨ੍ਹਾਂ ਕਹਾਣੀਆਂ ਨੂੰ 'ਗੁਰੂ-ਕ੍ਰਿਤ' ਕਹਿ ਕੇ, ਗੁਰੂ ਗੋਬਿੰਦ ਸਿੰਘ ਸਾਹਿਬ ਨੂੰ 'ਅਸ਼ਲੀਲ ਰਚਨਾ ਲਿਖਣ ਵਾਲਾ ਗੁਰੂ' ਸਾਬਤ ਕਰ ਦਿੱਤਾ ਜਾਵੇਗਾ। ਇਸ ਕਿਤਾਬ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ 'ਦੇਵੀ ਜੂ ਕੀ ਉਸਤਤਿ' ਕਰਨ ਵਾਲਾ

ਤਾਂ ਪਹਿਲਾਂ ਹੀ ਬਣਾ ਦਿੱਤਾ ਹੈ। ਬਾਕੀ ਬਚਦੀ ਕਸਰ ਇਨ੍ਹਾਂ 'ਕਾਮ ਕਵਿਤਾਵਾਂ' ਨਾਲ ਜੋੜ ਕੇ ਇਨ੍ਹਾਂ ਨੇ ਪੂਰੀ ਕਰ ਦੇਣੀ ਹੈ। ਇਸ ਲਈ ਮੈਂ ਬੇ-ਸ਼ਰਮ ਹੋ ਕੇ, ਆਪ ਜੀ ਅੱਗੇ ਇਨ੍ਹਾਂ ਵਿੱਚੋਂ ਕੁਝ ਚਰਿਤ੍ਰਾਂ ਦਾ ਅਨੁਵਾਦ ਕਰਕੇ ਪਹੁੰਚਾ ਰਿਹਾ ਹਾਂ। ਤਾਂਕਿ ਆਪ ਇਹ ਨਿਰਣਾ ਕਰ ਸਕੋ ਕਿ ਇਹੋ ਜਿਹੀਆਂ ਬੇਤੁਕੀਆਂ ਅਸ਼ਲੀਲ ਕਹਾਣੀਆਂ ਵਾਲੀ ਕਿਤਾਬ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਰਚਨਾ ਹੋ ਸਕਦੀ ਹੈ ਜਾਂ ਨਹੀਂ ? ਨਾਲ ਹੀ ਇਹ ਵੇਖ ਸਕੋ ਕਿ ਇਹ ਕਹਾਣੀਆਂ ਇੱਕ ਸਿੱਖ ਨੂੰ ਜੀਵਨ-ਜਾਚ ਸਿਖਾ ਰਹੀਆਂ ਹਨ ਜਾਂ ਉੱਚ-ਦਰਜੇ ਦਾ ਵਿਭਚਾਰੀ ਬਣਨ ਦੀ ਟ੍ਰੇਨਿੰਗ ਦੇ ਰਹੀਆਂ ਹਨ ?

**ਦਸਮ ਗ੍ਰੰਥੀਆਂ ਦਾ ਇਹ ਗੁਰੂ, ਇਸਤਰੀਆਂ ਨੂੰ ਇਹ ਟ੍ਰੇਨਿੰਗ ਦੇ ਰਿਹਾ ਹੈ ਕਿ ਜੇ ਆਪਣਾ ਮਰਦ ਮੋਟਾ ਤੇ ਬਿਰਧ ਹੋਵੇ ਤਾਂ ਉਹ ਆਪਣੇ ਮਰਦ ਨੂੰ ਮੂਰਖ ਬਣਾ ਕੇ ਦੂਜੇ ਖ਼ੂਬਸੂਰਤ ਤੇ ਪਤਲੇ ਪ੍ਰੇਮੀ ਨਾਲ ਭੋਗ ਕਰ ਸਕਦੀਆਂ ਹਨ।**

## ਚਰਿਤ੍ਰ 91

ਸ਼੍ਰੀ ਮ੍ਰਿਗ ਚਛੁਮਤੀ ਰਹੈ ਤਾਕੋ ਰੂਪ ਅਪਾਰ।।
ਊਚ ਨੀਚ ਤਾਂ ਸੌ ਸਦਾ ਨਿਤਪ੍ਰਤਿ ਕਰੈ ਜੁਹਾਰ।। ੩।।
ਚੌਪਈ।।
ਸ਼ਹਿਰ ਕਾਲਪੀ ਮਹਿ ਬਸਤ ਤੈ।।
ਭਾਂਤਿ ਭਾਂਤਿ ਕੇ ਭੋਗ ਕਰੈਵੈ।।
ਸ਼੍ਰੀ ਮ੍ਰਿਗਨੈਨ ਮਤੀ ਤਹ ਰਾਜੈ।।
ਨਿਰਖ ਛਪਾਕਰਿ ਕੀ ਛਬਿ ਲਾਜੈ।। ੪।।

(ਅਖੌਤੀ ਦਸਮ ਗ੍ਰੰਥ, ਪੰਨਾ 815)

ਅਨੁਵਾਦ : ਮ੍ਰਿਗ ਚਛੁਮਤੀ ਅਪਾਰ ਰੂਪਵਤੀ ਸੀ। ਉਸ ਦਾ ਉਚੇ, ਨੀਵੇਂ, ਹਰ ਪ੍ਰਕਾਰ ਦੇ ਮਰਦਾਂ ਨਾਲ ਮੇਲ-ਜੋਲ ਸੀ। ਉਹ ਕਾਲਪੀ ਨਗਰ ਵਿੱਚ ਵੱਸਦੀ ਸੀ ਅਤੇ ਭਾਂਤ-ਭਾਂਤ ਦੇ ਭੋਗ-ਵਿਲਾਸ ਕਰਦੀ ਰਹਿੰਦੀ ਸੀ। ਇਸਦੇ ਰੂਪ ਨੂੰ ਵੇਖ ਕੇ ਚੰਦ੍ਰਮਾ ਦੀ ਛਵੀ ਵੀ ਸ਼ਰਮਸਾਰ ਹੋ ਜਾਂਦੀ ਸੀ।

ਚਛੁਮਤੀ ਦਾ ਮੋਟਾ ਪ੍ਰੇਮੀ ਬਿਰਧ ਸੀ ਅਤੇ ਪਤਲਾ ਪ੍ਰੇਮੀ ਜਵਾਨ

ਸੀ। ਉਹ ਦੋਵੇਂ ਪ੍ਰੇਮੀ ਦਿਨ-ਰਾਤ ਉਸ ਨਾਲ ਕਾਮ-ਭੋਗ ਕਰਦੇ ਰਹਿੰਦੇ ਸਨ। ਇਸਤਰੀ ਹਮੇਸ਼ਾ ਜਵਾਨ ਮਰਦ ਦੇ ਵਸ਼ ਹੋ ਜਾਂਦੀ ਹੈ। ਜੋ ਬਿਰਧ ਹੁੰਦਾ ਹੈ, ਉਹ ਇਸਤਰੀ ਦੇ ਵਸ਼ ਹੋ ਜਾਂਦਾ ਹੈ। ਇਹ ਇਸ ਜ਼ਮਾਨੇ ਦੀ ਰੀਤ ਹੈ, ਇਸਨੂੰ ਹਰ ਕੋਈ ਜਾਣਦਾ ਹੈ।

ਚਛੁਮਤੀ ਆਪਣੇ ਪਤਲੇ ਅਤੇ ਜਵਾਨ ਪ੍ਰੇਮੀ ਨਾਲ ਸੰਭੋਗ ਕਰਦੀ ਸੀ ਅਤੇ ਮੋਟੇ ਪ੍ਰੇਮੀ ਦੇ ਨੇੜੇ ਨਹੀਂ ਸੀ ਜਾਂਦੀ। ਜੇ ਮਜਬੂਰਨ ਉਹ ਮੋਟੇ ਯਾਰ ਨਾਲ ਸੰਭੋਗ ਕਰ ਲੈਂਦੀ ਤਾਂ ਉਹ ਮਨ ਹੀ ਮਨ ਬਹੁਤ ਪਛਤਾਉਂਦੀ ਸੀ। ਇੱਕ ਦਿਨ ਚਛੁਮਤੀ ਆਪਣੇ ਪਤਲੇ ਯਾਰ ਨਾਲ ਸੰਭੋਗ ਕਰ ਰਹੀ ਸੀ। ਇਸ ਦੌਰਾਨ ਉਸ ਦਾ ਮੋਟਾ ਯਾਰ ਆ ਗਿਆ। ਉਸ ਦੇ ਪੈਰ ਦੀ ਆਹਟ ਉਸਦੇ ਕਮਰੇ ਦੇ ਦਰਵਾਜ਼ੇ ਕੋਲ ਹੋਈ। ਉਸੇ ਅਵਸਥਾ ਵਿੱਚ ਉਸ ਨੇ ਆਪਣੇ ਪਤਲੇ ਯਾਰ ਨੂੰ ਕਿਹਾ, ਤੂੰ ਕੰਧ ਟੱਪ ਕੇ ਬਾਹਰ ਚਲਾ ਜਾ, ਕੋਈ ਪਾਪੀ ਆ ਗਿਆ ਹੈ ... ਮਤਾਂ ਉਹ ਮੈਨੂੰ ਤੇ ਤੈਨੂੰ ਬੰਨ੍ਹ ਨਾ ਲਵੇ। ਉਸਨੇ ਆਪਣੇ ਪਤਲੇ ਯਾਰ ਨਾਲ ਬਹੁਤ ਜ਼ਿਆਦਾ ਸੰਭੋਗ ਕੀਤਾ ਅਤੇ ਉਸ ਨੂੰ ਟਾਲ ਦਿੱਤਾ।

ਭਰਭਰਾਇ ਉਠਿ ਠਾਢਭੀ ਜਾਨਿ ਮੋਟਿਯੋ ਯਾਰ।। ੧੦।।
ਉਠਤ ਬੀਰਜ ਭੂ ਪਰ ਗਿਰਯੋ ਲਖਯੋ ਮੋਟਿਯੋ ਯਾਰ।।
ਯਾਕੋ ਤੁਰਤ ਬਤਾਇਯੈ ਭੇਦ ਰਮੈ ਸੁ ਕੁਮਾਰਿ।। ੧੧।।
ਅਧਿਕ ਤਿਹਾਰੋ ਰੂਪ ਲਖਿ ਮੋਹਿ ਨ ਰਹੀ ਸੰਭਾਰ।।
ਤਾਂਤੇ ਗਿਰਯੋ ਅਨੰਗ ਭੂਅ ਸਕਯੋ ਨ ਬੀਰਜ ਉਬਾਰ।। ੧੨।।

(ਅਖੌਤੀ ਦਸਮ ਗ੍ਰੰਥ, ਪੰਨਾ 816)

ਮੋਟੇ ਪ੍ਰੇਮੀ ਨੂੰ ਆਇਆ ਜਾਣ ਕੇ ਉਹ ਘਬਰਾ ਕੇ ਉਠ ਖਲੋਤੀ। ਖੜੀ ਹੋਣ ਕਾਰਣ (ਉਸਦੇ ਬਹੁਤ ਅਧਿਕ ਸੰਭੋਗ ਨਾਲ ਇਕੱਠਾ ਹੋਇਆ) ਬੀਰਜ ਜ਼ਮੀਨ 'ਤੇ ਡਿੱਗ ਪਿਆ। ਜ਼ਮੀਨ 'ਤੇ ਡਿੱਗੇ ਬੀਰਜ ਨੂੰ ਮੋਟੇ ਯਾਰ ਨੇ ਵੇਖ ਲਿਆ। ਮੋਟੇ ਯਾਰ ਨੇ ਜ਼ਮੀਨ 'ਤੇ ਡਿੱਗੇ ਬੀਰਜ ਨੂੰ ਵੇਖ ਕੇ ਚਛੁਮਤੀ ਕੋਲੋਂ ਇਸ ਦਾ ਭੇਦ ਜਾਣਨਾ ਚਾਹਿਆ। ਉਹ ਇਸਤਰੀ ਉਸ ਨੂੰ ਕਹਿਣ ਲੱਗੀ, ਮੈਂ ਆਪ ਜੀ ਦੇ ਅਪਾਰ ਰੂਪ ਨੂੰ ਵੇਖ ਕੇ

ਸਹਾਰ ਨਾ ਸਕੀ, ਅਤੇ ਇਹ ਬੀਰਜ ਡਿੱਗ ਪਿਆ ਕਿਉਂਕਿ ਇਸ ਨੂੰ ਰੋਕ ਨਹੀਂ ਸਕੀ। ਭਾਵ ਕਿ ਅਧਿਕ ਕਾਮਵਸ਼ ਹੋ ਕੇ ਮੈਂ ਸੰਖਲਿਤ ਹੋ ਗਈ। ਉਹ ਮੂਰਖ ਮੋਟਾ ਯਾਰ, ਇਸਤਰੀ ਦੀ ਇਹ ਗੱਲ ਸੁਣ ਕੇ ਫੁੱਲਾ ਨਾ ਸਮਾਇਆ ਅਤੇ ਆਪਣੇ ਆਪ ਨੂੰ ਬਹੁਤ ਹੀ ਰੂਪਵਾਨ ਸਮਝਣ ਲੱਗ ਪਿਆ ਕਿ ਜਿਸਨੂੰ ਵੇਖ ਕੇ ਇਹ ਬਾਲਿਕਾ (ਕੁੜੀ) ਐਨੀ ਕਾਮ-ਵਸ਼ ਹੋ ਗਈ ਕਿ ਉਹ ਆਪਣੇ ਬੀਰਜ ਨੂੰ ਵੀ ਰੋਕ ਨਾ ਸਕੀ।

ਕੀ ਇਸਨੂੰ ਪੜ੍ਹ ਕੇ ਸਿੱਖ ਬੱਚੇ-ਬੱਚੀਆਂ ਉਸ ਮਹਾਨ ਗੁਰੂ ਉਪਰ ਸ਼ੰਕਾ ਨਹੀਂ ਕਰਨਗੇ ?

**ਦਸਮ ਗ੍ਰੰਥੀਆਂ ਦਾ ਗੁਰੂ ਆਪਣੇ ਸਿੱਖਾਂ ਨੂੰ ਇਹ ਸਿੱਖਿਆ ਵੀ ਦਿੰਦਾ ਹੈ ਕਿ ਜੇ ਤੁਹਾਡੇ ਘਰ ਦੀ ਨੌਕਰਾਨੀ ਚਾਹੇ, ਤਾਂ ਉਸ ਨਾਲ ਕਾਮ-ਵਾਸਨਾ ਪੂਰੀ ਕਰਨ ਵਿੱਚ ਵੀ ਤੁਸੀਂ ਕਦੇ ਸੰਕੋਚ ਨਾ ਕਰੋ। ਇਸਦੇ ਨਾਲ ਹੀ ਕਾਮ-ਕ੍ਰੀੜਾ ਕਰਨ ਵੇਲੇ, ਸੈਕਸ ਵਧਾਉਣ ਵਾਲੀਆਂ ਗੋਲੀਆਂ, ਭੰਗ, ਅਫ਼ੀਮ ਤੇ ਸ਼ਰਾਬ ਪੀਣਾ ਵੀ ਨਾ ਭੁੱਲਣਾ।**

## ਚਰਿਤ੍ਰ 160

### ਚੌਪਈ।।

ਬਲਵੰਡ ਸਿੰਘ ਤਿਰਹੁਤਿ ਕੋ ਨਿਰਪ ਬਰ।।
ਜਨੁ ਬਿਧਿ ਕਰਯੋ ਦੂਸਰੋ ਤਮ ਹਰ।।
ਅਮਿਤ ਰੂਪ ਤਾਕੋ ਅਤਿ ਸੋਹੈ।।
ਖਗ ਮ੍ਰਿਗ ਜੱਛ ਭੁਜੰਗਨ ਮੋਹੈ।।
ਰਾਨੀ ਸਾਠਿ ਸਦਨ ਤਿਹ ਮਾਹੀ।।
ਰੂਪਵਤੀ ਤਿਨ ਸਮ ਕਹੂੰ ਨਾਹੀ।।
ਸਭਹਿਨ ਸੌ ਪਤਿ ਨੇਹ ਬਢਾਵਤ।।
ਬਾਰੀ ਬਾਰੀ ਕੇਲ ਕਮਾਵਤ।। ੨।।

(ਅਖੌਤੀ ਦਸਮ ਗ੍ਰੰਥ, ਪੰਨਾ 1048)

ਅਨੁਵਾਦ : ਬਲਵੰਡ ਸਿੰਘ ਤਿਰਹੁਤ ਨਗਰ ਦਾ ਬਹੁਤ ਵੱਡਾ ਰਾਜਾ ਸੀ। ਉਸ ਦਾ ਰੂਪ ਐਨਾ ਤੇਜਵਾਨ ਸੀ ਕਿ ਜਿਵੇਂ ਵਿਧਾਤਾ ਨੇ ਉਸਨੂੰ ਦੂਜਾ

ਸੂਰਜ ਬਣਾ ਕੇ ਭੇਜਿਆ ਹੋਵੇ। ਉਸ ਦੇ ਸੁੰਦਰ ਰੂਪ ਤੋਂ ਪੰਛੀ, ਮਿਰਗ, ਯਕਸ਼ ਤੇ ਗੰਧਰਵ ਸਾਰੇ ਹੀ ਮੋਹਿਤ ਸਨ। ਊਸ ਦੇ ਮਹਿਲ ਵਿੱਚ ਸਠ ਰਾਣੀਆਂ ਸਨ। ਇਹੋ ਜਿਹੀਆਂ ਸੁੰਦਰ ਇਸਤਰੀਆਂ ਹੋਰ ਸਾਰੇ ਸੰਸਾਰ ਵਿੱਚ ਕਿਧਰੇ ਵੀ ਨਹੀਂ ਸਨ। ਉਹ ਸਾਰੀਆਂ ਨਾਲ ਹੀ ਪਿਆਰ ਕਰਦਾ ਸੀ ਅਤੇ ਵਾਰੀ-ਵਾਰੀ ਸਾਰੀਆਂ ਨਾਲ ਕਾਮ-ਕ੍ਰੀੜਾ ਕਰਦਾ ਸੀ।

ਇਨ੍ਹਾਂ ਸਾਰੀਆਂ ਰਾਣੀਆਂ ਵਿੱਚੋਂ ਹੁਕਮ ਕਲਾ ਨਾਂ ਦੀ ਰਾਣੀ ਸਭ ਤੋਂ ਰੂਪਵਾਨ ਅਤੇ ਕਾਮੁਕ ਸੀ। ਉਸ ਨੇ ਸਾਰੀਆਂ ਦੇ ਰੂਪ ਨੂੰ ਹੀ ਜਿਵੇਂ ਚੁਰਾ ਲਿਆ ਸੀ। ਉਸ ਨੂੰ ਜਦੋਂ ਵੀ ਕਾਮ-ਵਾਸਨਾ ਸਤਾਉਂਦੀ ਸੀ, ਉਹ ਆਪਣੀ ਦਾਸੀ ਨੂੰ ਰਾਜੇ ਕੋਲ ਭੇਜ ਕੇ, ਰਾਜੇ ਨੂੰ ਬੁਲਵਾ ਲੈਂਦੀ ਸੀ।

ਇੱਕ ਦਿਨ ਉਸ ਰਾਣੀ ਨੇ ਕ੍ਰਿਸ਼ਨ ਕਲਾ ਨਾਂ ਦੀ ਇੱਕ ਦਾਸੀ ਨੂੰ, ਰਾਜੇ ਨੂੰ ਬੁਲਾਉਣ ਲਈ ਭੇਜਿਆ। ਰਾਜੇ ਦੇ ਰੂਪ ਨੂੰ ਵੇਖ ਕੇ ਉਹ ਦਾਸੀ ਉਸ 'ਤੇ ਮੋਹਿਤ ਹੋ ਗਈ, ਤੇ ਰਾਜੇ ਨੂੰ ਕਹਿਣ ਲੱਗੀ, 'ਹੇ ਰਾਜਨ ! ਮੇਰੀ ਗੱਲ ਸੁਣੋ। ਮੈਂ ਆਪ ਜੀ ਦੇ ਅਪਾਰ ਰੂਪ ਨੂੰ ਵੇਖ ਕੇ, ਆਪ ਜੀ 'ਤੇ ਮੋਹਿਤ ਹੋ ਗਈ ਹਾਂ। ਕਾਮ ਦੇ ਵੱਸ ਪੈ ਕੇ ਆਪਣੀ ਸੁਧ-ਬੁਧ ਖੋ ਚੁੱਕੀ ਹਾਂ। ਮੇਰੀ ਸੁਧ-ਬੁਧ ਸਭ ਖੋ ਗਈ ਹੈ। ਮੈਂ ਕਾਮ ਦੇ ਅਧੀਨ ਹੋ ਗਈ ਹਾਂ। ਹੇ ਰਾਜਨ ! ਮੇਰੇ ਸਾਰੇ ਅੰਗ ਫੜ-ਫੜ ਕੇ ਮੇਰੇ ਨਾਲ ਸੰਭੋਗ ਕਰੋ।'

ਜਦੋਂ ਰਾਜੇ ਨੇ ਉਸਦੀ ਇਹ ਗੱਲ ਸੁਣੀ ਤਾਂ ਉਹ ਉਸ ਨਾਲ ਸੰਭੋਗ ਕਰਨ ਲਈ ਲਲਚਾ ਉਠਿਆ। ਰਾਜੇ ਨੇ ਉਸ ਨਾਲ ਚਿੰਬੜ-ਚਿੰਬੜ ਕੇ ਕਾਮ-ਕ੍ਰੀੜਾ ਕੀਤੀ ਅਤੇ ਵਿਆਕੁਲ ਦਾਸੀ ਉਸ ਨਾਲ ਚੰਬੜੀ ਰਹੀ। ਕਾਮਾਤੁਰ ਦਾਸੀ ਇੱਕ ਪਲ ਲਈ ਵੀ ਰਾਜੇ ਨੂੰ ਛੱਡਣਾ ਨਹੀਂ ਸੀ ਚਾਹੁੰਦੀ। ਉਹ ਉਸ ਨੂੰ ਫੜ-ਫੜ ਕੇ ਉਸ ਨਾਲ ਚੰਬੜ ਜਾਂਦੀ ਸੀ।

ਰਾਜੇ ਨੇ ਕਾਮ-ਕ੍ਰੀੜਾ ਕਰਦਿਆਂ ਉਸ ਨਾਲ ਭਾਂਤ-ਭਾਂਤ ਦੇ ਆਸਨ ਬਣਾਏ ਅਤੇ ਚੁੰਬਨ ਲਏ। ਚੰਬੜ-ਚੰਬੜ ਕੇ ਇਸ ਤਰ੍ਹਾਂ ਭੋਗ-

ਵਿਲਾਸ ਕੀਤਾ, ਜਿਸਨੂੰ ਬਿਆਨ ਨਹੀਂ ਕੀਤਾ ਜਾ ਸਕਦਾ।

ਸਵੈਯਾ।।

ਖਾਇ ਬੰਧੇਜਨ ਕੀ ਬਰਿਯੈ ਨ੍ਰਿਪ ਭਾਂਗ ਚਬਾਇ ਅਫੀਮ ਚੜਾਈ।।
ਪੀਤ ਸ਼ਰਾਬ ਬਿਰਾਜਤ ਸੁੰਦਰ ਕਾਮ ਕੀ ਰੀਤਿ ਸੌ ਪ੍ਰੀਤਮ ਚਾਈ।।
ਆਸਨ ਔਰ ਅਲਿੰਗਨ ਚੁੰਬਨ ਭਾਂਤਿ ਅਨੇਕ ਲੀਏ ਸੁਖਦਾਈ।।
ਯੌ ਤਿਹ ਤੋਰਿ ਕੁਚਾਨ ਮਰੋਰਿ ਸੁ ਭੋਗ ਲਗੇ ਝਕਝੋਰਿ ਬਜਾਈ।। ੧੦।।

(ਅਖੌਤੀ ਦਸਮ ਗ੍ਰੰਥ, ਪੰਨਾ 1049)

ਰਾਜੇ ਨੇ ਆਪਣਾ ਬੀਰਜ ਰੋਕਣ ਵਾਲੀਆਂ ਗੋਲੀਆਂ ਖਾਧੀਆਂ। ਉੱਤੋਂ ਭੰਗ ਖਾ ਕੇ ਅਫ਼ੀਮ ਵੀ ਖਾ ਲਈ (ਤਾਂ ਕਿ ਉਸ ਦਾਸੀ ਨੂੰ ਬਹੁਤ ਦੇਰ ਤਕ ਭੋਗਿਆ ਜਾ ਸਕੇ)। ਸ਼ਰਾਬ ਪੀ ਕੇ ਉਹ, ਉਸ ਦਾਸੀ ਨਾਲ ਫਿਰ ਸੰਭੋਗ ਕਰਨ ਲੱਗ ਪਿਆ। ਕਈ ਸੁੰਦਰ ਵਿਧੀਆਂ ਨਾਲ ਉਸਨੇ ਦਾਸੀ ਨਾਲ ਭੋਗ ਕੀਤਾ। ਭਾਂਤ-ਭਾਂਤ ਦੇ ਤਰੀਕਿਆਂ ਨਾਲ ਸੁਖ ਦੇਣ ਵਾਲੇ ਆਸਨ, ਆਲਿੰਗਨ ਅਤੇ ਚੁੰਬਨ ਕੀਤੇ। ਦਾਸੀ ਦੀਆਂ ਛਾਤੀਆਂ ਨੂੰ ਮਸਲ-ਮਸਲ ਕੇ ਸਵੇਰ ਤਕ ਚੰਗੀ ਤਰ੍ਹਾਂ ਸੰਭੋਗ ਕੀਤਾ।

ਰਾਜੇ ਨੇ ਖ਼ੁਸ਼ ਹੋ ਕੇ ਉਸ ਨਾਲ ਰਤਿ-ਕ੍ਰੀੜਾ ਕੀਤੀ, ਅਤੇ ਦਾਸੀ ਵੀ ਉਸ ਨਾਲ ਲਿਪਟੀ ਰਹੀ। ਰਾਜੇ ਨੇ ਵੀ ਭਾਂਤ-ਭਾਂਤ ਦੇ ਆਸਨ ਬਣਾਏ ਅਤੇ ਸਵੇਰ ਹੋਣ ਤਕ ਉਸ ਨਾਲ ਭੋਗ ਕਰਦਾ ਰਿਹਾ।

ਜਦ ਰਾਤ ਬੀਤ ਗਈ ਤੇ ਸਵੇਰ ਹੋ ਗਈ ਤਾਂ ਰਾਜੇ ਨੇ ਦਾਸੀ ਨੂੰ ਵਿਦਾ ਕਰ ਦਿੱਤਾ। ਦਾਸੀ ਨੇ ਕਾਹਲੀ-ਕਾਹਲੀ ਵਿੱਚ ਰਾਜੇ ਦੀ ਸ਼ਾਲ (ਉਪਰ ਲੈਣ ਵਾਲਾ ਬਸਤਰ) ਆਪਣੇ 'ਤੇ ਓੜ੍ਹ ਲਿਆ।

ਕ੍ਰਿਸ਼ਨ ਕਲਾ ਕਾਮ-ਕ੍ਰੀੜਾ ਮਨਾ ਕੇ ਉਸ ਥਾਂ 'ਤੇ ਪੁੱਜੀ ਜਿਥੇ ਹੁਕਮ ਕਲਾ ਮੌਜੂਦ ਸੀ। ਰਾਣੀ ਹੁਕਮ ਕਲਾ ਦਾਸੀ ਕੋਲੋਂ ਪੁਛਣ ਲੱਗੀ, ' ਤੂੰ ਐਨੇ ਔਖੇ ਸਾਹ ਕਿਉਂ ਲੈ ਰਹੀ ਹੈਂ ?' 'ਮੈਂ ਕਾਹਲੀ ਨਾਲ ਦੌੜਦੀ ਆ ਰਹੀ ਹਾਂ, ਇਸ ਲਈ ਸਾਹ ਚੜ੍ਹ ਗਿਆ ਹੈ।' ਰਾਣੀ ਨੇ ਪੁੱਛਿਆ, 'ਤੇਰੇ ਵਾਲ ਕਿਉਂ ਖੁਲ੍ਹ ਗਏ ਹਨ, ਇਹ ਕਿਉਂ ਖਿਲਰੇ ਹੋਏ ਹਨ ?' ਦਾਸੀ ਨੇ ਕਿਹਾ, 'ਮੈਂ ਤੁਹਾਡੇ ਲਈ ਰਾਜੇ ਦੇ ਪੈਰੀ

(ਕਈ ਵਾਰ) ਪਈ ਸਾਂ।' ਰਾਣੀ ਨੇ ਪੁੱਛਿਆ, 'ਤੇਰੇ ਹੋਠਾਂ ਦੀ ਲਾਲੀ ਕਿਥੇ ਚਲੀ ਗਈ ?' ਦਾਸੀ ਬੋਲੀ, 'ਰਾਜੇ ਅੱਗੇ ਤੁਹਾਡੀ ਬਹੁਤ ਵਡਿਆਈ ਕਰਨ ਕਰਕੇ ਲਾਲੀ ਮਿਟ ਗਈ ਹੈ।' ਰਾਣੀ ਨੇ ਕਿਹਾ, ' ਤੂੰ ਇਹ ਕਿਸ ਦਾ ਬਸਤਰ ਲਿਆ ਹੋਇਆ ਹੈ।' ਦਾਸੀ ਨੇ ਕਿਹਾ, ' ਇਹ ਰਾਜੇ ਨੇ ਆਪ ਜੀ ਨੂੰ ਪ੍ਰੇਮ ਵਜੋਂ, ਵਿਸ਼ਵਾਸ ਨਾਲ ਭੇਜਿਆ ਹੈ।'

ਇਸ ਤਰ੍ਹਾਂ ਅਪਾਰ ਰੂਪ ਵਾਲੀ ਉਹ ਰਾਣੀ, ਇੱਕ ਦਾਸੀ ਦੇ ਹੱਥੋਂ ਠਗੀ ਗਈ। ਇੱਕ ਇਸਤਰੀ ਨੇ ਦੂਜੀ ਇਸਤਰੀ ਦਾ ਭੇਦ ਨਾ ਪਾਇਆ।

'ਅਥ ਪਖ੍ਯਾਨ ਚਰਿਤ੍ਰ ਲਿਖ੍ਯਤੇ' ਵਿਚਲੀਆਂ ਕੁਝ ਹੋਰ 'ਕਾਮ ਕਹਾਣੀਆਂ' ਦੀ ਚਰਚਾ ਅਗਲੇ ਭਾਗਾਂ ਵਿੱਚ ਕਰਾਂਗੇ। ਆਪਣੀ ਕੌਮ ਦੇ ਹਿਤ ਲਈ, ਇਹ ਬੇਸ਼ਰਮੀ ਭਰਿਆ ਤਰਜ਼ਮਾ ਕਰਨ ਲਈ ਅਤੇ ਉਸਨੂੰ ਆਪ ਤਕ ਪਹੁੰਚਾਉਣ ਲਈ ਮਜਬੂਰ ਹਾਂ ਅਤੇ ਇਸ ਲਈ ਸਾਰੇ ਪਾਠਕਾਂ ਕੋਲੋਂ ਹੱਥ ਜੋੜ ਕੇ ਮਾਫ਼ੀ ਮੰਗਦਾ ਹਾਂ।

ਕਈ ਵਰ੍ਹਿਆਂ ਤੋਂ ਰੁਮਾਲਿਆਂ ਹੇਠ ਢਕਿਆ ਹੋਇਆ ਇਹ ਗੰਦ, ਹੁਣ ਸਾਨੂੰ ਮਿਲਜੁਲ ਕੇ, ਥੋੜ੍ਹੇ ਬੇਸ਼ਰਮ ਬਣ ਕੇ, ਕੌਮ ਤਕ ਪਹੁੰਚਾਣਾ ਪਵੇਗਾ। ਜੇ ਹਾਲੇ ਵੀ ਅਸੀਂ ਸ਼ਰਮਾਂਦੇ ਰਹੇ ਅਤੇ ਐਸਾ ਨਾ ਕਰ ਸਕੇ ਤਾਂ ਇੱਕ ਦਿਨ ਮੌਕਾ ਪਾ ਕੇ 'ਸਿੱਖ ਵਿਰੋਧੀ ਤਾਕਤਾਂ' ਨੇ, ਜੇ ਇਸ 'ਗੰਦ ਦੇ ਟੋਕਰੇ' ਨੂੰ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਬਾਣੀ ਆਖ ਕੇ ਦੁਨੀਆ ਦੇ ਸਾਹਮਣੇ ਪੇਸ਼ ਕਰ ਦਿੱਤਾ ਤਾਂ ਸਾਡੇ ਹੱਥ 'ਚ ਕੁਝ ਵੀ ਨਹੀਂ ਬਚੇਗਾ। ਕਿਉਂਕਿ ਸਾਡੇ ਮੂਰਖ ਆਗੂ ਹੀ ਇਸਨੂੰ ਗੁਰੂ-ਕ੍ਰਿਤ ਆਖ-ਆਖ ਕੇ ਕਮਲੇ ਹੋਏ ਪਏ ਹਨ। ਉਸ ਵੇਲੇ ਅਸੀਂ ਕਿਵੇਂ ਕਹਾਂਗੇ ਕਿ ਇਹ ਗੰਦ ਸਾਡੇ ਗੁਰੂ ਦਾ ਲਿਖਿਆ ਹੋਇਆ ਨਹੀਂ ਹੈ।

# ਭਾਗ ੧੫

## ਅਥ ਪਖਯਾਨ ਚਰਿਤ੍ਰ ਲਿਖਯਤੇ॥

ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ॥ ਸ੍ਰੀ ਭਗੌਤੀ ਜੀ ਸਹਾਇ॥
ਅਥ ਪਖਯਾਨ ਚਰਿਤ੍ਰ ਲਿਖਯਤੇ॥ ਪਾਤਿਸ਼ਾਹੀ ੧੦॥

ਅਖੌਤੀ ਦਸਮ ਗ੍ਰੰਥ ਵਿੱਚ ਦਰਜ 'ਚਰਿਤ੍ਰ ਪਖਯਾਨ' ਨਾਮਕ ਰਚਨਾ ਵਿੱਚ ਛਪੀਆਂ 'ਗੰਦੀਆਂ ਤੇ ਅਸ਼ਲੀਲ' ਕਹਾਣੀਆਂ ਨੂੰ ਕੌਮ ਤਕ ਪਹੁੰਚਾਉਣ ਦਾ ਯਤਨ ਕਰ ਰਹੇ ਹਾਂ। ਇਸ ਦਾ ਇਕੋ-ਇੱਕ ਕਾਰਣ ਹੈ ਕਿ ਭੋਲੇ-ਭਾਲੇ ਸਿੱਖਾਂ ਨੂੰ ਇਹ ਪਤਾ ਲਗ ਸਕੇ ਕਿ ਜਿਸਨੂੰ ਉਹ 'ਦਸਮ ਬਾਣੀ' ਸਮਝ ਕੇ ਮੱਥੇ ਟੇਕੀ ਜਾ ਰਹੇ ਹਨ, ਹਕੀਕਤ ਵਿੱਚ ਉਸ 'ਚ ਕੀ ਲਿਖਿਆ ਹੋਇਆ ਹੈ ?

'ਸਯਾਮ ਕਵੀ' ਦੀਆਂ ਲਿਖੀਆਂ ਹੋਈਆਂ ਫੂਹੜ ਕਾਮ ਕਹਾਣੀਆਂ ਵਾਲੀ ਇਸ 'ਕੂੜ ਕਿਤਾਬ' ਦੇ ਅੱਗੇ ਸਿੱਖਾਂ ਕੋਲੋਂ ਮੱਥੇ ਤਾਂ ਟਿਕਵਾਏ ਜਾਂਦੇ ਹਨ, ਪਰ ਇਸ ਵਿੱਚ ਲਿਖਿਆ ਕੀ ਹੈ, ਇਸਨੂੰ ਰੁਮਾਲੇ ਪਾ-ਪਾ ਕੇ ਹਮੇਸ਼ਾ ਹੀ ਛਿਪਾਇਆ ਜਾਂਦਾ ਰਿਹਾ ਹੈ। ਕਿਉਂਕਿ ਜੇ ਇਸਦੇ ਅੰਦਰ ਲਿਖਿਆ 'ਗੰਦ' ਸਿੱਖਾਂ ਨੂੰ ਪਤਾ ਲੱਗ ਜਾਂਦਾ ਤਾਂ ਇਸਦਾ ਪਾਜ ਖੁਲ੍ਹ ਜਾਣਾ ਸੀ। ਜੇ ਇਸਦਾ ਭੇਦ ਖੁਲ੍ਹ ਜਾਂਦਾ ਤਾਂ ਇਸ 'ਕੂੜ ਕਿਤਾਬ' ਨੂੰ ਕੌਮ ਨੇ ਬਹੁਤ ਪਹਿਲਾਂ ਹੀ ਰੱਦ ਕਰ ਦੇਣਾ ਸੀ।

ਸਾਡੇ ਤਖ਼ਤਾਂ 'ਤੇ ਕਾਬਜ਼ ਕੇਸਾਧਾਰੀ ਬ੍ਰਾਹਮਣਾਂ ਦੀ 'ਸਕੱਤਰੇਤ ਜੁੰਡਲੀ' ਨੇ ਵੀ ਇਸਨੂੰ 'ਗੁਰੂ ਕ੍ਰਿਤ' ਆਖਣ ਦਾ ਕੋਝਾ ਉਪਰਾਲਾ ਬਹੁਤ ਜ਼ੋਰ ਨਾਲ ਸ਼ੁਰੂ ਕੀਤਾ ਹੋਇਆ ਹੈ। ਖ਼ਾਲਸਾ ਜੀ ! ਸਾਵਧਾਨ ! ਇਹ 'ਦਸਮ ਬਾਣੀ' ਨਹੀਂ ਹੈ। ਆਓ ! ਇਸ ਦੀਆਂ ਕੁਝ ਵੰਨਗੀਆਂ ਵੇਖੀਏ ਕਿ ਹਿਸ ਵਿੱਚ ਕਿੰਨਾ ਕੁ ਗੰਦ ਲਿਖਿਆ ਹੋਇਆ ਹੈ।

ਦਸਮ ਗ੍ਰੰਥੀਆਂ ਦਾ ਇਹ ਅਖੌਤੀ ਗੁਰੂ (ਦਸਮ ਗ੍ਰੰਥ) ਇਸਤਰੀਆਂ ਨੂੰ 'ਸਮਲਿੰਗ ਮੈਥੁਨ' (ਲੈਸਬੀਅਨ ਸੈਕਸ) ਕਰਨਾ ਅਤੇ ਕਾਮ-ਵਾਸ਼ਨਾ ਪੂਰੀ ਕਰਨ ਲਈ ਮਰਦ ਦਾ ਬਨਾਵਟੀ ਗੁਪਤ-ਅੰਗ ਬਣਾ ਕੇ, ਉਸ ਨਾਲ ਕਾਮ-ਵਾਸ਼ਨਾ ਪੂਰੀ ਕਰਨ ਦਾ ਤਰੀਕਾ ਵੀ ਦੱਸਦਾ ਹੈ।

## ਚਰਿਤ੍ਰ 109

**ਸਵੈਯਾ।।**

ਆਜੁ ਪਯਾਨ ਕਰੋਂਗੀ ਤਹਾਂ ਸਖੀ
ਭੇਖਨ ਬਸਤ੍ਰ ਅਨੂਪ ਬਨਾਊਂ।।
ਮੀਤ ਕੋ ਪਾਸ ਬਦਯੋ ਮਿਲਿਬੋ ਨਿਸਿ ਹੋਤ ਨਹੀ
ਅਬ ਹੀ ਮਿਲਿ ਆਊਂ।।
ਸਾਵਨ ਮੋ ਮਨ ਭਾਵਨ ਕੋ ਲੀਏ
ਸਾਤ ਸਮੁੰਦ੍ਰਨ ਕੋ ਤਰਜਾਊਂ।।

(ਅਖੌਤੀ ਦਸਮ ਗ੍ਰੰਥ, ਪੰਨਾ 963)

ਅਨੁਵਾਦ : ਕਾਲ ਦੇ ਦਰਬਾਰ ਵਿੱਚ ਨ੍ਰਿਤ ਕਰਨ ਵਾਲੀ ਅਪਸਰਾ ਜਿਸ ਦਾ ਨਾਂ ਉਰਬਸੀ ਸੀ, ਉਸ ਨੇ ਮਰਦਾਨਾ ਰੂਪ ਧਾਰਣ ਕੀਤਾ ਹੋਇਆ ਸੀ.... ਉਹ ਇੱਕ ਇਸਤਰੀ ਨੂੰ ਮਾਰਨ ਲਈ ਉਸ ਕੋਲ ਪੁਰਸ਼ ਦੇ ਰੂਪ ਵਿੱਚ ਜਾਂਦੀ ਹੈ। ਅੱਗੇ ਦਾ ਕਿੱਸਾ ਇਸ ਤਰ੍ਹਾਂ ਆਰੰਭ ਹੁੰਦਾ ਹੈ। .... ਇਸਤਰੀ ਉਸ ਮੋਹਨ (ਮਰਦਾਨੇ ਵੇਸ਼ ਵਿੱਚ ਉਰਬਸ਼ੀ) ਨੂੰ ਕਹਿਣ ਲੱਗੀ, ਅੱਜ ਮੈਂ ਨਵੇਂ ਗਹਿਣੇ ਅਤੇ ਬਸਤਰ ਆਦਿਕ ਪਾ ਕੇ ਅਨੁਪਮ ਸ਼ਿੰਗਾਰ ਕਰਾਂਗੀ। ਅੱਜ ਮੇਰੇ ਪ੍ਰੀਤਮ ਨੇ ਮੇਰੇ ਨਾਲ ਮਿਲਨ ਕਰਨਾ ਹੈ। ਜੇ ਰਾਤ ਹੁੰਦੀ ਤਾਂ ਹੁਣੇ ਹੀ ਤੁਰ ਪੈਂਦੀ। ਸਾਵਨ ਦੇ ਮਹੀਨੇ ਵਿੱਚ ਆਪਣੇ ਪ੍ਰੀਤਮ ਨਾਲ ਮਿਲਨ ਕਰਨ ਲਈ, ਮੈਂ ਸਤ ਸਮੁੰਦਰ ਵੀ ਪਾਰ ਕਰ ਸਕਦੀ ਹਾਂ, ਕਰੋੜਾਂ ਉਪਰਾਲੇ ਕਰਕੇ, ਆਪਣੇ ਪ੍ਰੀਤਮ ਦੇ ਸਰੀਰ ਨਾਲ ਸੰਜੋਗ ਕਰਨ ਦਾ ਯਤਨ ਕਰਾਂਗੀ। (ਮਰਦ ਦੇ ਵੇਸ਼ ਵਿੱਚ ਉਰਬਸ਼ੀ ਨੇ ਉੱਤਰ ਦਿੱਤਾ) ਜਦੋਂ ਦਾ ਮੈਂ ਇਸ ਸੰਸਾਰ ਵਿੱਚ ਪ੍ਰਗਟ ਹੋਇਆ ਹਾਂ, ਮੈਂ ਅੱਜ ਤਕ ਕਿਸੇ ਇਸਤਰੀ

ਨਾਲ ਭੋਗ ਨਹੀਂ ਕੀਤਾ। ਜੇ ਤੇਰੇ ਮਨ ਵਿੱਚ ਇਹ ਕਾਮ ਭਾਵਨਾ ਜਾਗ ਗਈ ਹੈ ਤਾਂ ਮੇਰਾ ਵੀ ਵਸ਼ (ਕਾਮ 'ਤੇ) ਹੁਣ ਕਿਸ ਤਰ੍ਹਾਂ ਚਲ ਸਕਦਾ ਹੈ।

ਬਾਤੈਂ ਕਰਤ ਨਿਸਾ ਪਰਿ ਗਈ।। ਤ੍ਰਿਯ ਕੋ ਕਾਮਕਰਾ ਅਤਿ ਭਈ।।
ਅਧਿਕ ਅਨੂਪਮ ਭੈਸ ਬਨਾਯੋ।। ਤਾਕੈ ਗ੍ਰਿਹ ਉਰ ਪਠਾਯੋ।। ੫੧।।
ਤਬ ਮੋਹਨ ਨਿਜੁ ਗ੍ਰਿਹ ਚਲਿ ਆਯੋ।। ਅਧਿਕ ਅਨੁਪਮ ਭੇਸ ਬਨਾਯੋ।।
ਟਕਿਯਨ ਕੀ ਚਪਟੀ ਉਰ ਬਸੀ।। ਮੋਮ ਮਾਰਿ ਆਸਨ ਸੌ ਕਸੀ।। ੫੨।।
ਬਿਖਿ ਕੋ ਲੇਪ ਤਵਨ ਮੈ ਕੀਯੋ।। ਸਿਵਹਿ ਰਿਝਾਇ ਮਾਂਗ ਕਰ ਲੀਯੋ।।

(ਅਖੌਤੀ ਦਸਮ ਗ੍ਰੰਥ, ਪੰਨਾ 964)

ਗੱਲਾਂ ਕਰਦਿਆਂ-ਕਰਦਿਆਂ ਰਾਤ ਬਹੁਤ ਵੱਧ ਗਈ। ਇਸਤਰੀ ਦੇ ਮਨ ਵਿੱਚ ਕਾਮ ਵਾਸਨਾ ਬਹੁਤ ਅਧਿਕ ਵੱਧ ਚੁਕੀ ਸੀ। ਇਸਤਰੀ ਨੇ ਬਹੁਤ ਸੁੰਦਰ ਰੂਪ ਬਣਾਇਆ ਅਤੇ ਉਸ ਮੋਹਨ (ਮਰਦ ਵੇਸ਼ ਵਿੱਚ ਉਰਬਸ਼ੀ) ਨੂੰ ਉਸ ਦੇ ਘਰ ਵਾਪਸ ਭੇਜ ਦਿੱਤਾ।

ਆਪਣੇ ਘਰ ਆ ਕੇ ਉਰਬਸ਼ੀ ਨੇ ਕੁਝ ਸਿੱਕਿਆਂ ਨੂੰ ਇੱਕ ਥੈਲੀ (ਗੁੱਥੀ) ਵਿੱਚ ਪਾ ਕੇ ਮਰਦ ਦੇ ਗੁਪਤ ਅੰਗ ਦੇ ਅਕਾਰ ਦਾ ਇੱਕ ਲਿੰਗ ਬਣਾ ਲਿਆ ਅਤੇ ਉਸ ਦੇ ਉਪਰ ਮੋਮ ਦੀ ਪਰਤ ਚੜ੍ਹਾ ਕੇ ਉਸਨੂੰ ਆਪਣੇ ਗੁਪਤ ਅੰਗ ਉੱਤੇ ਕੱਸ ਲਿਆ। ਉਸ ਲਿੰਗ 'ਤੇ ਉਸਨੇ ਜ਼ਹਿਰ ਦਾ ਲੇਪ ਵੀ ਕਰ ਦਿੱਤਾ। ਸ਼ਿਵ (ਸ਼ੰਕਰ) ਦੇਵਤੇ ਨੂੰ ਪ੍ਰਸੰਨ ਕਰਕੇ ਇਹ ਵਰ ਮੰਗ ਲਿਆ ਕਿ ਜਦੋਂ ਉਹ ਇਸਤਰੀ ਮੇਰੇ ਇਸ ਅੰਗ ਨਾਲ ਭੋਗ ਕਰੇ ਤਾਂ ਉਸ 'ਤੇ ਲਗੇ ਜ਼ਹਿਰ ਨਾਲ ਉਸ ਦਾ ਅੰਤ ਹੋ ਜਾਵੇ।

ਤਦ ਤਕ ਉਹ ਇਸਤਰੀ ਵੀ ਉਰਬਸ਼ੀ ਦੇ ਘਰ ਆ ਗਈ। ਕਾਮ ਨਾਲ ਆਤੁਰ ਹੋ ਕੇ ਉਹ ਉਰਬਸ਼ੀ ਨਾਲ ਲਿਪਟ ਗਈ। ਕਾਮ ਦੇ ਵਸ਼ ਪਈ ਉਹ ਇਸਤਰੀ, ਮਰਦ ਦੇ ਵੇਸ਼ ਵਿੱਚ ਉਰਬਸ਼ੀ ਨੂੰ ਇੱਕ ਇਸਤਰੀ ਕਰਕੇ ਨਹੀਂ ਪਛਾਣ ਸਕੀ।

ਉਸ ਇਸਤਰੀ ਨੇ ਉਰਬਸ਼ੀ ਨਾਲ ਭੋਗ ਕੀਤਾ ਅਤੇ ਜਦ ਬਹੁਤ ਸੁਖ ਮਨਾ ਲਿਆ ਤਾਂ ਉਸਨੂੰ ਬਣਾਵਟੀ ਅੰਗ 'ਤੇ ਲੱਗਾ ਜ਼ਹਿਰ

ਚੜ੍ਹਣ ਲੱਗ ਪਿਆ। ਜ਼ਹਿਰ ਦੇ ਅਸਰ ਨਾਲ ਉਹ ਬੇਹੋਸ਼ ਹੋ ਗਈ ਅਤੇ ਉਹ ਜੰਮ ਦੇ ਵੱਸ ਪੈ ਗਈ ਭਾਵ ਮਰ ਗਈ।

ਗੁਰੂ ਦੇ ਸੰਵਾਰੇ ਸਿੱਖੋ ! ਕੀ ਗੁਰੂ ਗ੍ਰੰਥ ਸਾਹਿਬ ਦਾ ਸਿਧਾਂਤ ਇਸ 'ਬਿਖਿਆ' ਭਰੇ ਗ੍ਰੰਥ ਨਾਲ ਮਿਲਦਾ ਹੈ ? ਇੱਕ ਪਾਸੇ ਤਾਂ ਗੁਰੂ ਗ੍ਰੰਥ ਸਾਹਿਬ ਦਾ ਸਿੱਖ ਆਪਣੇ ਉੱਚੇ-ਸੁੱਚੇ ਚਰਿਤ੍ਰ ਅਤੇ ਸੁੱਚੀ ਮਤ ਦਾ ਧਾਰਣੀ ਹੈ। ਦੂਜੇ ਪਾਸੇ ਇਹ ਵਿਭਚਾਰ ਅਤੇ ਛਲ-ਕਪਟ ਵਾਲੀਆਂ ਕਹਾਣੀਆਂ ਨਾਲ ਭਰਿਆ ਇਹ 'ਗ੍ਰੰਥ' ਕਿਸੇ ਨੂੰ ਮਾਰਨ ਅਤੇ ਕਤਲ ਕਰਨ ਦੀਆਂ ਵਿਧੀਆਂ ਦੱਸ ਰਿਹਾ ਹੈ। ਫਿਰ ਵੀ ਇਨ੍ਹਾਂ ਬੇਸ਼ਰਮ ਦਸਮ ਗ੍ਰੰਥੀਆਂ ਨੂੰ ਇਹ ਕਹਿੰਦਿਆਂ ਸ਼ਰਮ ਨਹੀਂ ਆਉਂਦੀ ਕਿ 'ਜੋ ਸਿਧਾਂਤ ਗੁਰੂ ਗ੍ਰੰਥ ਸਾਹਿਬ ਜੀ ਦਾ ਹੈ, ਉਹ ਹੀ ਸਿਧਾਂਤ ਦਸਮ ਗ੍ਰੰਥ ਸਾਹਿਬ ਜੀ ਦਾ ਹੈ।'

ਖ਼ਾਲਸਾ ਜੀ ! ਇਸ 'ਗ੍ਰੰਥ' ਦੀ ਪੈਰਵੀ ਕਰਨ ਵੇਲੇ ਇਨ੍ਹਾਂ ਦਸਮ ਗ੍ਰੰਥੀਆਂ ਨੂੰ ਐਨਾ ਵੀ ਅਹਿਸਾਸ ਨਹੀਂ ਹੁੰਦਾ ਕਿ ਉਹ ਸਿੱਖਾਂ ਦੇ ਸ਼ਬਦ ਗੁਰੂ ਨਾਲ ਇਸ 'ਬਿਖਿਆ' ਦੀ ਤੁਲਨਾ ਕਰਕੇ 'ਪੰਥ ਦੋਖੀ' ਬਣ ਰਹੇ ਹਨ।

ਦਸਮ ਗ੍ਰੰਥੀਆਂ ਦਾ ਇਹ ਅਖੌਤੀ ਗੁਰੂ (ਦਸਮ ਗ੍ਰੰਥ) ਗੁਦਾ ਭੋਗ (ਗੇਅ ਸੈਕਸ) ਕਰਨ ਦੀ ਸਿੱਖਿਆ ਵੀ ਆਪਣੇ ਚੇਲਿਆਂ ਨੂੰ ਦਿੰਦਾ ਹੈ। ਜੇ ਕਿਸੇ ਦਾ ਪਤੀ ਵਿਭਚਾਰੀ ਹੋਵੇ, ਤਾਂ ਦੂਜੇ ਬੰਦੇ ਕੋਲੋਂ, ਉਸ ਦਾ ਗੁਦਾ ਭੋਗ ਕਰਾ ਕੇ ਉਸ ਨੂੰ ਸੁਧਾਰਿਆ ਜਾ ਸਕਦਾ ਹੈ।

ਜਿਥੇ ਇਹ ਅਖੌਤੀ ਦਸਮ ਗ੍ਰੰਥ ਆਪਣਿਆਂ ਚੇਲਿਆਂ ਨੂੰ 'ਸਮਲਿੰਗੀ ਮੈਥੁਨ' (ਲੈਸਬੀਅਨ ਸੈਕਸ) ਕਰਨ ਦੀ ਵਿਧੀ ਦੱਸਦਾ ਹੈ, ਉਥੇ ਹੀ ਆਪਣੇ ਚੇਲਿਆਂ ਨੂੰ 'ਗੁਦਾ ਭੋਗ ਕਰਕੇ ਉਨ੍ਹਾਂ ਦਾ ਬੇੜਾ ਗਰਕ ਕਰਨ ਦੇ ਤਰੀਕੇ ਵੀ ਦੱਸਦਾ ਹੈ। ਆਪਣੇ ਕੋਲੋਂ ਬਹੁਤਾ ਨਾ ਲਿਖਦੇ ਹੋਏ, ਇਸ ਵਿੱਚ ਲਿਖੇ 404 ਚਰਿਤ੍ਰਾਂ ਵਿੱਚੋਂ ਇੱਕ ਹੋਰ ਚਰਿਤ੍ਰ 'ਤੇ ਨਜ਼ਰ ਮਾਰੀਏ ਕਿ ਵਿਭਚਾਰੀ ਅਤੇ ਕਾਮੁਕ ਪਤੀ ਨੂੰ ਸੁਧਾਰਨ ਲਈ ਉਸ ਦੀ ਪਤਨੀ ਨੂੰ ਕੀ ਕਰਨਾ ਚਾਹੀਦਾ ਹੈ ? ਆਓ ! ਇਸ ਬਾਰੇ ਸੁਣਦੇ ਹਾਂ ਇਸ ਗ੍ਰੰਥ ਦੀ ਜ਼ਬਾਨੀ।

## ਚਰਿਤ੍ਰ 134

### ਚੌਪਈ।।

ਸਬਕ ਸਿੰਘ ਰਾਜਾ ਇਕ ਭਾਰੀ।। ਬਾਜਮਤੀ ਤਾਕੀ ਬਰ ਨਾਰੀ।।
ਕਾਹੂ ਸੋ ਨਹਿ ਰਾਵ ਲਜਾਵੈ।। ਸਭ ਇਸਤ੍ਰਿਨ ਸੌਂ ਕਲ ਕਮਾਵੈ।।
ਜੋ ਇਸਤ੍ਰੀ ਤਿਹ ਕਹੇ ਨ ਆਵੈ।। ਤਾਕੀ ਖਾਟ ਉਠਇ ਮੰਗਾਵੈ।।
ਅਧਿਕ ਭੋਗ ਤਾਸੋ ਨ੍ਰਿਪ ਕਰਈ।। ਰਾਨੀ ਤੇ ਜਿਯ ਨੈਕ ਨ ਡਰਈ।। ੨

(ਅਖੌਤੀ ਦਸਮ ਗ੍ਰੰਥ, ਪੰਨਾ 1009)

ਅਨੁਵਾਦ : ਸਬਕ ਸਿੰਘ ਨਾਂ ਦਾ ਇੱਕ ਬਹੁਤ ਵੱਡਾ ਰਾਜਾ ਸੀ। ਉਸ ਦੀ ਇਸਤਰੀ ਦਾ ਨਾਂ ਬਾਜਮਤੀ ਸੀ। ਰਾਜਾ ਕਿਸੇ ਤੋਂ ਸ਼ਰਮ ਨਹੀਂ ਸੀ ਕਰਦਾ ਭਾਵ ਬਹੁਤਾ ਹੀ ਬੇਸ਼ਰਮ ਸੀ। ਉਹ (ਮਨ ਭਾਉਂਦੀਆਂ) ਇਸਤਰੀਆਂ ਨਾਲ ਕਾਮ-ਕ੍ਰੀੜਾ ਕਰਦਾ ਸੀ। ਜੋ ਇਸਤਰੀ ਕਾਮ-ਕ੍ਰੀੜਾ ਲਈ ਰਾਜ਼ੀ ਨਹੀਂ ਸੀ ਹੁੰਦੀ, ਉਸਨੂੰ ਉਹ ਮੰਜੀ ਸਮੇਤ ਚੁਕਵਾ ਲੈਂਦਾ ਸੀ, ਅਤੇ ਉਸ ਨਾਲ ਬਹੁਤ ਜ਼ਿਆਦਾ ਸੰਭੋਗ ਕਰਦਾ ਸੀ। (ਇਹ ਕੰਮ ਕਰਦਿਆਂ) ਉਹ ਰਾਣੀ ਕੋਲੋਂ ਜ਼ਰਾ ਜਿੰਨਾ ਵੀ ਨਹੀਂ ਸੀ ਡਰਦਾ।

ਬਾਜਮਤੀ ਰਾਣੀ ਮਨ ਵਿੱਚ ਬਹੁਤ ਜ਼ਿਆਦਾ ਕ੍ਰੋਧ ਕਰਦੀ ਸੀ। ਲੇਕਿਨ ਸਬਕ ਸਿੰਘ 'ਤੇ ਉਸ ਦਾ ਕੋਈ ਜ਼ੋਰ ਨਹੀਂ ਸੀ ਚਲਦਾ। ਤਦ ਰਾਣੀ ਨੇ ਇੱਕ ਚਰਿਤ੍ਰ ਬਣਾਇਆ, ਅਤੇ ਰਾਜੇ ਨੂੰ ਮਾੜੀ ਬੁੱਧੀ ਤੋਂ ਹਟਾਇਆ।

ਕੋਈ ਰੂਪਵਾਨ ਇਸਤਰੀ ਨੂੰ ਜੇ ਰਾਣੀ ਵੇਖ ਲੈਂਦੀ ਤਾਂ ਉਹ ਰਾਜੇ ਨੂੰ ਜਾ ਕੇ ਕਹਿੰਦੀ ਕਿ, ਹੇ ਰਾਜਨ ! ਤੁਸੀਂ ਫਲਾਂ ਇਸਤਰੀ ਨੂੰ ਬੁਲਾਓ, ਤੇ ਉਸ ਨਾਲ ਭੋਗ ਕਰੋ। ਜਦ ਰਾਜਾ ਇਹ ਗੱਲ ਸੁਣਦਾ ਤਾਂ ਉਸ ਇਸਤਰੀ ਨੂੰ ਬੁਲਾ ਕੇ ਉਸ ਨਾਲ ਕਾਮ-ਕ੍ਰੀੜਾ ਕਰਦਾ। ਜਿਸ ਇਸਤਰੀ ਦੀ ਸੁੰਦਰਤਾ ਦਾ ਵਖਿਆਨ ਰਾਣੀ ਕਰਦੀ, ਰਾਜਾ ਉਸ ਇਸਤਰੀ ਨੂੰ ਬੁਲਾ ਕੇ ਉਸ ਨਾਲ ਭੋਗ ਕਰਦਾ।

ਰਾਣੀ ਐਸਾ ਕਰਕੇ ਸੋਚਦੀ ਕਿ ਇਸ ਤਰ੍ਹਾਂ ਕਰਨ ਨਾਲ ਮੈਂ ਭਾਵੇਂ ਰਾਜੇ ਦੀ ਦੱਲੀ ਬਣ ਗਈ ਹਾਂ, ਪਰ ਮੇਰਾ ਇਸ ਵਿੱਚ ਕੀ

ਵਿਗੜਦਾ ਹੈ। ਰਾਜਾ ਇਸ ਤਰ੍ਹਾਂ ਬਹੁਤ ਸੁਖ ਪ੍ਰਾਪਤ ਕਰਦਾ ਹੈ। ਇਹ ਗੱਲ ਮੇਰੇ ਚਿਤ ਨੂੰ ਬਹੁਤ ਚੰਗੀ ਲੱਗਦੀ ਹੈ।

ਰਾਣੀ ਨੇ ਇੱਕ ਬਹੁਤ ਹੀ ਸੁੰਦਰ ਬਲਵਾਨ ਪੁਰਸ਼ ਵੇਖਿਆ। ਪਹਿਲਾਂ ਉਸ ਦੀ ਇਸਤਰੀ ਨੂੰ ਰਾਜੇ ਨਾਲ ਮਿਲਵਾਇਆ। ਜਦੋਂ ਉਹ ਬਲਵਾਨ ਗੁੱਸੇ ਵਿੱਚ ਭਰ ਗਿਆ ਤਾਂ ਉਸ ਨਾਲ ਰਾਣੀ ਨੇ ਇਸ ਤਰ੍ਹਾਂ ਗੱਲ ਕੀਤੀ।

ਰਾਣੀ ਨੇ ਉਸ ਬਲਵਾਨ ਨਾਲ ਪਹਿਲਾਂ ਮਨ ਭਰ ਕੇ ਕਾਮ-ਕ੍ਰੀੜਾ ਕੀਤੀ, ਅਤੇ ਬਹੁਤ ਸੁਖ ਪ੍ਰਾਪਤ ਕੀਤਾ। ਫਿਰ ਉਹ ਉਸ ਬਲਵਾਨ ਪੁਰਸ਼ ਨੂੰ ਕਹਿਣ ਲੱਗੀ।

ਹੇ ਮਿੱਤਰ ! ਇਸ ਵਿੱਚ ਤੇਰੀ ਕੀ ਇੱਜ਼ਤ ਰਹਿ ਗਈ ਹੈ, ਕਿ ਰਾਜਾ ਤੇਰੀ ਇਸਤਰੀ ਨੂੰ ਚਾਹੁੰਦਾ ਹੈ। ਜਿਸਦੀ ਇਸਤਰੀ ਨਾਲ ਕੋਈ ਭੋਗ ਕਰੇ, ਉਸ ਇਸਤਰੀ ਨੂੰ ਸਾਰਾ ਸੰਸਾਰ ਧਿੱਕਾਰਦਾ ਹੈ। ਰਾਣੀ ਨੇ ਉਸ ਨਾਲ ਮਨ ਭਰ ਕੇ ਭੋਗ ਕੀਤਾ, ਫਿਰ ਉਸ ਨੂੰ ਇਹ ਕਹਿ ਕੇ ਉਸ ਦਾ ਗੁੱਸਾ ਹੋਰ ਭੜਕਾ ਦਿੱਤਾ ਕਿ :

ਤੇਰੀ ਇਸਤਰੀ ਨੂੰ ਤਾਂ ਰਾਜਾ ਬੁਲਾਉਂਦਾ ਹੈ। ਉਸ ਨਾਲ ਮਨ ਭਰ ਕੇ ਭੋਗ ਕਰਦਾ ਹੈ। ਤੂੰ ਸ਼ਰਮ ਦਾ ਮਾਰਾ ਮਰ ਕਿਉਂ ਨਹੀਂ ਜਾਂਦਾ ? ਜਾਂ ਅੱਗ ਲਾ ਕੇ ਸੜ ਕਿਉਂ ਨਹੀਂ ਜਾਂਦਾ ? ਜਾਂ ਤਾਂ ਇਸ ਰਾਜੇ ਨਾਲ ਖੁਲ੍ਹ ਕੇ ਬਦਲਾ ਲੈ, ਜਾਂ ਬਦਰੀਨਾਥ, ਹਿਮਾਲੇ 'ਤੇ ਜਾ ਕੇ ਗਲ ਜਾ।

ਹੇ ਰਾਣੀ ! ਤੂੰ ਜੋ ਕਹੇਂਗੀ, ਮੈਂ ਉਹ ਕਰਾਂਗਾ। ਮੈਂ ਸਬਕ ਸਿੰਘ ਰਾਜੇ ਕੋਲੋਂ ਜ਼ਰਾ ਵੀ ਨਹੀਂ ਡਰਾਂਗਾ। ਜਿਸਨੇ ਮੇਰਾ ਘਰ ਬਰਬਾਦ ਕੀਤਾ ਹੈ, ਮੈਂ ਉਸ ਦੀ ਇਸਤਰੀ ਨਾਲ ਕਾਮ-ਕ੍ਰੀੜਾ ਕਰਾਂਗਾ।

ਰਾਣੀ ਨੇ ਉਸ ਨੂੰ ਕਿਹਾ ਕਿ ਪਹਿਲਾਂ ਬਾਲ ਸਫਾ ਸਾਬਣ ਲਾ ਕੇ ਆਪਣਾ ਇਸਤਰੀ ਰੂਪ ਬਣਾ। ਜਦੋਂ ਰਾਜਾ ਤੈਨੂੰ ਸੁੰਦਰ ਇਸਤਰੀ ਦੇ ਰੂਪ ਵਿੱਚ ਵੇਖੇਗਾ, ਤੇ ਉਹ ਕਾਮ ਦੇ ਵੱਸ ਪੈ ਜਾਵੇਗਾ।

ਰਾਣੀ ਨੇ ਯਾਰ ਦੇ ਸਾਰੇ ਵਾਲ ਸਾਫ ਕਰ ਦਿੱਤੇ। ਸਰੀਰ ਉੱਤੇ ਅਨੁਪਮ ਗਹਿਣੇ ਸਜਾ ਲਏ। ਤੇ ਜਾ ਕੇ ਰਾਜੇ ਨੂੰ ਇੱਕ ਵਿਖਾਲੀ

ਦਿੱਤੀ। ਰਾਜੇ ਦਾ ਮਨ ਇਸ ਸੁੰਦਰ ਇਸਤਰੀ ਨੇ ਮੋਹ ਲਿਆ।

ਜਦ ਰਾਜੇ ਨੇ ਉਸ ਨੂੰ ਵੇਖਿਆ ਤਾਂ ਰਾਣੀ ਦੇ ਮਹਿਲ ਵਿੱਚ ਦੌੜ ਕੇ ਆਇਆ। ਹੇ ਸੁੰਦਰੀ ! ਮੈਂ ਇੱਕ ਇਸਤਰੀ ਵੇਖੀ ਹੈ। ਰੂਪ ਵਿੱਚ ਉਹ ਮਹਾਰੁਦ੍ਰ (ਸ਼ੰਕਰ) ਦੀ ਇਸਤਰੀ ਪਾਰਵਤੀ ਵਾਂਗ ਸੋਹਣੀ ਹੈ।

ਜੇ ਤੂੰ ਅੱਜ ਮੈਨੂੰ ਉਹ ਦਿਲਾ ਦੇਵੇਂ, ਤਾਂ ਜੋ ਤੂੰ ਮੰਗੇਗੀ, ਉਹੀ ਪ੍ਰਾਪਤ ਕਰੇਂਗੀ। ਰਾਜੇ ਦੇ ਇਹ ਬਚਨ ਸੁਣ ਕੇ ਰਾਣੀ ਫੁਲ ਗਈ, ਕਿਉਂਕਿ ਜੋ ਉਹ ਚਾਹੁੰਦੀ ਸੀ, ਉਹ ਅੱਜ ਪੂਰਾ ਹੋ ਰਿਹਾ ਸੀ।

ਸੁਨਤ ਬਚਨ ਰਾਨੀ ਗ੍ਰਿਹ ਆਈ।। ਤੌਨ ਜਾਰ ਕੋ ਦਯੋ ਭਿਟਾਈ।।
ਜਬ ਤਾਕੋ ਨ੍ਰਿਪ ਹਾਥ ਚਲਾਯੋ।। ਪਕਰਿ ਰਾਵ ਕੋ ਤਰੇ ਦਬਾਯੋ।। ੧੯।।
ਨ੍ਰਿਪ ਕੋ ਪਕਰ ਭੁਜਨ ਤੇਂ ਲਿਯੇ।। ਗੁਦਾ ਭੋਗ ਤਾਕੋ ਦ੍ਰਿੜ ਕੀਯੋ।।
ਤੋਰਿ ਤਾਰਿ ਤਨ ਰੁਧਿਰ ਚਲਾਯੋ।। ਅਧਿਕ ਰਾਵ ਮਨ ਮਾਂਝ ਲਜਾਯੋ।।

ਦੋਹਰਾ।।

ਗੁਦਾ ਭੋਗ ਭੇ ਤੇ ਨ੍ਰਿਪਤਿ ਮਨ ਮਹਿ ਰਹਯੋ ਲਜਾਇ।।
ਤਾਂ ਦਿਨ ਤੇਂ ਕਾਹੂੰ ਤ੍ਰਿਯਹਿ ਲਯੋ ਨ ਨਿਕਟ ਬੁਲਾਇ।। ੨੦।।

(ਅਖੌਤੀ ਦਸਮ ਗ੍ਰੰਥ, ਪੰਨਾ 1010)

ਇਹ ਬਚਨ ਸੁਣ ਕੇ ਰਾਣੀ ਘਰ ਆਈ। ਉਸ ਨੇ ਯਾਰ ਨੂੰ ਰਾਜੇ ਨਾਲ ਮਿਲਾ ਦਿੱਤਾ। ਜਿਵੇਂ ਹੀ ਰਾਜੇ ਨੇ ਉਸ ਵੱਲ ਹੱਥ ਵਧਾਇਆ, ਉਸ ਨੇ ਰਾਜੇ ਨੂੰ ਫੜ ਕੇ ਚੰਗੀ ਤਰ੍ਹਾਂ ਦਬੋਚ ਲਿਆ।

ਰਾਜੇ ਨੂੰ ਬਾਹਵਾਂ ਤੋਂ ਫੜ ਕੇ ਉਸ ਨਾਲ ਚੰਗੀ ਤਰ੍ਹਾਂ 'ਗੁਦਾ ਭੋਗ' ਕੀਤਾ। ਚੰਗੀ ਤਰ੍ਹਾਂ ਤੋੜ-ਤਾੜ ਕੇ ਰਾਜੇ ਦੀ ਗੁਦਾ ਨੂੰ ਲਹੂ-ਲੁਹਾਨ ਕਰ ਦਿੱਤਾ। ਰਾਜਾ ਇਸ ਕਰਕੇ ਬਹੁਤ ਹੀ ਸ਼ਰਮਿੰਦਾ ਹੋਇਆ।

ਗੁਦਾ ਭੋਗ ਕਰਵਾ ਕੇ ਰਾਜਾ ਬਹੁਤ ਲੱਜਿਤ ਹੋਇਆ। ਉਸ ਤੋਂ ਬਾਅਦ ਉਸਨੇ, ਕਿਸੇ ਵੀ ਇਸਤਰੀ ਨੂੰ ਆਪਣੇ ਨੇੜੇ ਨਹੀਂ ਬੁਲਾਇਆ।

ਖ਼ਾਲਸਾ ਜੀ ! ਕੀ ਇਹ ਹੀ ਹੈ ਜੀਵਨ ਜਾਚ ? ਕੀ ਇਹ ਹੀ ਹੈ ਉਹ ਸਿਧਾਂਤ ? ਕੀ ਇਹ ਹੀ ਹੈ ਉਹ ਵਿਸ਼ਾ, ਜੋ ਗੁਰੂ ਗ੍ਰੰਥ ਸਾਹਿਬ ਜੀ ਦੇ ਸਿਧਾਂਤ ਅਤੇ ਵਿਸ਼ੇ ਨਾਲ ਮੇਲ ਖਾਂਦਾ ਹੈ ? ਮਨ ਵਿੱਚ ਬਹੁਤ ਰੋਸ ਵੀ ਆਉਂਦਾ ਹੈ ਕਿ

ਇਹ ਦਸਮ ਗ੍ਰੰਥੀਏ ਕਿਸ ਅਧਾਰ 'ਤੇ ਇਹ ਕਹਿੰਦੇ ਹਨ ਕਿ 'ਜੋ ਸਿਧਾਂਤ, ਜੋ ਵਿਸ਼ਾ ਗੁਰੂ ਗ੍ਰੰਥ ਸਾਹਿਬ ਜੀ ਦਾ ਹੈ, ਉਹ ਹੀ ਵਿਸ਼ਾ ਅਤੇ ਸਿਧਾਂਤ ਦਸਮ ਗ੍ਰੰਥ ਸਾਹਿਬ ਜੀ ਦਾ ਹੈ। ਇਸਨੂੰ ਕੇਵਲ ਕਿਤਾਬ ਨਾ ਕਹੋ। ਇਹ ਦੋਵੇਂ ਗ੍ਰੰਥ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਕ੍ਰਿਤ ਹਨ। ਗੁਰੂ ਗ੍ਰੰਥ ਸਾਹਿਬ ਜੀ ਤੋਂ ਦੂਸਰੇ ਸਥਾਨ 'ਤੇ ਦਸਮ ਗ੍ਰੰਥ ਸਾਹਿਬ ਜੀ ਦਾ ਸਤਿਕਾਰ ਹਰ ਸਿੱਖ ਕਰਦਾ ਹੈ।'

ਖ਼ਾਲਸਾ ਜੀ ! 'ਦੇਵੀ ਜੂ ਕੀ ਉਸਤਤਿ' ਵਾਲੀ ਇਸ 'ਕਾਲੀ ਕਿਤਾਬ' ਜੇ ਕੁਝ ਵਰ੍ਹੇ ਹੋਰ ਸਿੱਖੀ ਦੇ ਪੱਲੇ ਪਈ ਰਹੀ ਤਾਂ ਇਨ੍ਹਾਂ ਬੁਰਛਾਗਰਦਾਂ ਨੇ ਇਸਨੂੰ ਸਿੱਖਾਂ ਦਾ 'ਦੂਜਾ ਗੁਰੂ' ਬਣਾ ਕੇ ਪੇਸ਼ ਕਰ ਦੇਣਾ ਹੈ। ਇਹ ਗੱਲ ਭਾਵੇਂ ਤੁਹਾਨੂੰ ਮੇਰੇ ਮਨ ਦੀ ਉਲੇਲ ਲੱਗ ਰਹੀ ਹੋਵੇ, ਲੇਕਿਨ ਇਹ ਇੱਕ ਕੌੜ੍ਹਾ ਸੱਚ ਹੈ।

# ਭਾਗ ੧੯

ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ॥
ਸ੍ਰੀ ਭਗੌਤੀ ਜੀ ਸਹਾਇ॥
ਅਥ ਪਖ੍ਯਾਨ ਚਰਿਤ੍ਰ ਲਿਖ੍ਯਤੇ॥
ਪਾਤਿਸ਼ਾਹੀ ੧੦॥

ਇੱਕ ਪਾਸੇ ਤਾਂ ਕੇਸਾਂ ਦਾ ਕਤਲ ਕਰਨਾ ਅਤੇ ਰੋਮਾਂ ਦੀ ਬੇਅਦਬੀ ਕਰਨਾ ਸਿੱਖੀ ਦੀ ਸਭ ਤੋਂ ਵੱਡੀ ਅਤੇ ਬੱਜਰ ਕੁਰਹਿਤ ਮੰਨੀ ਜਾਂਦੀ ਹੈ। ਦੂਜੇ ਪਾਸੇ ਇਹ ਅਖੌਤੀ ਦਸਮ ਗ੍ਰੰਥ ਥਾਂ-ਥਾਂ 'ਤੇ ਰੋਮਾਂ ਦੀ ਬੇਅਦਬੀ ਕਰਨ ਦੀ ਗੱਲ ਕਰਕੇ ਆਪਣੇ ਸਿੱਖਾਂ ਨੂੰ ਕੀ ਸਿੱਖਿਆ ਦੇਣਾ ਚਾਹੁੰਦਾ ਹੈ ?

## ਚਰਿਤ੍ਰ 190

### ਚੌਪਈ॥

ਇਕ ਦਿਨ ਬਾਗ ਚੰਚਲਾ ਗਈ॥ ਹਸਿ ਹਸਿ ਬਚਨ ਬਖਾਨਤ ਭਈ॥
ਸ਼੍ਰੀ ਨਿਸਿਰਾਜ ਪ੍ਰਭਾ ਤ੍ਰਿਯ ਤਹਾਂ॥ ਐਸੀ ਭਾਤਿ ਉਚਾਰਯੋ ਉਹਾਂ॥ ੧॥
ਜੌ ਰਾਜਾ ਤੇ ਬਾਰਿ ਭਿਰਾਉਂ॥ ਅਪਨੀ ਝਾਂਟੈ ਸਭੈ ਮੰਡਾਊਂ॥
ਤਬ ਤ੍ਰਿਯ ਹੋਡ ਸਕਲ ਤੁਮ ਹਾਰਹੁ॥
ਨਿਜੁ ਨੈਨਨ ਇਹ ਚਰਿਤ ਨਿਹਾਰਹੁ॥ ੨॥

(ਅਖੌਤੀ ਦਸਮ ਗ੍ਰੰਥ, ਪੰਨਾ 1081)

ਅਨੁਵਾਦ : ਇੱਕ ਦਿਨ ਬਾਗ਼ ਵਿੱਚ ਇਸਤਰੀਆਂ ਵਿਚਰ ਰਹੀਆਂ ਸਨ। ਉਹ ਹੱਸ-ਹੱਸ ਕੇ ਆਪਸ ਵਿੱਚ ਗੱਲਾਂ ਕਰ ਰਹੀਆਂ ਸਨ। ਉਥੇ ਇੱਕ ਨਿਸ਼ਿ ਰਾਜ ਪ੍ਰਭਾ ਨਾਂ ਦੀ ਇਸਤਰੀ ਸੀ। ਉਸਨੇ (ਆਪਣੀਆਂ ਸਖੀਆਂ ਨਾਲ ਗੱਲਾਂ ਕਰਦਿਆਂ) ਇਸ ਤਰ੍ਹਾਂ ਕਿਹਾ - ਜੇ ਮੈਂ ਰਾਜੇ ਕੋਲੋਂ ਪਾਣੀ ਭਰਵਾਵਾਂ, ਅਤੇ ਉਸ ਕੋਲੋਂ ਆਪਣੀਆਂ ਝਾਟਾਂ

(ਗੁਪਤ ਅੰਗ ਦੇ ਵਾਲ) ਮੁਣਵਾ ਕੇ ਵਿਖਾਵਾਂ, ਫਿਰ ਤਾਂ ਤੁਸੀਂ ਸਾਰੀਆਂ ਸ਼ਰਤ ਹਾਰ ਜਾਓਗੀਆਂ ਨਾ ? ਤੁਸੀਂ ਸਾਰੀਆਂ ਆਪਣੀਆਂ ਅੱਖਾਂ ਨਾਲ ਮੇਰਾ ਇਹ ਚਰਿਤ੍ਰ ਵੇਖਣਾ।

(ਫੂਹੜ ਅਤੇ ਹੋਛੀ ਸ਼ਬਦਾਵਲੀ ਦੀ ਵਰਤੋਂ, ਇਸ ਕਹਾਣੀ ਦੇ ਲਿਖਾਰੀ ਦੀ ਮਾਨਸਿਕਤਾ ਨੂੰ ਪ੍ਰਗਟ ਕਰ ਰਹੀ ਹੈ।)

ਇਹ ਕਹਿ ਕੇ ਉਸਨੇ ਸੁੰਦਰ ਰੂਪ ਬਣਾਇਆ ਅਤੇ ਦੇਵਤਿਆਂ ਤੇ ਦੈਤਾਂ ਨੂੰ ਆਪਣੇ ਅਪਾਰ ਰੂਪ ਤੇ ਸੁੰਦਰਤਾ ਨਾਲ ਮੋਹਿਤ ਕਰ ਦਿੱਤਾ। (ਉਸ ਇਲਾਕੇ ਵਿੱਚ) ਚਰਿਤ੍ਰ ਸਿਘੰ ਨਾਂ ਦਾ ਰਾਜਾ ਆਇਆ ਹੋਇਆ ਸੀ। (ਉਸ ਦੇ ਆਗਮਨ ਦੀ) ਇਹ ਖ਼ਬਰ ਉਨ੍ਹਾਂ ਇਸਤਰੀਆਂ ਨੂੰ ਲੱਗ ਗਈ ਸੀ। ਨਿਸ਼ਿ ਰਾਜ ਪ੍ਰਭਾ ਨੇ ਝਰੋਖੇ (ਬਾਰੀ) ਵਿੱਚ ਬੈਠ ਕੇ ਉਸ ਰਾਜੇ ਨੂੰ ਵਿਖਾਲੀ ਦਿੱਤੀ। ਰਾਜਾ ਉਸ ਦੇ (ਅਪਾਰ) ਰੂਪ ਨੂੰ ਵੇਖ ਕੇ ਉਸ 'ਤੇ ਮੋਹਿਤ ਹੋ ਗਿਆ। ਉਹ ਮਨ ਹੀ ਮਨ ਸੋਚਣ ਲੱਗਾ ਕਿ ਜੇ ਮੈਨੂੰ ਇਹ ਇਸਤਰੀ ਇੱਕ ਵਾਰ ਮਿਲ ਜਾਵੇ ਤਾਂ ਮੈਂ ਜਨਮਾਂ-ਜਨਮਾਂ ਲਈ ਧੰਨ-ਧੰਨ ਹੋ ਜਾਵਾਂ।

(ਰਾਜੇ ਨੇ) ਦਾਸੀ ਭੇਜ ਕੇ ਉਸ ਨੂੰ ਬੁਲਵਾ ਲਿਆ ਅਤੇ ਪ੍ਰੇਮ-ਪਿਆਰ ਨਾਲ ਕਾਮ ਵਾਸਨਾ ਪੂਰੀ ਕਰਨ ਲੱਗਾ। ਇਸਤਰੀ ਤਦ ਬੇਹੋਸ਼ ਹੋ ਗਈ ਅਤੇ ਪਾਣੀ-ਪਾਣੀ ਕਰਨ ਲੱਗੀ। ਫਿਰ ਰਾਜਾ ਆਪ ਉਠ ਕੇ ਗਿਆ ਅਤੇ ਪਾਣੀ ਲਿਆ ਕੇ ਉਸ ਨੂੰ ਪਿਲਾਉਣ ਲੱਗਾ। ਪਾਣੀ ਪੀਣ ਨਾਲ ਉਸਨੂੰ ਹੋਸ਼ ਆ ਗਿਆ ਅਤੇ ਰਾਜਾ ਨੇ ਉਸ ਦਾ ਚੁੰਬਣ ਲਿਆ। ਜਦੋਂ ਉਹ ਇਸਤਰੀ ਹੋਸ਼ ਵਿੱਚ ਆਈ ਤਾਂ ਰਾਜੇ ਨੇ ਉਸ ਨਾਲ ਫਿਰ ਕਾਮ-ਕ੍ਰੀੜਾ ਸ਼ੁਰੂ ਕਰ ਦਿੱਤੀ। ਦੋਵੇਂ ਜਵਾਨ ਸਨ, ਕੋਈ ਹਾਰ ਨਹੀਂ ਸੀ ਮੰਨ ਰਿਹਾ। ਇਸ ਤਰ੍ਹਾਂ ਰਾਜਾ ਉਸ ਨੂੰ ਭੋਗਦਾ ਰਿਹਾ।

ਫਿਰ ਇਸਤਰੀ ਨੇ ਕਾਮ-ਕ੍ਰੀੜਾ ਕਰਦਿਆਂ ਇਸ ਤਰ੍ਹਾਂ ਕਿਹਾ, 'ਹੇ ਰਾਜਨ ! ਮੇਰੀ ਗੱਲ ਸੁਣੋ। ਮੈਂ ਸੁਣਿਆ ਹੈ ਕਿ ਵੇਦਾਂ-ਸ਼ਾਸਤਰਾਂ ਵਿੱਚ (ਲਿਖਿਆ) ਹੈ ਕਿ ਇਸਤਰੀ ਦੀਆਂ ਝਾਟਾਂ (ਗੁਪਤ ਅੰਗ ਉਪਰਲੇ ਵਾਲ) ਮੁਣੀਆਂ ਨਹੀਂ ਜਾ ਸਕਦੀਆਂ ?'

... ਹਮ ਮੂਡੈਂਗੇ ਝਾਂਟਿ ਤਿਹਾਰੀ।। ੯।।
ਤੇਜ ਅਸਤੁਰਾ ਏਕ ਮੰਗਾਯੋ।। ਨਿਜ ਕਰ ਗਹਿਕੈ ਰਾਵ ਚਲਾਯੋ।।
ਤਾਂ ਕੀ ਮੂੰਡਿ ਝਾਂਟਿ ਸਭ ਡਾਰੀ।। ਦੈਕੈ ਹਸੀ ਚੰਚਲਾ ਤਾਰੀ।।
ਦੋਹਰਾ।।
ਪਾਨਿ ਭਰਾਯੋ ਰਾਵ ਤੇ ਨਿਜੁ ਕਰ ਝਾਂਟਿ ਮੁੰਡਾਇ।।
ਹੋਡ ਜੀਤ ਲੇਤੀ ਭਈ ਤਿਨ ਅਬਲਾਨ ਦਿਖਾਇ।।

(ਅਖੌਤੀ ਦਸਮ ਗ੍ਰੰਥ, ਪੰਨਾ 1082)

ਰਾਜੇ ਨੇ ਹੱਸ ਕੇ ਕਿਹਾ, 'ਮੈਂ ਇਸ ਗੱਲ ਨੂੰ ਸੱਚ ਨਹੀਂ ਮੰਨਦਾ। ਤੂੰ ਮੈਨੂੰ ਝੂਠ ਕਹਿ ਰਹੀ ਹੈਂ। ਹੁਣ ਮੈਂ ਤੇਰੀਆਂ ਝਾਟਾਂ ਮੁਣ ਕੇ ਵਿਖਾਵਾਂਗਾ।'

ਰਾਜੇ ਨੇ ਇੱਕ ਤੇਜ਼ ਉਸਤਰਾ ਮੰਗਵਾਇਆ। ਰਾਜੇ ਨੇ ਉਸ ਨੂੰ ਆਪਣੇ ਹੱਥ ਵਿੱਚ ਲੈ ਕੇ ਆਪ ਚਲਾਇਆ ਅਤੇ ਉਸ ਦੀਆਂ ਸਾਰੀਆਂ ਝਾਟਾਂ ਮੁਣ ਦਿੱਤੀਆਂ।

ਪਹਿਲਾਂ ਰਾਜੇ ਕੋਲੋਂ ਉਸ ਇਸਤਰੀ ਨੇ ਪਾਣੀ ਭਰਵਾਇਆ। ਫਿਰ ਰਾਜੇ ਕੋਲੋਂ ਆਪਣੀਆਂ ਝਾਟਾਂ ਮੁਣਵਾਈਆਂ। ਉਨ੍ਹਾਂ ਇਸਤਰੀਆਂ ਨੂੰ ਇਹ ਸਾਰਾ (ਦ੍ਰਿਸ਼) ਵਿਖਾ ਕੇ ਉਸਨੇ ਉਨ੍ਹਾਂ ਕੋਲੋਂ ਸ਼ਰਤ ਜਿੱਤ ਲਈ।

ਕਿੰਨੀ ਕੁ ਚੰਗੀ ਸਿੱਖਿਆ ਦੇ ਰਿਹਾ ਹੈ ਇਹ ਦਸਮ ਗ੍ਰੰਥ ਆਪਣੇ ਸਿੱਖਾਂ ਨੂੰ। ਕਿੰਨੇ ਕੁ ਲੋਕਾਂ ਦਾ ਚਰਿਤ੍ਰ ਇਸ ਕਹਾਣੀ ਨਾਲ ਉੱਚਾ ਹੋਇਆ ? ਇਸ ਗੱਲ ਦਾ ਨਿਰਣਾ ਤੁਸੀਂ ਸਾਰੇ ਆਪ ਹੀ ਕਰ ਲੈਣਾ। ਇਸ 'ਕਾਮ-ਕਬੱਡੀ' ਦੀ ਵਿਆਖਿਆ ਕਰਨੀ ਬਹੁਤ ਔਖੀ ਹੈ। ਬਸ ! ਸੁਣੀ ਜਾਓ, ਨਿਰਣਾ ਆਪ ਕਰ ਲੈਣਾ।

ਪੋਸਤ, ਭਾਂਗ ਅਤੇ ਅਫ਼ੀਮ ਦੇ ਨਾਲ, ਸ਼ਰਾਬ ਦੀ 'ਕਾਕਟੇਲ', ਇਹ 'ਕਵੀ' ਦਾ ਮਨਪਸੰਦ ਨਸ਼ਾ ਹੈ। ਕੋਈ ਵੀ 'ਕਾਮ-ਕ੍ਰੀੜਾ' ਜਾਂ 'ਸੰਭੋਗ ਦੀ ਕਹਾਣੀ' ਇਸ 'ਕਾਕਟੇਲ' ਪੀਣ-ਪਿਲਾਉਣ ਤੋਂ ਬਿਨਾ ਸ਼ੁਰੂ ਹੀ ਨਹੀਂ ਹੁੰਦੀ। ਬਹੁਤੀਆਂ 'ਕਾਮ ਖੇਡਾਂ' ਵਿੱਚ ਨਾਇਕ ਅਤੇ ਨਾਇਕਾ ਦੋਵੇਂ ਇੱਕ ਖਾਟ (ਮੰਜੀ) ਉੱਤੇ ਬੈਠ ਕੇ, ਇਕੱਠੇ ਹੀ ਇਨ੍ਹਾਂ ਨਸ਼ਿਆਂ ਨੂੰ ਲੈਂਦੇ ਹਨ। ਫਿਰ 'ਕਾਮ

ਕ੍ਰੀੜਾ' ਸ਼ੁਰੂ ਹੋ ਪਾਉਂਦੀ ਹੈ।

ਇਨ੍ਹਾਂ ਨਸ਼ਿਆਂ ਨੂੰ ਜੇ ਕੋਈ ਇਨਸਾਨ ਇਕੱਠਿਆਂ ਲੈ ਲਵੇ ਤਾਂ ਉਹ ਜ਼ਿੰਦਾ ਨਹੀਂ ਬਚ ਸਕਦਾ। ਲੇਕਿਨ ਇਹ ਅਖੌਤੀ ਦਸਮ ਗੁਰੂ ਗ੍ਰੰਥ ਆਪਣੇ ਸਿੱਖਾਂ ਨੂੰ ਇਹ ਨਸ਼ੇ ਕਰਵਾ-ਕਰਵਾ ਕੇ ਵਿਭਚਾਰ ਕਰਨ ਦੀ ਸਿੱਖਿਆ ਦੇ ਰਿਹਾ ਹੈ।

ਪੋਸਤ, ਭਾਂਗ, ਅਫ਼ੀਮ ਅਤੇ ਸ਼ਰਾਬ ਖਾਂਦੇ-ਪੀਤੇ ਬਿਨਾ ਕੋਈ ਵੀ 'ਕਾਮ ਖੇਡ' ਸ਼ੁਰੂ ਹੀ ਨਹੀਂ ਹੁੰਦੀ। ਲੱਗਦਾ ਹੈ ਇਨ੍ਹਾਂ ਕਹਾਣੀਆਂ ਨੂੰ ਲਿਖਣ ਵਾਲਾ ਕੋਈ ਭੰਗ, ਪੋਸਤ, ਅਫ਼ੀਮ ਅਤੇ ਸ਼ਰਾਬ ਦਾ ਬਹੁਤ ਵੱਡਾ ਆਦੀ (ਐਡਿਕਟ) ਹੈ ਜੋ ਇਨ੍ਹਾਂ ਨਸ਼ਿਆਂ ਨੂੰ ਲਏ ਬਿਨਾ ਕੁਝ ਵੀ ਨਹੀਂ ਕਰ ਸਕਦਾ। ਇਹ ਨਸ਼ੇ ਵੈਸੇ ਵੀ 'ਅਘੋਰੀ ਤਾਂਤ੍ਰਿਕ' ਬਹੁਤ ਕਰਦੇ ਹਨ ਜੋ ਸ਼ੰਕਰ ਦੇਵਤੇ ਦੇ ਬਹੁਤ ਵੱਡੇ ਭਗਤ ਹੁੰਦੇ ਹਨ। ਇਨ੍ਹਾਂ 'ਕਾਮ ਕਹਾਣੀਆਂ' ਨੂੰ ਲਿਖਣ ਵਾਲਾ 'ਕਵੀ' ਵੀ ਇੱਕ 'ਅਘੋਰੀ' ਅਤੇ 'ਤਾਂਤ੍ਰਿਕ ਵਿੱਦਿਆ' ਦਾ ਪੂਜਕ ਹੈ। ਨਾਲ ਹੀ ਉਹ ਦੁਰਗਾ, ਮਹਾਕਾਲ ਅਤੇ ਸ਼ੰਕਰ ਦਾ ਬਹੁਤ ਵੱਡਾ ਪੁਜਾਰੀ ਹੈ। ਸਾਡੇ ਨਿਹੰਗ ਸਿੰਘ ਵੀ ਜੋ ਭਾਂਗ (ਸੁਖ-ਨਿਧਾਨ) ਪੀਣ ਦੇ ਆਦੀ ਹਨ, ਉਹ ਵੀ ਇਸ 'ਕੂੜ ਕਿਤਾਬ' ਦੀ ਹੀ ਦੇਣ ਹੈ।

## ਚਰਿਤ੍ਰ 390

ਪੋਸਤ ਭਾਂਗ ਅਫ਼ੀਮ ਮੰਗਾਵੈ।। ਏਕ ਖਾਟ ਪਰ ਬੈਠ ਚੜਾਵੈ।।
ਹਸਿ ਹਸਿ ਕਰਿ ਦਿਉ ਜਾਂਘਨ ਲੇਹੀ।।
ਰਾਜ ਤਰੁਨਿ ਕੌ ਬਹੁ ਸੁਖ ਦੇਹੀ।। ੧੪।।......
ਪੂਰਬ ਦੇਸ ਏਕ ਨ੍ਰਿਪ ਰਹੇ.... ਕੋਰੇ ਅਪਨੋ ਮੂਡ ਮੁਡਾਵੈ।। ੩੪।। ੧।।

(ਅਖੌਤੀ ਦਸਮ ਗ੍ਰੰਥ, ਪੰਨਾ 1234-35)

ਇਸਤਰੀ ਜਾਤ ਨੂੰ ਬਦਨਾਮ ਕਰਨ ਵਾਲੀ 'ਸਯਾਮ ਕਵੀ' ਦੀ ਲਿਖੀ ਹੋਈ 'ਕਾਮ ਕਵਿਤਾ' 'ਚਰਿਤ੍ਰ ਪਾਖਿਯਾਨ' ਦੀ ਇੱਕ ਹੋਰ ਗੰਦੀ ਕਹਾਣੀ, ਜਿਸ ਵਿੱਚ ਇੱਕ ਇਸਤਰੀ ਨੂੰ ਅਵੱਲ ਦਰਜੇ ਦੀ ਚਰਿਤ੍ਰ-ਹੀਣ ਅਤੇ ਵੇਸ਼ਵਾ ਨਾਲੋਂ ਮਾੜੀ ਹਾਲਤ ਵਾਲੀ ਦਰਸਾਇਆ ਗਿਆ ਹੈ। ਇਸ ਕਿਤਾਬ ਨੂੰ 'ਦਸਮ ਬਾਣੀ' ਕਹਿਣ ਵਾਲਿਆਂ ਕੋਲੋਂ ਕੌਮ ਜਵਾਬ ਮੰਗਦੀ ਹੈ ਕਿ ਇਸਨੂੰ ਪੜ੍ਹ ਕੇ ਸਾਡੀਆਂ

ਮਾਵਾਂ ਤੇ ਭੈਣਾਂ ਕੀ ਸਿੱਖਿਆ ਲੈਣਗੀਆਂ ? ਇਹ ਕਹਾਣੀ, ਇੱਕ ਇਸਤਰੀ ਨੂੰ, ਚਰਿਤ੍ਰਵਾਨ ਬਣਾਏਗੀ ਜਾਂ ਚਰਿਤ੍ਰਹੀਣ ? ਦਸਮ ਗ੍ਰੰਥੀਆਂ ਕੋਲ ਸ਼ਾਇਦ ਇਸ ਦਾ ਕੋਈ ਜਵਾਬ ਹੀ ਨਹੀਂ ਹੈ। ਇਸ ਦਾ ਫ਼ੈਸਲਾ ਤੁਸੀਂ ਇਸ ਕਹਾਣੀ ਨੂੰ ਪੜ੍ਹ ਕੇ ਆਪ ਹੀ ਕਰ ਲੈਣਾ।

ਅਨੁਵਾਦ : ਪੂਰਬ ਦਿਸ਼ਾ ਦੇ ਇੱਕ ਦੇਸ਼ ਵਿੱਚ ਇੱਕ ਰਾਜਾ ਰਹਿੰਦਾ ਸੀ। ਉਹ ਪੂਰਬ ਸੈਨ ਦੇ ਨਾਂ ਨਾਲ ਇਸ ਸੰਸਾਰ ਵਿੱਚ ਮਸ਼ਹੂਰ ਹੋਇਆ। ਉਸ ਦੀ ਇਸਤਰੀ ਦਾ ਨਾਂ ਪੂਰਬ ਦੇਈ ਸੀ। ਉਸ ਵਰਗੀ ਕੋਈ ਅਪਸਰਾ ਵੀ ਨਹੀਂ ਸੀ। ਉਥੇ ਹੀ ਇੱਕ ਰੂਪ ਸੈਨ ਨਾਂ ਦਾ ਇੱਕ ਖਤਰੀ ਵੀ ਰਹਿੰਦਾ ਸੀ। ਉਸ ਵਰਗਾ ਸੁੰਦਰ ਹੋਰ ਕੋਈ ਵੀ, ਕਿਤੇ ਵੀ ਨਹੀਂ ਸੀ। ਉਸ ਦਾ ਅਪਾਰ ਰੂਪ ਐਨਾ ਸ਼ੋਭਦਾ ਸੀ ਕਿ ਨਾਗਣੀਆਂ ਹੋਣ ਭਾਵੇਂ ਇਸਤਰੀਆਂ, ਸਾਰੀਆਂ ਹੀ ਉਸ ਉੱਤੇ ਮੋਹਿਤ ਹੋ ਜਾਂਦੀਆਂ ਸਨ। ਰਾਣੀ ਨੇ ਜਦ ਉਸਨੂੰ ਵੇਖਿਆ ਤਾਂ ਆਪਣੇ ਮਨ, ਬਚ, ਕਰਮ ਨਾਲ ਇਹ ਸੋਚਣ ਲੱਗੀ ਕਿ ਮੈਂ ਕਿਸ ਤਰ੍ਹਾਂ ਇਸ ਨਾਲ ਕਾਮ-ਕ੍ਰੀੜਾ ਕਰਾਂ। ਜੇ ਐਸਾ ਨਾ ਕਰ ਸਕੀ, ਤਾਂ ਮੈਂ ਕਟਾਰ ਮਾਰ ਕੇ ਮਰ ਜਾਵਾਂਗੀ। ਉਸਨੇ ਆਪਣੀ ਇੱਕ ਸਖੀ ਨੂੰ ਬੁਲਾਇਆ ਜੋ ਕਿ ਉਸਦੀ ਮਿੱਤਰ ਸੀ, ਅਤੇ ਆਪਣੇ ਦਿਲ ਦੀ ਗੱਲ ਇਸ ਤਰ੍ਹਾਂ ਕਹੀ, 'ਜਾਂ ਤਾਂ ਮੇਰਾ ਉਸ ਨਾਲ ਮਿਲਨ ਕਰਵਾ ਦੇ, ਜਾਂ ਮੇਰਾ ਮਰਾ ਮੂੰਹ ਵੇਖੇਂਗੀ।' ਉਹ ਸਿਆਣੀ ਸਖੀ ਜਾਣ ਗਈ ਕਿ ਇਸਦੀ ਉਸ ਨਾਲ ਲਗਨ ਲੱਗ ਗਈ ਹੈ। ਇਸ ਲਈ ਇਸਦੀ ਭੁੱਖ-ਪਿਆਸ ਸਭ ਮਿਟ ਗਈ ਹੈ।

ਥੋੜ੍ਹੀ ਦੇਰ ਬਾਅਦ ਹੀ ਉਹ ਸਖੀ ਮਿੱਤਰ ਦੇ ਘਰ ਜਾ ਪਹੁੰਚੀ। ਉਹ ਉਸਨੂੰ ਸਮਝਾ-ਬੁਝਾ ਕੇ ਆਪਣੇ ਨਾਲ ਲੈ ਆਈ। ਉਥੇ ਰਾਣੀ ਪਹਿਲਾਂ ਹੀ ਸੇਜ ਵਿਛਾ ਕੇ ਬੈਠੀ ਹੋਈ ਸੀ। ਉਹ ਸਖੀ, ਉਥੇ ਹੀ ਆਪਣੇ ਮਿੱਤਰ ਨੂੰ ਲੈ ਕੇ ਆਣ ਪੁੱਜੀ।

ਚੌਪਈ।।

ਉਠਿ ਕਰਿ ਕੁਆਰਿ ਅਲਿੰਗਨ ਕਿਯੋ।।
ਭਾਂਤਿ ਭਾਂਤਿ ਚੂੰਬਨ ਤਿਹ ਲਿਯੋ।।

ਕਾਮਕੇਲ ਰੁਚਿ ਮਾਨ ਕਮਾਯੋ।। ਭਾਂਗ ਅਫੀਮ ਸ਼ਰਾਬ ਚੜ੍ਹਾਯੋ।। ੪।।
ਜਬ ਮਦ ਕਰ ਮਤਵਾਰਾ ਕਿਯੋ।। ਭੁਜ ਤੇਂ ਪਕਰਿ ਸੇਜ ਪਰ ਦਿਯੋ।।
ਅਧਿਕ ਮਾਨ ਰੁਚਿ ਗਰੇ ਲਗਾਯੋ।। ਉਛਰਿ ਉਛਰਿ ਕਰਿ ਭੋਗ ਕਮਾਯੋ।।

(ਅਖੌਤੀ ਦਸਮ ਗ੍ਰੰਥ, ਪੰਨਾ 1234)

ਰਾਣੀ ਨੇ ਉਠ ਕੇ ਆਪਣੇ ਯਾਰ ਨੂੰ ਆਪਣੀ ਗਲਵਕੜੀ ਵਿੱਚ ਲੈ ਲਿਆ। ਕਈ ਤਰ੍ਹਾਂ ਨਾਲ ਉਸਦੇ ਚੁੰਬਣ ਲਏ। ਮਨ ਭਾਉਂਦੀ ਕਾਮ ਕ੍ਰੀੜਾ ਕੀਤੀ। ਭਾਂਗ, ਅਫ਼ੀਮ ਅਤੇ ਸ਼ਰਾਬ ਪੀਤੀ। ਜਦ ਸ਼ਰਾਬ ਪੀ ਕੇ ਉਸਨੂੰ ਮਤਵਾਲਾ ਕਰ ਲਿਆ ਤਾਂ ਬਾਂਹ ਫੜ ਕੇ ਸੇਜ 'ਤੇ ਲੰਮਾ ਪਾ ਲਿਆ। ਬਹੁਤ ਪ੍ਰਸੰਨ ਹੋ ਕੇ ਉਸਨੂੰ ਗਲੇ ਲਗਾਇਆ ਅਤੇ ਉਛਲ-ਉਛਲ ਕੇ ਉਸ ਨਾਲ ਸੰਭੋਗ ਕੀਤਾ। ਇੱਕ ਨੌਜੁਆਨ, ਦੂਜਾ ਸ਼ਰਾਬ ਨਾਲ ਮਸਤ। ਤੀਜਾ, ਜੁਆਨ ਇਸਤਰੀ ਨਾਲ ਕਾਮ-ਕ੍ਰੀੜਾ ਵਿੱਚ ਰੁਝਿਆ ਮਰਦ। ਦੱਸੋ, ਇਨ੍ਹਾਂ ਦੋਹਾਂ ਵਿੱਚੋਂ ਹਾਰ ਕੌਣ ਮੰਨੇ ? ਚਾਰੇ ਵੇਦ ਹੀ ਇਸ ਭੇਦ ਨੂੰ ਜਾਣ ਸਕਦੇ ਹਨ। ਜਦ ਕੋਈ ਜਵਾਨ ਇਸਤਰੀ, ਕਿਸੇ ਜਵਾਨ ਮਰਦ ਨੂੰ ਪ੍ਰਾਪਤ ਕਰਦੀ ਹੈ ਤਾਂ ਆਪਣੀ ਛਾਤੀ ਨਾਲੋਂ ਇੱਕ ਪਲ ਲਈ ਵੀ ਉਸਨੂੰ ਦੂਰ ਕਰਨਾ ਨਹੀਂ ਚਾਹੁੰਦੀ। ਉਹ ਵੀ ਫੜ-ਫੜ ਕੇ ਉਸਨੂੰ ਆਪਣੇ ਨਾਲ ਲਾਉਂਦੀ ਅਤੇ ਭੋਗ ਕਰਦੀ ਰਹੀ। ਚਾਰ ਪਹਿਰ ਰਾਤ ਤਕ ਉਸ ਨਾਲ ਭੋਗ ਕਰਦੀ ਰਹੀ। ਭੋਗ ਕਰਦਿਆਂ ਰਾਣੀ ਉਸਦੇ ਵਸ਼ ਵਿੱਚ ਹੋ ਗਈ ਸੀ। ਉਹ ਪਰਾਈ ਇਸਤਰੀ ਜ਼ਰੂਰ ਸੀ ਲੇਕਿਨ ਹੁਣ ਉਹ ਆਪਣੇ ਯਾਰ ਦੀ ਹੋ ਗਈ ਸੀ। ਇੱਕ ਪਲ ਲਈ ਵੀ ਰਾਣੀ ਕੋਲੋਂ ਉਸਨੂੰ ਛੱਡਿਆ ਨਹੀਂ ਜਾ ਰਿਹਾ ਸੀ। ਰਾਣੀ ਨੂੰ ਉਹ ਪ੍ਰੇਮੀ ਬਹੁਤ ਚੰਗਾ ਲੱਗ ਰਿਹਾ ਸੀ। ਉਹ ਦੋਵੇਂ ਕੋਕ ਸ਼ਾਸਤਰ ਦੇ ਪਾਠ ਦਾ ਅਨੁਸਰਣ ਅਤੇ ਨਸ਼ੇ ਪੀ-ਪੀ ਕੇ ਚੰਗੀ ਤਰ੍ਹਾਂ ਕਾਮ-ਕ੍ਰੀੜਾ ਕਰਦੇ ਰਹੇ। ਉਨ੍ਹਾਂ ਨੂੰ ਕਿਸੇ ਹੋਰ ਪੁਰਸ਼ ਦੀ ਕੋਈ ਪਰਵਾਹ ਨਹੀਂ ਸੀ ਅਤੇ ਉਹ ਭਾਂਤ-ਭਾਂਤ ਦੇ ਭੋਗ ਕਰਕੇ ਤ੍ਰਿਪਤ ਹੋ ਰਹੇ ਸਨ।

ਪੋਸਤ ਭਾਂਗ ਅਫੀਮ ਮੰਗਾਵੈ।। ਏਕ ਖਾਟ ਪਰ ਬੈਠਿ ਚੜ੍ਹਾਵੈ।।
ਹਸਿ ਹਸਿ ਕਰਿ ਦੋਊ ਜਾਂਘਨ ਲੇਹੀ।।

ਰਾਜ ਤਰੁਨਿ ਕੌ ਬਹੁ ਸੁਖ ਦੇਹੀ।। ੧੪।।
ਭੋਗ ਕਰਤ ਨਿਸਿ ਸਕਲ ਬਿਤਾਵੈਂ।। ਸੋਇ ਰਹੈ ਉਠਿ ਕੇਲ ਕਮਾਵੈਂ।।
ਫਿਰ ਫਿਰ ਤ੍ਰਿਯ ਆਸਨ ਕਹ ਲੈਕੈ।। ਭਾਂਤਿ ਭਾਂਤਿ ਕੈ ਚੂੰਬਨ ਕੈਕੈ।।

(ਅਖੌਤੀ ਦਸਮ ਗ੍ਰੰਥ, ਪੰਨਾ 1235)

ਪੋਸਤ, ਭਾਂਗ ਅਤੇ ਅਫ਼ੀਮ ਮੰਗਵਾ ਕੇ ਇੱਕ ਮੰਜੇ 'ਤੇ ਬਹਿ ਕੇ ਇਕੱਠੇ ਚੜ੍ਹਾ ਰਹੇ ਸਨ। ਉਹ ਹੱਸ-ਹੱਸ ਰਾਣੀ ਦੀਆਂ ਦੋਵੇਂ ਜਾਂਘਾਂ (ਪਟ) ਫੜ-ਫੜ ਕੇ ਉਸਨੂੰ ਬਹੁਤ ਸੁਖ ਦੇ ਰਿਹਾ ਸੀ। ਭੋਗ ਕਰਦਿਆਂ ਸਾਰੀ ਰਾਤ ਬਿਤਾ ਦਿੱਤੀ ਅਤੇ ਦਿਨ ਚੜ੍ਹਦਿਆਂ ਫਿਰ ਕਾਮ ਕ੍ਰੀੜਾ ਸ਼ੁਰੂ ਕਰ ਦਿੱਤੀ। ਉਹ ਇਸਤਰੀ ਨਾਲ ਵਾਰ-ਵਾਰ ਭਾਂਤ-ਭਾਂਤ ਦੇ ਆਸਨ ਕਰਦਾ ਅਤੇ ਭਾਂਤ-ਭਾਂਤ ਦੇ ਚੁੰਬਣ ਕਰਦਾ। ਬਹੁਤ ਭੋਗ ਕਰਕੇ ਉਸਨੇ ਇਸਤਰੀ ਨੂੰ ਬਹੁਤ ਪ੍ਰਸੰਨ ਕੀਤਾ ਅਤੇ ਉਸਨੇ ਕਈ ਤਰੀਕਿਆਂ ਨਾਲ ਉਸ ਨਾਲ ਰਤਿ-ਕ੍ਰੀੜਾ ਕੀਤੀ।

ਮਿੱਤਰ ਨੇ ਹੱਸ ਕੇ ਰਾਣੀ ਨੂੰ ਇਸ ਤਰ੍ਹਾਂ ਕਿਹਾ, 'ਮੈਂ ਹੁਣ ਤੇਰਾ ਗ਼ੁਲਾਮ ਹੋ ਗਿਆ ਹਾਂ। ਤੇਰੀ ਵਰਗੀ ਇਸਤਰੀ ਤਾਂ ਭਾਗਾਂ ਵਾਲੇ ਨੂੰ ਮਿਲਦੀ ਹੈ। ਮੇਰੀ ਭਗਤੀ ਤਾਂ (ਇਸ ਜਨਮ) ਵਿੱਚ ਪੂਰੀ ਹੋ ਗਈ ਹੈ। ਹੁਣ ਮੇਰੇ ਚਿਤ ਵਿੱਚ ਇੱਕ ਗੱਲ ਹੈ ਪ੍ਰਿਯ, ਹੁਣ ਇਹੋ ਜਿਹੇ ਉਪਾਅ ਕਰ ਜਿਸ ਨਾਲ ਹਮੇਸ਼ਾ-ਹਮੇਸ਼ਾ ਲਈ ਤੇਰਾ ਹੋ ਜਾਵਾਂ। ਹੁਣ ਕੋਈ ਐਸਾ ਚਰਿਤ੍ਰ ਖੇਡ ਕਿ ਤੂੰ ਮੈਨੂੰ ਹਮੇਸ਼ਾ-ਹਮੇਸ਼ਾ ਲਈ ਪ੍ਰਾਪਤ ਕਰ ਸਕੇਂ। ਨਾ ਕੋਈ ਕੁੱਤਾ ਵੇਖੇ ਅਤੇ ਨਾ ਕੋਈ ਭੌਂਕੇ।'

ਇਸਤਰੀ ਨੇ ਜਦੋਂ ਆਪਣੇ ਪ੍ਰੀਤਮ ਦੇ ਇਹ ਬਚਨ ਸੁਣੇ ਤਾਂ ਉਹ ਬੋਲੀ, 'ਤੂੰ ਬਾਲ ਸਾਫ਼ ਕਰਨ ਵਾਲਾ ਰੋਮਾਂਤਕ (ਹੇਅਰ ਰਿਮੂਵਰ) ਮੰਗਵਾ ਲੈ ਅਤੇ ਸਾਰੇ ਵਾਲ ਸਾਫ਼ ਕਰਕੇ ਇਸਤਰੀ ਦਾ ਰੂਪ ਧਾਰਣ ਕਰ ਲੈ।' ਰਾਣੀ ਨੇ 'ਹੇਅਰ ਰਿਮੂਵਰ' ਮੰਗਵਾ ਲਿਆ ਅਤੇ ਉਸਦੇ ਚਿਹਰੇ 'ਤੇ ਲਾ ਦਿੱਤਾ। ਚਿਹਰੇ ਦੇ ਸਾਰੇ ਵਾਲ ਸਾਫ਼ ਕਰ ਦਿੱਤੇ ਅਤੇ ਉਸਨੂੰ ਇਸਤਰੀ ਦੇ ਬਸਤਰ ਪਵਾ ਦਿੱਤੇ। ਉਸ ਦੇ ਮੋਢੇ ਉੱਤੇ ਇੱਕ ਵੀਣਾ ਟਿਕਾ ਦਿੱਤੀ ਅਤੇ ਉਸਨੂੰ ਸੰਗੀਤ ਸੁਣਨ ਦੇ ਬਹਾਨੇ ਘਰ

ਵਿੱਚ ਰੱਖ ਲਿਆ।

ਜਦ ਰਾਜਾ ਰਾਣੀ ਦੇ ਮਹਿਲ ਵਿੱਚ ਆਉਂਦਾ ਤਾਂ ਉਹ ਬੈਠ ਕੇ ਤੰਤੀ ਵਜਾਉਣ ਲੱਗ ਪੈਂਦੀ। ਰਾਜਾ ਉਸਦੀ ਵੀਣਾ ਸੁਣ ਕੇ ਮੁਗਧ ਹੋ ਗਿਆ। ਉਸਨੂੰ ਇਸਤਰੀ ਸਮਝ ਕੇ ਉਸਦੇ ਰੂਪ ਨੂੰ ਵੇਖ ਕੇ, ਘਰ-ਬਾਰ ਛੱਡ ਕੇ, ਉਸਦਾ ਦੀਵਾਨਾ ਹੋ ਗਿਆ। ਤਦ ਰਾਜੇ ਨੇ ਇੱਕ ਦੂਤਨੀ ਨੂੰ ਬੁਲਾ ਕੇ ਉਸਨੂੰ ਬਹੁਤ ਧਨ ਦਿੱਤਾ ਅਤੇ ਉਸ ਕੋਲ ਭੇਜਿਆ।

ਜਦੋਂ ਰਾਣੀ ਨੇ ਇਹ ਸਭ ਸੁਣਿਆ ਤਾਂ ਰਾਣੀ ਨੇ ਉਸਨੂੰ ਹੱਸ ਕੇ ਕਿਹਾ, '(ਰਾਜਾ ਤਾਂ ਤੇਰਾ ਆਸ਼ਕ ਹੋ ਗਿਆ ਹੈ) ਮਤਾਂ ਰਾਜਾ ਤੈਨੂੰ ਵਰ ਨਾ ਲਵੇ, ਤੇ ਤੂੰ ਮੇਰਾ ਸਾਥ ਨਾ ਛੱਡ ਦੇਵੇਂ। ਮੈਂ ਤੈਨੂੰ ਹਮੇਸ਼ਾ ਆਪਣੇ ਨਾਲ ਲੈ ਕੇ ਸੋਵਾਂਗੀ ਅਤੇ ਆਪਣੀਆਂ ਸਾਰੀਆਂ ਮੁਰਾਦਾਂ, ਮਨ ਭਰ ਕੇ ਪੂਰੀਆਂ ਕਰਾਂਗੀ।' ਇਸ ਤਰ੍ਹਾਂ ਜਦੋਂ ਉਸ ਇਸਤਰੀ ਨੂੰ ਬੁਲਾਉਣ ਲਈ ਰਾਜਾ 'ਸਖੀ' ਨੂੰ ਭੇਜਦਾ ਤਾਂ ਉਹ ਜਾ ਕੇ ਰਾਜੇ ਨੂੰ ਦੱਸਦੀ ਕਿ ਉਹ ਰਾਣੀ ਨਾਲ ਸੌਂ ਰਹੀ ਹੈ। ਰਾਜੇ ਨੇ ਸੋਚਿਆ ਕਿ ਸ਼ਾਇਦ ਰਾਣੀ ਮੇਰੇ ਮਨ ਦਾ ਭੇਦ ਸਮਝ ਗਈ ਹੈ। ਇਸੇ ਲਈ ਰਾਣੀ ਉਸਨੂੰ ਨਾਲ ਲੈ ਕੇ ਸੌਂਦੀ ਹੈ, ਤਾਂਕਿ ਮੇਰਾ ਕੋਈ ਦਾਅ ਨਾ ਲੱਗ ਸਕੇ। ਜਦੋਂ ਰਾਜਾ, ਉਸਨੂੰ ਰਾਣੀ ਨਾਲ ਸੁੱਤਿਆਂ ਸੁਣਦਾ ਤਾਂ ਉਸਨੂੰ ਆਪ ਵੇਖਣ ਲਈ ਆਉਂਦਾ। ਰਾਣੀ ਨੂੰ ਨਾਲ ਸੁੱਤੀ ਵੇਖ ਕੇ, ਉਸਨੂੰ ਛੇੜ ਨਹੀਂ ਸਕਦਾ ਸੀ। ਇਸ ਤਰ੍ਹਾਂ ਉਸ ਦਾ ਸਾਰਾ ਉਦਮ ਅਸਫਲ ਹੋ ਜਾਂਦਾ ਸੀ।

ਰਾਜੇ ਨੇ ਆਪਣੇ ਸਿਰ ਨੂੰ ਹਿਲਾਉਂਦਿਆਂ, ਇਹ ਸੋਚਿਆ ਕਿ ਰਾਣੀ ਮੇਰਾ ਭੇਦ ਜਾਣ ਗਈ ਹੈ। ਇਸ ਲਈ ਉਹ ਉਸਨੂੰ ਇਕੱਲਿਆਂ ਨਹੀਂ ਛੱਡਦੀ। ਰਾਣੀ ਨੇ ਵੀ ਸਾਰੀਆਂ ਦਾਸੀਆਂ ਨੂੰ ਇਹ ਸਮਝਾ ਦਿੱਤਾ ਕਿ ਇਸਨੂੰ ਮੈਂ ਆਪਣੇ ਕੋਲ ਇਸ ਲਈ ਸਵਾਉਂਦੀ ਹਾਂ ਕਿਉਂਕਿ ਰਾਜੇ ਦੀ ਨੀਯਤ ਖ਼ਰਾਬ ਹੋ ਗਈ ਹੈ। ਇਸਨੂੰ ਉਹ ਇਕੱਲਿਆਂ ਵੇਖੇਗਾ ਤਾਂ ਇਸ ਨਾਲ ਭੋਗ ਕਰਨ ਲਈ ਮੰਗਵਾ ਲਵੇਗਾ। ਇਸ ਲਈ ਮੈਂ ਇਸਦੇ ਅੰਗ ਨਾਲ ਅੰਗ ਜੋੜ ਕੇ ਸੌਂਦੀ

ਹਾਂ।

ਇਹ ਸੁਣ ਕੇ ਸਾਰੀਆਂ ਹੀ ਦਾਸੀਆਂ ਉਸਨੂੰ 'ਭਲੀ ਭਲੀ' ਕਹਿਣ ਲੱਗੀਆਂ। ਅਤੇ ਜਿਵੇਂ-ਜਿਵੇਂ ਰਾਜੇ ਤੋਂ ਉਸਨੂੰ ਬਚਾਉਂਦੀਆਂ ਰਹੀਆਂ। ਰਾਣੀ ਦਿਨ ਵਿੱਚ ਵੀ ਉਸ ਨਾਲ ਅੰਗ ਨਾਲ ਅੰਗ ਮਿਲਾ ਕੇ (ਬੇਖ਼ੌਫ਼) ਹੋ ਕੇ ਸੌਣ ਲੱਗ ਪਈ। ਮੂਰਖ ਰਾਜਾ ਭੇਦ ਹੀ ਨਹੀਂ ਸਮਝ ਰਿਹਾ ਸੀ, ਅਤੇ ਐਵੇਂ ਹੀ ਸੁੱਕਾ ਸਿਰ ਮੁਣਵਾ ਰਿਹਾ ਸੀ।

ਕਿਸੇ ਇਸਤਰੀ ਦਾ ਨਸ਼ਿਆਂ ਦਾ ਆਦੀ ਹੋਣਾ ਅਤੇ ਆਪਣੀ 'ਵਿਕ੍ਰਤ ਕਾਮ ਵਾਸਨਾ' ਨੂੰ ਪੂਰਾ ਕਰਨ ਲਈ ਆਪਣੇ ਹੀ ਪਤੀ ਨੂੰ ਧੋਖਾ ਦੇਣਾ। ਕੀ ਇਹ ਕਿਤਾਬ ਇਸਨੂੰ ਪੜ੍ਹਣ ਵਾਲੀਆਂ ਇਸਤਰੀਆਂ ਨੂੰ ਚਰਿਤ੍ਰਹੀਣ ਬਨਾਉਣ ਦੀ ਟਰੇਨਿੰਗ ਨਹੀਂ ਦੇ ਰਹੀ ?

ਪੋਸਤ, ਭਾਂਗ, ਅਫ਼ੀਮ ਅਤੇ ਸ਼ਰਾਬ ਦੀ 'ਕਾਕਟੇਲ' ਪੀ ਕੇ 'ਕਾਮ ਖੇਡਾਂ' ਕਰਨ ਵਾਲੀਆਂ ਬਹੁਤ ਸਾਰੀਆਂ ਕਹਾਣੀਆਂ ਇਸ ਕਿਤਾਬ ਵਿੱਚ ਮੌਜੂਦ ਹਨ। ਜੇ ਤੁਸੀਂ ਸਾਰੀਆਂ ਕਹਾਣੀਆਂ ਪੜ੍ਹਣਾ ਚਾਹੋ ਤਾਂ ਇਸ 'ਕੂੜ ਕਿਤਾਬ' ਦੀ ਇੱਕ ਕਾਪੀ ਮੰਗਵਾ ਕੇ ਜ਼ਰੂਰ ਪੜ੍ਹਣਾ ਅਤੇ ਦੂਜੇ ਵੀਰਾਂ ਨੂੰ ਵੀ ਜ਼ਰੂਰ ਪੜ੍ਹਵਾ ਦੇਣਾ। ਮੈਂ ਇਥੇ ਸਿਰਫ਼ ਕੁਝ ਕੁ ਕਹਾਣੀਆਂ ਦਾ ਹੀ ਜ਼ਿਕਰ ਕਰਾਂਗਾ ਜਿਸ ਵਿੱਚ ਨਸ਼ਿਆਂ ਦੀ ਇਸ 'ਕਾਕਟੇਲ' ਦੀ ਵਰਤੋਂ ਕੀਤੀ ਗਈ ਹੈ।

ਪੋਸਤ ਭਾਂਗ ਅਫ਼ੀਮ ਮੰਗਾਈ।। ਏਕ ਸੇਜ ਪਰ ਬੈਠਿ ਚੜ੍ਹਾਈ।।
ਜਬ ਮਦ ਸੋ ਮਤਵਾਰੇ ਭਏ।।
ਤਬ ਹੀ ਸੋਕ ਬਿਸਰਿ ਸਭ ਗਏ।। ੫।। ..... (ਪੰਨਾ 1237)

ਪੋਸਤ ਭਾਂਗ ਅਫ਼ੀਮ ਮੰਗਾਈ।। ਪਾਨਿ ਡਾਰਿ ਕਰਿ ਭਾਂਗ ਘੁਟਾਈ।।
ਪਾਨ ਕਿਯਾ ਦੁਹੂੰ ਬੈਠਿ ਪ੍ਰਜੰਕਹਿ।।
ਰਤਿ ਮਾਨੀ ਭਰਿ ਭਰਿ ਦ੍ਰਿੜ ਅੰਕਹਿ।। ੫।। .... (ਪੰਨਾ 1302)

ਪੋਸਤ ਭਾਂਗ ਅਫੀਮ ਮੰਗਾਈ।। ਦੁਹੂੰ ਖਾਟ ਪਰ ਬੈਠਿ ਚੜ੍ਹਾਈ।।
ਚਾਰਿ ਪਹਰ ਤਾ ਸੌਂ ਕਰਿ ਭੋਗਾ।।
ਭੇਦ ਨ ਲਖਾ ਦੂਸਰੇ ਲੋਗਾ।। ੧੧।।.... (ਪੰਨਾ 1313)

ਚਾਰਿ ਪਹਰ ਨਿਸੁ ਕਿਯਾ ਬਿਲਾਸਾ।।
ਤਜਿ ਕਰਿ ਮਾਤ ਪਿਤਾ ਕੋ ਤ੍ਰਾਸਾ।।

ਪੋਸਤ ਭਾਂਗਿ ਅਫੀਮ ਮੰਗਾਵਹਿ।।
ਏਕ ਸੇਜ ਦੋਊ ਬੈਠ ਚੜਾਵਹਿ।। ੭।। ..... (ਪੰਨਾ 521)
ਪੋਸਤ ਭਾਂਗ ਅਫੀਮ ਮੰਗਾਈ।। ਏਕ ਸੇਜ ਚੜਿ ਦੂਹੂੰ ਚੜਾਈ।।
ਭਾਤਿ ਅਨਿਕ ਤਨ ਕਿਯੋ ਬਿਲਾਸਾ।।
ਮਾਤ ਪਿਤਾ ਕੋ ਮਨ ਨ ਤ੍ਰਾਸਾ।। ੪।। .... (ਪੰਨਾ 1336)
ਪੋਸਤ ਭਾਂਗ ਅਫੀਮ ਮੰਗਾਵਹਿ।। ਏਕ ਖਾਟ ਪਰ ਬੈਠ ਚੜਾਵਹਿ।।
ਤਰੁਨਿ ਤਰੁਨਿ ਉਰ ਸੌ ਉਰਝਾਈ।।
ਰਸਿ ਰਸਿ ਕਸਿ ਕਸਿ ਭੋਗ ਕਮਾਈ।। ੫।। .... (ਪੰਨਾ 1352)
ਪਠੈ ਸਹਚਰੀ ਲਿਯੋ ਬੁਲਾਇ।। ਪੋਸਤ ਭਾਂਗ ਅਫੀਮ ਮੰਗਾਇ।।
ਭਾਤਿ ਭਾਤਿ ਤਨ ਤਾਹਿ ਪਿਵਾਯੋ।।
ਅਧਿਕ ਮਤ ਕਰਿ ਗਰੈ ਲਗਾਯੋ।। ੩।। .... (ਪੰਨਾ 1354)
ਪੋਸਤ ਭਾਂਗ ਅਫੀਮ ਮਿਲਾਇ।। ਆਸਨ ਤਾ ਤਰ ਦਿਯੋ ਬਨਾਇ।।
ਚੁੰਬਨ ਰਾਇ ਅਲਿੰਗਨ ਲਏ।।
ਲਿੰਗ ਦੇਤ ਤਿਹ ਭਗ ਮੋ ਭਏ।। ੨।। ... (ਪੰਨਾ 1358)
ਪੋਸਤ ਭਾਂਗ ਅਫੀਮ ਘਨੋ ਮਦ ਪੀਵਨ ਕੇ ਤਿਨ ਕਾਜ ਮੰਗਾਯੋ।।
ਮੰਗਨ ਲੋਗਨ ਬੋਲ ਪਠਯੋ ਬਹੁ ਆਵਤ ਭੇਜਨਿ ਪਾਰ ਨ ਪਾਯੋ।।....
ਤਿਨ ਕੋ ਬਹੁ ਦੈ ਸੰਗਿ ਪਾਰਥ ਲੈ
ਹਰਿ ਭੋਜਨ ਕੀ ਭੂਅ ਮੈ ਪਗ ਧਾਰਯੋ।।
ਪੋਸਤ ਭਾਂਗ ਅਫੀਮ ਮੰਗਾਇ ਪੀਯੋ ਮਦ ਸ਼ੋਕ ਬਿਦਾ ਕਰਿ ਡਾਰਯੋ।।...
ਇਕ ਦਿਨ ਭਾਂਗ ਮਿਤ੍ਰ ਤਿਹ ਲਈ।। ਪੋਸਤ ਸਹਿਤ ਅਫੀਮ ਚੜਾਈ।।
ਬਹੁ ਰਤਿ ਕਰੀ ਨ ਬੀਰਜ ਗਿਰਾਈ।।
ਆਠ ਪਹਿਰ ਲਗਿ ਕੁਅਰਿ ਬਜਾਈ।। ੧੦।।....
(ਅਖੌਤੀ ਦਸਮ ਗ੍ਰੰਥ, ਪੰਨਾ 521-522)

# ਭਾਗ ੧੭

ਚਰਿਤ੍ਰ ਪਾਖਿਯਾਨ ਦੇ 579 ਪੰਨਿਆਂ ਵਿੱਚੋਂ ਕੁਝ ਕੁ ਕਹਾਣੀਆਂ ਦਾ ਅਨੁਵਾਦ ਕਰਕੇ ਆਪ ਜੀ ਤਕ ਪਹੁੰਚਾਉਣ ਦਾ ਮਕਸਦ ਕੇਵਲ ਐਨਾ ਹੀ ਹੈ ਕਿ ਇਨ੍ਹਾਂ ਕਹਾਣੀਆਂ ਨੂੰ ਪੜ੍ਹਣ ਵਾਲਿਆਂ ਨੂੰ ਇਹ ਪਤਾ ਲੱਗ ਸਕੇ ਕਿ ਰੁਮਾਲਿਆਂ ਹੇਠ ਢੱਕੀ ਇਸ 'ਬੰਦ ਕਿਤਾਬ' ਦੇ ਅੰਦਰ ਕਿੰਨਾ ਕੁ ਗੰਦ ਭਰਿਆ ਹੋਇਆ ਹੈ, ਜਿਸਦੇ ਅੱਗੇ ਭੋਲੇ-ਭਾਲੇ ਸਿੱਖ ਇਸਨੂੰ 'ਦਸਮ ਬਾਣੀ' ਸਮਝ ਕੇ ਮੱਥਾ ਟੇਕੀ ਜਾ ਰਹੇ ਹਨ।

ਇਸ ਅਸ਼ਲੀਲ ਕਵਿਤਾ ਦੇ ਲਿਖਾਰੀ ਕਵੀ 'ਸਯਾਮ' ਉਰਫ਼ ਕਵੀ 'ਕਾਲ' ਉਰਫ਼ ਕਵੀ 'ਰਾਮ' ਦਾ ਨਾਂ ਕਈ ਥਾਵਾਂ 'ਤੇ ਆਉਂਦਾ ਹੈ। ਫਿਰ ਵੀ ਅਸੀਂ ਕੰਧ 'ਤੇ ਲਿਖੇ ਸੱਚ ਨੂੰ ਪੜ੍ਹਣਾ ਅਤੇ ਸਵੀਕਾਰਨਾ ਨਹੀਂ ਚਾਹੁੰਦੇ। 'ਚਰਿਤ੍ਰ ਪਾਖਿਯਾਨ' ਵਿੱਚ ਇਨ੍ਹਾਂ ਪੰਗਤੀਆਂ ਨੂੰ ਧਿਆਨ ਨਾਲ ਵੇਖੋ ਜਿਨ੍ਹਾਂ ਵਿੱਚ 'ਸਯਾਮ ਕਵੀ' ਵਾਰ-ਵਾਰ ਲਿਖ ਰਿਹਾ ਹੈ ਕਿ ਇਹ 'ਅਸ਼ਲੀਲ ਕਹਾਣੀਆਂ' ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀਆਂ ਲਿਖੀਆਂ ਹੋਈਆਂ ਨਹੀਂ ਹਨ, ਬਲਕਿ ਇਹ ਤਾਂ 'ਮੈਂ' (ਕਵੀ ਸਯਾਮ ਨੇ) ਲਿਖੀਆਂ ਹਨ, ਪਰ ਉਹ ਮੰਨਦੇ ਹੀ ਨਹੀਂ।

ਜੂਝਿ ਮਰੀ ਪਿਯ ਪੀਰ ਤ੍ਰਿਯ ਤਨਿਕ ਨ ਮੋਰਯੋ ਅੰਗ॥
ਸੁ 'ਕਬਿ ਸਯਾਮ' ਪੂਰਨ ਭਯੋ ਤਬ ਹੀ ਕਥਾ ਪ੍ਰਸੰਗ॥ ੨੨॥

(ਅਖੌਤੀ ਦਸਮ ਗ੍ਰੰਥ, ਪੰਨਾ 989)

ਇਹ ਛਲ ਛੈਲੀ ਛੈਲ ਸੁ ਛਲਿ ਪਤਿ ਤਜੇ ਪਰਾਨ॥
ਸੁ 'ਕਬਿ ਸਯਾਮ' ਯਾ ਕਥਾ ਕੋ ਤਬਹੀ ਭਯੋ ਨਿਦਾਨ॥

(ਅਖੌਤੀ ਦਸਮ ਗ੍ਰੰਥ, ਪੰਨਾ 1294)

ਕਿਸੇ-ਕਿਸੇ ਥਾਂ 'ਤੇ ਇਹ 'ਸਯਾਮ ਕਵੀ' ਆਪਣੇ 'ਤਖ਼ੁਲੱਸ' ਨਾਵਾਂ ਨੂੰ ਵੀ ਲਿਖਦਾ ਹੈ ਜਿਵੇਂ 'ਕਬਿ ਕਾਲ' ਅਤੇ 'ਕਬਿ ਰਾਮ'। ਕੁਝ ਕੁ ਵਿਦਵਾਨਾਂ ਦਾ ਇਹ ਮਤ ਵੀ ਹੈ ਕਿ ਇਹ ਤਿੰਨੋ ਹੀ ਵੱਖਰੇ-ਵੱਖਰੇ ਵਿਅਕਤੀ ਹਨ।

ਲੇਕਿਨ ਐਸਾ ਨਹੀਂ ਹੈ, ਕਿਉਂਕਿ ਇਨ੍ਹਾਂ 'ਕਾਮ ਕਹਾਣੀਆਂ' ਅਤੇ ਹੋਰ ਰਚਨਾਵਾਂ ਦੀ ਸ਼ੈਲੀ, ਭਾਸ਼ਾ ਅਤੇ ਚਾਲ ਇਕੋ ਜਿਹੀ ਹੀ ਹੈ। ਵੈਸੇ ਵੀ ਇਹ 'ਕਾਲੀ ਕਿਤਾਬ' 'ਭਾਨੁਮਤੀ ਦਾ ਪਿਟਾਰਾ' ਹੈ। ਜੋ ਕੁਝ ਕਿਧਰੇ ਵੀ ਵੇਖਣ ਨੂੰ ਨਹੀਂ ਮਿਲਦਾ, ਉਹ ਇਸ ਕਿਤਾਬ ਵਿੱਚ ਵੇਖਣ ਨੂੰ ਮਿਲਦਾ ਹੈ। ਇਹ ਤਿੰਨੋ ਨਾਂ 'ਸਯਾਮ ਕਵੀ' ਦੇ ਆਪਣੇ ਹੀ ਨਾਂ ਭਾਵ ਤਖ਼ੁਲੱਸ ਹਨ। ਹੋ ਸਕਦਾ ਹੈ ਕਿ ਇਸ ਕਿਤਾਬ ਦੇ ਐਡੀਟਰ (ਸੰਪਾਦਕ) ਨੇ ਭੁਲੇਖਾ ਪਾਉਣ ਲਈ ਜਾਂ ਗੁਮਰਾਹ ਕਰਨ ਲਈ ਕਿਤੇ-ਕਿਤੇ 'ਕਬਿ ਸਯਾਮ' ਦੀ ਥਾਂ 'ਤੇ 'ਕਬਿ ਰਾਮ' ਅਤੇ 'ਕਬਿ ਕਾਲ' ਕਰ ਦਿੱਤਾ ਹੋਵੇ। ਕਿਉਂਕਿ ਇਸ ਨਾਲ ਕਵਿਤਾ ਦਾ ਕਾਫ਼ੀਆ ਨਹੀਂ ਬਦਲਦਾ। ਅਤੇ ਇਸਦੀ ਚਾਲ ਜਾਂ ਪ੍ਰਵਾਹ 'ਤੇ ਵੀ ਕੋਈ ਫ਼ਰਕ ਨਹੀਂ ਪੈਂਦਾ। ਲੇਕਿਨ ਭੰਬਲ-ਭੂਸੇ ਜ਼ਰੂਰ ਖੜ੍ਹੇ ਹੋ ਜਾਂਦੇ ਹਨ, ਜੋ ਇਸ ਕਿਤਾਬ ਦੇ 'ਐਡੀਟਰ' ਦਾ 'ਮੁਖ ਉਦੇਸ਼' ਵੀ ਹੈ।

ਇਸੇ ਕਵਿਤਾ ਵਿੱਚ ਵੀ 'ਕਬਿ ਕਾਲ' ਅਤੇ 'ਕਬਿ ਰਾਮ' ਦਾ ਨਾਂ ਘੱਟ ਥਾਵਾਂ 'ਤੇ ਆਉਂਦਾ ਹੈ ਪਰ 'ਕਬਿ ਸਯਾਮ' ਹੀ ਇਸ ਕਿਤਾਬ ਵਿੱਚ 80 ਫ਼ੀਸਦੀ ਰਚਨਾਵਾਂ ਦਾ ਲਿਖਾਰੀ ਹੈ, ਜਿਸਦਾ ਜ਼ਿਕਰ ਅਸੀਂ ਪਹਿਲਾਂ ਵੀ ਕਰ ਚੁੱਕੇ ਹਾਂ। 'ਕਵੀ ਸਯਾਮ' ਹੀ 'ਕਬਿ ਰਾਮ' ਅਤੇ 'ਕਬਿ ਕਾਲ' ਹੈ। ਇਹ ਇੱਕੋ ਕਵੀ ਦੇ ਹੀ ਤਿੰਨ ਨਾਂ ਹਨ। ਹੇਠਾਂ ਦਿੱਤੇ ਪ੍ਰਮਾਣ ਇਸ ਗੱਲ ਦੀ ਪ੍ਰੌੜ੍ਹਤਾ ਕਰਦੇ ਹਨ।

ਜੂਝਿ ਮਰੀ ਪਿਯ ਪੀਰ ਤ੍ਰਿਯ ਤਨਿਕ ਨ ਮੋਰਯੋ ਅੰਗ।।
ਸੁ 'ਕਬਿ ਸਯਾਮ' ਪੂਰਨ ਭਯੋ ਤਬ ਹੀ ਕਥਾ ਪ੍ਰਸੰਗ।।

(ਅਖੌਤੀ ਦਸਮ ਗ੍ਰੰਥ, ਪੰਨਾ 989)

ਜੂਝਿ ਮਰੀ ਪਿਯ ਪੀਰ ਤ੍ਰਿਯ ਤਨਕ ਨ ਮੋਰਯੋ ਅੰਗ।।
ਸੁ 'ਕਬਿ ਕਾਲ' ਪੂਰਨ ਭਯੋ ਤਬ ਹੀ ਕਥਾ ਪ੍ਰਸੰਗ।।

(ਅਖੌਤੀ ਦਸਮ ਗ੍ਰੰਥ, ਪੰਨਾ 1087)

ਉਪਰ ਲਿਖੇ ਦੋਹਾਂ ਛੰਦਾਂ ਨੂੰ ਧਿਆਨ ਨਾਲ ਵੇਖਣ 'ਤੇ ਪਤਾ ਲੱਗਦਾ ਹੈ ਕਿ ਦੋਵੇਂ ਛੰਦ ਇਕੋ ਜਿਹੇ ਹੀ ਹਨ। ਲੇਕਿਨ ਇੱਕ ਬੰਦ ਪਖਯਾਨ ਚਰਿਤ੍ਰ ਦੇ 122ਵੇਂ ਚਰਿਤ੍ਰ ਦਾ ਹੈ ਜੋ ਕਿ ਪੰਨਾ 989 'ਤੇ ਅੰਕਿਤ ਹੈ ਜਦਕਿ ਦੂਜਾ ਬੰਦ ਇਸੇ ਰਚਨਾ ਦੇ 195ਵੇਂ ਚਰਿਤ੍ਰ ਦਾ ਹੈ ਜੋ ਕਿ ਪੰਨਾ 1087 'ਤੇ ਦਰਜ ਹੈ। ਕਦੇ

ਵੀ ਇਕੋ ਕਿਤਾਬ ਵਿੱਚ, ਇਕੋ ਕਵਿਤਾ ਦੇ, ਦੋ-ਦੋ ਲਿਖਾਰੀ ਨਹੀਂ ਹੋ ਸਕਦੇ। ਇੱਕ ਕਵਿਤਾ ਨੂੰ ਦੂਜਾ ਕਵੀ ਚੁਰਾ ਕੇ, ਉਸੇ ਕਿਤਾਬ ਵਿੱਚ, ਉਸੇ ਅਧਿਆਇ ਵਿੱਚ ਖੁਲ੍ਹੇ-ਆਮ ਨਹੀਂ ਲਿਖ ਸਕਦਾ। ਇਸ ਲਈ ਹਿਹ ਸਾਬਤ ਹੁੰਦਾ ਹੈ ਕਿ 'ਕਬਿ ਕਾਲ' ਵੀ 'ਕਬਿ ਸਯਾਮ' ਦਾ ਹੀ ਇੱਕ ਤਖ਼ੱਲਸ ਹੈ। ਦੋਹਾਂ ਬੰਦਾਂ ਵਿੱਚ ਇੱਕ ਛੋਟਾ ਜਿਹਾ ਹੀ ਫ਼ਰਕ ਹੈ। ਹੋ ਸਕਦਾ ਹੈ ਕਿ ਇਹ ਲਿਖਾਰੀ ਦੀ ਗ਼ਲਤੀ ਹੋਵੇ, ਜਾਂ ਇੱਕ ਕਵਿਤਾ ਵਿੱਚ, ਇੱਕ ਕਵੀ ਵੱਲੋਂ ਦੋ ਵਾਰ ਇਕੋ ਬੰਦ ਨੂੰ ਲਿਖਣ ਕਰਕੇ ਇਹ ਫ਼ਰਕ ਰਖਿਆ ਗਿਆ ਹੋਵੇ। ਇੱਕ ਬੰਦ ਵਿੱਚ 'ਤਨਿਕ' ਸ਼ਬਦ ਦੀ ਥਾਂ 'ਤੇ 'ਤਨਕ' ਦੀ ਵਰਤੋਂ ਕੀਤੀ ਗਈ ਹੈ। ਖ਼ੈਰ ! ਗੱਲ ਅੱਗੇ ਤੋਰਦੇ ਹਾਂ।

ਚਰਿਤ੍ਰ ਪਾਖਿਯਾਨ ਦੇ ਹੋਰ ਅਸ਼ਲੀਲ ਚਰਿਤ੍ਰਾਂ ਦਾ ਅਨੁਵਾਦ ਕਰਨ ਦਾ ਹੋਰ ਕੋਈ ਲਾਭ ਨਹੀਂ ਹੈ ਕਿਉਂਕਿ ਜੋ ਕਹਾਣੀਆਂ ਤੁਸੀਂ ਪੜ੍ਹ ਚੁਕੇ ਹੋ, ਉਹੋ ਜਿਹੀਆਂ ਹੀ ਸਾਰੀਆਂ ਕਹਾਣੀਆਂ ਨਾਲ 579 ਪੰਨਿਆਂ ਵਾਲਾ ਇਹ ਅਧਿਆਏ ਭਰਿਆ ਪਿਆ ਹੈ। ਪਾਠਕ ਇਥੇ ਇਹ ਸਮਝਣ ਦੀ ਗ਼ਲਤੀ ਨਾ ਕਰਨ ਕਿ ਜਿਨ੍ਹਾਂ ਕਹਾਣੀਆਂ ਨੂੰ ਇਥੇ ਲਿਖਿਆ ਗਿਆ ਹੈ, ਉਨ੍ਹਾਂ ਨੂੰ ਚੁਣ-ਚੁਣ ਕੇ ਲਿਖਿਆ ਗਿਆ ਹੈ। ਬਲਕਿ ਇਨ੍ਹਾਂ ਨਾਲੋਂ ਹੋਰ ਵੀ ਜ਼ਿਆਦਾ ਅਸ਼ਲੀਲ, ਭੱਦੀ ਅਤੇ ਫੂਹੜ ਸ਼ਬਦਾਵਲੀ ਵਾਲੀਆਂ ਅਤੇ ਗੁਪਤ ਅੰਗਾਂ ਦੇ ਖੁਲ੍ਹੇ ਨਾਮ ਲੈ ਕੇ ਲਿਖੀਆਂ ਗਈਆਂ ਹੋਰ ਬਹੁਤ ਸਾਰੀਆਂ ਕਹਾਣੀਆਂ ਵੀ ਇਸ ਕਿਤਾਬ ਵਿੱਚ ਮੌਜੂਦ ਹਨ।

ਹਰ ਵੀਰ ਨੂੰ ਇਹ ਬੇਨਤੀ ਹੈ ਕਿ ਇਸ 'ਕੂੜ ਕਿਤਾਬ' ਨੂੰ ਆਪ ਲਿਆ ਕੇ ਪੜ੍ਹਣ ਅਤੇ ਹੋਰਨਾਂ ਵੀਰਾਂ ਨੂੰ ਵੀ ਪੜ੍ਹਾਉਣ। ਇਹ ਕਿਤਾਬ 'ਦੇਵੀ ਦੀ ਉਸਤਤਿ', 'ਅਨਮਤ ਦੇ ਮਿਥਿਹਾਸ' ਅਤੇ 'ਬੇ ਸਿਰ ਪੈਰ ਦੀਆਂ ਗੱਪਾਂ' ਨਾਲ ਭਰੀ ਪਈ ਹੈ, ਜੋ ਇੱਕ ਸਿੱਖ ਨੂੰ ਨਾ ਤਾਂ ਕੋਈ ਸੇਧ ਹੀ ਦਿੰਦੀ ਹੈ, ਅਤੇ ਨਾ ਹੀ ਕੋਈ ਜੀਵਨ ਜਾਚ ਹੀ ਸਿਖਾਉਂਦੀ ਹੈ। ਕਿਸੇ ਦੀਆਂ ਕਹੀਆਂ ਗੱਲਾਂ 'ਤੇ ਬਿਲਕੁਲ ਵਿਸ਼ਵਾਸ ਨਾ ਕਰੋ। ਇਸਨੂੰ 'ਦਸਮ ਬਾਣੀ' ਕਹਿਣ ਤੋਂ ਪਹਿਲਾਂ ਇਸ ਦਾ ਸੱਚ ਜ਼ਰੂਰ ਜਾਣ ਲਵੋ।

ਕੁਝ ਗੁਰੂ ਨਿੰਦਕ ਇਸ ਕਿਤਾਬ ਬਾਰੇ ਇਹ ਪ੍ਰਚਾਰ ਕਰ ਰਹੇ ਹਨ ਕਿ 'ਦਸਮ ਗ੍ਰੰਥ ਦਾ ਵਿਸ਼ਾ ਅਤੇ ਗੁਰੂ ਗ੍ਰੰਥ ਸਾਹਿਬ ਦਾ ਵਿਸ਼ਾ ਇੱਕ ਹੀ ਹੈ।' ਮੇਰੇ

ਪਿਆਰੇ ਵੀਰੋ ! ਇਹ ਤਾਂ ਤੁਸੀਂ ਪਿੱਛੇ ਪੜ੍ਹ ਹੀ ਆਏ ਹੋ ਕਿ ਇਸਦਾ ਵਿਸ਼ਾ ਕਿੰਨਾ ਕੁ ਗੁਰੂ ਗ੍ਰੰਥ ਸਾਹਿਬ ਨਾਲ ਮੇਲ ਖਾ ਰਿਹਾ ਹੈ। ਬਲਕਿ ਇਸ 'ਕੂੜ ਕਿਤਾਬ' ਨੂੰ ਇੱਕ ਸਾਜਸ਼ ਤਹਿਤ, ਸਿੱਖਾਂ ਦੇ ਮੱਥੇ ਇਸ ਕਰਕੇ ਹੀ ਮੜ੍ਹਿਆ ਗਿਆ ਹੈ ਕਿ 'ਇਸ ਕਿਤਾਬ ਦਾ ਵਿਸ਼ਾ ਗੁਰੂ ਗ੍ਰੰਥ ਸਾਹਿਬ ਦੇ ਵਿਸ਼ੇ ਨਾਲੋਂ ਉੱਕਾ ਹੀ ਉਲਟ ਹੈ।' ਇਹ ਕਿਤਾਬ ਸਿੱਖ ਨੂੰ 'ਅਨਮਤ ਦੇ ਮਿਥਿਹਾਸ' ਨਾਲ ਜੋੜ ਕੇ ਉਸਨੂੰ 'ਦੇਵੀ ਪੂਜਾ' ਅਤੇ 'ਅਵਤਾਰਵਾਦ' ਨਾਲ ਜੋੜਦੀ ਹੈ। ਨਾਲ ਹੀ ਨਸ਼ੇਬਾਜ਼ ਅਤੇ ਵਿਭਚਾਰੀ ਬਣਨ ਲਈ ਪ੍ਰੇਰਿਤ ਕਰਦੀ ਹੈ। ਸਿੱਖ ਦੇ ਉੱਚੇ-ਸੁੱਚੇ ਕਿਰਦਾਰ ਨੂੰ, ਜੋ ਗੁਰੂ ਗ੍ਰੰਥ ਸਾਹਿਬ ਤੋਂ ਉਪਜਿਆ ਸੀ, ਉਸਨੂੰ ਬ੍ਰਾਹਮਣੀ ਮਿਥਿਹਾਸ ਅਤੇ ਦੇਵੀ ਪੂਜਾ ਨਾਲ ਜੋੜ ਕੇ, ਆਪਣੇ 'ਸ਼ਬਦ ਗੁਰੂ' ਨਾਲੋਂ ਤੋੜਦੀ ਹੈ।

ਬਸ ! ਇਸ ਕਿਤਾਬ ਦਾ ਇਹ ਹੀ ਮਕਸਦ ਹੈ। ਜਦੋਂ ਇੱਕ ਸਿੱਖ ਆਪਣੇ ਸ਼ਬਦ ਗੁਰੂ, ਗੁਰੂ ਗ੍ਰੰਥ ਸਾਹਿਬ ਜੀ ਤੋਂ ਟੁੱਟ ਜਾਵੇਗਾ ਤਾਂ ਉਹ ਅਨਮਤ ਦੇ ਖਾਰੇ ਸਮੁੰਦਰ ਵਿੱਚ ਡੁੱਬ ਕੇ ਫ਼ਨਾਹ ਹੋ ਜਾਵੇਗਾ। ਇਹ 'ਕਾਲੀ ਕਿਤਾਬ' ਵਿਭਚਾਰ, ਨਸ਼ਿਆਂ ਅਤੇ ਦੇਵੀ ਉਸਤਤਿ ਦਾ ਉਹੀ 'ਖਾਰਾ ਸਮੁੰਦਰ' ਹੈ ਜਿਸ ਵਿੱਚ ਗੁਰੂ ਦੇ ਸਿੱਖ ਨੂੰ ਡੋਬ ਕੇ ਉਸ ਮਹਾਨ ਤੇ ਬੇਸ਼ਕੀਮਤੀ ਵਿਰਸੇ ਨੂੰ ਖ਼ਤਮ ਕੀਤਾ ਜਾ ਰਿਹਾ ਹੈ, ਜੋ ਸਾਡੇ ਗੁਰੂਆਂ ਨੇ ਲਗਭਗ 250 ਵਰ੍ਹਿਆਂ ਦੀ ਕੁਰਬਾਨੀ ਭਰੀ ਜਦੋ-ਜਹਿਦ ਕਰਕੇ ਸਾਨੂੰ ਦਿੱਤਾ ਸੀ।

ਖ਼ਾਲਸਾ ਜੀ ! ਜਾਗੋ ! ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੈਡ-ਗ੍ਰੰਥੀ ਗਿਆਨੀ ਗੁਰਬਚਨ ਸਿੰਘ ਦਸਮ ਗ੍ਰੰਥ ਦੀ ਪੈਰਵੀ ਕਰਨ ਲਈ ਆਪਣੀ ਤਕਰੀਰ ਵਿੱਚ ਇਹ ਕਹਿ ਰਹੇ ਹਨ ਕਿ 'ਕੁਝ ਐਸੇ ਮਨੁੱਖ ਹਨ, ਜੋ ਗੁਰੂ ਗ੍ਰੰਥ ਅਤੇ ਪੰਥ ਦੀ ਚੜ੍ਹਦੀ-ਕਲਾ ਨੂੰ ਵੇਖਣਾ ਨਹੀਂ ਚਾਹੁੰਦੇ, ਅਸੀਂ ਉਨ੍ਹਾਂ ਦੇ ਮੂੰਹ 'ਤੇ ਚਪੇੜ ਮਾਰਨ ਲਈ ਇਕੱਤਰ ਹੋਏ ਹਾਂ।' ਇਨ੍ਹਾਂ ਦੀ ਗੱਲ ਦਾ ਦੂਜਾ ਪਹਿਲੂ ਵੇਖੀਏ ਤਾਂ ਬਿਲਕੁਲ ਸਹੀ ਲੱਗਦਾ ਹੈ। ਵਾਕਈ 'ਕੁਝ ਐਸੇ ਮਨੁੱਖ ਹਨ ਜੋ ਪੰਥ ਅਤੇ ਗੁਰੂ ਗ੍ਰੰਥ ਦੀ ਚੜ੍ਹਦੀ-ਕਲਾ ਨੂੰ ਵੇਖਣਾ ਨਹੀਂ ਚਾਹੁੰਦੇ।' ਫ਼ਰਕ ਸਿਰਫ਼ ਐਨਾ ਹੈ ਕਿ ਗਿਆਨੀ ਗੁਰਬਚਨ ਸਿੰਘ ਇੱਕ ਉਂਗਲ ਤਾਂ ਸਾਡੇ ਵਰਗੇ ਲੋਕਾਂ ਵੱਲ ਚੁਕ ਰਹੇ ਹਨ, ਲੇਕਿਨ ਤਿੰਨ ਉਂਗਲੀਆਂ ਉਨ੍ਹਾਂ ਦੇ ਆਪਣੇ ਵੱਲ ਇਸ਼ਾਰਾ ਕਰ ਰਹੀਆਂ ਹਨ।

ਵੀਰੋ ! ਇਸ ਲਈ ਜਾਗੋ ਅਤੇ ਸੁਚੇਤ ਹੋ ਕੇ ਐਸੇ ਅਨਸਰਾਂ ਨੂੰ ਪਛਾਣੋ ਜੋ ਇਸ 'ਦੇਵੀ ਦੀ ਉਸਤਤਿ' ਅਤੇ 'ਅਸ਼ਲੀਲ ਕਾਮ ਖੇਡਾਂ' ਵਾਲੀ ਕਿਤਾਬ ਨੂੰ ਸਿੱਖਾਂ ਦਾ 'ਦੂਜਾ ਗੁਰੂ' ਬਨਾਉਣ ਲਈ ਤਰਲੋ-ਮੱਛੀ ਹੋ ਰਹੇ ਹਨ। ਇਸ ਲਈ ਉਹ ਐਸਾ ਕਹਿ ਰਹੇ ਹਨ ਕਿ 'ਗੁਰੂ ਗ੍ਰੰਥ ਸਾਹਿਬ ਜੀ ਤੋਂ ਬਾਅਦ ਦੂਜੀ ਥਾਂ 'ਤੇ ਹਰ ਸਿੱਖ ਦਸਮ ਗ੍ਰੰਥ ਦਾ ਸਤਿਕਾਰ ਕਰਦਾ ਹੈ।' ਇਹੋ ਜਿਹੀਆਂ ਗੱਲਾਂ ਦੇ ਪਿੱਛੇ ਇਨ੍ਹਾਂ ਦੀ ਨੀਯਤ ਕੀ ਹੈ, ਇਹ ਤਾਂ ਇੱਕ ਨਾਦਾਨ ਬੱਚਾ ਵੀ ਸਮਝ ਸਕਦਾ ਹੈ। ਵੀਰੋ ! ਤੁਸੀਂ ਤਾਂ ਸਿਆਣੇ ਹੋ।

ਪਾਠਕ ਇਹ ਸੋਚਦੇ ਹੋਣਗੇ ਕਿ ਦਾਸ, ਗਿਆਨੀ ਗੁਰਬਚਨ ਸਿੰਘ ਦੀ ਇਸ ਤਕਰੀਰ ਦਾ ਵਾਰ-ਵਾਰ ਕਿਉਂ ਜ਼ਿਕਰ ਕਰ ਰਿਹਾ ਹੈ ? ਉਨ੍ਹਾਂ ਦੀ ਤਕਰੀਰ ਦੀ ਇੱਕ ਗੱਲ ਮੇਰੇ ਦਿਮਾਗ 'ਤੇ ਇੱਕ ਸੱਟ ਦੀ ਤਰ੍ਹਾਂ ਪੈਂਦੀ ਰਹਿੰਦੀ ਹੈ। ਭਲਾ ਐਸਾ ਮੋਹਤਬਰ ਵਿਅਕਤੀ ਇਸ 'ਗੈਰ ਪ੍ਰਮਾਣਿਕ ਕਿਤਾਬ' ਬਾਰੇ 'ਗੁਰਮਤਿ ਤੋਂ ਉਲਟ' ਇਹੋ ਜਿਹੀਆਂ ਗੱਲਾਂ ਕਿਵੇਂ ਕਰ ਸਕਦਾ ਹੈ ? ਇਸ ਦੇ ਪਿੱਛੇ ਕੀ ਕਾਰਣ ਹੈ ? ਜਿਸ ਕਿਤਾਬ ਬਾਰੇ ਹਾਲੇ ਪੰਥ ਵੱਲੋਂ ਕੋਈ ਨਿਰਣਾ ਹੀ ਨਹੀਂ ਲਿਆ ਗਿਆ ਹੋਵੇ, ਉਸ ਬਾਰੇ ਇਹ ਕਿਵੇਂ ਕਹਿ ਰਹੇ ਹਨ ਕਿ 'ਇਹ ਗੁਰੂ ਰਚਿਤ ਗ੍ਰੰਥ ਹੈ।' ਇਹ ਬਹੁਤ ਹੀ ਗੰਭੀਰਤਾ ਨਾਲ ਸੋਚਣ ਦਾ ਵਿਸ਼ਾ ਹੈ। ਫ਼ੈਸਲਾ ਆਪ ਖ਼ੁਦ ਕਰੋ ਕਿ ਜੋ ਉਹ ਕਹਿ ਰਹੇ ਹਨ, ਉਸ ਦਾ ਕੀ ਮਤਲਬ ਹੈ ਅਤੇ ਇਸਦਾ ਦੂਰ-ਗਾਮੀ ਨਤੀਜਾ ਕੀ ਹੋ ਸਕਦਾ ਹੈ ?

ਆਓ ਵੀਰੋ, ਹੁਣ ਅੱਗੇ ਤੁਰਦੇ ਹਾਂ। ਚਰਿਤ੍ਰ ਪਾਖਿਯਾਨ ਨਾਂ ਦੀ ਇਸ ਅਸ਼ਲੀਲ ਰਚਨਾ ਵਿੱਚ ਆਪ ਜੀ ਨੂੰ ਪਿੱਛੇ ਦੱਸਿਆ ਸੀ ਕਿ 'ਸਯਾਮ ਕਵੀ' ਦੀ ਇਸ ਰਚਨਾ ਵਿੱਚ ਕਈ ਵਾਰ ਭਾਂਗ, ਪੋਸਤ, ਅਫ਼ੀਮ ਤੇ ਸ਼ਰਾਬ ਦਾ ਜ਼ਿਕਰ ਆਉਂਦਾ ਹੈ। ਨਾਲ ਹੀ ਇਨ੍ਹਾਂ 'ਕਾਮ ਕਹਾਣੀਆਂ' ਵਿੱਚ ਇਸਤਰੀ ਅਤੇ ਪੁਰਸ਼ ਦੇ 'ਗੁਪਤ ਅੰਗਾਂ' ਨੂੰ ਐਨੀ ਬੇਸ਼ਰਮੀ ਅਤੇ ਬਦਤਮੀਜ਼ੀ ਨਾਲ ਲਿਖਿਆ ਗਿਆ ਹੈ ਕਿ ਪੜ੍ਹਣ ਵਾਲੇ ਨੂੰ ਸ਼ਰਮ ਆ ਜਾਂਦੀ ਹੈ ਕਿ ਉਹ ਕੀ ਪੜ੍ਹ ਰਿਹਾ ਹੈ। ਇਥੇ ਚਰਿਤ੍ਰ ਪਾਖਿਯਾਨ ਦੀਆਂ ਸਾਰੀਆਂ ਕਹਾਣੀਆਂ ਦਾ ਜ਼ਿਕਰ ਕਰਨਾ ਸੰਭਵ ਨਹੀਂ, ਇਸ ਕਰਕੇ ਇਨ੍ਹਾਂ ਕਹਾਣੀਆਂ ਵਿੱਚ ਕੀ ਕੁਝ ਅਸ਼ਲੀਲ ਤੇ ਗੰਦ ਲਿਖਿਆ ਹੈ, ਉਸ ਬਾਰੇ ਪਾਠਕਾਂ ਨੂੰ ਸੰਖੇਪ ਵਿੱਚ ਦੱਸ ਰਹੇ ਹਾਂ।

## ਚਰਿਤ੍ਰ 312

ਕੈ ਜੜ ਪ੍ਰਾਨਨ ਕੀ ਆਸਾ ਤਜੁ॥
ਕੈ ਰੁਚਿ ਮਾਨਿ ਆਉ ਮੁਹਿ ਕੌ ਭਜੁ॥
ਕੈ ਤੁਹਿ ਕਾਟਿ ਕਰੈ ਸਤ ਖੰਡਾ॥
ਕੈ ਦੈ ਮੋਰਿ 'ਭਗ' ਬਿਖੈ 'ਲੰਡਾ'॥ ੧੧॥

(ਅਖੌਤੀ ਦਸਮ ਗ੍ਰੰਥ, ਪੰਨਾ 1267)

## ਚਰਿਤ੍ਰ 387

ਪ੍ਰਥਮ ਜਾਰ ਜਬ ਧਕਾ ਲਗਾਯੋ॥
ਤਬ ਰਾਨੀ ਲੈ ਢੋਲ ਬਜਾਯੋ॥
ਜਬ ਤਿਹ 'ਲਿੰਗ' ਸੁ 'ਭਗ' ਤੇ ਕਾਢਾ॥
ਤ੍ਰਿਯ ਦਿਯ ਢੋਲ ਢਮਾਕਾ ਗਾਢਾ॥ ੧੦॥

(ਅਖੌਤੀ ਦਸਮ ਗ੍ਰੰਥ, ਪੰਨਾ 1342)

## ਚਰਿਤ੍ਰ 402

ਪੋਸਤ ਭਾਂਗ ਅਫੀਮ ਮਿਲਾਇ॥
ਆਸਨ ਤਾ ਤਰ ਦਿਯੋ ਬਨਾਇ॥
ਚੁੰਬਨ ਰਾਇ ਅਲਿੰਗਨ ਲਏ॥
'ਲਿੰਗ' ਦੇਤ ਤਿਹ 'ਭਗ' ਮੋ ਭਏ॥ ੨੪॥...
'ਭਗ' ਮੋ 'ਲਿੰਗ' ਦਿਯੋ ਰਾਜਾ ਜਬ॥
ਰੁਚਿ ਉਪਜੀ ਤਰਨੀ ਕੇ ਜਿਯ ਤਬ॥
ਲਪਟਿ ਲਪਟਿ ਆਸਨ ਤਰ ਗਈ॥
ਚੁੰਬਨ ਕਰਤ ਭੂਪਨ ਕੇ ਭਈ॥ ੨੫॥

(ਅਖੌਤੀ ਦਸਮ ਗ੍ਰੰਥ, ਪੰਨਾ 1358)

ਅਨੁਵਾਦ : ਪ੍ਰਾਨਨ ਕੀ ਆਸ - ਜਾਨ ਦੀ ਪਰਵਾਹ; ਭਗ - ਇਸਤਰੀ ਦਾ ਗੁਪਤ ਅੰਗ; ਲੰਡਾ - ਪੁਰਸ਼ ਦਾ ਗੁਪਤ ਅੰਗ, ਲਿੰਗ; ਤੁਹਿ ਕਾਟਿ ਕਰੈ ਸਤ ਖੰਡਾ - ਤੇਰੇ ਸਤ ਟੋਟੇ ਕਰ ਦੇਵਾਂਗੀ; ਰੁਚਿ ਮਾਨਿ - ਮੌਜ ਨਾਲ; ਮੋਹਿ ਕੌ ਭਗ - ਮੈਨੂੰ ਭੋਗ ਕਰ, ਮੇਰੇ ਨਾਲ ਕਾਮ ਕਰ; ਪ੍ਰਥਮ - ਪਹਿਲੀ ਵਾਰ; ਯਾਰ - ਪ੍ਰੇਮੀ; ਧਕਾ ਲਗਾਯੋ - ਧੱਕਾ ਲਾਇਆ;

ਕਾਢਾ - ਕੱਢਿਆ; ਢੋਲ ਢਮਾਕਾ ਗਾਢਾ - ਉੱਚੀ ਉੱਚੀ ਢੋਲ ਵਜਾਇਆ; ਆਸਨ - ਕਾਮ ਕ੍ਰੀੜਾ ਦੇ ਤਰੀਕੇ; ਰੁਚਿ ਉਪਜੀ - ਕਾਮ ਜਾਗਿਆ; ਤਰ ਗਈ - ਮਸਤ ਹੋ ਗਈ; ਭੂਪਨ ਕੇ ਭਈ - ਰਾਜੇ ਦੀ ਹੋ ਗਈ।

ਬੇਸ਼ਰਮੀ ਦੀਆਂ ਸਾਰੀਆਂ ਹੱਦਾਂ ਪਾਰ ਕਰਦੀ 'ਸਯਾਮ ਕਵੀ' ਦੀ ਲਿਖੀ ਇਹ 'ਚਰਿਤ੍ਰ ਪਾਖਿਯਾਨ' ਸਿੱਖਾਂ ਨੂੰ ਕੀ ਸਿੱਖਿਆ ਦੇ ਰਹੀ ਹੈ ? ਵੀਰੋ ! ਇਹ ਸਭ ਲਿਖ ਕੇ ਮੈਂ ਆਪਣੇ ਜ਼ਮੀਰ ਨਾਲ ਬਹੁਤ ਵੱਡਾ ਸਮਝੌਤਾ ਕੀਤਾ ਹੈ। ਮੈਂ ਆਪਣੇ ਆਪ ਨੂੰ ਆਪਣੀ ਤੇ ਤੁਹਾਡੀ ਨਜ਼ਰ ਵਿੱਚ ਵਾਰ-ਵਾਰ ਮਾਰਿਆ ਹੈ। ਮੈਂ ਆਪਣੇ ਕੋਲੋਂ ਹੀ, ਵਾਰ-ਵਾਰ ਬੇਸ਼ਰਮ ਅਤੇ ਨਿਰਲੱਜ ਹੋਇਆ ਹਾਂ। ਪਰ ਮੁਆਫ਼ ਕਰਨਾ, ਮੈਂ ਇਸ ਗੰਦ ਨੂੰ ਕੌਮ ਤਕ ਲਿਜਾਉਣ ਲਈ ਮਜਬੂਰ ਹਾਂ। ਮੇਰੇ ਬੇਸ਼ਰਮ ਹੋ ਜਾਣ ਨਾਲ, ਇਹ ਸਭ ਕੁਝ ਲਿਖਣ ਨਾਲ, ਮੈਂ ਆਪਣੀਆਂ ਨਜ਼ਰਾਂ ਵਿੱਚ, ਭਾਵੇਂ ਆਪ ਹੀ ਡਿੱਗਾਂਗਾ। ਲੇਕਿਨ ਇਸਨੂੰ 'ਦਸਮ ਬਾਣੀ' ਕਹਿਣ ਵਾਲਿਆਂ ਨੂੰ, ਇਸਦੇ ਅੱਗੇ ਮੱਥਾ ਟੇਕਣ ਵਾਲਿਆਂ ਨੂੰ, ਜੇ ਇਸ ਗੱਲ ਦਾ ਅਹਿਸਾਸ ਹੋ ਜਾਵੇ ਕਿ ਇਹ ਸਭ 'ਗੰਦ' ਸਰਬੰਸ ਦਾਨੀ ਗੁਰੂ ਗੋਬਿੰਦ ਸਿੰਘ ਸਾਹਿਬ ਨੂੰ ਬਦਨਾਮ ਕਰਨ ਦੀ ਇੱਕ ਸਾਜਸ਼ ਹੈ ਤਾਂ ਮੇਰਾ ਐਨਾ ਬੇਸ਼ਰਮ ਅਤੇ ਨਿਰਲੱਜ ਹੋ ਜਾਣਾ ਵੀ ਸਫ਼ਲ ਹੋ ਜਾਵੇਗਾ।

ਆਖ਼ਰ ਕੁਝ ਪੰਥ ਦਰਦੀਆਂ ਨੂੰ ਤਾਂ ਐਸਾ ਕਰਨਾ ਹੀ ਪੈਣਾ ਸੀ। ਉਨ੍ਹਾਂ ਨੂੰ ਇਸ ਗੰਦ ਨੂੰ, ਕੌਮ ਦੇ ਸਾਹਮਣੇ ਖੋਲ੍ਹ ਕੇ ਲਿਆਉਣਾ ਹੀ ਪੈਣਾ ਸੀ। ਨਹੀਂ ਤਾਂ ਆਉਣ ਵਾਲੇ ਸਮੇਂ ਵਿੱਚ, ਸਾਰੀ ਕੌਮ ਹੀ ਬੇਸ਼ਰਮ ਅਖਵਾਉਣੀ ਹੈ। ਸਾਨੂੰ ਕਿਤੇ ਵੀ ਮੂੰਹ ਛਿਪਾਉਣ ਲਈ ਥਾਂ ਨਹੀਂ ਮਿਲਣੀ। ਇਸ ਲਈ ਵੀਰੋ, ਆਓ ਪੰਥ ਦੇ ਭਲੇ ਲਈ, ਸਰਬੰਸ ਦਾਨੀ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਬੱਚੇ ਹੋਣ ਦੇ ਨਾਤੇ, ਉਨ੍ਹਾਂ ਦੇ ਨਾਂ 'ਤੇ ਲਾਏ ਜਾ ਰਹੇ ਇਸ 'ਦਾਗ਼' ਨੂੰ ਮਿਟਾਉਣ ਲਈ, ਅਸੀਂ ਸਾਰੇ ਇੱਕ ਵਾਰ 'ਨਿਰਲੱਜ' ਹੋ ਜਾਈਏ, 'ਬੇਸ਼ਰਮ' ਹੋ ਜਾਈਏ। ਅਸੀਂ ਕੌਮ ਨੂੰ ਇਸ 'ਕੂੜ ਗ੍ਰੰਥ' ਦਾ ਸੱਚ ਖੋਲ੍ਹ ਕੇ ਵਿਖਾਈਏ, ਜਿਸਨੂੰ ਸਦੀਆਂ ਤੋਂ ਰੁਮਾਲਿਆਂ ਹੇਠ ਛਿਪਾ ਕੇ ਰਖਿਆ ਗਿਆ ਹੈ। ਅਸੀਂ ਹਰ ਸਿੱਖ ਨੂੰ ਗੁਰੂ ਦਾ ਦਿੱਤਾ ਇਹ ਸੰਦੇਸ਼ ਪਹੁੰਚਾਈਏ ਕਿ ਸਾਡਾ 'ਇਸ਼ਟ' ਇੱਕ ਹੈ, ਸਾਡਾ 'ਸ਼ਬਦ ਗੁਰੂ' ਇੱਕ ਹੈ ਅਤੇ ਉਸ ਵਿੱਚ ਦਰਜ 'ਗੁਰਬਾਣੀ' ਵੀ ਇੱਕ ਹੈ। ਇਸ ਵਿੱਚ

ਦਰਜ ਬਾਣੀ ਨੂੰ ਹੀ 'ਗੁਰਬਾਣੀ' ਦਾ ਦਰਜਾ ਪ੍ਰਾਪਤ ਹੈ, ਉਸ 'ਸ਼ਬਦ ਗੁਰੂ' ਤੋਂ ਬਾਹਰ ਦੀ ਹਰ ਬਾਣੀ 'ਕੱਚੀ' ਹੈ।

ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ।।
ਸਚਾ ਸਉਦਾ ਹਟੁ ਸਚ ਰਤਨੀ ਭਰੇ ਭੰਡਾਰ।।
(ਗੁਰੂ ਗ੍ਰੰਥ ਸਾਹਿਬ, ਅੰਕ 626)

# ਭਾਗ ੧੯

ਜੋ ਮਨੁੱਖ ਭੰਗ ਨਹੀਂ ਪੀਂਦੇ,
ਉਹ ਕੁੱਤੇ ਦੀ ਮੌਤ ਮਰਦੇ ਹਨ।

ਮੇਰੇ ਵੀਰੋ ਤੇ ਭੈਣੋ ! ਮਾਫ਼ ਕਰਨਾ, ਇਹ ਮੈਂ ਨਹੀਂ ਕਹਿ ਰਿਹਾ ਬਲਕਿ ਇਨ੍ਹਾਂ ਦਸਮ ਗ੍ਰੰਥੀਆਂ ਦਾ ਗੁਰੂ, ਅਖੌਤੀ ਦਸਮ ਗ੍ਰੰਥ ਕਹਿੰਦਾ ਹੈ। ਜਦੋਂ ਵੀ ਇਸ ਗ੍ਰੰਥ ਨੂੰ ਖੋਲ੍ਹੋ ਤਾਂ ਕੋਈ ਨਾ ਕੋਈ ਬੇਹਦ ਬੇਸ਼ਰਮੀ ਭਰੀ ਕਹਾਣੀ ਸਾਹਮਣੇ ਆ ਹੀ ਜਾਂਦੀ ਹੈ। ਪਤਾ ਨਹੀਂ ਅਸੀਂ ਕਈ ਦਹਾਕਿਆਂ ਤੋਂ ਇਨ੍ਹਾਂ ਕੂੜ ਕਹਾਣੀਆਂ ਨੂੰ ਕਿਉਂ ਮੱਥਾ ਟੇਕਦੇ ਜਾ ਰਹੇ ਹਾਂ, ਤੇ ਸਰਬੰਸਦਾਨੀ ਗੁਰੂ ਗੋਬਿੰਦ ਸਿੰਘ ਸਾਹਿਬ ਨੂੰ ਬਦਨਾਮ ਕਰਨ ਵਾਲੀ ਕਿਤਾਬ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਰੱਖਣ ਵਾਲਿਆਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ’ਤੇ ਬਿਠਾ ਕੇ ‘ਸਿੰਘ ਸਾਹਿਬਾਨ’ ਕਹਿ ਕੇ ਕੌਮੀ ਫ਼ੈਸਲਿਆਂ ’ਤੇ ਦਸਤਖ਼ਤ ਕਰਵਾਈ ਜਾ ਰਹੇ ਹਾਂ ?

ਤ੍ਰਿਯਾ ਚਰਿੱਤਰ ਦੇ ਇਸ ਅਧਿਆਏ ਵਿੱਚ ਹੋਰ ਅੱਗੇ ਤੁਰਦੇ ਹਾਂ। ਇਸ ਅਖੌਤੀ ਦਸਮ ਗੁਰੂ ਗ੍ਰੰਥ ਸਾਹਿਬ ਵਿੱਚ ਇੱਕ ਪਤਨੀ ਆਪਣੇ ਪਤੀ ਨੂੰ ਕਹਿ ਰਹੀ ਹੈ :

ਸੋ ਨਰ ਪਿਯਤ ਨ ਭਾਂਗ ਰਹੈ ਕੌਡੀ ਮਹਿ ਜਿਹ ਚਿਤ।।
ਸੋ ਨਰ ਅਮਲ ਨ ਪਿਯੈ ਦਾਨ ਭੇ ਨਹਿ ਜਾ ਕੋ ਹਿਤ।।
ਸਜਾਨੇ ਅਧਿਕ ਕਹਾਇ ਕਾਕ ਕੀ ਉਪਮਾ ਪਾਵਹਿ।।
ਅੰਤ ਸ੍ਵਾਨ ਜਯੋ ਮਰੈ ਦੀਨ ਦੁਨਿਯਾ ਪਛੁਤਾਵਹਿ।। ੨੦।।

(ਅਖੌਤੀ ਦਸਮ ਗ੍ਰੰਥ, ਪੰਨਾ 1161)

ਅਨੁਵਾਦ : ਜੋ ਵਿਅਕਤੀ ਭਾਂਗ ਨਹੀਂ ਪੀਂਦੇ, ਉਨ੍ਹਾਂ ਨੂੰ ਕੌਡੀ ਦੀ ਅਕਲ ਨਹੀਂ ਹੁੰਦੀ। ਜੋ ਵਿਅਕਤੀ ਨਸ਼ਾ ਨਹੀਂ ਕਰਦੇ, ਉਨ੍ਹਾਂ ਦਾ ਦਾਨ ਦਿੱਤਾ ਵੀ ਵਿਅਰਥ ਹੈ। ਜੋ ਬਹੁਤੇ ਸਿਆਣੇ ਬਣਦੇ ਹਨ, ਉਹ ਕਾਂ ਅਖਵਾਉਂਦੇ ਹਨ। ਇਹੋ ਜਿਹੇ (ਭਾਂਗ ਦਾ ਅਮਲ ਨਾ ਕਰਨ ਵਾਲੇ) ਕੁੱਤਿਆਂ ਦੀ ਮੌਤ ਮਰਦੇ ਅਤੇ ਅੰਤ ਵੇਲੇ ਦੀਨ ਤੇ ਦੁਨੀਆ ਗਵਾ ਕੇ ਪਛਤਾਉਂਦੇ ਹਨ।

ਮੇਰੇ ਵੀਰੋ ! ਐਨਾ ਹੀ ਨਹੀਂ, ਇਸ ਗ੍ਰੰਥ ਦਾ ਲਿਖਾਰੀ ਇੱਕ ਇਸਤਰੀ ਦੇ ਮੁਖੋਂ ਆਪਣੇ ਪਤੀ ਨੂੰ ਉਹ ਕੁਝ ਅਖਵਾ ਰਿਹਾ ਹੈ ਜੋ ਇੱਕ ਵੇਸ਼ਵਾ ਵੀ ਨਹੀਂ ਕਹਿ ਸਕਦੀ। ਆਓ ਪੜ੍ਹਦੇ ਹਾਂ ਕਿ ਇਸ ਪੂਰੀ ਕਹਾਣੀ ਦਾ ਸਾਰ ਕੀ ਹੈ? ਕੀ ਇਹ ਗ੍ਰੰਥ ਆਪਣੇ ਸਿੱਖ ਬੱਚੇ-ਬੱਚੀਆਂ ਨੂੰ ਇਹੋ ਕੁਝ ਕਰਨ ਦੀ ਸਿੱਖਿਆ ਦਿੰਦਾ ਹੈ ? ਕੀ ਇਸੇ ਗ੍ਰੰਥ ਨੂੰ ਹੀ ਸ੍ਰੀ ਅਕਾਲ ਤਖ਼ਤ ਦਾ ਹੈਡ-ਗ੍ਰੰਥੀ, ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਇੱਕ ਅੰਗ ਕਹਿ ਰਿਹਾ ਹੈ ?

ਪੂਰਬ ਦਿਸ਼ਾ ਵਿੱਚ ਖੰਬਾਵਤ ਨਗਰ ਨਾਂ ਦਾ ਇੱਕ ਸ਼ਹਿਰ ਸੀ। ਉਸ ਦਾ ਰਾਜਾ ਰੂਪ ਸੈਨ ਬਹੁਤ ਦੁਸ਼ਟ ਅਤੇ ਵਿਭਚਾਰੀ ਸੀ। ਉਹ ਰਾਜਾ ਬਹੁਤ ਵੱਡਾ ਅਮਲੀ ਅਤੇ ਨਸ਼ੇਬਾਜ਼ ਸੀ। ਭਾਂਤ-ਭਾਂਤ ਦੀਆਂ ਇਸਤਰੀਆਂ ਨਾਲ ਉਹ ਸੰਭੋਗ ਕਰਦਾ ਸੀ, ਅਤੇ ਪੋਸਤ, ਭਾਂਗ ਤੇ ਅਫ਼ੀਮ ਖਾਂਦਾ ਸੀ। ਉਹ ਇਸ (ਕਾਕਟੇਲ) ਦੇ ਪੰਜਾਹ ਪਿਆਲੇ ਇਕੱਠੇ ਚੜ੍ਹਾ ਜਾਂਦਾ ਸੀ। ਉਹ ਇਸ ਨਸ਼ੇ ਵਿੱਚ ਐਨਾ ਮਸਤ ਰਹਿੰਦਾ ਸੀ, ਉਨ੍ਹਾਂ ਇਸਤਰੀਆਂ ਦੇ ਐਨੇ ਚੁੰਬਨ ਤੇ ਆਲਿੰਗਨ ਕਰਦਾ ਸੀ ਕਿ ਉਸ ਦੀ ਗਿਣਤੀ ਕਰਨਾ ਮੁਮਕਿਨ ਨਹੀਂ ਸੀ। ਉਹ (ਭਾਂਤ-ਭਾਂਤ ਦੀਆਂ ਇਸਤਰੀਆਂ ਨਾਲ) ਚਾਰ ਪਹਿਰ ਲਗਾਤਾਰ ਸੰਭੋਗ ਕਰਦਾ ਸੀ।

ਇਸ ਨਗਰ ਵਿੱਚ ਇੱਕ ਸ਼ਾਹੂਕਾਰ ਵੀ ਰਹਿੰਦਾ ਸੀ ਜੋ ਕਿਸੇ ਵੀ ਪ੍ਰਕਾਰ ਦਾ ਨਸ਼ਾ ਨਹੀਂ ਸੀ ਕਰਦਾ ਅਤੇ ਬਹੁਤ ਹੀ ਸੱਜਣ ਵਿਅਕਤੀ ਸੀ। ਉਹ ਉਥੇ ਖੜ੍ਹਾ ਵੀ ਨਹੀਂ ਸੀ ਹੁੰਦਾ ਜਿਥੇ ਕੋਈ ਨਸ਼ਾ ਕਰ ਰਿਹਾ ਹੁੰਦਾ। ਉਸ ਦੀ ਪਤਨੀ ਉਸਨੂੰ ਸੂਫ਼ੀ ਹੋਣ ਕਰਕੇ ਬਹੁਤ ਤਾਨ੍ਹੇ ਅਤੇ ਉਲ੍ਹਾਮੇ ਦਿੰਦੀ ਅਤੇ ਭਾਂਗ ਆਦਿਕ ਨਸ਼ੇ ਪੀਣ ਲਈ ਪ੍ਰੇਰਿਤ ਕਰਦੀ ਸੀ।

ਅਮਲ ਪਿਯਹਿ ਨ੍ਰਿਪ ਰਾਜ ਅਧਿਕ ਇਸਤ੍ਰੀਯਨ ਬਿਹਾਰੈ।।
ਅਮਲ ਸੂਰਮਾ ਪਿਯਹਿ ਦੁਜਨ ਸਿਰ ਖੜਗ ਪ੍ਰਹਾਰੈ।।
ਅਮਲ ਭਖਹਿ ਜੋਗੀਸ ਧ੍ਯਾਨ ਜਦੁਪਤਿ ਕੋ ਧਰਹੀ।।
ਚਾਖਿ ਤਵਨ ਕੋ ਸ੍ਵਾਦ ਸੂਮਾ ਸੋਫੀ ਕ੍ਯਾ ਕਰਹੀ।। ੧੦।।

(ਅਖੌਤੀ ਦਸਮ ਗ੍ਰੰਥ, ਪੰਨਾ 1160)

ਇਸ ਨਗਰ ਦਾ ਰਾਜਾ ਨਸ਼ਾ ਕਰਦਾ ਹੈ, ਇਸ ਕਰਕੇ ਉਹ ਐਨੀਆਂ ਇਸਤਰੀਆਂ ਨੂੰ ਭੋਗਦਾ ਹੈ। ਭਾਵ ਉਸ ਦੀ ਕਾਮ ਸ਼ਕਤੀ ਐਨੀ ਪ੍ਰਬਲ ਹੈ। ਅਮਲ ਕਰਨ ਨਾਲ ਹੀ ਰਾਜਾ ਐਨਾ ਵੱਡਾ ਸੂਰਮਾ ਹੈ ਅਤੇ ਦੂਜਿਆਂ 'ਤੇ ਕਿਰਪਾਨ ਨਾਲ ਵਾਰ ਕਰ ਸਕਦਾ ਹੈ। ਜਿਹੜਾ ਅਮਲ ਕਰਦਾ ਹੈ, ਉਸਨੂੰ ਕ੍ਰਿਸ਼ਨ ਅਵਤਾਰ ਦੇ ਦਰਸ਼ਨ ਹੁੰਦੇ ਹਨ। ਉਸ ਅਮਲ ਦਾ ਸਵਾਦ (ਸੁਖ) ਸੂਫ਼ੀ (ਨਸ਼ਾ ਨਾ ਕਰਨ ਵਾਲਾ) ਕੀ ਜਾਣ ਸਕਦਾ ਹੈ।

ਅਮਲ ਪੀਏ ਜਸ ਹੋਇ ਦਾਨ ਖਾਂਡੇ ਨਹਿ ਹੀਨੋ।।
ਅੰਤ ਗੁਦਾ ਕੈ ਪੈਡ ਸੂਮ ਸੋਫੀ ਜਿਯ ਦੀਨੋ।। ੧੨।।

(ਅਖੌਤੀ ਦਸਮ ਗ੍ਰੰਥ, ਪੰਨਾ 1160)

ਅਮਲ ਪੀਣ ਨਾਲ ਹੀ ਮਨੁੱਖ ਦਾ ਜਸ ਹੁੰਦਾ ਹੈ ਅਤੇ ਉਸ ਦਾ ਦਿੱਤਾ ਗਿਆ ਦਾਨ ਵੀ ਨਿਹਫਲ ਨਹੀਂ ਜਾਂਦਾ। ਜੋ ਬੰਦਾ ਨਸ਼ਾ ਨਹੀਂ ਕਰਦਾ, ਉਸ ਦੀ ਗੁਦਾ (ਮਲ ਦੁਆਰ) ਵਿੱਚ ਅੰਤ ਨੂੰ ਸੋਟਾ ਦਿੱਤਾ ਜਾਂਦਾ ਹੈ।

ਇਸ ਗ੍ਰੰਥ ਨੂੰ ਲਿਖਣ ਵਾਲਾ ਕਿੰਨਾ ਬੇਸ਼ਰਮ ਹੈ, ਇਸ ਦਾ ਅੰਦਾਜ਼ਾ ਤੁਸੀਂ ਆਪ ਹੀ ਲਾ ਸਕਦੇ ਹੋ। ਮੈਂ ਤਾਂ ਬੇਸ਼ਰਮ ਹੋ ਕੇ ਇਸਦਾ ਪਾਜ ਖੋਲ੍ਹਣ ਦਾ ਇਕਰਾਰ ਕਰ ਹੀ ਚੁੱਕਾ ਹਾਂ।

ਭਾਂਗ ਪੁਰਖ ਵੈ ਪਿਯਹਿ ਭਗਤ ਹਰਿ ਕੀ ਜੇ ਕਰਹੀ।।
ਭਾਂਗ ਭਖਤ ਵੈ ਪੁਰਖ ਕਿਸੂ ਕੀ ਆਸ ਨ ਧਰਹੀ।।
ਅਮਲ ਪਿਯਤ ਤੇ ਬੀਰ ਬਰਤ ਜਿਨ ਤ੍ਰਿਨ ਮਸਤਕ ਪਰ।।
ਤੇ ਕਜ਼ਾ ਪੀਵਹਿ ਭਾਂਗ ਰਹੈ ਜਿਨ ਕੇ ਤਕਰੀ ਕਰ।। ੧੩।।

(ਅਖੌਤੀ ਦਸਮ ਗ੍ਰੰਥ, ਪੰਨਾ 1160)

ਜੋ ਪੁਰਸ਼ ਭਾਂਗ ਪੀਂਦਾ ਹੈ, ਉਹ ਹੀ ਹਰੀ (ਅਕਾਲ ਪੁਰਖ) ਦੀ ਅਸਲ ਸੇਵਾ ਕਰਦਾ ਹੈ। ਜੋ ਪੁਰਸ਼ ਭਾਂਗ ਪੀਂਦਾ ਹੈ, ਉਸਨੂੰ ਕਿਸੇ ਤੋਂ ਡਰ ਨਹੀਂ ਲਗਦਾ। ਉਸ ਸ਼ਾਹੂਕਾਰ ਦੀ ਇਸਤਰੀ ਉਸਨੂੰ ਭਾਂਗ ਦਾ ਨਸ਼ਾ ਕਰਨ ਲਈ ਉਕਸਾਂਦਿਆਂ ਕਹਿੰਦੀ ਹੈ ਅਤੇ ਤਾਨ੍ਹੇ ਦੇ ਰਹੀ ਹੈ ਕਿ ਅਮਲ ਤਾਂ ਉਹੀ ਪੁਰਖ ਕਰਦੇ ਹਨ ਜਿਨ੍ਹਾਂ

ਦੇ ਮਸਤਕ ਵਿੱਚ ਭਾਗ ਹੁੰਦਾ ਹੈ। ਤੇਰੇ ਵਾਂਗ ਹੱਥ ਵਿੱਚ ਤਕੜੀ (ਤਰਾਜ਼ੂ) ਫੜ੍ਹੀ ਰੱਖਣ ਵਾਲੇ ਨੇ ਭੰਗ ਕੀ ਪੀਣੀ ਹੈ ?

ਸਦਾ ਸਰੋਹੀ ਉਪਰ ਕਰ ਜਿਨ ਕੋ ਰਹੈ।।
ਸਿਰ ਮੋ ਖਾਇ ਕ੍ਰਿਪਾਨ ਜੁ ਤਿਹ ਕਟੁ ਬਚ ਕਹੈ।।
ਨਿੰਬੂਆ ਟਿਕ ਕਹਿ ਰਹੈ ਮਛਿ ਐਸੇ ਕੀਏ।।
ਹੇ ਤੇ ਨਰ ਪੀਵਹਿ ਭਾਂਗ ਕਹਾ ਪਸੁ ਤੈ ਪੀਏ।। ੧੪।।

(ਅਖੌਤੀ ਦਸਮ ਗ੍ਰੰਥ, ਪੰਨਾ 1160)

ਜੋ ਨਸ਼ਾ ਕਰਦੇ ਹਨ, ਉਨ੍ਹਾਂ ਦਾ ਹੱਥ ਹਮੇਸ਼ਾ ਕਿਰਪਾਨ 'ਤੇ ਰਹਿੰਦਾ ਹੈ, ਭਾਵ ਉਹ ਅਣਖ ਵਾਲੇ ਹੁੰਦੇ ਹਨ। ਜੋ ਨਸ਼ਾ ਨਹੀਂ ਕਰਦੇ, ਉਹ ਸਿਰ 'ਤੇ ਕਿਰਪਾਨ ਦਾ ਵਾਰ ਸਹਿੰਦੇ ਹਨ ਭਾਵ ਉਹ ਡਰਪੋਕ ਹੁੰਦੇ ਹਨ। ਜੋ ਨਸ਼ਾ ਕਰਦੇ ਹਨ, ਉਨ੍ਹਾਂ ਦੀਆਂ (ਰੋਅਬਦਾਰ) ਮੁੱਛਾਂ 'ਤੇ ਨਿੰਬੂ ਵੀ ਟਿਕ ਜਾਂਦਾ ਹੈ। ਜੋ ਪੁਰਸ਼ ਭੰਗ ਨਹੀਂ ਪੀਂਦੇ, ਉਹ ਪਸ਼ੂ ਸਮਾਨ ਹੁੰਦੇ ਹਨ।

ਇਹੋ ਜਿਹੇ ਤਾਨ੍ਹੇ ਆਪਣੀ ਪਤਨੀ ਦੇ ਮੂੰਹੋਂ ਸੁਣ-ਸੁਣ ਕੇ ਸ਼ਾਹੂਕਾਰ ਨੂੰ ਬਹੁਤ ਕ੍ਰੋਧ ਚੜ੍ਹ ਜਾਂਦਾ ਹੈ, ਤੇ ਉਹ ਉਸ ਦੀ ਵੱਖੀ ਵਿੱਚ ਇੱਕ ਲੱਤ ਕੱਢ ਕੇ ਮਾਰਦਾ ਹੈ ਅਤੇ ਕਹਿੰਦਾ ਹੈ ਕਿ ਤੂੰ ਮੇਰੇ ਨਾਲ ਇਹੋ ਜਿਹੀਆਂ ਗੱਲਾਂ ਕਿਉਂ ਕਰਦੀ ਹੈਂ ? ਉਹ ਕਹਿੰਦੀ ਹੈ ਕਿ ਜੋ ਮੇਰੇ ਬਜੁਰਗਾਂ ਨੇ ਦੱਸਿਆ ਅਤੇ ਸਿਖਾਇਆ, ਉਹੀ ਮੈਂ ਕਹਿੰਦੀ ਹਾਂ।

ਚੰਚਲਾਨ ਕੋ ਚਿਤ ਚੋਰ ਛਿਨ ਇਕ ਮਹਿ ਲੇਹੀ।।
ਭਾਂਤਿ ਭਾਂਤਿ ਭਾਮਿ ਨਨਿ ਭੋਗ ਭਾਵਤ ਮਨ ਦੇਹੀ।। ੨੩।।
ਭਜਹਿ ਬਾਮ ਕੈਫਿਯੈ ਕੇਲ ਜੁਗ ਜਾਮ ਮਚਾਵਹਿ।।
ਹਰਿਣਾ ਜਿਮਿ ਉਛਲਹਿ ਨਾਰਿ ਨਾਗਰਨਿ ਬਿਝਾਵਹਿ।।
ਸੌਫੀ ਚੜਤਹਿ ਕਾਂਪਿ ਧਰਨਿ ਊਪਰਿ ਪਰੈ।।
ਹੋ ਬਹਰਜ ਖਲਤ ਹ੍ਵੈ ਜਾਹਿ ਕਹਾ ਜੜ ਰਤਿ ਕਰੈ।। ੨੪।।

(ਅਖੌਤੀ ਦਸਮ ਗ੍ਰੰਥ, ਪੰਨਾ 1160)

ਜੋ ਪੁਰਖ ਭੰਗ ਪੀਂਦੇ ਹਨ, ਉਹ ਇਸਤਰੀਆਂ ਦਾ ਦਿਲ ਇਕ ਪਲ ਵਿੱਚ ਜਿੱਤ ਲੈਂਦੇ ਹਨ। ਉਹ ਭਾਂਤ-ਭਾਂਤ ਦੀਆਂ ਇਸਤਰੀਆਂ ਨੂੰ ਆਪਣੇ ਮਨ ਮੁਤਾਬਕ ਭੋਗਦੇ ਹਨ। ਜੋ ਪੁਰਖ ਨਸ਼ਿਆਂ ਤੋਂ ਭੱਜਦੇ

ਹਨ, ਉਨ੍ਹਾਂ ਨੂੰ ਜਮਕਾਲ ਡਰਾਉਂਦਾ ਹੈ। ਅਤੇ ਜੋ ਪੁਰਖ ਅਮਲ ਕਰਦੇ ਹਨ, ਉਹ ਹਿਰਣਾਂ ਵਾਂਗ ਉਛਲ-ਉਛਲ ਕੇ ਨਾਗਿਨ ਵਰਗੀਆਂ (ਕਾਮੁਕ) ਇਸਤਰੀਆਂ ਨੂੰ ਰਿਝਾਉਂਦੇ ਹਨ। ਸੂਫੀ ਪੁਰਖ (ਇਨ੍ਹਾਂ ਇਸਤਰੀਆਂ ਕੋਲੋਂ) ਡਰ ਦਾ ਮਾਰਾ ਕੰਬਦਾ ਹੋਇਆ ਜ਼ਮੀਨ 'ਤੇ ਡਿੱਗ-ਡਿੱਗ ਜਾਂਦਾ ਹੈ। ਉਸ ਦਾ ਵੀਰਜ ਫੌਰਨ ਨਿਕਲ ਜਾਂਦਾ ਹੈ। ਉਨ੍ਹਾਂ ਨੇ ਸੰਭੋਗ ਸਵਾਹ ਕਰਨਾ ਹੈ, ਭਾਵ ਇਸਤਰੀਆਂ ਨੂੰ ਸਵਾਹ ਸੁਖ ਦੇਣਾ ਹੈ।

ਬੇੜ੍ਹਾ ਤਰ ਜਾਵੇ ਤੁਹਾਡਾ ਦਸਮ ਗ੍ਰੰਥੀਓ, ਜੋ ਇਸਨੂੰ ਦਸਮ ਬਾਣੀ ਕਹਿ ਕੇ ਗੁਰੂ ਨੂੰ ਬਦਨਾਮ ਕਰ ਰਹੇ ਹੋ।

ਸ਼ਾਹੂਕਾਰ ਦੀ ਪਤਨੀ ਉਸਨੂੰ ਬਹੁਤ ਤਾਨ੍ਹੇ ਦਿੰਦੀ ਅਤੇ ਨਸ਼ੇ ਕਰਨ ਲਈ ਪ੍ਰੇਰਿਤ ਕਰਦੀ ਹੈ। ਸ਼ਾਹੂਕਾਰ ਉਸਦੀ ਕੋਈ ਗੱਲ ਨਹੀਂ ਸੁਣਦਾ। ਫਿਰ ਉਸਦੀ ਪਤਨੀ ਇੱਕ ਚਰਿੱਤ੍ਰ ਰਚਦੀ ਹੈ। ਉਹ ਬੇਹੋਸ਼ ਹੋ ਕੇ ਜ਼ਮੀਨ 'ਤੇ ਡਿੱਗ ਪੈਂਦੀ ਹੈ। ਸ਼ਾਹੂਕਾਰ 'ਹਰਿ ਹਰਿ' ਕਹਿ ਕੇ ਉਸਨੂੰ ਉਠਾਉਂਦਾ ਹੈ ਤੇ ਪੁੱਛਦਾ ਹੈ, 'ਕੀ ਮੇਰੀ ਵਜ੍ਹਾ ਨਾਲ ਤੂੰ ਮੂਰਛਿੱਤ ਹੋ ਗਈ ਹੈਂ, ਮੈਂ ਇਸ ਲਈ ਕੀ ਕਰਾਂ ?' ਤਾਂ ਉਹ ਉਸਨੂੰ ਕਹਿੰਦੀ ਹੈ, 'ਰਾਜਾ ਸਮੇਤ ਸਾਰੇ ਪਿੰਡ ਨੂੰ ਬੁਲਾ ਕੇ ਉਨ੍ਹਾਂ ਨੂੰ ਭੋਜਨ ਕਰਾ।' ਸ਼ਾਹੂਕਾਰ ਰਾਜਾ ਨੂੰ ਬੁਲਾਉਂਦਾ ਹੈ ਅਤੇ ਗ਼ਰੀਬ-ਅਮੀਰ ਸਾਰਿਆਂ ਨੂੰ ਵੀ ਭੋਜਨ 'ਤੇ ਬੁਲਾਉਂਦਾ ਹੈ। ਸ਼ਾਹੂਕਾਰ ਦੀ ਪਤਨੀ ਸਾਰੇ ਭੋਜਨ ਵਿੱਚ ਬਹੁਤ ਸਾਰੀ ਭੰਗ ਮਿਲਾ ਦਿੰਦੀ ਹੈ। ਰਾਜਾ ਤਾਂ ਬਹੁਤ ਵੱਡਾ ਨਸ਼ੇਬਾਜ਼ ਹੁੰਦਾ ਹੈ, ਲੇਕਿਨ ਸ਼ਾਹੂਕਾਰ ਨੇ ਕਦੇ ਵੀ ਨਸ਼ਾ ਨਹੀਂ ਕੀਤਾ ਹੁੰਦਾ। ਸ਼ਾਹੂਕਾਰ ਬੇਹੋਸ਼ ਹੋ ਜਾਂਦਾ ਹੈ। ਰਾਜਾ ਤੇ ਸ਼ਾਹੂਕਾਰ ਦੀ ਪਤਨੀ, ਸ਼ਾਹੂਕਾਰ ਨੂੰ ਚੁੱਕ ਕੇ ਉਸਦੀ ਪਾਲਕੀ ਨਾਲ ਬੰਨ੍ਹ ਦਿੰਦੇ ਹਨ ਤੇ ਆਪ ਉਸੇ ਪਾਲਕੀ ਵਿੱਚ ਇੱਕ ਦੂਜੇ ਨਾਲ ਰੱਜ ਕੇ ਸੰਭੋਗ ਕਰਦੇ ਹਨ। ਸ਼ਾਹੂਕਾਰ ਦੀ ਪਤਨੀ ਆਪਣੀ ਸਾਰੀ ਸ਼ਰਮ ਗਵਾ ਕੇ ਸਾਰੀ ਰਾਤ ਰਾਜੇ ਨਾਲ ਭੋਗ ਕਰਦੀ ਹੈ। ਰਾਜਾ ਸ਼ਾਹੂਕਾਰ ਦੀ ਇਸਤਰੀ ਨੂੰ ਤਾਂ ਵਰਤਦਾ ਹੀ ਹੈ, ਨਾਲ ਹੀ ਉਸਦਾ ਸਾਰਾ ਧਨ ਚੁਰਾ ਕੇ ਆਪਣੇ ਨਾਲ ਲੈ ਜਾਂਦਾ ਹੈ।

ਜਦੋਂ ਸ਼ਾਹੂਕਾਰ ਨੂੰ ਹੋਸ਼ ਆਉਂਦਾ ਹੈ ਤਾਂ ਉਹ ਵੇਖਦਾ ਹੈ ਕਿ ਉਸਦਾ ਸਾਰਾ ਧਨ ਰਾਜਾ ਚੁਰਾ ਕੇ ਲੈ ਗਿਆ ਹੈ ਅਤੇ ਉਸਨੂੰ ਇਹ ਵੀ ਪਤਾ ਚਲ ਜਾਂਦਾ ਹੈ ਕਿ ਰਾਜੇ ਨੇ ਉਸ ਦੀ ਇਸਤਰੀ ਨਾਲ ਵੀ ਭੋਗ ਕੀਤਾ ਹੈ। ਉਹ ਸਭ ਕੁਝ ਜਾਣਦਿਆਂ ਹੋਇਆਂ ਵੀ ਸ਼ਰਮ ਨਾਲ ਆਪਣੀ ਜ਼ਬਾਨ ਨਹੀਂ ਖੋਲ੍ਹਦਾ। ਉਸਦਾ ਧਨ ਵੀ ਗਿਆ ਤੇ ਨਾਲ ਹੀ ਪਤਨੀ ਵੀ ਗਵਾ ਲਈ।

ਖ਼ਾਲਸਾ ਜੀ ! ਦਸਮ ਗ੍ਰੰਥੀਆਂ ਦਾ ਇਹ ਦਸਮ ਗੁਰੂ ਗ੍ਰੰਥ ਆਪਣੇ ਸਿੱਖਾਂ ਨੂੰ ਇਹ ਸਿੱਖਿਆ ਦੇ ਰਿਹਾ ਹੈ ਕਿ ਜੇ ਤੁਸੀਂ ਭੰਗ ਦਾ ਨਸ਼ਾ ਨਹੀਂ ਕਰਦੇ ਤਾਂ ਤੁਹਾਡਾ ਵੀ ਉਹੀ ਹਾਲ ਹੋਵੇਗਾ, ਜੋ ਸ਼ਾਹੂਕਾਰ ਦਾ ਹੋਇਆ ਸੀ।

# ਸਿੱਖੀ ਵਿੱਚ
# ਅਨਮਤੀ ਕਰਮ-ਕਾਂਡਾਂ ਅਤੇ
# ਕੁਰੀਤੀਆਂ
# ਦਾ ਜਨਮ-ਦਾਤਾ
# ਅਖੌਤੀ ਦਸਮ ਗ੍ਰੰਥ

# ਭਾਗ ਪਹਿਲਾ

ਅਸੀਂ ਮੰਦਰਾਂ ਵਿੱਚ ਵੀ ਅਕਸਰ ਸ਼ੰਖ ਅਤੇ ਘੰਟੀਆਂ ਵੱਜਦੀਆਂ ਵੇਖਦੇ ਹਾਂ। ਵੈਸੇ ਤਾਂ ਸ੍ਰੀ ਹਜ਼ੂਰ ਸਾਹਿਬ ਦੇ ਤਖ਼ਤ 'ਤੇ ਵੀ ਘੰਟੀਆਂ ਅਤੇ ਘੜਿਆਲ ਵਜਾ ਕੇ ਉਸਨੂੰ ਇੱਕ ਮੰਦਰ ਦਾ ਰੂਪ ਦੇ ਦਿੱਤਾ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਸ਼ੰਖ ਤੇ ਘੰਟੀਆਂ ਆਦਿਕ ਵਜਾਉਣਾ ਮਨਮਤ ਹੈ।

ਸ਼ੰਖ ਦੇ ਵੱਜਣ 'ਤੇ, ਇਸ ਵਿੱਚੋਂ ਨਿਕਲੀ ਆਵਾਜ਼ ਨੂੰ ਇਹ ਲੋਕ 'ਸ਼ੰਖ ਨਾਦ' ਕਹਿੰਦੇ ਹਨ। ਇਨ੍ਹਾਂ ਦੇ ਮਤ ਅਨੁਸਾਰ ਕਿਸੇ ਦੇਵਤੇ ਨੂੰ ਆਪਣੇ ਵੱਲ ਆਕਰਸ਼ਿਤ ਕਰਨ ਜਾਂ ਉਸਨੂੰ ਜਗਾਉਣ ਲਈ ਸ਼ੰਖ ਵਜਾਇਆ ਜਾਂਦਾ ਹੈ। ਨਾਲ ਹੀ ਇਸ 'ਸ਼ੰਖ ਨਾਦ' ਨੂੰ ਕਿਸੇ ਯੁੱਧ ਦਾ ਆਗਾਜ਼ ਜਾਂ ਜਿੱਤ ਸਮਝਿਆ ਜਾਂਦਾ ਹੈ। ਇਸ ਸ਼ੰਖ ਦਾ ਸਿੱਖੀ ਦੀ ਧਾਰਮਿਕ ਆਸਥਾ ਨਾਲ ਕਿਤੇ ਵੀ ਕੋਈ ਸਬੰਧ ਨਾ ਹੈ ਤੇ ਨਾ ਹੀ ਕਦੇ ਰਿਹਾ ਹੈ। ਹਾਂ, ਦਸਮ ਗ੍ਰੰਥ ਨਾਂ ਦੀ ਇਸ ਕਿਤਾਬ ਵਿੱਚ ਇਸਦਾ ਜ਼ਿਕਰ ਬਹੁਤ ਥਾਵਾਂ 'ਤੇ ਮਿਲਦਾ ਹੈ। ਇੱਕ ਪੂਰਾ ਸ਼ਬਦ ਹੀ ਅਖੌਤੀ ਦਸਮ ਬਾਣੀ ਦੇ ਨਾਂ 'ਤੇ ਸਾਡੀ ਰੋਜ਼ਾਨਾ ਪੜ੍ਹੀ ਜਾਣ ਵਾਲੀ 'ਆਰਤੀ' ਵਿੱਚ ਜੋੜ ਦਿੱਤਾ ਗਿਆ ਹੈ। ਸਾਡੀ ਆਰਤੀ ਵਿੱਚ ਇਹ ਸ਼ੰਖ ਵਜਾਉਣ ਵਾਲਾ ਸ਼ਬਦ ਪੜ੍ਹਿਆ ਜਾਂਦਾ ਹੈ।

ਸਾਡੇ ਲੋਕਾਂ ਦੀ ਅਨਗਹਿਲੀ ਅਤੇ ਸੁੱਤੀ ਹੋਈ ਚੇਤਨਾ ਨੇ ਪੰਥ ਵਿਰੋਧੀਆਂ ਦੀ ਇਸ ਸਾਜਸ਼ ਨੂੰ ਵੀ ਸਹਿਜੇ ਹੀ ਸਵੀਕਾਰ ਕਰ ਲਿਆ ਹੈ। ਇਸਦਾ ਕਿਸੇ ਨੂੰ ਕੋਈ ਪਤਾ ਨਹੀਂ ਕਿ ਆਰਤੀ ਵਿੱਚ ਇਨ੍ਹਾਂ ਤੁਕਾਂ ਨੂੰ ਕਦੋਂ ਅਤੇ ਕਿਸਨੇ ਜੋੜਿਆ ? ਸ੍ਰੀ ਹਜ਼ੂਰ ਸਾਹਿਬ ਤੇ ਪਟਨਾ ਸਾਹਿਬ ਦੇ ਦੋ ਤਖ਼ਤਾਂ 'ਤੇ (ਜੋ ਬ੍ਰਾਹਮਣਵਾਦੀ ਤਾਕਤਾਂ ਦੇ ਹੱਥ ਵਿੱਚ ਹਨ) ਅੱਜ ਵੀ ਇਹ ਸ਼ਬਦ ਆਰਤੀ ਵਿੱਚ ਪੜ੍ਹਿਆ ਜਾ ਰਿਹਾ ਹੈ।

ਸੰਖਨ ਕੀ ਧੁਨ ਘੰਟਨ ਕੀ
ਕਰਿ ਫੂਲਨ ਕੀ ਬਰਖਾ ਬਰਖਾਵੈ।।
ਆਰਤੀ ਕੋਟਿ ਕਰੈ ਸੁਰ ਸੁੰਦਰ

ਪੇਖ ਪੁਰੰਦਰ ਕੇ ਬਲਿ ਜਾਵੈ॥
ਦਾਨਤਿ ਦੱਛਨ ਦੈ ਕੈ ਪ੍ਰਦੱਛਨ
ਭਾਲ ਮੈ ਕੁੰਕਮ ਅੱਛਤ ਲਾਵੈ॥
ਹੋਤ ਕੁਲਾਹਲ ਦੇਵ ਪੁਰੀ
ਮਿਲਿ ਦੇਵਨ ਕੇ ਕੁਲਿ ਮੰਗਲ ਗਾਵੈ॥

(ਅਖੌਤੀ ਦਸਮ ਗ੍ਰੰਥ, ਪੰਨਾ 189)

ਅਰਥ : ਪੁਰੰਦਰ - ਇੰਦਰ ਦੇਵਤਾ; ਦੇਵ ਪੁਰੀ - ਇੰਦਰ ਦਾ ਰਾਜ; ਦੇਵਨਿ ਕੇ ਕੁਲ - ਦੇਵਤਿਆਂ ਦੇ ਪਰਿਵਾਰ; ਸੰਖਨ - ਸ਼ੰਖ, ਘੁੱਗੂ; ਘੰਟਨ - ਟੱਲ, ਘੰਟੀਆਂ; ਕੁਲਾਹਲ - ਸ਼ੋਰ, ਰੌਲਾ।

ਇਥੋਂ ਤਕ ਕਿ ਇਸ ਅਖੌਤੀ ਦਸਮ ਬਾਣੀ ਨੂੰ ਢੋਲ ਵਜਾ-ਵਜਾ ਕੇ ਪੜ੍ਹਾਇਆ ਜਾਂਦਾ ਹੈ, ਲੇਕਿਨ ਇਸ ਤੋਂ ਅਗਲੀਆਂ ਅਤੇ ਪਿਛਲੀਆਂ ਪਉੜੀਆਂ ਨੂੰ, ਇਹ ਦਸਮ ਗ੍ਰੰਥੀਏ ਆਰਤੀ ਵਿੱਚ ਨਹੀਂ ਪੜ੍ਹਦੇ। ਐਸਾ ਇਸ ਲਈ ਕੀਤਾ ਜਾਂਦਾ ਹੈ ਕਿਉਂਕਿ ਇਸ ਤੋਂ ਪਹਿਲਾਂ ਤੇ ਪਿਛਲੀਆਂ ਲਾਈਨਾਂ ਨੂੰ ਜੇ ਸਿੱਖ ਪੜ੍ਹਣਗੇ ਤਾਂ ਸਾਰਾ ਭੇਦ ਖੁਲ੍ਹ ਜਾਵੇਗਾ। ਇਸ (ਅਪ) ਸ਼ਬਦ ਨੂੰ ਪੜ੍ਹ ਕੇ ਸਿੱਖਾਂ ਨੂੰ ਅਖੌਤੀ ਦਸਮ ਬਾਣੀ ਦਾ ਧੋਖਾ ਦਿੱਤਾ ਜਾ ਰਿਹਾ ਹੈ, ਅਤੇ ਇਹ ਦਰਸਾਇਆ ਜਾ ਰਿਹਾ ਹੈ ਕਿ ਇਹ ਤੁਕਾਂ 'ਅਕਾਲ ਪੁਰਖ' ਲਈ ਪੜ੍ਹੀਆਂ ਜਾ ਰਹੀਆਂ ਹਨ।

ਇਸ ਤੋਂ ਅਗਲੀਆਂ ਅਤਤੇ ਪਿਛਲੀਆਂ ਪਉੜੀਆਂ ਪੜ੍ਹ ਕੇ ਪਤਾ ਚਲ ਜਾਂਦਾ ਹੈ ਕਿ ਇਹ ਅਰਾਤੀ ਅਕਾਲ ਪੁਰਖ ਦੀ ਨਹੀਂ ਬਲਕਿ ਸਾਰੇ ਦੇਵਤੇ ਯੁੱਧ ਜਿੱਤ ਕੇ ਇੰਦਰ ਦੇਵਤੇ ਦਾ ਰਾਜ ਵਾਪਸ ਮਿਲਣ ਲਈ ਕਰ ਰਹੇ ਹਨ। ਇਸੇ ਲਈ ਇਸ ਤੋਂ ਪਹਿਲੇ ਦੀਆਂ ਅਤੇ ਅੱਗੇ ਦੀਆਂ ਪਉੜੀਆਂ ਨੂੰ ਇਨ੍ਹਾਂ ਮਸੰਦਾਂ ਨੇ ਸਿੱਖਾਂ ਤੋਂ ਛਿਪਾ ਕੇ ਰੱਖ ਲਿਆ ਹੈ।

ਅਕਸਰ ਕੁਝ ਦਸਮ ਗ੍ਰੰਥੀਏ ਇਹ ਕਹਿੰਦੇ ਹਨ ਕਿ ਤੁਹਾਨੂੰ ਪਿਛਲੇ ਕੁਝ ਸਾਲਾਂ ਤੋਂ ਹੀ ਦਸਮ ਗ੍ਰੰਥ ਦਾ ਵਿਰੋਧ ਕਰਨਾ ਕਿਉਂ ਯਾਦ ਆ ਗਿਆ ? ਮੈਂ ਇਸ ਸਵਾਲ ਦੇ ਜਵਾਬ ਵਿੱਚ ਇਨ੍ਹਾਂ ਦਸਮ ਗ੍ਰੰਥੀਆਂ ਅਤੇ ਆਪਣੇ ਧਾਰਮਿਕ ਆਗੂਆਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜੇ ਇਹ ਚੌਪਈ (ਉਨ੍ਹਾਂ ਅਨੁਸਾਰ) ਦਸਮ ਬਾਣੀ ਹੈ ਤਾਂ ਦਸਮ ਬਾਣੀ ਨੂੰ ਬਦਲਣ ਅਤੇ ਉਸ ਵਿੱਚ

ਛੇੜ-ਛਾੜ ਕਰਨ ਦਾ ਹੱਕ ਉਨ੍ਹਾਂ ਨੂੰ ਕਿਸ ਨੇ ਦਿੱਤਾ ? ਗੁਰੂ ਬਾਣੀ ਵਿੱਚ ਤਾਂ ਇੱਕ ਅੱਖਰ ਦੀ ਛੇੜਛਾੜ ਕਰਨ ਵਾਲਾ ਵੀ ਗੁਰੂ ਘਰ ਦਾ ਦੋਖੀ ਮੰਨਿਆ ਜਾਂਦਾ ਹੈ। ਚਲੋ, ਅਖੌਤੀ ਦਸਮ ਗ੍ਰੰਥ ਦਾ ਵਿਰੋਧ ਕਰਨ ਵਾਲਿਆਂ ਨੂੰ ਤਾਂ ਕੁਝ ਸਾਲਾਂ ਤੋਂ ਹੋਸ਼ ਆ ਗਈ ਹੈ (ਇਨ੍ਹਾਂ ਮੁਤਾਬਕ, ਜਦਕਿ ਇਹ ਕਈ ਦਹਾਕਿਆਂ ਪੁਰਾਣੀ ਜਾਗਰੂਕਤਾ ਹੈ), ਚੌਪਈ ਨੂੰ 'ਦਸਮ ਬਾਣੀ' ਕਹਿਣ ਵਾਲੇ ਤਾਂ ਹਾਲੇ ਵੀ ਸੁੱਤੇ ਪਏ ਹਨ। ਉਨ੍ਹਾਂ ਦੇ ਗੁਰੂ ਦੀ ਬਾਣੀ ਨੂੰ ਹੀ ਵਿਕ੍ਰਿਤ ਕਰਕੇ ਰੱਖ ਦਿੱਤਾ ਗਿਆ ਹੈ ਅਤੇ ਉਹ, ਉਸਦੇ ਵਿਕ੍ਰਿਤ (ਵਿਗੜੇ) ਪਾਠ ਨੂੰ ਹੀ ਨਿਤਨੇਮ ਦੇ ਗੁਟਕਿਆਂ ਵਿੱਚੋਂ ਪੜ੍ਹੀ ਜਾ ਰਹੇ ਹਨ। ਕੀ ਉਨ੍ਹਾਂ ਦਾ ਕੋਈ ਫ਼ਰਜ਼ ਨਹੀਂ ਕਿ ਉਹ ਨਿਤਨੇਮ ਦੇ ਗਲਤ ਗੁਟਕੇ ਛਾਪਣ ਵਾਲਿਆਂ ਦੇ ਵਿਰੁੱਧ ਆਵਾਜ਼ ਚੁੱਕਣ ?

ਵਿਸ਼ੇ ਤੋਂ ਨਾ ਭਟਕਦੇ ਹੋਏ, ਆਰਤੀ ਵਿੱਚ ਪੜ੍ਹੇ ਜਾਣ ਵਾਲੇ ਉਕਤ (ਅਪ) ਸ਼ਬਦ ਬਾਰੇ ਸੰਖੇਪ ਵਿੱਚ ਗੱਲ ਕਰ ਲੈਂਦੇ ਹਾਂ, ਕਿਉਂਕਿ ਪਿਛਲੇ ਭਾਗਾਂ ਵਿੱਚ ਇਸ ਦਾ ਜ਼ਿਕਰ ਕੀਤਾ ਜਾ ਚੁਕਾ ਹੈ। ਆਰਤੀ ਵਿੱਚ ਇਨ੍ਹਾਂ ਤੁਕਾਂ ਨੂੰ ਪੜ੍ਹਣ ਵਾਲੇ ਸਿੱਖਾਂ ਨੂੰ ਇਹ ਪਤਾ ਚਲ ਜਾਵੇ ਕਿ ਉਹ ਅਕਾਲ ਪੁਰਖ ਦੀ ਆਰਤੀ ਨਹੀਂ ਬਲਕਿ 'ਇੰਦਰ ਦੇਵਤੇ' ਦੀ ਆਰਤੀ ਕਰ ਰਹੇ ਹਨ। ਇਸ ਲਈ ਇਨ੍ਹਾਂ ਤੁਕਾਂ ਤੋਂ ਪਹਿਲਾਂ ਅਤੇ ਬਾਦ ਦੀਆਂ ਕੁਝ ਪਉੜੀਆਂ ਨੂੰ ਪੜ੍ਹਦਿਆਂ ਹੀ ਸਮਝ ਆ ਜਾਂਦੀ ਹੈ ਕਿ ਦੇਵਤੇ ਇਸਨੂੰ ਦੇਵੀ ਦੁਰਗਾ ਦੀ ਉਸਤਤਿ ਵਿੱਚ ਗਾਇਨ ਕਰ ਰਹੇ ਹਨ।

ਸਭ ਸੂਰ ਸੰਘਾਰ ਦਏ
ਤਿਹ ਖੇਤ ਮਹਾਂ ਬਰ ਬੰਡ ਪਰਾਕ੍ਰਮ ਕੈ॥
ਤਹ ਸ੍ਰੋਉਨਤ ਸਿੰਧ ਭਇਓ ਧਰਨੀ
ਪਰਿ ਪੁੰਜ ਗਿਰੇ ਅਸਿ ਕੈ ਧਮ ਕੈ॥
ਜਗਮਾਤ ਪ੍ਰਤਾਪ ਹਨੇ ਸੁਰ ਤਾਪ
ਸੁ ਦਾਨਵ ਸੈਨ ਗਈ ਜਮ ਕੈ॥

(ਅਖੌਤੀ ਦਸਮ ਗ੍ਰੰਥ, ਪੰਨਾ 188)

ਅਨੁਵਾਦ : ਸਾਰੇ ਦਾਨਵਾਂ ਨੂੰ ਉਨ੍ਹਾਂ ਦੀਆਂ ਸ਼ਕਤੀਆਂ ਸਮੇਤ ਉਸ ਚੰਡੀ (ਦੁਰਗਾ) ਨੇ ਮਾਰ ਕੇ ਆਪਣਾ ਪਰਾਕ੍ਰਮ ਫੈਲਾ ਦਿੱਤਾ। ਐਨਾ ਖ਼ੂਨ

ਧਰਤੀ 'ਤੇ ਫੈਲ ਗਿਆ ਕਿ ਖ਼ੂਨ ਦਾ ਇੱਕ ਸਮੁੰਦਰ ਹੀ ਉਮੜ ਪਿਆ। ਪੂਰੇ ਜਗਤ ਦੀ ਮਾਤਾ (ਜਗਮਾਤਾ, ਅਕਾਲ ਪੁਰਖ ਨਹੀਂ) ਨੇ ਆਪਣੀ ਤਾਕਤ ਨਾਲ ਦੇਵਤਿਆਂ ਦੇ ਦੁਖਾਂ ਨੂੰ ਸ਼ਾਂਤ ਕੀਤਾ ਅਤੇ ਦਾਨਵਾਂ ਨੂੰ ਜੰਮ ਦੇ ਹਵਾਲੇ ਕਰ ਦਿੱਤਾ। ਸੁਰਪਤੀ (ਦੇਵਤਿਆਂ ਦਾ ਰਾਜਾ ਇੰਦਰ) ਦਾ ਕਾਜ ਪੂਰਾ ਕਰਕੇ ਚੰਡਿਕਾ (ਦੁਰਗਾ) ਅਲੋਪ ਹੋ ਗਈ। ਹਾਥੀਆਂ ਦੇ ਝੁੰਡ 'ਤੇ ਬੈਠੀ ਦੁਰਗਾ ਦਾ ਪ੍ਰਤਾਪ ਇੱਕ ਬਿਜਲੀ ਵਾਂਗ ਦਮਕ ਰਿਹਾ ਸੀ।

ਸ੍ਵੈਯਾ।।

ਲੋਪ ਚੰਡਕਾ ਹੋਇ ਗਈ ਸੁਰਪਤਿ ਕਉ ਦੇ ਰਾਜ।।
ਦਾਨਵ ਮਾਰੇ ਅਭੇਖ ਕਰਿ ਕੀਨੇ ਸੰਤਨ ਕਾਜ।। ੫੩।।
ਝਾਲਰ ਤਾਲ ਮ੍ਰਿਦੰਗ ਉਪੰਗ
ਰਬਾਬ ਲੀਏ ਸੁਰ ਸਾਜ ਮਿਲਾਵੈ।।....
ਆਰਤੀ ਕੋਟਿ ਕਰੈ ਸੁਰ ਸੁੰਦਰ
ਪੇਖ ਪੁਰੰਦਰ ਕੇ ਬਲਿ ਜਾਵੈ।।

(ਅਖੌਤੀ ਦਸਮ ਗ੍ਰੰਥ, ਪੰਨਾ 189)

ਅਨੁਵਾਦ : ਚੰਡਕਾ - ਚੰਡੀ, ਦੁਰਗਾ; ਸੁਰਪਤਿ - ਦੇਵਤਿਆਂ ਦਾ ਮੁਖੀ, ਇੰਦਰ ਦੇਵਤਾ; ਪੁਰੰਦਰ - ਇੰਦਰ ਦੇਵਤਾ।

ਦੁਰਗਾ ਨੇ ਯੁੱਧ ਜਿੱਤ ਕੇ ਇੰਦਰ ਦੇਵਤੇ ਦਾ ਰਾਜ ਵਾਪਸ ਦਿਵਾਇਆ ਅਤੇ ਆਪ ਅਲੋਪ ਹੋ ਗਈ। ਦੁਰਗਾ ਨੇ ਕਈ ਦਾਨਵਾਂ ਨੂੰ ਮਾਰ ਕੇ ਦੇਵਤਿਆਂ ਦੀ ਭਲਾਈ ਕੀਤੀ। ਇੰਦਰ ਦੇਵਤੇ ਦਾ ਰਾਜ ਮੁੜ ਵਾਪਸ ਮਿਲ ਜਾਣ 'ਤੇ ਵੱਡੇ-ਵੱਡੇ ਮੁਨੀ ਅਤੇ ਦੇਵਤੇ ਬਹੁਤ ਖ਼ੁਸ਼ ਹੋ ਗਏ। ਉਹ ਸਾਰੇ ਦੇਵਤੇ ਯੱਗ ਕਰਕੇ, ਵੇਦਾਂ ਦਾ ਪਾਠ ਕਰ ਰਹੇ ਸਨ। ਉਹ ਢੋਲਕੀ, ਮਰਦੰਗ ਅਤੇ ਰਬਾਬ ਆਦਿਕ ਸਾਜ ਵਜਾ ਕੇ ਇੱਕ ਸੁਰ ਨਾਲ ਇਹ ਆਰਤੀ ਉਤਾਰ ਰਹੇ ਸਨ। ਕਰੋੜਾਂ ਦੇਵਤੇ ਇਹ ਆਰਤੀ ਕਰ ਰਹੇ ਸਨ ਅਤੇ (ਪੁਰੰਦਰ) ਇੰਦਰ ਦੇਵਤੇ ਦੇ ਸੋਹਣੇ ਰੂਪ ਨੂੰ ਵੇਖ ਕੇ ਬਹੁਤ ਹੀ ਖ਼ੁਸ਼ ਹੋ ਰਹੇ ਸਨ।

ਵੀਰੋ ! ਹੁਣ ਵੀ ਜੇ ਤੁਸੀਂ ਆਰਤੀ ਵਿੱਚ ਇਸ ਅਖੌਤੀ ਦਸਮ ਗ੍ਰੰਥ ਬਾਣੀ ਨੂੰ ਪੜ੍ਹੀ ਜਾਣਾ ਹੈ ਤਾਂ ਬੇਸ਼ਕ ਪੜ੍ਹੀ ਜਾਵੋ, ਲੇਕਿਨ ਇੱਕ ਗੱਲ ਯਾਦ ਰਖਿਓ ਕਿ ਇਸ ਤੋਂ ਪਹਿਲਾਂ ਗੁਰੂ ਗ੍ਰੰਥ ਸਾਹਿਬ ਜੀ ਨਾਲੋਂ ਆਪਣਾ ਨਾਤਾ ਜ਼ਰੂਰ ਤੋੜ ਲੈਣਾ। ਕਿਉਂਕਿ ਦੋ ਬੇੜੀਆਂ ਵਿੱਚ ਪੈਰ ਨਹੀਂ ਰਖਿਆ ਜਾ ਸਕਦਾ।

ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਇਨ੍ਹਾਂ ਦੇਵੀ-ਦੇਵਤਿਆਂ ਦਾ ਖੰਡਨ ਕਰਦੀ ਹੈ। ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਹੀ ਉਹ ਬੋਹਿਥ ਹੈ ਜੋ ਸਾਨੂੰ ਇੱਕ 'ਕਰਤਾਰ' ਤਕ ਲੈ ਕੇ ਜਾਂਦੀ ਹੈ। ਦੂਜੇ ਪਾਸੇ ਇਹ 'ਕਿਤਾਬ' ਦੇਵੀ ਦੀ ਉਸਤਤਿ ਨਾਲ ਭਰੀ ਪਈ ਹੈ ਅਤੇ ਇਹ ਸਾਨੂੰ ਉਸਦਾ ਉਪਾਸ਼ਕ ਬਣਾ ਰਹੀ ਹੈ।

# ਭਾਗ ਦੂਜਾ

## ਸਿੱਖਾਂ ਨੂੰ ਭਾਂਗ, ਅਫ਼ੀਮ ਅਤੇ ਸ਼ਰਾਬ ਪੀਣ ਦੀ ਬੀਮਾਰੀ ਵੀ ਇਸ ਕਿਤਾਬ ਦੀ ਦੇਣ ਹੈ।

ਇਥੇ ਅਸੀਂ ਉਨ੍ਹਾਂ ਬੁਰੀਆਂ ਆਦਤਾਂ, ਪਾਖੰਡਾਂ ਅਤੇ ਗੁਰਮਤਿ ਦੇ ਉਲਟ, ਸਿੱਖੀ ਸਿਧਾਂਤਾਂ ਦਾ ਘਾਣ ਕਰਨ ਵਾਲੀਆਂ ਤੇ ਸਿੱਖ ਨੂੰ ਚਰਿੱਤਰ-ਹੀਣ ਬਣਾ ਦੇਣ ਵਾਲੀਆਂ ਉਨ੍ਹਾਂ ਕੁਰੀਤੀਆਂ ਬਾਰੇ ਚਰਚਾ ਕਰ ਰਹੇ ਹਾਂ ਜੋ ਸਿੱਖਾਂ ਨੂੰ ਅਖੌਤੀ ਦਸਮ ਗ੍ਰੰਥ ਤੋਂ ਪ੍ਰਾਪਤ ਹੋ ਰਹੀਆਂ ਹਨ।

ਇੱਕ ਪਾਸੇ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਆਪਣੇ ਸਿੱਖਾਂ ਨੂੰ ਆਪਣਾ ਜੀਵਨ ਉੱਚਾ-ਸੁੱਚਾ ਬਨਾਉਣ ਦੀ ਸਿੱਖਿਆ ਦੇ ਰਹੇ ਹਨ, ਪਰ ਦੂਜੇ ਪਾਸੇ ਸਿੱਖਾਂ ਦੇ ਮੱਥੇ 'ਤੇ ਮੜ੍ਹ ਦਿੱਤਾ ਗਿਆ ਇਹ ਗ੍ਰੰਥ ਸਿੱਖਾਂ ਨੂੰ ਪਤਿਤ, ਨਸ਼ੇਬਾਜ਼, ਚਰਿੱਤ੍ਰਹੀਣ, ਸ਼ਰਾਬੀ ਅਤੇ ਅਮਲੀ ਬਣਾ ਕੇ ਉਸਦਾ ਜੀਵਨ ਬਰਬਾਦ ਕਰਨ ਦੇ ਰਾਹ 'ਤੇ ਪਾ ਰਿਹਾ ਹੈ। ਅਸੀਂ ਪਿਛਲੇ ਭਾਗਾਂ ਵਿੱਚ ਵੇਖਿਆ ਕਿ ਕਿਸ ਤਰ੍ਹਾਂ ਇਸ ਕਿਤਾਬ ਦੀਆਂ ਰਚਨਾਵਾਂ ਨੇ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਬਾਣੀ ਵਿੱਚ ਘੁਸਪੈਠ ਕੀਤੀ ? ਕਿਸ ਤਰ੍ਹਾਂ ਰੋਜ਼ਾਨਾ ਪੜ੍ਹੀ ਜਾਣ ਵਾਲੀ 'ਆਰਤੀ' ਤੇ 'ਸੋ ਦਰੁ' ਦੀ ਬਾਣੀ ਵਿੱਚ ਦੇਵੀ ਦੀ ਉਸਤਤਿ ਨੂੰ ਜੋੜ ਦਿੱਤਾ ਗਿਆ ? ਇਸ ਸਭ ਦਾ ਜ਼ਿਕਰ ਪਹਿਲਾਂ ਕੀਤਾ ਜਾ ਚੁੱਕਾ ਹੈ।

ਇੱਥੇ ਇੱਕ ਹੋਰ ਬੱਜਰ ਕੁਰਹਿਤ ਦਾ ਜ਼ਿਕਰ ਕਰਾਂਗੇ ਜੋ ਸਿੱਖਾਂ ਨੂੰ ਇਸ ਕਾਲੀ ਕਿਤਾਬ ਵਿੱਚੋਂ ਬਹੁਤ ਹੀ ਭਿਆਨਕ ਅਤੇ ਇੱਕ ਛੂਤ ਦੀ ਬੀਮਾਰੀ ਵਾਂਗ ਪ੍ਰਾਪਤ ਹੋ ਰਹੀ ਹੈ। ਉਹ ਹੈ ਭੰਗ, ਅਫ਼ੀਮ ਅਤੇ ਸ਼ਰਾਬ ਆਦਿਕ ਨਸ਼ਿਆਂ ਦੀ ਵਰਤੋਂ ਕਰਨਾ।

ਗੁਰੂ ਗ੍ਰੰਥ ਸਾਹਿਬ ਜੀ ਦੀ ਰੱਬੀ ਬਾਣੀ ਆਪਣੇ ਸਿੱਖਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਅਤੇ ਇਸਦੀ ਵਰਤੋਂ ਨਾ ਕਰਨ ਲਈ ਥਾਂ-ਥਾਂ 'ਤੇ ਸੁਚੇਤ ਕਰਦੀ ਹੈ:

ਕਬੀਰ ਭਾਂਗ ਮਾਛੁਲੀ ਸੁਰਾ ਪਾਨਿ ਜੋ ਜੋ ਪ੍ਰਾਨੀ ਖਾਂਹਿ ।।

ਤੀਰਥ ਬਰਤ ਨੇਮ ਕੀਏ ਤੇ ਸਭੈ ਰਸਾਤਲਿ ਜਾਂਹਿ।।

(ਗੁਰੂ ਗ੍ਰੰਥ ਸਾਹਿਬ, ਅੰਕ 1377)

ਕਾਹੂ ਬਿਹਾਵੈ ਖੇਲਤ ਜੂਆ।।

ਕਾਹੂ ਬਿਹਾਵੈ ਅਮਲੀ ਹੂਆ।।

(ਗੁਰੂ ਗ੍ਰੰਥ ਸਾਹਿਬ, ਅੰਕ 914)

ਮਾਇਆ ਮੋਹੁ ਸਭੁ ਦੁਖੁ ਹੈ ਖੋਟਾ ਇਹੁ ਵਾਪਾਰਾ ਰਾਮ।।

ਕੂੜੁ ਬੋਲਿ ਬਿਖੁ ਖਾਵਣੀ ਬਹੁ ਵਧਹਿ ਵਿਕਾਰਾ ਰਾਮ।।

(ਗੁਰੂ ਗ੍ਰੰਥ ਸਾਹਿਬ, ਅੰਕ 570)

ਦੂਜੇ ਪਾਸੇ ਇਸ 'ਕੂੜ ਗ੍ਰੰਥ' ਨੇ ਤਾਂ ਸਿੱਖਾਂ ਨੂੰ ਨਸ਼ੇਬਾਜ਼ ਬਨਾਉਣ ਲਈ ਕੋਈ ਕਸਰ ਛੱਡੀ ਹੀ ਨਹੀਂ। ਭੰਗ ਅਤੇ ਅਫ਼ੀਮ, ਇਸ 'ਕਿਤਾਬ' ਦਾ ਖ਼ਾਸ ਮਨਪਸੰਦ ਨਸ਼ਾ ਹੈ। ਇਸਦੇ ਕਈ ਕਾਰਣ ਹਨ ਜਿਨ੍ਹਾਂ ਦਾ ਜ਼ਿਕਰ ਇਸ ਲੇਖ ਵਿੱਚ ਅੱਗੇ ਕੀਤਾ ਜਾਵੇਗਾ। ਇਹ 'ਕੂੜ ਕਿਤਾਬ' ਭੰਗ ਅਤੇ ਅਫ਼ੀਮ ਦਾ 'ਕੰਬੀਨੇਸ਼ਨ' (ਜੋੜ) ਕਰਕੇ ਹੀ ਆਪਣੇ ਸਿੱਖ ਨੂੰ ਨਸ਼ਾ ਕਰਾਉਂਦਾ ਹੈ ਅਤੇ ਐਸਾ ਕਰਨ ਲਈ ਪ੍ਰੇਰਿਤ ਵੀ ਕਰਦਾ ਹੈ। ਕਦੇ-ਕਦੇ ਤਾਂ ਦਸਮ ਗ੍ਰੰਥੀਆਂ ਦਾ ਇਹ ਗੁਰੂ ਭੰਗ, ਅਫ਼ੀਮ ਤੇ ਸ਼ਰਾਬ - ਇਨ੍ਹਾਂ ਤਿੰਨਾ ਚੀਜ਼ਾਂ ਦੀ 'ਕਾਕਟੇਲ' ਇੱਕ ਵਾਰ ਵਿੱਚ ਹੀ ਸੇਵਨ ਕਰਾ ਦਿੰਦਾ ਹੈ। ਜੇ ਅਸਲ ਜੀਵਨ ਵਿੱਚ ਕਿਸੇ ਵਿਅਕਤੀ ਨੂੰ ਇਹ ਤਿੰਨੇ ਚੀਜ਼ਾਂ ਇਕੋ ਵਾਰ ਸੇਵਨ ਕਰਵਾ ਦਿੱਤੀਆਂ ਜਾਣ ਤਾਂ ਉਹ ਵਿਅਕਤੀ ਜੀਵਿਤ ਹੀ ਨਹੀਂ ਰਹਿ ਸਕਦਾ। ਦਸਮ ਗ੍ਰੰਥੀਆਂ ਦੀ ਇਹ ਅਖੌਤੀ ਬਾਣੀ ਤਾਂ ਉਹ ਕੰਮ ਕਰਦੀ ਤੇ ਕਰਾਉਂਦੀ ਪਈ ਹੈ ਜਿਸਦੀ ਮਿਸਾਲ ਪੂਰੀ ਦੁਨੀਆ ਵਿੱਚ ਕਿਤੇ ਹੋਰ ਨਹੀਂ ਮਿਲਦੀ। ਇਨ੍ਹਾਂ ਦਾ ਦਸਮ ਗੁਰੂ ਗ੍ਰੰਥ, ਇਨ੍ਹਾਂ ਨਸ਼ਿਆਂ ਦਾ ਸੇਵਨ ਉਸ ਵੇਲੇ ਜ਼ਿਆਦਾ ਕਰਦਾ ਹੈ ਜਦੋਂ 'ਕਾਮ ਕਬੱਡੀ' ਸ਼ੁਰੂ ਹੁੰਦੀ ਹੈ। ਇਸੇ ਲਈ 'ਚਰਿਤ੍ਰੋ ਪਾਖਿਯਾਨ' ਦੇ ਕਈ ਚਰਿੱਤਰਾਂ ਵਿੱਚ 'ਕਾਮ ਕਬੱਡੀ' ਵਾਲੀਆਂ ਕਹਾਣੀਆਂ ਇਨ੍ਹਾਂ ਨਸ਼ਿਆਂ ਨੂੰ ਲਏ ਬਗ਼ੈਰ ਸ਼ੁਰੂ ਹੀ ਨਹੀਂ ਹੁੰਦੀਆਂ।

* ਉਠਿ ਕਰਿ ਕੁਅਰਿ ਅਲਿੰਗਨ ਕਿਯੋ।।
ਭਾਤਿ ਭਾਤਿ ਚੁੰਬਨ ਤਿਹ ਲਿਯੋ।।
ਕਾਮ ਕੇਲ ਰੁਚਿ ਮਾਨ ਕਮਾਯੋ।।
ਭਾਂਗਿ ਅਫੀਮ ਸਰਾਬ ਚੜਾਯੋ।। ੮।।

* ਆਇ ਨਾਰਦ ਇਮ ਸਿਵਹਿ ਜਤਾਈ।।
ਕਹਾਂ ਬੈਠਿਹੋ ਭਾਂਗ ਚੜਾਈ।।

* ਮਿਲਿ ਟਾਂਕ ਅਫੀਮਨ ਭਾਂਗ ਚੜਾਇ
ਸੁ ਅਉ ਮਦਰਾ ਸੁਖ ਮਾਨ ਪੀਯੋ।।

* ਪੋਸਤ ਭਾਂਗ ਅਫੀਮ ਬਹੁ ਗਹਿਰੀ ਭਾਂਗ ਘੁਟਾਇ।।
ਤੁਰਤ ਤਰਨਿ ਲਜਾਵਤ ਭਈ ਮਦ ਸਤ ਬਾਰ ਚੁਆਇ।। ੪੧
(ਲਜਾਵਤ - ਸ਼ਰਮਾਂਦੀ, ਮਦ - ਕਾਮਾਤੁਰ, ਚੁਆਇ -
ਸੰਖਲਿਤ)

* ਖਾਇ ਬੰਧੇਜਨ ਕੀ ਬਰਿਯੈ ਨ੍ਰਿਪ
ਭਾਂਗ ਚਬਾਇ ਅਫੀਮ ਚੜਾਈ।।
ਪੀਤ ਸਰਾਬ ਬਿਰਾਜਤ ਸੁੰਦਰ
ਕਾਮ ਕੀ ਰੀਤਿ ਸੌ ਪ੍ਰੀਤ ਮਚਾਈ।।
ਆਸਨ ਔਰ ਅਲਿੰਗਨ ਚੁੰਬਨ
ਭਾਤਿ ਅਨੇਕ ਲੀਏ ਸੁਖਦਾਈ।।
ਯੌ ਤਿਹ ਤੋਰਿ ਕੁਚਾਨ ਮਰੋਰਿ
ਸੁ ਭੋਰ ਲਗੇ ਝਕਝੋਰਿ ਬਜਾਈ।। ੧੦।

* ਖਾਇ ਟਾਕਿ ਆਫੂਐ ਰਾਜ ਸਭ ਰਿਸਿ ਭਰੇ।।
ਪੋਸਤ ਭਾਂਗ ਸਰਾਬ ਪਾਨ ਕਰਿ ਅਤਿ ਲਰੇ।।

* ਨ੍ਰਿਤ ਪ੍ਰਤਿ ਰਾਇ ਖੁਸਾਲ ਤਿਹ ਨਿਜੁ ਗ੍ਰਿਹ ਲੇਤ ਬੁਲਾਇ।।
ਲਪਟਿ ਲਪਟਿ ਤਾ ਸੌ ਰਮੇ ਭਾਂਗ ਅਫੀਮ ਚੜਾਇ।। ੫।।

* ਤਾ ਕੋ ਹੋਤ ਉਜਾਰ ਕਹੈ ਘਰ।।
ਭਾਂਗ ਅਫੀਮ ਭਖਤ ਹੈ ਜੋ ਨਰ।।
ਸੋਫੀ ਸਕਲ ਬੁਧਿ ਬਲ ਰਹੈ।।
ਅਮਲਿਨ ਕੋ ਕਛੂ ਕੈ ਨਹਿ ਕਹੈ।। ੮।।

* ਭਾਂਗ ਪੁਰਖ ਵੈ ਪਿਯਹਿ ਭਗਤ ਹਰਿ ਕੀ ਜੇ ਕਰਹੀ।।
ਭਾਂਗ ਭਖਤ ਵੈ ਪੁਰਖ ਕਿਸੂ ਕੀ ਆਸ ਨ ਧਰਹੀ।।
ਅਮਲ ਪਿਯਤ ਤੇ ਬੀਰ ਬਰਤ ਜਿਨ ਤ੍ਰਿਨ ਮਸਤਕ ਪਰ।।

ਤੇ ਕਜਾ ਪੀਵਹਿ ਭਾਂਗ ਰਹੈ ਜਿਨ ਕੇ ਤਕਰੀ ਕਰ।। ੧੩।।

ਚਲੋ ਵੀਰੋ ਛੱਡੋ, ਕੋਈ ਕੰਮ ਦੀ ਗੱਲ ਕਰਦੇ ਹਾਂ, ਇਹੋ ਜਿਹੀਆਂ ਗੱਲਾਂ ਨਾਲ ਤਾਂ ਇਹ ਪੂਰਾ ਗ੍ਰੰਥ ਹੀ ਭਰਿਆ ਪਿਆ ਹੈ। ਇਸ ਵਿੱਚ ਨਸ਼ਿਆਂ ਬਾਰੇ ਹਜ਼ਾਰਾਂ ਹੀ ਸਲੋਕ ਹਨ। ਜੇ ਉਨ੍ਹਾਂ ਨੂੰ ਲਿਖਦੇ ਰਹੇ ਤਾਂ ਉਸ 'ਗ੍ਰੰਥ' ਦਾ ਅੱਧਾ ਉਤਾਰਾ ਇਥੇ ਦੇਣਾ ਪੈ ਜਾਣਾ ਹੈ। ਹਾਂ, ਆਪ ਜੀ ਨੂੰ ਮੋਟੀ-ਮੋਟੀ ਜਾਣਕਾਰੀ ਲਈ ਇਹ ਜ਼ਰੂਰ ਦੱਸ ਦਿੰਦੇ ਹਾਂ ਕਿ ਇਸ 'ਕਿਤਾਬ' ਵਿੱਚ ਤਕਰੀਬਨ 58 ਵਾਰ ਭਾਂਗ ਖਾਣ ਲਈ ਪ੍ਰੇਰਿਤ ਕੀਤਾ ਗਿਆ ਹੈ, 28 ਵਾਰ ਪੋਸਤ ਖਾਣ ਦਾ ਜ਼ਿਕਰ ਆਉਂਦਾ ਹੈ, 33 ਵਾਰ ਅਫ਼ੀਮ ਖਾਣ ਬਾਰੇ ਅਤੇ 31 ਵਾਰ ਸ਼ਰਾਬ ਪੀਣ ਬਾਰੇ ਵੀ ਜ਼ਿਕਰ ਆਉਂਦਾ ਹੈ।

ਇਸ ਨੂੰ 'ਦਸਮ ਬਾਣੀ' ਕਹਿਣ ਵਾਲੇ ਗੁਰੂ ਨਿੰਦਕੋ, ਤੁਹਾਡੀ ਇਹ ਅਖੌਤੀ 'ਦਸਮ ਬਾਣੀ' ਹੈ ਜਾਂ ਕੋਈ ਸ਼ਰਾਬ ਤੇ ਭੰਗ ਪੀਣ ਦਾ ਅੱਡਾ ? ਉਪਰ ਜ਼ਿਕਰ ਕੀਤਾ ਸੀ ਕਿ ਇਸਦਾ ਲਿਖਾਰੀ ਭੰਗ, ਅਫ਼ੀਮ ਤੇ ਪੋਸਤ ਖਾਣ ਦੀ ਹੀ ਸਿੱਖਿਆ ਆਪਣੇ ਸਿੱਖਾਂ ਨੂੰ ਕਿਉਂ ਦਿੰਦਾ ਹੈ ? ਇਸ 'ਗ੍ਰੰਥ' ਦਾ ਸੰਪਾਦਕ ਬਹੁਤ ਹੀ ਸ਼ਾਤਿਰ ਅਤੇ 'ਸਿੱਖ ਵਿਰੋਧੀ ਸੋਚ' ਵਾਲਾ ਕੋਈ ਬਹੁਤ ਹੀ ਮਾਹਿਰ ਵਿਅਕਤੀ ਜਾਂ ਸੰਗਠਨ ਹੈ। ਇਥੇ ਇੱਕ ਗੱਲ ਸਪਸ਼ਟ ਹੈ ਕਿ ਇਸ ਕਿਤਾਬ ਦਾ ਲਿਖਾਰੀ ਜਾਂ ਸੰਪਾਦਕ ਕੋਈ 'ਅਘੋਰੀ' ਤੇ 'ਤਾਂਤ੍ਰਿਕ' ਹੈ, ਅਤੇ ਸ਼ਿਵ (ਸ਼ੰਕਰ) ਦਾ ਉਪਾਸ਼ਕ ਹੈ। ਉਹ ਸ਼ਿਵ ਦੀ ਪੂਜਾ ਕਰਨ ਵਾਲੇ ਕਿਸੇ ਵੇਦ, ਸ਼ਾਸਤਰ ਅਤੇ ਰਾਮ, ਕ੍ਰਿਸ਼ਨ, ਵਿਸ਼ਨੂੰ, ਮਹੇਸ਼ ਆਦਿਕ ਨੂੰ ਨਹੀਂ ਮੰਨਦਾ, ਇਸੇ ਕਰਕੇ ਇਸ ਵਿੱਚ ਇਹ ਆਉਂਦਾ ਹੈ

ਦਸ ਸਹੰਸ੍ਰ ਦਸ ਬਰਖ ਪ੍ਰਮਾਨਾ।।
ਰਾਜ ਕਰਾ ਪੁਰਿ ਅਉਧ ਨਿਧਾਨਾ।।
ਤਬ ਲਉ ਕਾਲ ਦਸਾ ਨੀਅਰਾਈ।।
ਰਘੁਬਰ ਸਿਰਿ ਮ੍ਰਿਤ ਡੰਕ ਬਜਾਈ।। ੮੩੪।।...
ਜੇ ਤਿਨ ਕੀ ਸਰਨੀ ਪਰੇ ਕਰ ਦੈ ਲਏ ਬਚਾਇ।।
ਜੌ ਨਹੀ ਕੋਊ ਬਾਚਿਆ ਕਿਸਨ ਬਿਸਨ ਰਘੁਰਾਇ।। ੮੩੬।।

ਅਰਥ : ਦਸ ਸਹੰਸ੍ਰ ਦਸ - ਦਸ ਸਿਰਾਂ ਵਾਲਾ ਰਾਵਣ; ਰਘਬੁਰ - ਰਾਮ; ਕਿਸਨ ਬਿਸਨ ਰਘੁਰਾਇ - ਕ੍ਰਿਸ਼ਨ, ਵਿਸ਼ਨੂੰ, ਰਾਮ ਚੰਦਰ; ਜੌ ਨਹੀ ਕੋਊ ਬਾਚਿਆ - ਕੋਈ ਨਹੀਂ ਬਚਿਆ।

ਇਥੇ ਰਾਵਣ ਨੂੰ ਮਹਾਨ ਵਿਖਾਇਆ ਗਿਆ ਹੈ ਕਿਉਂਕਿ ਉਹ ਸ਼ੰਕਰ ਦਾ ਭਗਤ ਹੈ। ਲਿਖਾਰੀ ਕਹਿੰਦਾ ਹੈ ਕਿ ਜੋ ਰਾਵਣ ਦੀ ਸ਼ਰਨ ਵਿੱਚ ਆ ਗਿਆ, ਉਹ ਹੀ ਬਚੇਗਾ। ਬਾਕੀ ਕੋਈ ਨਹੀਂ ਬਚੇਗਾ, ਭਾਵੇਂ ਉਹ ਕ੍ਰਿਸ਼ਨ ਹੋਵੇ ਜਾਂ ਵਿਸ਼ਨੂੰ ਹੋਵੇ, ਜਾਂ ਭਾਵੇਂ ਉਹ ਰਾਮ ਚੰਦਰ ਹੀ ਕਿਉਂ ਨਾ ਹੋਵੇ।

ਮੈ ਨ ਗਨੇਸ਼ਹਿ ਪ੍ਰਿਥਮ ਮਨਾਊਂ।।
ਕਿਸ਼ਨ ਬਿਸ਼ਨ ਕਬਹੂੰ ਨਹ ਧਿਆਊਂ।। ੪੩੪।।

ਸ਼ੰਕਰ ਅਤੇ ਚੰਡੀ ਦਾ ਇਹ ਪੂਜਕ, ਇੱਕ ਅਘੋਰੀ ਲੇਖਕ ਹੈ ਅਤੇ ਇਹ ਸਾਫ਼-ਸਾਫ਼ ਕਹਿੰਦਾ ਹੈ ਕਿ ਉਹ ਗਣੇਸ਼, ਕ੍ਰਿਸ਼ਨ ਅਤੇ ਵਿਸ਼ਨੂੰ ਨੂੰ ਨਹੀਂ ਮੰਨਦਾ (ਪੂਜਦਾ)।

ਇਹ ਅਘੋਰੀ ਤੇ ਤਾਂਤ੍ਰਿਕ ਸਿਰਫ਼ ਸ਼ਿਵ (ਸ਼ੰਕਰ) ਦੇਵਤੇ ਨੂੰ ਹੀ ਮੰਨਦੇ ਹਨ, ਅਤੇ ਉਸਦੇ ਹੋਰ ਰੂਪ ਤੇ ਅਵਤਾਰਾਂ, ਜਿਵੇਂ 'ਭੈਰੋਂ' ਕਾਲ, ਮਹਾਕਾਲ, ਅਸਿਧੁਜ, ਖੜਗਕੇਤ, ਸਰਬਲੋਹ, ਮਹਾਲੋਹ ਆਦਿਕ, ਨੂੰ ਹੀ ਪੂਜਦੇ ਹਨ। ਇਹ ਸ਼ੰਕਰ ਦੀ ਪਤਨੀ 'ਸ਼ਿਵਾ' ਦੀ ਉਸਤਤਿ ਕਰਦੇ ਹਨ ਅਤੇ ਇਸ ਕੋਲੋਂ ਇਹ ਕਹਿ ਕੇ ਵਰ ਮੰਗਦੇ ਹਨ - 'ਦੇਹਿ ਸਿਵਾ ਬਰ ਮੋਹੇ...'।

ਅਘੋਰੀ ਤੇ ਤਾਂਤ੍ਰਿਕ ਲੋਕ 'ਭਗੌਤੀ' (ਦੁਰਗਾ ਦੇਵੀ) ਨੂੰ ਵੀ ਮੰਨਦੇ ਹਨ ਅਤੇ ਉਸਨੂੰ ਸਭ ਤੋਂ ਆਦਿ (ਪਹਿਲੀ) ਸ਼ਕਤੀ ਭਾਵ ਆਦਿ ਭਵਾਨੀ, ਪ੍ਰਿਥਮ ਭਗੌਤੀ ਦੇ ਰੂਪ ਵਿੱਚ ਮੰਨਦੇ ਹਨ। ਉਨ੍ਹਾਂ ਦੀ ਇਹ ਮਾਨਤਾ ਹੈ ਕਿ ਦੁਰਗਾ ਜਾਂ ਭਵਾਨੀ ਹੀ 'ਆਦਿ ਸੱਚ' ਹੈ। ਇਸਦੇ ਵੀ ਕਈ ਨਾਂ ਤੇ ਅਵਤਾਰ ਹਨ ਜਿਵੇਂ ਕਾਲੀ, ਭਗੌਤੀ, ਚੰਡੀ, ਦੁਰਗਾ, ਕਾਲਕਾ, ਭਵਾਨੀ ਆਦਿਕ। ਇਨ੍ਹਾਂ ਬਾਰੇ ਪਹਿਲਾਂ ਜ਼ਿਕਰ ਕੀਤਾ ਜਾ ਚੁੱਕਾ ਹੈ। ਇਥੇ ਇਹ ਸਭ ਦੱਸਣ ਦਾ ਭਾਵ ਇਹ ਹੈ ਕਿ ਇਸ ਕਿਤਾਬ ਵਿੱਚ ਭੰਗ, ਅਫ਼ੀਮ, ਪੋਸਤ ਦੇ ਨਸ਼ੇ ਖਾਣ ਲਈ ਜੋ ਸਿੱਖਾਂ ਨੂੰ ਪ੍ਰੇਰਿਤ ਕੀਤਾ ਗਿਆ ਹੈ, ਉਸਦੇ ਮੁੱਖ ਰੂਪ ਵਿੱਚ ਦੋ ਕਾਰਣ ਹਨ।

ਪਹਿਲਾ ਕਾਰਣ ਤਾਂ ਇਹ ਹੈ ਕਿ ਭਾਂਗ, ਅਫ਼ੀਮ, ਧਤੂਰਾ ਅਤੇ ਸ਼ਰਾਬ - ਇਹ ਸਭ ਸ਼ਿਵ, ਮਹਾਕਾਲ, ਕਾਲਕਾ ਅਤੇ ਕਾਲੀ ਦਾ ਮਨਪਸੰਦ ਆਹਾਰ (ਭੋਜਨ) ਹੈ। ਇਹ ਅਘੋਰੀ ਤੇ ਤਾਂਤ੍ਰਿਕ ਲੋਕ ਵੀ 'ਮਾਹਾਕਾਲ' ਨੂੰ ਇਸ਼ਟ ਰੂਪ ਮੰਨਦੇ ਹੋਏ, ਉਸਨੂੰ ਇਨ੍ਹਾਂ ਨਸ਼ਿਆਂ ਦਾ ਭੋਗ ਲਗਵਾਉਂਦੇ ਹਨ। ਸ਼ਿਵ ਅਤੇ

ਸ਼ਿਵਾ ਦੇ ਉਪਾਸ਼ਕ ਵੀ ਇਹੋ ਕੁਝ ਚਾਹੁੰਦੇ ਹਨ। ਉਹ ਸਿੱਖਾਂ ਨੂੰ ਸ਼ਿਵ ਅਤੇ ਦੇਵੀ ਪੂਜਕ ਬਨਾਉਣ ਲਈ ਇਨ੍ਹਾਂ ਨਸ਼ਿਆਂ ਦੀ ਵਰਤੋਂ ਕਰਵਾ ਕੇ ਹੀ ਐਸਾ ਕਰ ਸਕਦੇ ਹਨ।

ਦੂਜਾ ਕਾਰਣ ਇਹ ਹੈ ਕਿ ਗੁਰੂ ਗ੍ਰੰਥ ਸਾਹਿਬ ਜੀ ਦੇ ਚਰਿਤ੍ਰਵਾਨ ਸਿੱਖਾਂ ਨੂੰ, ਇਨ੍ਹਾਂ ਨਸ਼ਿਆਂ ਦਾ ਆਦੀ ਬਣਾ ਕੇ, ਗੁਰੂ ਗ੍ਰੰਥ ਸਾਹਿਬ ਦੀਆਂ ਰੱਬੀ ਸਿੱਖਿਆਵਾਂ ਤੋਂ ਹਮੇਸ਼ਾ ਲਈ ਦੂਰ ਕੀਤਾ ਜਾਵੇ। ਜਦੋਂ ਇਸ 'ਕੂੜ ਗ੍ਰੰਥ' ਨੂੰ ਸਿੱਖ 'ਦਸਮ ਬਾਣੀ' ਮੰਨਣ ਲੱਗ ਪੈਣਗੇ ਤਾਂ ਉਹ ਇਸ ਦੀ ਹਰ 'ਤੁਕ' ਨੂੰ ਗੁਰੂ ਦਾ ਹੀ ਹੁਕਮ ਮੰਨਣ ਲੱਗ ਪੈਣਗੇ (ਇਹ ਸੋਚ ਕੇ ਹੀ ਕਿ ਇਸ ਕਿਤਾਬ ਦੀ ਸੰਪਾਦਨਾ ਕੀਤੀ ਗਈ ਸੀ)।

'ਨਾਰਕੌਟਿਕਸ' ਤੇ 'ਨਿਊਰੋਲੌਜੀ' ਵਿਸ਼ਿਆਂ ਦੇ ਮਾਹਿਰ ਵਿਦਵਾਨਾਂ ਨੂੰ ਇਹ ਪਤਾ ਹੈ ਕਿ ਭਾਂਗ, ਪੋਸਤ, ਅਫ਼ੀਮ ਤੇ ਧਤੂਰਾ - ਇਹ ਚਾਰੇ ਨਸ਼ੇ ਮਨੁੱਖ ਦੇ 'ਨਰਵਸ ਸਿਸਟਮ' 'ਤੇ ਸਿੱਧਾ ਅਸਰ ਕਰਦੇ ਹਨ ਅਤੇ ਇਨ੍ਹਾਂ ਨਸ਼ਿਆਂ ਦੇ ਆਦੀ ਮਨੁੱਖ ਦੇ 'ਨਿਊਰਾੱਨਸ' (ਦਿਮਾਗ ਦੇ ਮਹੀਨ ਤੰਤੂ) ਅਤੇ 'ਨਰਵਸ' (ਨਾੜੀਆਂ) ਹੌਲੀ-ਹੌਲੀ ਸੁੰਨ ਹੋ ਜਾਂਦੀਆਂ ਹਨ। ਨਾਲ ਹੀ ਦਿਮਾਗ ਤੇ 'ਨਰਵੱਸ ਸਿਸਟਮ' ਕੰਮ ਕਰਨਾ ਬੰਦ ਕਰ ਦਿੰਦਾ ਹੈ। ਉਸ ਬੰਦੇ ਦੀ ਸੋਚਣ, ਸਮਝਣ ਅਤੇ ਕੋਈ ਵੀ ਨਿਰਣਾ ਲੈਣ ਦੀ ਸ਼ਕਤੀ ਖ਼ਤਮ ਹੀ ਹੋ ਜਾਂਦੀ ਹੈ। ਇਸਦਾ ਇੱਕ ਬਹੁਤ ਹੀ ਖ਼ਤਰਨਾਕ ਅਸਰ ਮਨੁੱਖ ਦੇ 'ਰਿਪ੍ਰੋਡੱਕਟਿਵ ਸਿਸਟਮ' 'ਤੇ ਵੀ ਪੈਂਦਾ ਹੈ। ਭਾਵੇਂ ਉਸਦੀ 'ਕਾਮ ਕ੍ਰਿਆ' ਦਾ ਸਮਾਂ ਕੁਝ ਸਮੇਂ ਲਈ ਵੱਧ ਜਾਂਦਾ ਹੈ ਪਰ ਇਸਦੇ ਦੂਰਗਰਾਮੀ ਮਾੜੇ ਪ੍ਰਭਾਵ ਪੈਂਦੇ ਹਨ। ਇਹ 'ਨਪੁੰਸੁਕਤਾ' ਦੀ ਸ਼ੁਰੂਆਤ ਹੁੰਦੀ ਹੈ ਅਤੇ ਹੌਲੀ-ਹੌਲੀ ਉਹ ਵਿਅਕਤੀ ਨੰਪੁਸਕ ਹੋ ਜਾਂਦਾ ਹੈ। ਇਸੇ ਲਈ ਇਹ ਚਾਲਾਕ ਲਿਖਾਰੀ ਭੰਗ ਤੇ ਅਫ਼ੀਮ ਖਾਣ ਦੀ ਪ੍ਰੇਰਣਾ 'ਚਰਿਤ੍ਰੋ ਪਾਖਿਯਾਨ' ਦੇ 'ਕਾਮ ਕਬੱਡੀ' ਵਾਲੇ ਚਰਿੱਤਰਾਂ ਵਿੱਚ ਬਹੁਤ ਦਿੰਦਾ ਹੈ।

'ਚਰਿਤ੍ਰੋ ਪਾਖਿਯਾਨ' ਦੇ ਇਨ੍ਹਾਂ 404 ਚਰਿੱਤ੍ਰਾਂ ਵਿੱਚ, ਸ਼ਾਇਦ ਹੀ ਕੋਈ ਐਸਾ ਚਰਿੱਤ੍ਰ ਹੋਵੇ ਜਿਸ ਵਿੱਚ ਇਨ੍ਹਾਂ ਨਸ਼ਿਆਂ ਦੀ ਵਰਤੋਂ ਨਾ ਕੀਤੀ ਗਈ ਹੋਵੇ। ਸਿੱਖ ਵਿਰੋਧੀਆਂ ਨੇ ਇਨ੍ਹਾਂ ਨਸ਼ਿਆਂ ਨੂੰ ਪ੍ਰੇਰਿਤ ਕਰਨ ਵਾਲੀਆਂ ਰਚਨਾਵਾਂ ਗੁਰੂ ਦੇ ਜਾਂ ਦਸਮ ਬਾਣੀ ਦੇ ਨਾਂ 'ਤੇ ਜਾਰੀ ਕਰਕੇ ਸਿੱਖਾਂ ਨੂੰ ਇਸ 'ਤੇ ਕਿੰਤੂ-ਪ੍ਰੰਤੂ ਕਰਨ ਤੋਂ ਰੋਕ ਦਿੱਤਾ। ਹੁਣ ਭੋਲਾ-ਭਾਲਾ ਸਿੱਖ ਇਹ ਮੰਨਣ

ਲੱਗ ਪਿਆ ਹੈ ਕਿ ਇਹ 'ਦਸਮ ਬਾਣੀ' ਹੈ ਅਤੇ ਉਸਨੇ ਇਸ 'ਤੇ ਕੋਈ ਕਿੰਤੂ ਨਹੀਂ ਕਰਨਾ ਹੈ।

ਸਾਜਸ਼ ਕਰਨ ਵਾਲੇ ਨੇ ਬਹੁਤ ਚਾਲਾਕੀ ਨਾਲ ਇਹ ਸੋਚਿਆ ਸੀ ਕਿ ਇਨ੍ਹਾਂ ਨਸ਼ਿਆਂ ਦਾ ਸਿੱਧਾ ਅਸਰ ਸਿੱਖਾਂ ਦੇ ਦਿਮਾਗ 'ਤੇ ਹੋਵੇਗਾ। ਉਨ੍ਹਾਂ ਦੀ ਸੋਚਣ, ਬੁਰੇ-ਭਲੇ ਦਾ ਗਿਆਨ ਅਤੇ ਤਰਕ ਕਰਨ ਦੀ ਤਾਕਤ ਹੌਲੀ-ਹੌਲੀ ਖ਼ਤਮ ਹੋ ਜਾਵੇਗੀ, ਅਤੇ ਉਹ ਗੁਰੂ ਬਾਣੀ ਭਾਵ ਗੁਰੂ ਗ੍ਰੰਥ ਸਾਹਿਬ ਜੀ ਤੋਂ ਟੁੱਟ ਜਾਣਗੇ। ਦੂਜਾ, ਇਸਦਾ ਸਿੱਧਾ ਅਸਰ ਸਿੱਖਾਂ ਦੇ 'ਰਿਪ੍ਰੋਡੱਕਟਿਵ ਸਿਸਟਮ' 'ਤੇ ਪਵੇਗਾ ਅਤੇ ਹੌਲੀ-ਹੌਲੀ ਉਹ ਆਪਣੀ ਪ੍ਰਜਨਨ ਤਾਕਤ ਵੀ ਗਵਾ ਬੈਠਣਗੇ। ਇਸ ਤਰ੍ਹਾਂ ਸਿੱਖਾਂ ਦੀ ਆਪਣੇ ਆਪ ਹੀ ਨਸਲਕੁਸ਼ੀ ਹੋ ਜਾਵੇਗੀ। ਸਿੱਖ ਅਧਿਆਤਮਕ ਪੱਖੋਂ ਤਾਂ ਅਪਾਹਿਜ ਹੋ ਹੀ ਜਾਣਗੇ, ਨਾਲ ਹੀ ਉਹ ਸੰਤਾਨ ਪੈਦਾ ਕਰਨ ਦੇ ਕਾਬਲ ਵੀ ਨਹੀਂ ਰਹਿਣਗੇ।

ਇਸ ਕਿਤਾਬ ਦੀ ਰਚਨਾ ਕਰਨ ਵਾਲੀ 'ਸਿੱਖ ਵਿਰੋਧੀ ਤਾਕਤ' ਆਪਣੇ ਮਕਸਦ ਵਿੱਚ ਬਹੁਤ ਹੱਦ ਤਕ ਸਫ਼ਲ ਹੋ ਗਈ ਹੈ। ਸਾਡੀ ਕੌਮ ਦਾ ਅਵੇਸਲਾਪਨ ਅਤੇ ਰੂੜ੍ਹੀਵਾਦੀ ਸੋਚ ਨੇ ਬਹੁਤ ਸਾਰੇ ਸਿੱਖਾਂ ਨੂੰ ਇਨ੍ਹਾਂ ਨਸ਼ਿਆਂ ਦਾ ਆਦੀ ਬਣਾ ਦਿੱਤਾ ਹੈ। ਇਸਦਾ ਜਿਉਂਦਾ-ਜਾਗਦਾ ਉਦਾਹਰਣ ਸਾਡੇ ਨਿਹੰਗ ਸਿੱਖ ਹਨ। ਉਹ ਕਿਉਂ ਭੰਗ ਪੀਣ ਲੱਗ ਪਏ ? ਸਿਰਫ਼ ਇਸ ਲਈ ਕਿ ਉਨ੍ਹਾਂ ਦੀ ਅਖੌਤੀ ਦਸਮ ਬਾਣੀ ਨੇ ਹੀ ਉਨ੍ਹਾਂ ਨੂੰ ਇਨ੍ਹਾਂ ਨਸ਼ਿਆਂ ਲਈ ਪ੍ਰੇਰਿਤ ਕੀਤਾ ਅਤੇ ਇਨ੍ਹਾਂ ਦਾ ਆਦੀ ਬਣਾ ਦਿੱਤਾ। ਉਨ੍ਹਾਂ ਨੇ ਇਸਦਾ ਨਾਂ ਵੀ 'ਸੁਖ ਨਿਧਾਨ' ਰੱਖ ਦਿੱਤਾ ਅਤੇ ਇਸ 'ਤੇ 'ਪੰਥਕ ਪ੍ਰਸਾਦ' ਹੋਣ ਦੀ ਮੋਹਰ ਵੀ ਲਾ ਦਿੱਤੀ। ਇਸ ਲਈ ਕਿਉਂਕਿ ਉਨ੍ਹਾਂ ਮੁਤਾਬਕ ਇਹ ਦਸਮ ਬਾਣੀ ਦਾ ਹੁਕਮ ਅਤੇ ਪ੍ਰਵਾਨਗੀ ਹੈ।

ਇਸਦਾ ਨਤੀਜਾ ਕੀ ਹੋਇਆ ? ਅੱਜ 99 % ਨਿਹੰਗ ਆਪਣਾ 'ਨਰਵੱਸ ਸਿਸਟਮ' ਬਰਬਾਦ ਕਰ ਚੁੱਕੇ ਹਨ। ਉਨ੍ਹਾਂ ਵਿੱਚ ਕੋਈ ਵੀ ਨਿਹੰਗ ਬਹੁਤਾ ਪੜ੍ਹਿਆ-ਲਿਖਿਆ ਨਹੀਂ ਹੈ, ਅਧਿਐਨ ਕਰਨ ਦੇ ਕਾਬਲ ਨਹੀਂ ਹੈ। ਬਹੁਤ ਸਾਰੇ ਨਿਹੰਗ ਸਿੱਖ ਤਾਂ ਇਨ੍ਹਾਂ ਨਸ਼ਿਆਂ ਦੀ ਵਰਤੋਂ ਕਰਦੇ ਹੋਏ ਆਪਣੀ ਕਿਰਤ-ਕਮਾਈ ਤੋਂ ਵੀ ਮਹਿਰੂਮ ਹੋ ਚੁੱਕੇ ਹਨ। ਉਨ੍ਹਾਂ ਨੂੰ ਆਮ ਗੁਰਦੁਆਰਿਆਂ ਵਿੱਚ ਦਾਨ ਮੰਗਦਿਆਂ ਵੇਖਿਆ ਜਾ ਸਕਦਾ ਹੈ। ਇਨ੍ਹਾਂ ਨਿਹੰਗਾਂ ਤੋਂ ਇਲਾਵਾ

ਦਾਸ ਨੇ ਕਈ ਰਾਗੀ ਤੇ ਪ੍ਰਚਾਰਕ ਵੀ ਵੇਖੇ ਹਨ ਜੋ ਇਨ੍ਹਾਂ ਨਸ਼ਿਆਂ ਦੇ ਆਦੀ ਹਨ। ਉਨ੍ਹਾਂ ਵਿੱਚੋਂ ਦੋ-ਚਾਰ ਨੂੰ ਤੁਸੀਂ ਵੀ ਜ਼ਰੂਰ ਜਾਣਦੇ ਹੋਵੋਗੇ।

ਕੌਮ ਦਾ ਇੱਕ ਬਹੁਤ ਅਹਿਮ ਤਬਕਾ ਜੋ ਕਿਸੇ ਵੇਲੇ 'ਗੁਰੂ ਕੀ ਫ਼ੌਜ' ਅਖਵਾਉਂਦਾ ਸੀ ਅਤੇ ਇਹ ਉਹ ਮਰਜੀਵੜੇ ਯੋਧੇ ਸਨ ਜਿਨ੍ਹਾਂ ਕੋਲੋਂ ਦੁਸ਼ਮਣ ਥਰ-ਥਰ ਕੰਬਦਾ ਸੀ। ਇਨ੍ਹਾਂ ਨਿਹੰਗ ਸਿੰਘਾਂ ਦੀ ਯੁੱਧ ਕਲਾ-ਕੌਸ਼ਲ ਅਤੇ ਯੁੱਧ ਵਿੱਦਿਆ ਦੀ ਬਦੌਲਤ ਸਿੱਖਾਂ ਨੇ ਕਈ ਯੁੱਧ ਜਿੱਤੇ। ਇਸ ਅਖੌਤੀ ਦਸਮ ਗ੍ਰੰਥ ਨਾਂ ਦੀ ਪੁਸਤਕ ਨੇ ਨਿਹੰਗ ਸਿੱਖਾਂ ਦੇ ਇਸ ਤਬਕੇ ਨੂੰ ਬੁਰੀ ਤਰ੍ਹਾਂ ਇਨ੍ਹਾਂ ਨਸ਼ਿਆਂ ਵਿੱਚ ਗ਼ਲਤਾਨ ਕਰ ਦਿੱਤਾ ਹੈ। ਨਾਲ ਹੀ ਸਾਡੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਅਤੇ ਟਕਸਾਲਾਂ ਵਿੱਚ ਇਨ੍ਹਾਂ ਨਸ਼ਿਆਂ ਨੂੰ ਧਾਰਮਿਕ ਮਾਨਤਾ 'ਸੁਖ ਨਿਧਾਨ' ਦੇ ਰੂਪ ਵਿੱਚ ਦਿੱਤੀ ਜਾ ਚੁੱਕੀ ਹੈ। ਇਹ ਭੰਗ ਸਿੱਖਾਂ ਨੂੰ ਸਰ੍ਹੇਆਮ ਘੋਟ-ਘੋਟ ਕੇ ਪਿਆਈ ਜਾ ਰਹੀ ਹੈ। ਹੁਣ ਦੱਸੋ ਕਿ ਇਨ੍ਹਾਂ ਸੁਖਨਿਧਾਨ ਪੀਣ ਵਾਲਿਆਂ ਅਤੇ ਸ਼ਿਵ-ਭਗਤਾਂ ਵਿੱਚ ਕੀ ਫ਼ਰਕ ਹੈ ?

ਐਨਾ ਹੀ ਨਹੀਂ, ਇਹ ਗ੍ਰੰਥ ਤਾਂ ਇਹ ਵੀ ਕਹਿੰਦਾ ਹੈ ਕਿ ਜੋ ਮਨੁੱਖ ਨਸ਼ਾ ਨਹੀਂ ਕਰਦਾ, ਉਹ ਅੰਤ ਵੇਲੇ ਕੁੱਤੇ ਦੀ ਮੌਤ ਮਰਦਾ ਹੈ।

ਜਦੋਂ ਵੀ ਇਸ ਕਿਤਾਬ ਨੂੰ ਖੋਲ੍ਹੋ ਤਾਂ ਕੋਈ ਨਾ ਕੋਈ ਬੇਹਦ ਹੀ ਬੇਸ਼ਰਮੀ ਨਾਲ ਭਰੀ ਕਹਾਣੀ ਸਾਹਮਣੇ ਆ ਜਾਂਦੀ ਹੈ। ਪਤਾ ਨਹੀਂ ਅਸੀਂ ਐਨੇ ਸਮੇਂ ਤੋਂ ਕਿਉਂ ਇਨ੍ਹਾਂ ਕੂੜ ਕਹਾਣੀਆਂ ਨੂੰ ਮੱਥਾ ਟੇਕਦੇ ਜਾ ਰਹੇ ਹਾਂ ? ਕਿਉਂ ਅਸੀਂ ਸਰਬੰਸ-ਦਾਨੀ ਗੁਰੂ ਗੋਬਿੰਦ ਸਿੰਘ ਜੀ ਨੂੰ ਬਦਨਾਮ ਕਰਨ ਵਾਲੀ ਕਿਤਾਬ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੇ ਨਾਲ ਰੱਖਣ ਵਾਲਿਆਂ ਨੂੰ ਸ੍ਰੀ ਅਕਾਲ ਤਖ਼ਤ 'ਤੇ ਬਿਠਾ ਕੇ, ਉਨ੍ਹਾਂ ਨੂੰ 'ਸਿੰਘ ਸਾਹਿਬਾਨ' ਕਹਿ ਕੇ, ਕੌਮੀ ਫ਼ੈਸਲਿਆਂ 'ਤੇ ਦਸਤਖ਼ਤ ਕਰਵਾਈ ਜਾ ਰਹੇ ਹਾਂ ?

ਅਸੀਂ ਜਾਗੇ ਹਾਂ ਪਰ ਅਵੇਸਲੇ ਹਾਂ। ਜਿਸ ਵੀ ਕੁਰਹਿਤ ਜਾਂ ਕੁਰੀਤੀ ਨੂੰ ਬਹੁਤਾ ਲੰਮੇ ਸਮੇਂ ਤਕ ਠਲ੍ਹ ਨਾ ਪਾਈ ਜਾਵੇ, ਉਸਨੂੰ ਸਾਡੇ ਆਗੂ 'ਪਰੰਪਰਾ' ਜਾਂ 'ਪੁਰਾਤਨ ਰੀਤ' ਕਹਿ ਕੇ ਟਾਲ ਦਿੰਦੇ ਹਨ। ਫਿਰ ਉਸ ਪੁਰਾਤਨ ਪਰੰਪਰਾ ਭਾਵੇਂ ਉਹ ਬੱਜਰ ਕੁਰਹਿਤ ਹੀ ਕਿਉਂ ਨਾ ਹੋਵੇ, ਉਸ ਬਾਰੇ ਕੋਈ ਗੱਲ ਕਰਨਾ ਵੀ ਸੌਖਾ ਨਹੀਂ ਹੁੰਦਾ। ਜੇ ਕੋਈ ਪੰਥ ਦਰਦੀ ਪ੍ਰਚਾਰਕ ਉਸ ਵੱਲ ਤੁਰਨ ਦੀ ਕੋਸ਼ਿਸ਼ ਕਰਦਾ ਹੈ, ਆਪਣੀ ਆਵਾਜ਼ ਬੁਲੰਦ ਕਰਦਾ ਹੈ, ਉਸਨੂੰ ਇਹ ਅਖੌਤੀ

ਆਗੂ ਪੰਥ ਤੋਂ ਫ਼ੌਰਨ ਛੇਕਣ ਦਾ ਕੰਮ ਕਰਦੇ ਹਨ ਅਤੇ ਉਸ ਪੰਥ ਦਰਦੀ ਨੂੰ ਕਈ ਤਰ੍ਹਾਂ ਦੀਆਂ ਤਲਖ਼ ਨਾਮੋਸ਼ੀਆਂ ਝੇਲਣੀਆਂ ਪੈਂਦੀਆਂ ਹਨ।

ਮੇਰੇ ਵੀਰੋ ! ਦੀਵੇ ਨਾਲ ਦੀਵਾ ਜਗਾਉਂਦੇ ਚਲੋ, ਰਸਤਾ ਬਹੁਤ ਮੁਸ਼ਕਿਲ ਹੈ, ਲੇਕਿਨ ਨਾ-ਮੁਮਕਿਨ ਨਹੀਂ।



# ਭਾਗ ਤੀਜਾ

ਜਾਨਵਰਾਂ ਦੀ ਬਲੀ ਦੇਣਾ ਸਿੱਖੀ ਦਾ ਨਹੀਂ,
ਦੇਵੀ ਪੂਜਾ ਦਾ ਇੱਕ ਹਿੱਸਾ ਹੈ।
ਇਹ ਸਿੱਖਾਂ ਨੂੰ ਇਸੇ ਕਿਤਾਬ ਦੀ ਦੇਣ ਹੈ।

ਅਖੌਤੀ ਦਸਮ ਗ੍ਰੰਥ ਉਹ ਕੁਰੀਤੀ ਕਰਨ ਲਈ ਸਿੱਖਾਂ ਨੂੰ ਪ੍ਰੇਰਿਤ ਕਰ ਰਿਹਾ ਹੈ, ਜਿਸਦਾ ਖੰਡਨ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਕਰਦੀ ਹੈ। ਇਹ ਗ੍ਰੰਥ ਆਪਣੇ ਸੁਭਾਅ ਮੁਤਾਬਕ ਸਿੱਖ ਨੂੰ ਉਹ ਹਰ ਕੰਮ ਕਰਨ ਲਈ ਪ੍ਰੇਰਿਤ ਕਰ ਰਿਹਾ ਹੈ ਜੋ ਕਿ ਗੁਰੂ ਗ੍ਰੰਥ ਸਾਹਿਬ ਜੀ ਦੀ ਸਿੱਖਿਆ ਤੋਂ ਉਲਟ ਹਨ। ਇਹ ਉਹ ਕੁਰੀਤੀ ਹੈ ਜਿਸਨੂੰ 'ਪਸ਼ੂਆਂ ਦੀ ਬਲੀ' ਕਿਹਾ ਜਾਂਦਾ ਹੈ।

ਗੁਰਮਤਿ ਸਿਧਾਂਤ ਅਨੁਸਾਰ ਸਿੱਖੀ ਵਿੱਚ ਕਿਸੇ ਵੀ ਜਾਨਵਰ ਦੀ ਬਲੀ ਦੇਣ ਜਾਂ ਯੱਗ-ਹੋਮ ਕਰਨ ਦਾ ਕੋਈ ਨਿਯਮ ਨਹੀਂ ਹੈ। ਐਸਾ ਕਰਕੇ ਆਪਣੇ 'ਇਸ਼ਟ' ਨੂੰ ਖ਼ੁਸ਼ ਕਰਨ ਦੀ ਕੁਰੀਤੀ ਦਾ ਗੁਰਬਾਣੀ ਖੰਡਨ ਕਰਦੀ ਹੈ। ਲੇਕਿਨ ਸਿੱਖਾਂ ਦੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਅਤੇ ਅਨੰਦਪੁਰ ਸਾਹਿਬ ਵਿਖੇ ਬਕਰਿਆਂ ਦੀ ਬਲੀ ਦਿੱਤੀ ਜਾਂਦੀ ਹੈ। ਇਨ੍ਹਾਂ ਜਾਨਵਰਾਂ ਨੂੰ ਮਾਰ ਕੇ, ਇਨ੍ਹਾਂ ਦੇ ਖ਼ੂਨ ਦਾ ਤਿਲਕ ਸ਼ਸਤਰਾਂ ਨੂੰ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੁਮਾਲਿਆਂ, ਬਸਤਰਾਂ ਅਤੇ ਨਿਸ਼ਾਨ ਸਾਹਿਬ ਨੂੰ ਲਾਇਆ ਜਾਂਦਾ ਹੈ।

ਇਹ ਕਿਹੜੀ ਗੁਰਮਤਿ ਜਾਂ ਮਰਯਾਦਾ ਹੈ ? ਇਹ ਤਾਂ ਘੋਰ ਬ੍ਰਾਹਮਣੀ ਕਰਮ-ਕਾਂਡ ਅਤੇ ਗੁਰਮਤਿ ਦਾ ਘਾਣ ਕਰਨ ਵਾਲੀ ਕੁਰੀਤੀ ਹੈ। ਲੇਕਿਨ ਇਨ੍ਹਾਂ ਨੂੰ ਕੌਣ ਸਮਝਾਏ ? ਜੇ ਕੋਈ ਸਮਝਾਏ ਵੀ ਤਾਂ ਕਿਸ ਤਰ੍ਹਾਂ ਸਮਝਾਏ ? ਉਨ੍ਹਾਂ ਕੋਲ ਇਹ ਜਵਾਬ ਹੁੰਦਾ ਹੈ ਕਿ ਦਸਮ ਬਾਣੀ ਇਸਨੂੰ ਮਾਨਤਾ ਦਿੰਦੀ ਹੈ। ਜੇ ਅਸੀਂ ਸ੍ਰੀ ਅਕਾਲ ਤਖ਼ਤ ਦੇ ਹੈਡ-ਗ੍ਰੰਥੀ ਨੂੰ ਇਹ ਸਵਾਲ ਕਰਦੇ ਹਾਂ ਕਿ ਬਕਰਾ ਝਟਕਾ ਕੇ, ਉਸ ਦਾ ਖ਼ੂਨ ਰੁਮਾਲਿਆਂ ਅਤੇ ਨਿਸ਼ਾਨ ਸਾਹਿਬ ਨੂੰ ਲਾਉਣਾ ਕਿਸ ਰਹਿਤ ਮਰਯਾਦਾ ਦਾ ਹਿੱਸਾ ਹੈ, ਤਾਂ ਉਹ ਇਹ ਸਵਾਲ ਸੁਣ ਕੇ

ਗੂੰਗੇ-ਬੱਥੇ ਹੋ ਜਾਂਦੇ ਹਨ। ਜੇ ਬਹੁਤਾ ਦਬਾਅ ਪਾ ਕੇ ਪੁੱਛਦੇ ਹਾਂ ਤਾਂ ਉਹ ਕਹਿੰਦੇ ਹਨ ਕਿ ਇਹ ਤਾਂ 'ਪੁਰਾਤਨ ਮਰਯਾਦਾ' ਚਲੀ ਆ ਰਹੀ ਹੈ, ਇਸ ਵਿੱਚ ਕੁਝ ਨਹੀਂ ਕੀਤਾ ਜਾ ਸਕਦਾ। ਦਾਸ ਨੇ ਇਸ ਬਾਬਤ ਕਰੀਬ ਦੋ ਵਰ੍ਹਿਆਂ ਪਹਿਲਾਂ ਸ੍ਰੀ ਅਕਾਲ ਤਖ਼ਤ ਦੇ ਹੈਡ-ਗ੍ਰੰਥੀ ਗੁਰਬਚਨ ਸਿੰਘ ਨਾਲ ਕੁਝ ਸਵਾਲ-ਜਵਾਬ ਕੀਤੇ ਸਨ। ਲੇਕਿਨ ਉਨ੍ਹਾਂ ਕੋਲ ਇਸ ਬਾਰੇ ਕੋਈ ਜਵਾਬ ਨਹੀਂ ਸੀ। ਇਥੇ ਪਾਠਕਾਂ ਨੂੰ ਇੱਕ ਗੱਲ ਚੰਗੀ ਤਰ੍ਹਾਂ ਸਮਝ ਲੈਣੀ ਚਾਹੀਦੀ ਹੈ ਕਿ ਇਹ ਲੇਖ ਮਾਸ ਖਾਣ ਜਾਂ ਨਾ ਖਾਣ ਦੇ ਵਿਸ਼ੇ ਨਾਲ ਬਿਲਕੁਲ ਵੀ ਸਬੰਧਿਤ ਨਹੀਂ ਹੈ। ਇਥੇ ਸਿਰਫ਼ ਜਾਨਵਰ ਦੀ ਬਲੀ ਦੇਣ, ਅਤੇ ਉਸਦੇ ਖ਼ੂਨ ਦਾ ਤਿਲਕ ਗੁਰੂ ਗ੍ਰੰਥ ਸਾਹਿਬ ਜੀ ਅਤੇ ਨਿਸ਼ਾਨ ਸਾਹਿਬ ਨੂੰ ਲਾਉਣ ਦੀ, ਗੁਰਮਤਿ ਦੇ ਉਲਟ ਕੁਰੀਤੀ ਦੀ ਗੱਲ ਚਲ ਰਹੀ ਹੈ।

ਪਸ਼ੂਆਂ ਦੀ ਬਲੀ ਦੇ ਕੇ ਆਪਣੇ ਦੇਵਤਿਆਂ ਨੂੰ ਖ਼ੁਸ਼ ਕਰਨ ਵਾਲੇ ਪਾਖੰਡੀਆਂ ਦੀ ਆਲੋਚਨਾ ਕਰਦੇ ਹੋਏ ਗੁਰਬਾਣੀ ਇਸਦਾ ਪੁਰਜ਼ੋਰ ਖੰਡਨ ਕਰਦੇ ਹੋਏ ਇਸ ਤਰ੍ਹਾਂ ਕਹਿੰਦੀ ਹੈ।

ਜਦੋਂ ਮਾਸ ਖਾਣ ਦੀ ਗੱਲ ਆਉਂਦੀ ਹੈ ਤਾਂ ਤੂੰ ਆਪਣਾ ਨੱਕ ਬੰਦ ਕਰ ਲੈਂਦਾ ਹੈਂ, ਤੇ ਉਸੇ ਰਾਤ ਜਦੋਂ ਤੂੰ ਆਪਣੇ ਦੇਵਤਿਆਂ ਨੂੰ ਗੈਂਡੇ ਦੀ ਬਲੀ ਦੇ ਕੇ ਖ਼ੁਸ਼ ਕਰ ਰਿਹਾ ਹੁੰਦਾ ਹੈਂ, ਤਾਂ ਇਹ ਹੀ ਤੇਰਾ ਧਰਮ ਬਣ ਜਾਂਦਾ ਹੈ। ਇਹੋ ਜਿਹੇ ਕਰਮ-ਕਾਂਡਾਂ ਕਰਕੇ ਤੂੰ ਲੋਕਾਂ ਨੂੰ ਆਪਣੇ ਧਾਰਮਿਕ ਹੋਣ ਦਾ ਪਾਖੰਡ ਕਰਦਾ ਹੈਂ। ਲੇਕਿਨ ਤੈਨੂੰ ਗਿਆਨ ਅਤੇ ਧਰਮ ਦੀ ਕੋਈ ਸੋਝੀ ਨਹੀਂ ਹੈ। ਪਰ ਇਹੋ ਜਿਹੇ ਗਿਆਨ ਦੇ ਵਿਹੂਣਿਆਂ ਨੂੰ ਕੁਝ ਸਮਝਾਈਏ ਤਾਂ ਜੇ ਇਨ੍ਹਾਂ ਨੂੰ ਕੋਈ ਸਮਝ ਆਵੇ।

ਗੈਂਡਾ ਮਾਰਿ ਹੋਮ ਜਗ ਕੀਏ ਦੇਵਤਿਆ ਕੀ ਬਾਣੇ।।
ਮਾਸੁ ਛੋਡਿ ਬੈਸਿ ਨਕੁ ਪਕੜਹਿ ਰਾਤੀ ਮਾਣਸ ਖਾਣੇ।।
ਫੜੁ ਕਰਿ ਲੋਕਾਂ ਨੋ ਦਿਖਲਾਵਹਿ ਗਿਆਨੁ ਧਿਆਨੁ ਨਹੀ ਸੂਝੈ।।
ਨਾਨਕ ਅੰਧੇ ਸਿਉ ਕਿਆ ਕਹੀਐ ਕਹੈ ਨ ਕਹਿਆ ਬੂਝੈ।।

(ਗੁਰੂ ਗ੍ਰੰਥ ਸਾਹਿਬ, ਅੰਕ 289)

ਸ਼ਬਦ ਗੁਰੂ ਤਾਂ ਸਾਫ਼-ਸਾਫ਼ ਸ਼ਬਦਾਂ ਵਿੱਚ ਕਹਿ ਰਹੇ ਹਨ ਕਿ ਪਸ਼ੂਆਂ ਦੀ ਬਲੀ ਦੇਣ ਨਾਲ ਨਾ ਤਾਂ ਤੇਰਾ ਭਲਾ ਹੋਣਾ ਹੈ, ਤੇ ਨਾ ਹੀ ਤੇਰੇ ਇਸ਼ਟ ਨੇ

ਹੀ ਇਸ ਨਾਲ ਖ਼ੁਸ਼ ਹੋਣਾ ਹੈ। ਪਸ਼ੂਆਂ ਦੀ ਬਲੀ ਦੇ ਕੇ ਆਪਣੇ ਇਸ਼ਟ ਨੂੰ ਖ਼ੁਸ਼ ਕਰਨ ਦੀ ਬਜਾਏ ਆਪਣੇ ਅੰਦਰ ਛਿਪੇ ਹੋਏ ਅਹੰਕਾਰ ਅਤੇ ਝੂਠੀ ਤ੍ਰਿਸ਼ਨਾ ਰੂਪੀ ਜਾਨਵਰਾਂ ਨੂੰ ਮਾਰ, ਉਨ੍ਹਾਂ ਦੀ ਬਲੀ ਦੇ, ਸੱਚ ਤੇ ਸੁੱਚੇ ਕਰਤਾਰ ਨਾਲ ਆਪਣਾ ਨਾਤਾ ਜੋੜ। ਇਸ ਜਗਤ ਵਿੱਚ ਤੇਰੀ ਸੱਚੀ ਕਮਾਈ ਇੱਕ ਕਰਤਾਰ ਦੇ ਗੁਣਾਂ ਨਾਲ ਜੁੜਣ ਭਾਵ ਸਮਝਣ ਨਾਲ ਹੀ ਹੋ ਸਕਦੀ ਹੈ।

ਹਉਮੈ ਤ੍ਰਿਸਨਾ ਮਾਰਿ ਕੈ ਸਚੁ ਰਖਿਆ ਉਰ ਧਾਰਿ॥
ਜਗ ਮਹਿ ਲਾਹਾ ਏਕੁ ਨਾਮੁ ਪਾਈਐ ਗੁਰ ਵੀਚਾਰਿ॥

(ਗੁਰੂ ਗ੍ਰੰਥ ਸਾਹਿਬ, ਅੰਕ 55)

ਦੂਜੇ ਪਾਸੇ, ਅਖੌਤੀ ਦਸਮ ਗ੍ਰੰਥ ਨਾਂ ਦੀ ਇਸ ਕਿਤਾਬ ਵਿੱਚ ਕਈ ਵਾਰ ਪਸ਼ੂਆਂ ਦੀ ਬਲੀ ਦੇਣ ਦਾ ਜ਼ਿਕਰ ਕੀਤਾ ਗਿਆ ਹੈ।

ਪਸੁ ਏਕ ਪੈ ਦਸ ਬਾਰ॥ ਪੜਿ ਬੇਦ ਮੰਤ੍ਰ ਅਬਿਚਾਰ॥
ਅਬਿ ਮੱਧਿ ਹੋਮ ਕਰਾਇ॥ ਧਨ ਭੂਪ ਤੇ ਬਹੁ ਪਾਇ॥ ੬॥

(ਅਖੌਤੀ ਦਸਮ ਗ੍ਰੰਥ, ਪੰਨਾ 154)

ਇੱਕ ਪਸ਼ੂ ਉੱਤੇ ਦਸ ਵਾਰ ਵੇਦਾਂ ਦੇ ਮੰਤਰ ਦਾ ਪਾਠ ਕਰਕੇ, ਉਸਦੀ ਬਲੀ ਦੇ ਕੇ ਯੱਗ ਕਰਨ ਨਾਲ, ਉਸ ਰਾਜੇ ਨੂੰ ਬਹੁਤ ਸਾਰੇ ਧਨ ਦੀ ਪ੍ਰਾਪਤੀ ਹੁੰਦੀ ਹੈ।

ਪਸੁਮੇਧ ਜੱਗ ਕਰਾਇ॥ ਬਹੁ ਭਾਂਤ ਰਾਜ ਸੁਹਾਇ॥

(ਅਖੌਤੀ ਦਸਮ ਗ੍ਰੰਥ, ਪੰਨਾ 154)

ਪਸ਼ੂ ਦੀ ਬਲੀ ਦੇ ਕੇ ਯੱਗ ਕਰਵਾਉਣ ਨਾਲ ਭਾਂਤ-ਭਾਂਤ ਦੇ ਰਾਜਸੀ (ਸੁਖ) ਪ੍ਰਾਪਤ ਹੋਏ।

ਤਿਨ ਬੋਲ ਬਿੱਪ੍ਰ ਮਹਾਨ॥ ਪਸੁਮੇਧ ਜੱਗ ਰਚਾਨ॥
ਬਰਖ ਅੱਸੀ ਅਸਟ ਪ੍ਰਮਾਨ॥ ਦੁਇ ਮਾਸ ਰਾਜੁ ਕਮਾਨ॥

(ਅਖੌਤੀ ਦਸਮ ਗ੍ਰੰਥ, ਪੰਨਾ 154)

ਉਸਨੇ ਵੱਡੇ ਬ੍ਰਾਹਮਣਾਂ ਨੂੰ ਬੁਲਾ ਕੇ ਹੁਕਮ ਕੀਤਾ ਕਿ ਪਸ਼ੂਆਂ ਦੀ ਬਲੀ ਦੇ ਕੇ ਯੱਗ ਕਰਾਓ। ਇਸ ਸ਼ੁਭ ਕਾਰਜ ਕਰਨ ਨਾਲ ਉਸਨੇ ਅੱਠਾਸੀ ਸਾਲ ਅਤੇ ਦੋ ਮਹੀਨੇ ਕੁਸ਼ਲ ਰਾਜ ਕੀਤਾ।

ਨਿਜ ਮਾਸ ਕਰ ਕਰਤ ਹੋਮ॥ ਬਰਹਰਤ ਭੂੰਮਿ ਅਰ ਚਕਤ ਬਯੋਮ॥
ਤਹ ਗਯੋ ਰਾਮ ਭ੍ਰਾਤਾ ਨਿਸੰਗਿ॥ ਕਰ ਧਰੇ ਧਨਖ ਕਟ ਕਸਿ ਨਿਖੰਗ॥

(ਅਖੌਤੀ ਦਸਮ ਗ੍ਰੰਥ, ਪੰਨਾ 227)

ਰਾਜਾ ਨੇ ਆਪਣਾ ਮਾਸ ਕੱਟ-ਕੱਟ ਕੇ ਉਸ ਹਵਨ ਕੁੰਡ ਵਿੱਚ ਪਾਉਣਾ ਸ਼ੁਰੂ ਕਰ ਦਿੱਤਾ। ਇਹ ਦ੍ਰਿਸ਼ ਵੇਖ ਕੇ ਪੂਰੀ ਧਰਤੀ ਕੰਬ ਗਈ, ਪੂਰਾ ਅਸਮਾਨ ਹੈਰਾਨ ਹੋ ਗਿਆ। ਲੇਕਿਨ ਰਾਮ ਚੰਦਰ ਦਾ ਭਰਾ (ਲੱਛਮਣ) ਨਹੀਂ ਡਰਿਆ ਅਤੇ ਉਸਨੂੰ ਪਿੱਛੋਂ ਜਾ ਕੇ ਘੁੱਟ ਕੇ ਕਾਬੂ ਕਰ ਲਿਆ।

ਲਓ ਜੀ ! ਇਥੇ ਪਸ਼ੂ ਹੀ ਨਹੀਂ ਸਗੋਂ ਮਨੁੱਖ ਆਪਣੇ ਹੀ ਮਾਸ ਨੂੰ ਵੱਡ-ਵੱਡ ਕੇ ਬਲੀ ਦੇਣ ਦੀ ਗੱਲ ਵੀ ਆ ਗਈ ਹੈ। ਇਹੋ ਜਿਹੀਆਂ ਫ਼ਜ਼ੂਲ ਗੱਲਾਂ ਅਤੇ ਕਹਾਣੀਆਂ ਨਾਲ ਇਹ 'ਕੂੜ ਕਿਤਾਬ' ਭਰੀ ਪਈ ਹੈ। ਇਨ੍ਹਾਂ ਦਾ ਕੋਈ ਸਿਰ-ਪੈਰ ਨਹੀਂ ਹੈ। ਇਸ ਵਿੱਚ ਕੋਈ ਇਹੋ ਜਿਹੀ ਗੱਲ ਵੀ ਨਹੀਂ ਹੈ ਕਿ ਇਸ ਨਾਲ ਮਨੁੱਖ ਦੇ ਜੀਵਨ ਵਿੱਚ ਕੋਈ ਗਿਆਨ ਪੈਦਾ ਹੋ ਸਕੇ।

ਵੀਰੋ ! ਸਾਵਧਾਨ ! ਇਹ ਕਿਤਾਬ ਇੱਕ ਕੋਝੀ ਸਾਜਸ਼ ਹੈ, ਸਿੱਖਾਂ ਨੂੰ ਚੰਡੀ ਦੇਵੀ ਦਾ ਪੱਕਾ ਉਪਾਸ਼ਕ ਬਨਾਉਣ ਦੀ। ਕਿਉਂਕਿ ਦੇਵੀ ਦੇ ਉਪਾਸ਼ਕ ਹੀ ਇਹੋ ਜਿਹੀ ਬਲੀ ਦੇ ਕੇ ਦੇਵੀ ਨੂੰ ਉਸ ਦਾ ਪ੍ਰਸ਼ਾਦ ਚੜ੍ਹਾਉਂਦੇ ਹਨ। ਲੇਕਿਨ ਇਹੋ ਜਿਹੀ ਬਲੀ ਦੇ ਕੇ ਸਿੱਖ ਕਿਸ ਨੂੰ ਖ਼ੁਸ਼ ਕਰ ਰਿਹਾ ਹੈ ? ਅੱਜ ਸਾਡੇ ਕਈ ਸਿੱਖ ਵੀਰ ਇਹ ਕੰਮ ਕਰ ਰਹੇ ਹਨ।

ਜਿਸ ਤਰ੍ਹਾਂ ਭੰਗ ਨੂੰ 'ਸੁਖ ਨਿਧਾਨ' ਦਾ ਨਾਂ ਦੇ ਕੇ ਉਸਨੂੰ ਧਾਰਮਿਕ ਮਾਨਤਾ ਦੇ ਦਿੱਤੀ ਗਈ ਹੈ, ਉਸੇ ਤਰ੍ਹਾਂ ਇਸ ਬਲੀ ਦੇ ਬਕਰੇ ਦਾ ਮਾਸ ਸੰਗਤ ਨੂੰ 'ਪ੍ਰਸਾਦਿ' ਦੇ ਰੂਪ ਵਿੱਚ ਵੰਡਿਆ ਜਾਂਦਾ ਹੈ। ਅਤੇ ਇਸ ਪ੍ਰਸਾਦਿ ਨੂੰ 'ਮਹਾ ਪ੍ਰਸਾਦਿ' ਦਾ ਨਾਂ ਦੇ ਦਿੱਤਾ ਗਿਆ ਹੈ।

ਇਸ 'ਕਿਤਾਬ' ਦਾ ਕਿੰਨਾ ਬੁਰਾ ਪ੍ਰਭਾਵ ਸਿੱਖੀ 'ਤੇ ਪੈ ਚੁਕਾ ਹੈ, ਉਸਨੂੰ ਦੂਰ ਕਰਨ ਲਈ ਸਦੀਆਂ ਦਾ ਸਮਾਂ ਲੱਗ ਜਾਵੇਗਾ। ਇਹ ਸਦੀਆਂ ਵੀ ਤਾਂ ਲਗਣਗੀਆਂ, ਜੇ ਸਾਡੇ ਧਾਰਮਿਕ ਆਗੂ ਇਸ ਕੰਮ ਲਈ ਅੱਗੇ ਆਉਣ, ਨਹੀਂ ਤਾਂ ਇਸ ਕੰਮ ਲਈ ਕਈ ਜੁਗ ਵੀ ਘੱਟ ਹਨ। ਇਹ ਕੰਮ ਵਾਕਈ ਮੁਸ਼ਕਿਲ ਹੈ ਕਿਉਂਕਿ ਕਿਸੇ ਵੀ ਆਗੂ ਵਿੱਚ ਐਨੀ ਇੱਛਾ-ਸ਼ਕਤੀ ਨਹੀਂ ਹੈ ਕਿ ਉਹ ਗੁਰਮਤਿ ਦੀ ਰਾਖੀ ਲਈ ਆਪਣੇ ਦੁਨਿਆਵੀ ਅਹੁਦਿਆਂ ਨੂੰ ਕੁਰਬਾਨ ਕਰ ਸਕਣ।

# ਭਾਗ ਚੌਥਾ

ਇੱਕ ਪਾਸੇ ਭੰਗ, ਪੋਸਤ ਅਤੇ ਅਫ਼ੀਮ ਦਾ ਆਦੀ ਬਣਾ ਕੇ
ਸਿੱਖਾਂ ਨੂੰ ਨਪੁੰਸਕ ਬਨਾਉਣ ਦੀ ਸਾਜਸ਼,
ਦੂਜੇ ਪਾਸੇ 'ਦੇਵੀ ਦਾ ਉਪਾਸ਼ਕ' ਬਣਾ ਕੇ
ਗੁਰੂ ਗ੍ਰੰਥ ਸਾਹਿਬ ਨਾਲੋਂ ਤੋੜਣ ਦਾ ਕੋਝਾ ਯਤਨ।

ਇਥੇ ਅਸੀਂ ਉਸ ਕੁਰੀਤੀ ਦਾ ਜ਼ਿਕਰ ਕਰਾਂਗੇ ਜਿਸ ਕਰਕੇ ਸਿੱਖ ਪੱਕਾ 'ਦੇਵੀ ਦਾ ਉਪਾਸ਼ਕ' ਬਣ ਚੁੱਕਾ ਹੈ। ਇਸ ਵਿੱਚ ਪੈ ਕੇ ਉਹ 'ਭਗਉਤੀ' ਅੱਗੇ ਹੀ ਅਰਦਾਸ ਕਰੀ ਜਾ ਰਿਹਾ ਹੈ, ਤੇ 'ਸ਼ਿਵਾ' ਕੋਲੋਂ ਹੀ ਵਰ ਮੰਗੀ ਜਾ ਰਿਹਾ ਹੈ।

ਇੱਕ ਅਕਾਲ, ਨਿਰੰਕਾਰ, ਕਰਤਾਰ ਦਾ ਉਪਾਸ਼ਕ 'ਚੰਡੀ', 'ਦੁਰਗਾ', 'ਕਾਲਕਾ', 'ਭਗੌਤੀ' ਅਤੇ 'ਸ਼ਿਵਾ' ਦਾ ਉਪਾਸ਼ਕ ਕਿਵੇਂ ਬਣ ਗਿਆ ? ਇਥੇ ਇਸ ਕੁਰੀਤੀ ਬਾਰੇ ਗੱਲ ਕਰਦੇ ਹਾਂ ਜੋ ਕਿ ਇਸ 'ਕਿਤਾਬ' ਦੀ ਸਿੱਖੀ ਨੂੰ ਦੇਣ ਹੈ।

ਇਥੇ ਮੈਂ ਆਪਣੇ ਨਾਲ ਇੱਕ ਹੱਡ-ਬੀਤੀ ਬਿਆਨ ਕਰਕੇ ਗੱਲ ਦੀ ਸ਼ੁਰੂਆਤ ਕਰਾਂਗਾ। ਮੈਂ ਦੋ ਸਿੱਖ ਬੱਚਿਆਂ ਨੂੰ ਦੁਰਗਾ ਦੇਵੀ ਦੇ ਜਗਰਾਤੇ ਵਿੱਚ ਆਰਤੀ ਕਰਦਿਆਂ ਵੇਖਿਆ। ਮੈਂ ਉਨ੍ਹਾਂ ਨੂੰ ਬਾਹਰ ਆਉਣ 'ਤੇ ਕਿਹਾ, 'ਇਹ ਇੱਕ ਸਿੱਖ ਦੀ ਮਰਿਯਾਦਾ ਨਹੀਂ, ਤੁਸੀਂ ਕਿਉਂ ਗੁਰਮਤਿ ਦੇ ਉਲਟ ਕੰਮ ਕਰ ਰਹੇ ਹੋ ?'

ਅੱਗੋਂ ਉਨ੍ਹਾਂ ਦਾ ਜਵਾਬ ਸੀ, 'ਗੁਰੂ ਗੋਬਿੰਦ ਸਿੰਘ ਜੀ ਨੇ ਵੀ ਤਾਂ ਕਾਲਕਾ ਦੀ ਉਸਤਤਿ ਕੀਤੀ ਤੇ ਉਸਨੂੰ ਪ੍ਰਗਟ ਕੀਤਾ ਸੀ।'

ਮੈਂ ਸਮਝਾਉਂਦਿਆਂ ਕਿਹਾ, 'ਇਹ ਪੰਥ ਵਿਰੋਧੀ ਲੋਕਾਂ ਦੀ ਇੱਕ ਸਾਜਸ਼ ਹੈ। ਇਹ ਇੱਕ ਕੁਰੀਤੀ ਹੈ ਜੋ ਕਿ ਅਖੌਤੀ ਦਸਮ ਗ੍ਰੰਥ ਦੀ ਦੇਣ ਹੈ।'

ਉਨ੍ਹਾਂ ਨੇ ਫ਼ੌਰਨ ਜਵਾਬ ਦਿੱਤਾ, 'ਇਹ ਦਸਮ ਗ੍ਰੰਥ ਨਹੀਂ, ਭਾਈ ਗੁਰਦਾਸ ਜੀ ਦੀ ਰਚਨਾ ਹੈ - ਗੁਰ ਸਿਮਰਿ ਮਨਾਈ ਕਾਲਕਾ... - ਕੀ ਇਹ ਵੀ ਕਿਸੇ ਬ੍ਰਾਹਮਣ ਦੀ ਲਿਖੀ ਹੋਈ ਹੈ ?'

ਇਹ ਕਹਿ ਕੇ ਉਨ੍ਹਾਂ ਨੇ ਸਾਰੀ ਗੱਲ ਹੀ ਠੱਪ ਕਰ ਦਿੱਤੀ ਅਤੇ ਉਹ ਦੁਰਗਾ

ਪੂਜਾ ਦੇ ਪੰਡਾਲ ਵਿੱਚ ਵਾਪਸ ਚਲੇ ਗਏ।

ਮੈਨੂੰ ਇਨ੍ਹਾਂ ਬੱਚਿਆਂ ਨਾਲ ਗੱਲ ਕਰਕੇ ਇਹ ਅਹਿਸਾਸ ਹੋ ਚੁੱਕਾ ਸੀ ਕਿ ਦੁਸ਼ਮਣ ਆਪਣੀ ਚਾਲ ਵਿੱਚ ਕਾਮਯਾਬ ਹੋ ਚੁੱਕਾ ਹੈ। ਜੋ ਉਹ ਚਾਹੁੰਦਾ ਸੀ, ਉਹ ਉਸਨੇ ਕਰਕੇ ਵਿਖਾਇਆ ਹੈ। ਉਨ੍ਹਾਂ ਵਰਗੇ ਸਿੱਖ ਬੱਚਿਆਂ ਨੂੰ ਸੜਕ 'ਤੇ ਖੜ੍ਹਾ ਕਰਕੇ ਇਹ ਨਹੀਂ ਸਮਝਾਇਆ ਜਾ ਸਕਦਾ ਸੀ ਕਿ ਇਸ ਸਾਰੀ ਸਾਜਸ਼ ਪਿੱਛੇ ਦੀ ਅਸਲੀਅਤ ਕੀ ਹੈ।

ਜਦੋਂ ਸ੍ਰੀ ਅਕਾਲ ਤਖ਼ਤ ਦਾ ਸਾਬਕਾ ਹੈਡ-ਗ੍ਰੰਥੀ ਗਿਆਨ ਪੂਰਨ ਸਿੰਘ ਇਹ ਕਹਿੰਦਾ ਹੈ ਕਿ ਸਾਡੇ ਗੁਰੂ, ਲਵ-ਕੁਸ਼ ਦੀ ਸੰਤਾਨ ਹਨ ਤਾਂ ਸਾਰੇ ਉਸਨੂੰ ਗਾਲ੍ਹਾਂ ਕੱਢਣ ਲਈ ਤਿਆਰ ਹੋ ਜਾਂਦੇ ਹਨ। ਇਹ ਇਸ ਲਈ ਕਿਉਂਕਿ ਕਿਸੇ ਨੇ ਦਸਮ ਗ੍ਰੰਥ ਨਾਂ ਦੀ ਇਹ ਕਿਤਾਬ ਕਦੇ ਖੋਲ੍ਹ ਕੇ ਨਹੀਂ ਵੇਖੀ। ਜੇ ਉਨ੍ਹਾਂ ਨੇ ਇਹ ਕਿਤਾਬ ਪੜ੍ਹੀ ਹੁੰਦੀ ਤਾਂ ਉਹ ਉਸ ਦਾ ਹਵਾਲਾ ਦੇਣ ਵਾਲੇ ਗਿਆਨੀ ਪੂਰਨ ਸਿੰਘ ਨੂੰ ਗਾਲ੍ਹਾਂ ਕੱਢਣ ਦੀ ਬਜਾਏ ਇਸ 'ਕੂੜ ਕਿਤਾਬ' ਦੇ ਮਗਰ ਪੈਂਦੇ। ਕਿਉਂਕਿ ਇਸ ਕਿਤਾਬ ਵਿੱਚ ਸਾਡੇ ਗੁਰੂਆਂ ਦਾ ਲਵ-ਕੁਸ਼ ਦੀ ਅੰਸ਼ ਵਿੱਚੋਂ ਹੋਣ ਦਾ ਬਹੁਤ ਵੱਡਾ ਵਿਰਤਾਂਤ ਮੌਜੂਦ ਹੈ। ਇਹ ਵਿਰਤਾਂਤ ਬਹੁਤ ਲੰਮਾ ਹੈ, ਇਸ ਲਈ ਇਥੇ ਇਸਨੂੰ ਵੰਨਗੀ ਮਾਤਰ ਦਿੱਤਾ ਜਾ ਰਿਹਾ ਹੈ :

ਭੁਜੰਗ ਪ੍ਰਯਾਤ ਛੰਦ॥

ਲਵੀ ਸਰਬ ਜੀਤੇ ਕੁਸੀ ਸਰਬ ਹਾਰੇ॥
ਬਚੇ ਜੇ ਬਲੀ ਪ੍ਰਾਨ ਲੈ ਕੇ ਸਿਧਾਰੇ॥
ਚਤੁਰ ਬੇਦ ਪਠਿਯੰ ਕੀਯੋ ਕਾਸਿ ਬਾਸੰ॥
ਘਨੇ ਬਰਖ ਕੀਨੇ ਤਹਾਂ ਹੀ ਨਿਵਾਸੰ॥ ੫੨॥

(ਅਖੌਤੀ ਦਸਮ ਗ੍ਰੰਥ, ਪੰਨਾ 52)

ਜਿਨੈ ਬੇਦ ਪਠਿਓ ਸੁ ਬੇਦੀ ਕਹਾਏ॥
ਤਿਨੈ ਧਰਮ ਕੇ ਕਰਮ ਨੀਕੇ ਚਲਾਏ॥
ਸਬੈ ਬੇਦ ਪਾਠੀ ਚਲੇ ਮੱਦ੍ਰ ਦੇਸੰ॥
ਪ੍ਰਣਾਮੰ ਕੀਯੋ ਆਨ ਕੈ ਕੈ ਨਰੇਸੰ॥ ੨॥
ਬੇਦੀ ਭਏ ਪ੍ਰਸੰਨ ਰਾਜ ਕਹ ਪਾਇ ਕੈ॥
ਦੇਤ ਭਯੋ ਬਰਦਾਨ ਹੀਐ ਹੁਲਸਾਇ ਕੈ॥

ਜਬ ਨਾਨਕ ਕਲਿ ਮੈ ਹਮ ਆਨ ਕਹਾਇਹੈਂ।।
ਹੋ ਜਗਤ ਪੂਜ ਕਰਿ ਤੋਹਿ ਪਰਮ ਪਦ ਪਾਇਹੈਂ।। ੭।।

(ਅਖੌਤੀ ਦਸਮ ਗ੍ਰੰਥ, ਪੰਨਾ 52)

ਖ਼ੈਰ ! ਅਸੀਂ ਤਾਂ ਦੇਵੀ ਦੀ ਗੱਲ ਕਰ ਰਹੇ ਸੀ, ਉਸ 'ਤੇ ਮੁੜ ਆਉਂਦੇ ਹਾਂ। ਪੰਜਾਬ ਵਿੱਚ ਆਸ਼ੂਤੋਸ਼ ਇਹ ਖੁਲ੍ਹਾ ਪ੍ਰਚਾਰ ਕਰਦਾ ਸੀ ਕਿ ਗੁਰੂ ਗੋਬਿੰਦ ਸਿੰਘ ਸਾਹਿਬ ਨੇ 'ਸ਼ੰਕਰ ਦੀ ਪਤਨੀ' ਭਾਵ 'ਸ਼ਿਵਾ' ਦੀ ਪੂਜਾ ਕੀਤੀ ਅਤੇ ਉਸ ਕੋਲੋਂ ਵਰ ਮੰਗਿਆ - 'ਦੇਹਿ ਸ਼ਿਵਾ ਬਰ ਮੋਹਿ...'। ਜੇ ਉਸਨੂੰ ਕੁਝ ਪੱਤਰਕਾਰਾਂ ਨੇ ਕਿਹਾ ਕਿ ਤੁਸੀਂ ਸਿੱਖਾਂ ਬਾਰੇ ਇਹੋ ਜਿਹੀਆਂ ਗੱਲਾਂ ਕਰਕੇ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਕਿਉਂ ਭੜਕਾਉਂਦੇ ਹੋ, ਤੇ ਇਹ ਬਾਅਦ ਵਿੱਚ ਹਿੰਸਾ ਦਾ ਕਾਰਣ ਬਣਦੀ ਹੈ। ਤਾਂ ਉਸਨੇ ਅੱਗੋਂ ਜਵਾਬ ਦਿੱਤਾ ਕਿ ਇਹ ਮੈਂ ਆਪਣੇ ਕੋਲੋਂ ਥੋੜ੍ਹਾ ਹੀ ਕਹਿ ਰਿਹਾ ਹਾਂ ਕਿ ਗੁਰੂ ਗੋਬਿੰਦ ਸਿੰਘ ਜੀ ਨੇ 'ਸ਼ਿਵਾ' ਦੀ ਉਸਤਤਿ ਕੀਤੀ ਹੈ, ਇਹ ਤਾਂ ਇਨ੍ਹਾਂ ਦੇ ਗੁਰੂ ਦੀ ਲਿਖੀ ਦਸਮ ਗ੍ਰੰਥ ਦੀ ਬਾਣੀ ਹੈ ਜੋ ਕਿ ਆਪ ਕਹਿ ਰਹੀ ਹੈ ਕਿ 'ਸ਼ਿਵਾ' ਦੇਵੀ ਦੀ ਉਸਤਤਿ ਇਨ੍ਹਾਂ ਦੇ ਗੁਰੂ ਗੋਬਿੰਦ ਸਿੰਘ ਜੀ ਨੇ ਕੀਤੀ ਹੈ।

ਉਹ ਇਹ ਵੀ ਕਹਿੰਦਾ ਸੀ, 'ਹੁਣ ਪੁੱਛੋ ਜਾ ਕੇ ਉਨ੍ਹਾਂ ਖਾੜਕੂਆਂ ਨੂੰ, ਜਿਨ੍ਹਾਂ ਨੇ ਇਸਨੂੰ ਆਪਣਾ ਕੌਮੀ ਗੀਤ ਹੀ ਬਣਾਇਆ ਹੋਇਆ ਹੈ।' ਸਾਡੇ ਕੋਲ ਇਸ ਗੱਲ ਦਾ ਕੀ ਜਵਾਬ ਹੈ ? ਇਹ ਸਾਰਾ ਜ਼ਹਿਰ ਇਸ 'ਕੂੜ ਦੀ ਕਿਤਾਬ' ਕਰਕੇ ਹੀ ਤਾਂ ਇਹ ਪੰਥ ਦੋਖੀ ਉਗਲ ਰਹੇ ਨੇ। ਜੇ ਇਹ ਕਿਤਾਬ ਨਾ ਹੁੰਦੀ ਤਾਂ ਕਿਸੇ ਦੀ ਕੀ ਔਕਾਤ ਸੀ ਕਿ ਉਹ ਇਹ ਗੱਲ ਕਹਿ ਸਕਦਾ ਕਿ ਗੁਰੂ ਗੋਬਿੰਦ ਸਿੰਘ ਜੀ ਨੇ 'ਸ਼ਿਵਾ' ਕੋਲੋਂ ਵਰ ਮੰਗਿਆ ਸੀ। ਅਸੀਂ ਇਨ੍ਹਾਂ ਪੰਥ ਦੋਖੀਆਂ ਨਾਲ ਮਰਨ-ਮਰਾਉਣ ਲਈ ਫ਼ੌਰਨ ਹੀ ਉਤਾਰੂ ਹੋ ਜਾਂਦੇ ਹਾਂ, ਲੇਕਿਨ ਕਦੇ ਐਨਾ ਰੋਸ ਤੇ ਗੁੱਸਾ ਇਸ 'ਝੂਠ ਦੀ ਕਿਤਾਬ' 'ਤੇ ਅਸੀਂ ਨਹੀਂ ਉਤਾਰਿਆ। ਇਹ ਕਿਤਾਬ ਸਾਡੇ ਗੁਰੂ ਨੂੰ ਤਾਂ ਬਦਨਾਮ ਕਰ ਹੀ ਰਹੀ ਹੈ, ਨਾਲ ਹੀ ਇਹ ਗੁਰੂ ਗ੍ਰੰਥ ਸਾਹਿਬ ਜੀ ਦੇ ਰੱਬੀ ਸਿਧਾਂਤਾਂ ਦਾ ਵੀ ਅਪਮਾਨ ਕਰ ਰਹੀ ਹੈ।

ਸ਼ਿਵਾ (ਪਾਰਵਤੀ) ਦਾ ਜ਼ਿਕਰ ਅਤੇ ਉਸਤਤਿ ਇਸ ਕਿਤਾਬ ਵਿੱਚ ਕਈ ਥਾਵਾਂ 'ਤੇ ਹੈ। ਇਸ ਕਿਤਾਬ ਵਿੱਚ 'ਸਿਯਾਮ ਕਵੀ' ਦੀਆਂ ਬਹੁਤ

ਸਾਰੀਆਂ ਦੇਵੀ ਪੂਜਕ ਰਚਨਾਵਾਂ ਮਿਲਦੀਆਂ ਹਨ ਅਤੇ ਇਹ ਕਵੀ ਪਾਰਵਤੀ (ਸ਼ਿਵਾ) ਦਾ ਬਹੁਤ ਵੱਡਾ ਭਗਤ ਹੈ। ਉਸਨੇ ਕਈ ਥਾਵਾਂ 'ਤੇ ਸ਼ਿਵਾ ਦਾ ਜ਼ਿਕਰ ਕੀਤਾ ਹੈ।

ਰੀਝ ਸ਼ਿਵਾ ਤਿਨ ਪੈ ਤਵਹੀ
'ਕਬਿ ਸਯਾਮ' ਇਹੀ ਬਰੁਦਾਨ ਦਿਵਾਯੋ॥
ਆਇ ਹੈ ਸਯਾਮ ਨ ਸੋਕ ਕਰੋ ਤਬ ਲਉ
ਹਰਿ ਲੀਨੇ ਤ੍ਰੀਆ ਮਨਿ ਆਯੋ॥ ੨੦੬੦॥
ਜਾਦਵ ਅਉਰ ਸਭੈ ਹਰਖੈ ਅਰ ਬਾਜਤ ਭੀ ਪੁਰ ਬੀਚ ਬਧਾਈ॥
ਅਉਰ ਕਹੈ ਕਬਿ ਸਯਾਮ ਸ਼ਿਵਾ ਸੁ ਸਭੈ ਜਗਮਾਇ ਸਹੀ ਠਹਰਾਈ॥

(ਅਖੌਤੀ ਦਸਮ ਗ੍ਰੰਥ, ਪੰਨਾ 1087)

ਇਥੇ ਸਪਸ਼ਟ ਸ਼ਬਦਾਂ ਵਿੱਚ ਅੰਕਿਤ ਹੈ ਕਿ ਲਿਖਣ ਵਾਲੇ ਦਾ ਨਾਂ 'ਕਬਿ ਸਯਾਮ' ਹੈ। ਫਿਰ ਵੀ ਅਕ੍ਰਿਤਘਣ, ਗੁਰੂ ਦੋਖੀ ਇਸਨੂੰ ਦਸਮ ਬਾਣੀ ਕਹੀ ਜਾਂਦੇ ਹਨ। ਕਵੀ ਸਯਾਮ ਦੇ ਸ਼ਿਵਾ ਦਾ ਭਗਤ ਹੋਣ ਦੇ ਹੋਰ ਪ੍ਰਮਾਣ :

ਧਾਰਿ ਧਿਆਨ ਮਨ ਸ਼ਿਵਾ ਕੋ ਤਕੀ ਪੁਰੀ ਕੈਲਾਸ॥ ੧੯॥

(ਅਖੌਤੀ ਦਸਮ ਗ੍ਰੰਥ, ਪੰਨਾ 93)

ਧਾਇ ਗਯਾ ਗਹਿ ਫੇਰਿ ਕੈ ਫਉਜ ਕੋ
ਘਾਉ ਸ਼ਿਵਾ ਸਿਰ ਦੈਤ ਕੇ ਮਾਰਿਉ॥

(ਅਖੌਤੀ ਦਸਮ ਗ੍ਰੰਥ, ਪੰਨਾ 201)

ਨਮੋ ਕਾਰਤਿਕਯਾਨੀ ਸਿਵਾ ਸੀਤਲਾਯੰ॥ ੧੦॥

(ਅਖੌਤੀ ਦਸਮ ਗ੍ਰੰਥ, ਪੰਨਾ 287)

ਭੂਤ ਪਿਸਾਚ ਕਰੈ ਕਿਲਕਾਰ
ਫਿਰੈ ਰਨ ਜੋਗਿਨ ਖੱਪਰ ਲੀਨੇ॥
ਆਨ ਫਿਰਯੋ ਤਹ ਸ੍ਰੀ ਤ੍ਰਿਪਰਾਰ
ਸੁ ਆਧੋਈ ਅੰਗ ਸਿਵਾ ਤਨ ਕੀਨੇ॥ ੧੨੩੧॥....
ਮਹਾ ਭੈਰਵੀ ਭੂਤਨੇਸਰੀ ਭਵਾਨੀ॥
ਭਵੀ ਭਾਵਨੀ ਭਬਯੰ ਕਾਲੀ ਕ੍ਰਿਪਾਣੀ॥
ਜਯਾ ਆਜਯਾ ਹਿੰਗੁਲਾ ਪਿੰਗੁਲਾ ਹੈ॥
ਸਿਵਾ ਸੀਤਲਾ ਮੰਗਲਾ ਤੋਤਲਾ ਹੈ॥ ੪੨੬॥

(ਅਖੌਤੀ ਦਸਮ ਗ੍ਰੰਥ, ਪੰਨਾ ੭੩੧)

ਐਨੇ ਪ੍ਰਮਾਣ ਪੜ੍ਹ ਕੇ ਵੀ ਜੇ ਇਹ ਦਸਮ ਗ੍ਰੰਥੀਏ ਇਸ 'ਸ਼ਿਵਾ' ਨੂੰ 'ਅਕਾਲ ਪੁਰਖ' ਹੀ ਸਮਝ ਕੇ ਉਸ ਤੋਂ ਵਰ ਮੰਗੀ ਜਾਣ ਤਾਂ ਫਿਰ ਰੱਬ ਹੀ ਇਨ੍ਹਾਂ ਨੂੰ ਸੁਮਤ ਦੇ ਸਕਦਾ ਹੈ। ਬੜੇ ਦੁਖ ਦੀ ਗੱਲ ਹੈ ਕਿ ਅਸੀਂ ਭਾਵੇਂ ਇਨ੍ਹਾਂ ਗੱਲਾਂ ਬਾਰੇ ਜਿੰਨਾ ਵੀ ਲਿਖ ਲਈਏ, ਭਾਵੇਂ ਕਿੰਨਾ ਵੀ ਕੂਕਦੇ ਰਹੀਏ, ਉਹ ਜਾਣਦੇ-ਬੂਝਦੇ ਹੋਏ ਵੀ ਅਨਜਾਣ ਬਣਨ ਦੀ ਕੋਸ਼ਿਸ਼ ਕਰ ਰਹੇ ਹਨ। ਇਹ 'ਕਿਤਾਬ' ਪੰਥ ਦਾ ਬਹੁਤ ਵੱਡਾ ਨੁਕਸਾਨ ਕਰ ਚੁੱਕੀ ਹੈ ਅਤੇ ਇਸਦਾ ਪ੍ਰਭਾਵ ਸਪਸ਼ਟ ਰੂਪ ਵਿੱਚ ਦਿੱਸ ਰਿਹਾ ਹੈ। ਇਸ ਕਰਕੇ ਪੂਰੀ ਕੌਮ ਦੋ ਧੜਿਆਂ ਵਿੱਚ ਵੰਡੀ ਜਾ ਚੁੱਕੀ ਹੈ।

ਇੱਕ ਉਹ ਸਿੱਖ ਹਨ, ਜੋ ਗੁਰੂ-ਸ਼ਬਦ ਅਨੁਸਾਰ, ਪਹਿਲਾਂ ਉਸ ਵਸਤੂ ਦੀ ਖੋਜ-ਪੜਤਾਲ ਕਰ ਲੈਂਦੇ ਹਨ, ਅਤੇ ਫਿਰ ਉਸ 'ਤੇ ਵਿਸ਼ਵਾਸ ਕਰਦੇ ਹਨ।

ਪਹਿਲਾ ਵਸਤੁ ਸਿਞਾਣਿ ਕੈ ਤਾਂ ਕੀਚੈ ਵਾਪਾਰੁ।।

(ਗੁਰੂ ਗ੍ਰੰਥ ਸਾਹਿਬ, ਅੰਕ 1410)

ਦੂਜੇ ਉਹ ਹਨ ਜਿਨ੍ਹਾਂ ਕੋਲ ਧਰਮ ਅਤੇ ਅਧਿਐਨ ਦੇ ਨਾਂ 'ਤੇ ਅੰਨ੍ਹੀ ਸ਼ਰਧਾ ਅਤੇ ਰੂੜ੍ਹੀਵਾਦ ਤੋਂ ਇਲਾਵਾ ਕੁਝ ਵੀ ਨਹੀਂ ਹੈ। ਇਨ੍ਹਾਂ ਦੇ ਨਾਲ ਹੀ ਕੁਝ ਪੰਥ ਦੋਖੀ ਅਤੇ ਪੰਥ ਵਿਰੋਧੀ ਵੀ ਜੁੜ ਗਏ ਹਨ ਜੋ ਕਿਸੇ ਹਾਲ ਵਿੱਚ ਵੀ ਇਸ ਕੂੜ ਕਿਤਾਬ ਨੂੰ ਜੀਵਿਤ ਰਖਣਾ ਚਾਹੁੰਦੇ ਹਨ, ਭਾਵੇਂ ਪੂਰੀ ਕੌਮ ਦਾ ਹੀ ਨਾਸ਼ ਕਿਉਂ ਨਾ ਹੋ ਜਾਵੇ।

ਆਖ਼ਰ ਇਹ 'ਸ਼ਿਵਾ' ਕੌਣ ਹੈ ਜਿਸ ਕੋਲੋਂ ਇਨ੍ਹਾਂ ਦਸਮ ਗ੍ਰੰਥੀਆਂ ਦਾ ਗੁਰੂ ਵਰ ਮੰਗਦਾ ਹੈ ? ਇਸ ਬਾਰੇ ਪਤਾ ਲਾਉਣ ਲਈ ਕੁਝ ਵਿਸਤਾਰ ਵਿੱਚ ਜਾਣਾ ਪਵੇਗਾ।

ਭਾਰਤ ਦੇ ਆਸਾਮ ਪ੍ਰਦੇਸ਼ ਦੇ ਗੁਹਾਟੀ ਸ਼ਹਿਰ ਤੋਂ ਦਸ ਕਿਲੋਮੀਟਰ ਦੂਰ ਇੱਕ 'ਕਾਮਾਖਿਆ ਮੰਦਰ' ਹੈ ਜਿਥੇ ਬਕਰੇ ਦੀ ਬਲੀ ਦਿੱਤੀ ਜਾਂਦੀ ਹੈ। ਇਥੇ 'ਸ਼ਿਵ', ਉਸਦੀ ਪਤਨੀ 'ਸ਼ਿਵਾ' ਅਤੇ ਇਨ੍ਹਾਂ ਦੇ ਪੁੱਤਰ 'ਗਣੇਸ਼' ਦੀ ਪੂਜਾ ਹੁੰਦੀ ਹੈ। ਇਹ ਅਘੋਰੀ ਅਤੇ ਤਾਂਤ੍ਰਿਕ ਵਿੱਦਿਆ ਦਾ ਇੱਕ ਅਹਿਮ ਕੇਂਦਰ ਹੈ। ਇਸ ਮੰਦਰ ਦਾ ਮਿਥਿਹਾਸ ਇਸ ਤਰ੍ਹਾਂ ਹੈ।

ਇਹ ਹਜ਼ਾਰਾਂ ਸਾਲ ਪੁਰਾਣਾ ਮੰਦਰ ਦੱਸਿਆ ਜਾਂਦਾ ਹੈ। ਇਹ ਕਈ ਵਾਰ ਨਸ਼ਟ ਹੋਇਆ ਅਤੇ ਕਈ ਵਾਰ ਬਣਾਇਆ ਗਿਆ। ਮੌਜੂਦਾ ਮੰਦਰ ਦੀ

ਉਸਾਰੀ 1565 ਦੇ ਲਗਭਗ ਕੀਤੀ ਗਈ। ਸਤੀ (ਪਾਰਵਤੀ ਦਾ ਪਹਿਲੇ ਜਨਮ ਦਾ ਨਾਂ) ਦੇ ਪਿਤਾ 'ਦਕਸ਼' ਨੇ ਤਿੰਨਾਂ ਲੋਕਾਂ ਦੇ ਦੇਵੀ-ਦੇਵਤਿਆਂ ਨੂੰ ਬੁਲਾ ਕੇ ਇੱਕ ਬਹੁਤ ਵੱਡਾ ਯੱਗ ਕੀਤਾ। ਲੇਕਿਨ ਸ਼ੰਕਰ ਅਤੇ ਉਸਦੀ ਪਤਨੀ 'ਸਤੀ' ਨੂੰ ਨਹੀਂ ਸੱਦਿਆ ਗਿਆ। ਆਪਣੇ ਪਤੀ ਦੀ ਤੌਹੀਨ ਸਮਝ ਕੇ ਸਤੀ, ਸ਼ੰਕਰ ਦੀ ਇੱਛਾ ਦੇ ਉਲਟ ਉਸ ਯੱਗ ਵਿੱਚ ਪਹੁੰਚ ਗਈ ਅਤੇ ਆਪਣੇ ਪਿਤਾ ਦਕਸ਼ ਨਾਲ ਲੜਾਈ-ਝਗੜਾ ਕੀਤਾ। ਇਸ 'ਤੇ ਦਕਸ਼ ਨੇ ਸ਼ੰਕਰ ਨੂੰ ਬਹੁਤ ਬੁਰਾ-ਭਲਾ ਕਿਹਾ ਜਿਸ ਕਰਕੇ ਸਤੀ ਬਹੁਤ ਦੁਖੀ ਹੋਈ। ਉਸ ਨੇ ਯੱਗ ਦੇ ਹਵਨ-ਕੁੰਡ ਵਿੱਚ ਕੁੱਦ ਕੇ ਆਪਣੀ ਜਾਨ ਦੇ ਦਿੱਤੀ। ਇਹ ਗੱਲ ਜਦੋਂ ਸ਼ੰਕਰ ਨੂੰ ਪਤਾ ਲੱਗੀ ਤਾਂ ਉਸਦਾ ਤੀਜਾ ਨੇਤੱਰ ਖੁਲ੍ਹ ਗਿਆ ਅਤੇ ਉਹ ਸਤੀ ਦੇ ਮ੍ਰਿਤਕ ਸਰੀਰ ਨੂੰ ਚੁੱਕ ਕੇ ਤਾਂਡਵ ਕਰਨ ਲੱਗਾ। ਉਸਦਾ ਇਹ ਭਿਆਨਕ ਰੂਪ ਵੇਖ ਕੇ ਸਾਰੇ ਦੇਵਤੇ ਭੱਜ ਖਲੋਤੇ। ਲੇਕਿਨ ਵਿਸ਼ਨੂੰ ਨੇ ਸਤੀ ਦੇ ਮ੍ਰਿਤਕ ਸਰੀਰ ਦੇ, ਸੁਦਰਸ਼ਨ ਚੱਕਰ ਨਾਲ 51 ਟੋਟੇ ਕਰ ਦਿੱਤੇ ਅਤੇ ਉਨ੍ਹਾਂ ਟੋਟਿਆਂ ਨੂੰ ਦੂਰ-ਦੂਰ ਸੁੱਟ ਦਿੱਤਾ। ਉਸਦੇ ਸਰੀਰ ਦੇ ਟੋਟੇ ਥਾਂ-ਥਾਂ 'ਤੇ ਡਿੱਗੇ। ਜਿਸ ਥਾਂ 'ਤੇ ਸਤੀ ਦੀ ਯੋਨੀ (ਇਸਤਰੀ ਗੁਪਤ ਅੰਗ) ਡਿੱਗਾ, ਉਸ ਥਾਂ 'ਤੇ ਇਹ ਕਾਮਾਖਿਆ ਦਾ ਮੰਦਰ ਸਥਾਪਤ ਕੀਤਾ ਗਿਆ। ਇਹ ਮਾਨਤਾ ਹੈ ਕਿ ਸਤੀ ਦੀ ਯੋਨੀ ਅੱਜ ਵੀ ਉਸ ਮੰਦਰ ਦੇ ਗਰਭ-ਗ੍ਰਿਹ ਵਿੱਚ ਮੌਜੂਦ ਹੈ ਅਤੇ ਉਥੋਂ ਇੱਕ ਗਾੜ੍ਹਾ ਦ੍ਰਵ (ਤਰਲ ਪਦਾਰਥ) ਨਿਕਲਦਾ ਰਹਿੰਦਾ ਹੈ। ਇਸ ਸਥਾਨ ਨੂੰ 'ਸ਼ਕਤੀ ਪੀਠ' ਕਿਹਾ ਜਾਂਦਾ ਹੈ। ਜਦੋਂ ਵੀ ਉਸਨੂੰ ਮਾਹਾਵਾਰੀ ਹੁੰਦੀ ਹੈ, ਉਸ ਮੰਦਰ ਵਿੱਚੋਂ ਤਿੰਨ ਦਿਨਾਂ ਤਕ ਇਹ ਮਾਹਾਵਾਰੀ ਦਾ ਖ਼ੂਨ ਬਾਹਰ ਪਾਣੀ ਨਾਲ ਨਿਕਲਦਾ ਦੱਸਿਆ ਜਾਂਦਾ ਹੈ। ਇਸਦੇ ਦਰਸ਼ਨ ਉਸਦੇ ਭਗਤਾਂ ਨੂੰ ਹੁੰਦੇ ਹਨ। ਇਸ ਮੰਦਰ ਵਿੱਚ ਬਕਰੇ ਦੀ ਬਲੀ ਦਿੱਤੀ ਜਾਂਦੀ ਹੈ ਅਤੇ ਨਾਲ ਹੀ ਭੰਗ ਆਦਿਕ ਦਾ ਭੋਗ ਸ਼ਿਵਾ ਦੇ ਪਤੀ ਸ਼ੰਕਰ ਨੂੰ ਲਗਾਇਆ ਜਾਂਦਾ ਹੈ। ਇਥੇ ਦੇਵੀ ਉਸਤਤਿ ਕੀਤੀ ਜਾਂਦੀ ਹੈ ਅਤੇ ਕਈ ਪ੍ਰਕਾਰ ਦੀਆਂ ਤਾਂਤ੍ਰਿਕ ਕ੍ਰਿਆਵਾਂ ਵੀ ਕੀਤੀਆਂ ਜਾਂਦੀਆਂ ਹਨ।

ਪਟਨੇ ਦਾ ਗ੍ਰੰਥੀ 'ਸੁੱਖਾ ਸਿੰਘ' ਜਿਸਨੇ 'ਬਚਿੱਤਰ ਨਾਟਕ' ਦੀ ਪੋਥੀ ਨੂੰ 'ਦਸਮ ਗ੍ਰੰਥ' ਦਾ ਰੂਪ ਅਤੇ ਨਾਂ ਦਿੱਤਾ, ਉਹ 'ਸ਼ਿਵਾ' ਅਤੇ 'ਚੰਡੀ' ਦਾ ਬਹੁਤ ਵੱਡਾ ਉਪਾਸ਼ਕ ਸੀ। ਉਸਨੇ ਬਚਿੱਤਰ ਨਾਟਕ ਦੀ ਪੋਥੀ ਵਿੱਚ ਬਹੁਤ ਸਾਰੀ ਮਿਲਾਵਟ ਕੀਤੀ ਅਤੇ ਕਈ ਥਾਵਾਂ 'ਤੇ ਦੁਰਗਾ ਉਸਤਤਿ ਦੇ 'ਤ੍ਰਿਭੰਗੀ ਛੰਦ'

ਗੁਰੂ ਦੇ ਨਾਂ 'ਤੇ 'ਪਾਤਿਸ਼ਾਹੀ 10' ਦਾ ਠੱਪਾ ਲਗਾ ਕੇ ਇਸ ਵਿੱਚ ਪਾ ਦਿੱਤੇ।

ਸੁੱਖਾ ਸਿੰਘ ਗਰੰਥੀ ਔਫਰ, ਰਚੀ ਬੀੜ ਪਟਨੇ ਮੈਂ ਗੌਰ।
ਅਠਾਰਹ ਸੌ ਬੱਤੀ ਮਹਿ, ਰਖਿਉ ਸੁਖਮਨਾਂ ਛੱਕੇ ਵਾਹਿ।
ਅੰਕਪਾਲ ਲੌ ਅਨਿਕ ਪ੍ਰਸੰਗ, ਰਾਖੇ ਉਨੇ ਆਪਣੇ ਢੰਗ।
ਭੋਗ ਛਕਿਉਂ ਪਰ ਪਾਇਉ ਤਾਹਿ, ਤੀਨ ਬੀੜ ਹੋਈ ਬਿੱਧ ਯਾਹਿ।

(ਪੰਥ ਪ੍ਰਕਾਸ਼, ਨਿਵਾਸ 36)

ਇਸ ਸੁੱਖਾ ਸਿੰਘ ਗ੍ਰੰਥੀ ਤੋਂ ਬਾਅਦ ਰਹੀ-ਸਹੀ ਕਸਰ ਉਸਦੇ ਪੁੱਤਰ ਚੜ੍ਹਤ ਸਿੰਘ ਨੇ ਪੂਰੀ ਕਰ ਦਿੱਤੀ।

ਪੂਨਾ ਚੜ੍ਹਤ ਸਿੰਘ ਤਾਂ ਕੋ ਪੂਤ। ਅੱਖਰ ਗੁਰੂ ਦਸਮ ਸਮ ਸੂਤ।
ਕਰਕੇ ਪਾਂਚ ਪਤਰੇ ਔਰ। ਗੁਰ ਤਰਫੋਂ ਲਿਖ ਪਾਏ ਗੌਰ।
ਔਰ ਗ੍ਰੰਥ ਵੈਸਾ ਇਕ ਕੀਉ। ਸੌ ਬਾਵੈ ਹਾਕਿਮ ਸਿੰਘ ਲੀਉ।
ਸੌ ਗੁਰਦੁਆਰੇ ਮੋਤੀ ਬਾਗ। ਹੈ ਅਬ ਪਿਖਉ ਬਿਲਾਗ।
ਔਰ ਗ੍ਰੰਥ ਕਈ ਉਨ ਲਿਖੈ। ਅਖਰ ਗੁਰ ਸਮ ਹੌ ਹਮ ਪਿਖੈ।
ਦਸਖਤ ਦਸਮ ਗੁਰ ਕੇ ਕਹਿ ਕੇ। ਕੀਮਤ ਲਇ ਚੌਗਨੀ ਚਹਿ ਕੈ।

(ਪੰਥ ਪ੍ਰਕਾਸ਼, ਗਿਆਨੀ ਗਿਆਨ ਸਿੰਘ, ਨਿਵਾਸ 36)

ਇਥੇ ਇਹ ਸਾਰੀ ਗੱਲ ਦੱਸਣੀ ਇਸ ਲਈ ਜ਼ਰੂਰੀ ਹੈ ਕਿ ਪਟਨੇ ਦਾ ਗ੍ਰੰਥੀ ਸੁੱਖਾ ਸਿੰਘ ਅਤੇ ਉਸਦਾ ਪੁੱਤਰ ਚੜ੍ਹਤ ਸਿੰਘ ਹੀ ਇਸ ਅਖੌਤੀ ਦਸਮ ਗ੍ਰੰਥ ਦੇ ਸੰਪਾਦਕ ਹਨ। ਨਾਲ ਹੀ ਇਸ ਗ੍ਰੰਥ ਨੂੰ ਗੁਰੂ ਮੰਨਣ ਵਾਲੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਵਿਖੇ ਅੱਜ ਵੀ ਉਸ ਕਾਮਾਖਿਆ ਮੰਦਰ ਦੀਆਂ ਬਹੁਤ ਸਾਰੀਆਂ ਪਰੰਪਰਾਵਾਂ ਤੇ ਰੀਤੀਆਂ ਦੀ ਨਕਲ ਚਲ ਰਹੀ ਹੈ। ਇਹ ਸਭ ਇਸ ਦੇਵੀ ਪੂਜਕ ਕਿਤਾਬ ਦੀ ਦੇਣ ਹੈ। ਬਕਰੇ ਅਤੇ ਹੋਰ ਜਾਨਵਰਾਂ ਦੀ ਬਲੀ ਕਾਮਾਖਿਆ ਮੰਦਰ ਵਿੱਚ ਵੀ ਅਤੇ ਹਜ਼ੂਰ ਸਾਹਿਬ ਵਿੱਚ ਵੀ ਦਿੱਤੀ ਜਾਂਦੀ ਹੈ। ਦੋਵਾਂ ਥਾਵਾਂ 'ਤੇ ਭੰਗ ਦੀ ਵਰਤੋਂ ਹੁੰਦੀ ਹੈ। ਨਾਲ ਹੀ ਦੋਵੇਂ ਥਾਵਾਂ 'ਤੇ ਹੀ ਦੇਵੀ ਦੀ ਉਸਤਤਿ ਕੀਤੀ ਜਾਂਦੀ ਹੈ।

ਕਹਿਣ ਤੋਂ ਇਹ ਭਾਵ ਹੈ ਕਿ ਸੁੱਖਾ ਸਿੰਘ ਅਤੇ ਉਸਦੇ ਪੁੱਤਰ ਚੜ੍ਹਤ ਸਿੰਘ ਨੇ 'ਅਖੌਤੀ ਦਸਮ ਗ੍ਰੰਥ' ਵਿੱਚ ਉਹ ਸਭ ਕੁਝ ਪਾਇਆ ਜੋ ਉਸਦੇ ਮਤਲਬ ਦਾ ਸੀ। ਭਾਵੇਂ ਉਹ ਰਾਮ-ਸਯਾਮ ਦੀਆਂ ਰਚਨਾਵਾਂ ਸਨ, ਭਾਵੇਂ ਉਹ

ਸ਼ਿਵ ਪੁਰਾਣ ਅਤੇ ਮਾਰਕੰਡੇ ਪੁਰਾਣ ਦੇ ਉਤਾਰੇ ਸਨ। ਉਨ੍ਹਾਂ ਨੇ ਕੁਲ ਮਿਲਾ ਕੇ ਇੱਕ ਇਹੋ ਜਿਹੀ ਕਿਤਾਬ ਬਣਾ ਦਿੱਤੀ ਜਿਸ ਵਿੱਚ ਉਨ੍ਹਾਂ ਦਾ ਦੇਵੀ-ਪ੍ਰੇਮ ਤਾਂ ਉਜਾਗਰ ਹੁੰਦਾ ਹੀ ਸੀ, ਨਾਲ ਹੀ ਸਿੱਖਾਂ ਨੂੰ ਗੁਰੂ ਗ੍ਰੰਥ ਸਾਹਿਬ ਦੇ '੧ਓ ਸਤਿਗੁਰ ਪ੍ਰਸਾਦਿ' ਤੋਂ ਤੋੜ ਕੇ ਦੇਵੀ ਉਸਤਤਿ ਅਤੇ 'ਪ੍ਰਿਥਮ ਭਗੌਤੀ' ਨਾਲ ਜੋੜ ਦਿੱਤਾ।

ਸਿੱਖ ਨੂੰ ਇਸ ਦੇਵੀ ਉਸਤਤਿ ਨਾਲ ਇਸ ਤਰ੍ਹਾਂ ਜੋੜ ਦਿੱਤਾ ਗਿਆ ਹੈ ਕਿ ਹੁਣ ਉਸਨੂੰ ਇਸ ਤੋਂ ਵੱਖ ਕਰਨਾ ਕੋਈ ਸੌਖਾ ਕੰਮ ਨਹੀਂ। ਸਾਡੀ ਰੋਜ਼ਾਨਾ ਪੜ੍ਹੀ ਜਾਣ ਵਾਲੀ ਅਰਦਾਸ ਵਿੱਚ ਵੀ ਸਭ ਤੋਂ ਪਹਿਲਾਂ ਤਿੰਨ ਵਾਰ ਉਸ ਭਗੌਤੀ ਨੂੰ ਸਿਮਰਨਾ ਪੈਂਦਾ ਹੈ। ਅਸੀਂ 'ਗੁਰ ਨਾਨਕ' ਦਾ ਨਾਂ ਐਵੇਂ ਹੀ ਲੈ ਲੈਂਦੇ ਹਾਂ ਪਰ ਉਸ ਭਗੌਤੀ ਦਾ ਨਾਂ ਪੂਰੇ ਅਦਬ-ਸਤਿਕਾਰ ਨਾਲ ਲੈਂਦੇ ਹਾਂ - 'ਸ੍ਰੀ ਭਗੌਤੀ ਜੀ ਸਹਾਇ'। ਹੋਰ ਤਾਂ ਹੋਰ ਅਸੀਂ ਗੁਰੂ ਰਾਮਦਾਸ ਜੀ ਵਰਗੇ ਪਰਉਪਕਾਰੀ ਤੇ ਸਮਰਥ ਗੁਰੂ ਨੂੰ ਵੀ 'ਰਾਮਦਾਸੈ' ਕਹਿ ਕੇ ਬੁਲਾਉਂਦੇ ਹਾਂ।

ਨਾਲ ਹੀ ਭਾਈ ਗੁਰਦਾਸ ਜੀ, ਕਿਸੇ ਦੂਜੇ ਦੀ ਇੱਕ ਵਾਰ ਨਾਲ ਇਹ ਮੋਹਰ ਲਗਾ ਦਿੱਤੀ ਜਾਂਦੀ ਹੈ ਕਿ ਗੁਰੂ ਨੇ 'ਕਾਲਕਾ' ਨੂੰ ਪੂਜਿਆ ਸੀ। ਭਾਵੇਂ ਬਾਅਦ ਵਿੱਚ ਤੁਸੀਂ ਕਹਿੰਦੇ ਰਹੋ ਕਿ ਇਸ ਵਾਰ ਵਿੱਚ ਮਿਲਾਵਟ ਕੀਤੀ ਗਈ ਹੈ। ਪਰ ਇਹ ਗੱਲ ਸਾਡੇ ਤੇ ਤੁਹਾਡੇ ਸਮਝਣ-ਸਮਝਾਉਣ ਲਈ ਨਹੀਂ ਬਲਕਿ ਉਨ੍ਹਾਂ ਨੂੰ ਸਮਝਾਉਣ ਲਈ ਹੈ ਜੋ ਅੰਨ੍ਹੀ ਸ਼ਰਧਾ ਕਰਕੇ ਇਹ ਗੱਲ ਸੁਣਨ ਨੂੰ ਤਿਆਰ ਹੀ ਨਹੀਂ ਹੁੰਦੇ।

ਚੰਡੀ ਦੀ ਵਾਰ ਦੇ ਅੰਦਰ ਸਾਫ਼-ਸਾਫ਼ ਜ਼ਿਕਰ ਹੈ ਕਿ ਇਹ ਦੁਰਗਾ ਦੀ ਉਸਤਤਿ ਹੈ ਤੇ ਇਹ 'ਦੁਰਗਾ ਪਾਠ' ਬਣਾਇਆ ਗਿਆ ਹੈ। ਪਰ ਜੇ ਫਿਰ ਵੀ ਸਾਡੇ ਇਹ ਵੀਰ ਨਾ ਮੰਨਣ ਤੇ ਇਸਨੂੰ 'ਦਸਮ ਬਾਣੀ' ਹੀ ਕਹੀ ਜਾਣ ਤਾਂ ਫਿਰ ਇਸ ਦੇਵੀ ਉਸਤਤਿ ਤੋਂ ਸਾਡੀ ਖ਼ਲਾਸੀ ਕਿਵੇਂ ਹੋਵੇਗੀ ? ਖ਼ਾਸ ਕਰਕੇ ਉਨ੍ਹਾਂ ਹਾਲਾਤਾਂ ਵਿੱਚ ਜਦੋਂ ਸਾਡੀ ਕੌਮ ਬਿਨਾ ਕਿਸੇ ਆਗੂ ਦੇ 'ਦਿਸ਼ਾਹੀਣ' ਹੋ ਕੇ ਭਟਕ ਰਹੀ ਹੈ। ਇਸ ਵੇਲੇ ਦੁਸ਼ਮਣ ਚਾਰੇ ਪਾਸਿਓਂ ਵਾਰ ਕਰ ਰਿਹਾ ਹੈ - ਅੰਦਰੋਂ ਵੀ ਤੇ ਬਾਹਰੋਂ ਵੀ।